ਭਾਈ ਮਨੀ ਸਿੰਘ

ਜੀਵਨੀ ਅਤੇ ਰਚਨਾ

ਰਤਨ ਸਿੰਘ ਜੱਗੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਭਾਈ ਮਨੀ ਸਿੰਘ

ਜੀਵਨੀ ਅਤੇ ਰਚਨਾ

ਰਤਨ ਸਿੰਘ ਜੱਗੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

BHAI MANI SINGH : JIWANI ATE RACHNA *(Punjabi)*

by

RATTAN SINGH JAGGI

ISBN 81-7380-099-5

1995
ਦੂਜੀ ਵਾਰ : 1100
ਮੁੱਲ : 50-00

ਡਾ. ਰਣਬੀਰ ਸਿੰਘ, ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ
ਅਤੇ ਪਲੈਟੀਨਮ ਪ੍ਰਿੰਟਰਜ਼, ਪਟਿਆਲਾ ਦੁਆਰਾ ਮੁਦ੍ਰਿਤ

ਦੋ ਸ਼ਬਦ

(ਪਹਿਲਾ ਸੰਸਕਰਣ)

ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਬਹੁਪੱਖੀ ਵਿਕਾਸ ਲਈ 1967 ਵਿੱਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ। ਉਦੋਂ ਤੋਂ ਇਸ ਵਿਭਾਗ ਵਿੱਚ ਕਈ ਪ੍ਰਕਾਰ ਦੀਆਂ ਯੋਜਨਾਵਾਂ ਬਾਰੇ ਖੋਜ-ਕਾਰਜ ਹੋ ਰਿਹਾ ਹੈ। ਪੰਜਾਬੀ ਦੇ ਹੋ ਚੁੱਕੇ ਉੱਘੇ ਲੇਖਕਾਂ ਬਾਰੇ 'ਇੰਗਲਿਸ਼ ਮੈਨ ਆਫ਼ ਲੈਟਰਜ਼ ਸੀਰੀਜ਼' ਦੇ ਸਮਾਨਾਂਤਰ ਮੋਨੋਗ੍ਰਾਫ਼ ਲਿਖਵਾਉਣ ਦੀ ਇਕ 'ਪੰਜਾਬੀ ਲੇਖਕ ਲੜੀ' ਜਾਰੀ ਕੀਤੀ ਗਈ ਸੀ, ਜਿਸ ਅਧੀਨ ਹੁਣ ਤਕ 27 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਹੱਥਲੀ ਪੁਸਤਕ ਭਾਈ ਮਨੀ ਸਿੰਘ ਜੀ ਬਾਰੇ ਲਿਖਵਾਏ ਮੋਨੋਗ੍ਰਾਫ਼ ਦਾ ਪ੍ਰਕਾਸ਼ਿਤ ਰੂਪ ਹੈ।

ਭਾਈ ਮਨੀ ਸਿੰਘ ਦਾ ਨਾਂ ਸਿੱਖ ਇਤਿਹਾਸ ਵਿੱਚ ਮਹੱਤਵਪੂਰਣ ਸਥਾਨ ਰਖਦਾ ਹੈ। ਉਹ ਇਕ ਸਿਦਕੀ ਸਿੱਖ ਅਤੇ ਧਰਮ ਹਿੱਤ ਆਪਣਾ ਸਭ ਕੁੱਝ ਵਾਰਨ ਵਾਲੇ ਮਹਾਂਪੁਰਸ਼ ਸਨ। ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਅਦੁੱਤੀ ਯਤਨ ਕੀਤੇ। ਇਨ੍ਹਾਂ ਯਤਨਾਂ ਦੌਰਾਨ ਉਨ੍ਹਾਂ ਨੇ ਜੋ ਕਥਾ-ਵਾਰਤਾ ਅਤੇ ਗੁਰਮਤਿ ਦੀ ਵਿਆਖਿਆ ਕੀਤੀ, ਉਹ ਉਨ੍ਹਾਂ ਦੇ ਸ਼ਰਧਾਲੂਆਂ ਦੁਆਰਾ ਲਿਖਤੀ ਰੂਪ ਵਿੱਚ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਵਿੱਚ ਮੌਜੂਦ ਹੈ। ਇਹ ਦੋਵੇਂ ਰਚਨਾਵਾਂ ਪੁਰਾਤਨ ਪੰਜਾਬੀ ਵਾਰਤਕ ਦੀਆਂ ਮਹੱਤਵਪੂਰਣ ਰਚਨਾਵਾਂ ਹਨ ਅਤੇ ਪੰਜਾਬੀ ਵਾਰਤਕ ਦੇ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਦਿੰਦੀਆਂ ਹਨ। ਇਸ ਤੋਂ ਇਲਾਵਾ ਭਾਈ ਮਨੀ ਸਿੰਘ ਨੇ ਪੁਰਾਤਨ ਬੀੜਾਂ ਦਾ ਸੰਪਾਦਨ ਕਰਕੇ ਗੁਰਬਾਣੀ ਨੂੰ ਸੁਚੱਜੇ ਢੰਗ ਨਾਲ ਸੰਭਾਲਣ ਵਿੱਚ ਵੀ ਆਪਣਾ ਹਿੱਸਾ ਪਾਇਆ ਹੈ। ਭਾਈ ਮਨੀ ਸਿੰਘ ਦੀ ਪੰਜਾਬੀ ਸਾਹਿੱਤ ਅਤੇ ਖ਼ਾਸ ਕਰਕੇ ਪੰਜਾਬੀ ਵਾਰਤਕ ਨੂੰ ਦਿੱਤੀ ਦੇਣ ਨੂੰ ਮੁੱਖ ਰਖਦੇ ਹੋਏ 'ਪੰਜਾਬੀ ਲੇਖਕ ਲੜੀ' ਅਧੀਨ ਇਹ ਪੁਸਤਕ ਲਿਖਵਾਈ ਗਈ ਹੈ। ਮੇਰਾ ਯਕੀਨ ਹੈ ਕਿ ਇਸ ਪੁਸਤਕ ਦੇ ਪ੍ਰਕਾਸ਼ਨ ਨਾਲ ਭਾਈ ਮਨੀ ਸਿੰਘ ਜੀ ਸੰਬੰਧੀ ਸਾਹਿੱਤ ਦਾ ਵਿਸਤਾਰ ਹੋਵੇਗਾ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਸ. ਸ. ਜੌਹਲ
ਵਾਈਸ-ਚਾਂਸਲਰ

ਸਨ । ਉਥੇ ਉਨ੍ਹਾਂ ਜੋ ਪ੍ਰਵਚਨ ਕੀਤੇ ਅਤੇ ਸਿੱਖਾਂ ਦੇ ਆਚਰਣ ਨੂੰ ਕਾਇਮ ਰਖਣ ਲਈ ਅਤੇ ਉਨ੍ਹਾਂ ਵਿੱਚ ਧਰਮ ਪ੍ਰਤਿ ਦ੍ਰਿੜ੍ਹਤਾ ਪੈਦਾ ਕਰਨ ਲਈ ਜੋ ਸਾਖੀਆਂ ਸੁਣਾਈਆਂ, ਉਹ ਬਹੁਤ ਮਹੱਤਵਪੂਰਣ ਸਨ । ਉਨ੍ਹਾਂ ਨੇ ਸਿੱਖ ਧਰਮ ਦੇ ਵਿਸ਼ਲੇਸ਼ਣ ਲਈ ਭਾਈ ਗੁਰਦਾਸ ਦੀ ਪਹਿਲੀ ਅਤੇ ਯਾਰ੍ਹਵੀਂ ਵਾਰ ਨੂੰ ਆਧਾਰ ਬਣਾਇਆ ਅਤੇ ਇਕ ਇਕ ਪੱਖ ਨੂੰ ਲੈ ਕੇ ਉਨ੍ਹਾਂ ਨੇ ਬੜੇ ਵਿਸਥਾਰ ਨਾਲ ਕਥਾ-ਵਾਰਤਾ ਕੀਤੀ । ਇਸ ਕਥਾ–ਵਾਰਤਾ ਨੂੰ ਉਨ੍ਹਾਂ ਦੇ ਸ਼ਰਧਾਲੂ ਸਿੱਖਾਂ ਵਿੱਚੋਂ ਹੀ ਭਾਈ ਸੂਰਤ ਸਿੰਘ ਨੇ ਲਿਪੀ-ਬਧ ਕਰ ਲਿਆ ਜੋ ਹੁਣ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਦੇ ਰੂਪ ਵਿੱਚ ਉਪਲਬਧ ਹੈ । 'ਗਿਆਨ ਰਤਨਾਵਲੀ' ਗੁਰੂ ਨਾਨਕ ਦੀਆਂ ਜਨਮਸਾਖੀਆਂ ਦੀ ਅੰਤਿਮ ਕੜੀ ਪੂਰਦੀ ਹੈ ਅਤੇ 'ਭਗਤ ਰਤਨਾਵਲੀ' ਗੁਰੂ ਸਾਹਿਬਾਨ ਦੇ ਸਿਦਕੀ ਸਿੱਖਾਂ ਦੇ ਜੀਵਨ ਉੱਤੇ ਚਾਨਣਾ ਪਾਉਂਦੀ ਹੈ। ਦੋਵੇਂ ਪੁਸਤਕਾਂ ਆਪਣੇ ਆਪਣੇ ਖੇਤਰ ਵਿੱਚ ਵਿਸ਼ੇਸ਼ ਮਹੱਤਵ ਰਖਦੀਆਂ ਹਨ ਅਤੇ ਇਨ੍ਹਾਂ ਦਾ ਇਤਿਹਾਸਿਕ ਹੀ ਨਹੀਂ, ਸਾਹਿੱਤਿਕ ਮਹੱਤਵ ਵੀ ਹੈ । ਇਹ ਭਾਵੇਂ ਸਿੱਧੇ ਰੂਪ ਵਿੱਚ ਭਾਈ ਮਨੀ ਸਿੰਘ ਦੀਆਂ ਲਿਖੀਆਂ ਨਹੀਂ, ਪਰ ਵਿਸ਼ਵਾਸ ਹੈ ਕਿ ਇਹ ਭਾਈ ਮਨੀ ਸਿੰਘ ਦੇ ਮੁਖ ਤੋਂ ਉਚਰੀਆਂ ਵਾਰਤਾਵਾਂ ਦਾ ਹੀ ਲਿਖਤੀ ਰੂਪ ਹੈ । ਭਾਈ ਮਨੀ ਸਿੰਘ ਦੇ ਮਹੱਤਵ ਨੂੰ ਸਾਹਮਣੇ ਰਖਦਿਆਂ ਇਹ ਪੁਸਤਕ ਲਿਖਣ ਦੀ ਯੋਜਨਾ ਬਣਾਈ ਗਈ ਸੀ । ਇਹ ਕੰਮ ਸਿੰਡੀਕੇਟ ਨੇ ਪ੍ਰਸਤੁਤ ਲੇਖਕ ਨੂੰ ਸੌਂਪਿਆ ਸੀ ਅਤੇ ਇਸ ਨੂੰ ਯੂਨੀਵਰਸਿਟੀ ਪੱਧਰ ਉੱਤੇ ਪ੍ਰਕਾਸ਼ਿਤ ਕਰਵਾਉਣ ਲਈ ਵਿਸ਼ੇਸ਼ੱਗ ਰਾਇ ਡਾ. ਦੀਵਾਨ ਸਿੰਘ ਹੋਰਾਂ ਨੇ ਦਿੱਤੀ ਸੀ ।

ਇਸ ਪੁਸਤਕ ਦੇ ਪ੍ਰਕਾਸ਼ਨ ਨਾਲ ਮੈਨੂੰ ਵਿਸ਼ਵਾਸ ਹੈ ਕਿ ਭਾਈ ਮਨੀ ਸਿੰਘ ਦੇ ਸਾਹਿੱਤ ਦੀ ਰੁੱਚੀ ਰਖਣ ਵਾਲੇ ਅਤੇ ਪੁਰਾਤਨ ਵਾਰਤਕ ਦੇ ਅਧਿਐਨ ਕਰਨ ਵਾਲੇ ਵਿਦਵਾਨ ਅਵੱਸ਼ ਹੀ ਲਾਭ ਉਠਾਉਣਗੇ ।

ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਤਨ ਸਿੰਘ ਜੱਗੀ
ਪ੍ਰੋਫ਼ੈਸਰ ਅਤੇ ਮੁਖੀ

ਵਿਸ਼ਾ-ਸੂਚੀ

ਪ੍ਰਕਰਣ 1

ਜੀਵਨੀ ਅਤੇ ਵਿਅਕਤਿਤਵ

ਸਿੱਖ ਧਰਮ ਦਾ ਇਤਿਹਾਸ ਲਹੂ ਦੀ ਸਿਆਹੀ ਨਾਲ ਲਿਖਿਆ ਗਿਆ ਹੈ ਕਿਉਂਕਿ ਸੱਚੇ ਧਰਮ ਦੀ ਸਥਾਪਨਾ ਲਈ ਜੋ ਔਕੜਾਂ ਸਿੱਖਾਂ ਨੂੰ ਸਹਿਣੀਆਂ ਪਈਆਂ, ਅਤੇ ਜਿਸ ਉਤਸਾਹ ਅਤੇ ਚਾਹ ਨਾਲ ਸਿੱਖਾਂ ਨੂੰ ਦੇਸ਼ ਅਤੇ ਧਰਮ ਤੋਂ ਕੁਰਬਾਨ ਹੋਣਾ ਪਿਆ, ਸ਼ਾਇਦ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚੋਂ ਲਭਣੀ ਮੁਸ਼ਕਿਲ ਹੋਵੇ। ਭਾਈ ਮਨੀ ਸਿੰਘ ਸਿੱਖ ਸ਼ਹੀਦਾਂ ਦੀ ਮਾਲਾ ਦਾ ਇਕ ਅਦੁੱਤੀ ਮੋਤੀ ਹੈ ਜਿਸ ਨੇ ਆਪਣੇ ਬੰਦ ਬੰਦ ਕਟਵਾ ਕੇ ਸੰਕਟ-ਕਾਲ ਵਿਚ ਸਿੱਖ ਧਰਮ ਦੀ ਸ਼ਾਨ ਅਤੇ ਗੌਰਵ ਨੂੰ ਕਾਇਮ ਰਖਿਆ। ਭਾਈ ਮਨੀ ਸਿੰਘ ਦਾ ਚਰਿਤ੍ਰ ਆਤਮ-ਉਤਸਰਗੀ ਸਾਧਕਾਂ ਅਤੇ ਧਰਮ ਦੇ ਜਿਗਿਆਸੂਆਂ ਲਈ ਇਕ ਚਾਨਣ ਮੁਨਾਰਾ ਹੈ, ਜਿਸ ਦੀਆਂ ਚਰਿੱਤ੍ਰ-ਗਤ ਵਿਸ਼ਿਸ਼ਟਤਾਵਾਂ ਦਾ ਅਨੁਕਰਣ ਕਰਕੇ ਕੋਈ ਵੀ ਧਰਮ-ਸਾਧਕ ਧੰਨ ਹੋ ਸਕਦਾ ਹੈ।

ਭਾਈ ਮਨੀ ਸਿੰਘ ਦੇ ਜੀਵਨ ਸੰਬੰਧੀ ਸਿੱਖ ਇਤਿਹਾਸ ਗ੍ਰੰਥਾਂ ਵਿਚ ਕਿਤੇ ਕਿਤੇ ਕੁਝ ਅਵਿਵਸਥਿਤ ਪ੍ਰਸੰਗ ਮਿਲ ਜਾਂਦੇ ਹਨ, ਪਰ ਸਮੁੱਚੇ ਤੌਰ ਤੇ ਭਾਈ ਸਾਹਿਬ ਬਾਰੇ ਸਭ ਤੋਂ ਪੁਰਾਣਾ ਬ੍ਰਿੱਤਾਂਤ ਕਵੀ ਸੇਵਾ ਸਿੰਘ ਭੱਟ ਕ੍ਰਿਤ 'ਸ਼ਹੀਦ ਬਿਲਾਸ' ਵਿਚ ਦਿੱਤਾ ਹੈ। ਇਹ ਕਥਨ ਹੋਰਨਾਂ ਸਰੋਤਾਂ ਨਾਲੋਂ ਵਿਸ਼ਵਸਤ ਵੀ ਹੈ, ਕਿਉਂਕਿ ਇਸ ਦਾ ਲੇਖਕ ਕੁਲ ਪਰੰਪਰਾ ਤੋਂ ਭਾਈ ਮਨੀ ਸਿੰਘ ਦੇ ਪਰਿਵਾਰ ਨਾਲ ਸੰਬੰਧਿਤ ਚਲਿਆ ਆ ਰਿਹਾ ਸੀ ਅਤੇ ਉਸ ਨੂੰ ਸਾਰੀ ਸਾਮਗ੍ਰੀ ਕੰਠ-ਅਨੁਕੰਠ ਪਰੰਪਰਾ ਦੇ ਆਧਾਰ ਤੇ ਆਪਣੇ ਪਰਿਵਾਰ ਵਿਚੋਂ ਹੀ ਪ੍ਰਾਪਤ ਹੋਈ ਸੀ :

ਸਿੰਘ ਸੰਗਰਾਮ ਬੀਰ ਇਕ ਭਯੋ।
ਪੋਤਾ ਮਨੀ ਸਿੰਘ ਕਾ ਅਯੋ।
ਤਿਸ ਕੇ ਪਾਂਚ ਸੁਤ ਅਗਾਰੀ।
ਜਿਨ ਮੇਂ ਸੰਗਤ ਸਿੰਘ ਬਲਕਾਰੀ।
ਸਕਲ ਪਰਵਾਰ ਮੇਲ ਇਨ ਸਾਰਾ।
ਗੈਲ ਇਨੋਂ ਕੈ ਪਿਤਾ ਹਮਾਰਾ।
ਦੇਸ ਮਾਲਵੇ ਪਹੁੰਚੇ ਜਾਈ।
ਗੈਲ **ਜੀਤ ਸਿੰਘ** ਲਈ ਬਨਾਈ।
ਕਛੁ ਚਿਰ ਰਹੇ **ਲਾਡਵੇ** ਬੀਚ।
ਏਕ ਗਾਮ ਰਾਜੇ ਤਿਹ ਦੀਚ।
ਹਮਰੋ ਕਾਮ ਵਧਾਈਆਂ ਲੈਨਾ।
ਫਿਰ ਤੁਰ ਕੇ ਜਸ ਇਨ ਕਾ ਕਹਿਨਾ।

ਸੇਵਾ ਹਰੀ ਭਾਦਸੋ ਮਾਹਿ ।
ਕਛੁਕ ਕਾਲ ਬਿਤਾਯੋ ਤਾਹਿ । 206 ।
ਸ਼ਹੀਦ ਬਿਲਾਸ ਪੋਥੀ ਸ਼ੁਰੂ ਕਰੀ **ਲਾਡਵੇ** ਮਾਹਿ ।
ਪਾਯੋ ਭੋਗ ਆ ਭਾਦਸੋਂ ਗੁਰ ਕਿਰਪਾ ਤੇ ਆਹਿ । 107 ।

(ਸ਼ਹੀਦ ਬਿਲਾਸ)

'ਸ਼ਹੀਦ ਬਿਲਾਸ' ਦੀ ਰਚਨਾ ਕਵੀ-ਕਥਨ ਅਨੁਸਾਰ ਲਾਡਵੇ ਨਾਂ ਦੇ ਨਗਰ ਵਿਚ ਕੀਤੀ ਗਈ ਅਤੇ ਇਸ ਦੀ ਸਮਾਪਤੀ ਭਾਦਸੋਂ (ਪਰਗਨਾ ਥਾਨੇਸਰ) ਵਿਚ ਕੀਤੀ ਗਈ । ਭਾਵੇਂ ਇਸ ਦੇ ਲਿਖੇ ਜਾਣ ਦੇ ਸਮੇਂ ਵਲ ਕਵੀ ਨੇ ਕਿਤੇ ਸੰਕੇਤ ਨਹੀਂ ਕੀਤਾ, ਪਰ ਲਾਡਵੇ ਵਾਲੇ ਸਰਦਾਰ ਜੀਤ ਸਿੰਘ (ਅਜੀਤ ਸਿੰਘ) ਦੀ ਜਾਗੀਰ ਵਿਚ ਰਹਿਣ ਤੋਂ ਸਪੱਸ਼ਟ ਹੈ ਕਿ ਇਹ ਘਟਨਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੀ ਹੈ । ਮੂਲ ਰੂਪ ਵਿਚ ਇਹ ਰਚਨਾ ਭੱਟ-ਅੱਖਰੀ ਵਿਚ ਕੀਤੀ ਗਈ ਸੀ ਅਤੇ ਇਸ ਦਾ ਗੁਰਮੁਖੀ ਉਤਾਰਾ ਸੇਵਾ ਸਿੰਘ ਦੀ ਤੀਜੀ ਪੀੜ੍ਹੀ ਦੇ ਇਕ ਵਿਅਕਤੀ ਛਜੂ ਸਿੰਘ ਭੱਟ ਨੇ 1927 ਬਿ. (1870 ਈ.) ਵਿਚ ਕੀਤਾ :

> ਸ਼ਹੀਦ ਬਿਲਾਸ ਪੋਥੀ ਕੀ ਨਕਲ ਭੱਟਖਸ਼ਰੀ ਸੇ ਕਾਰਤਕ ਵਦੀ ਏਕਮ ਸਾਲ 1927 ਬਿਕ੍ਰਮੀ ਕੋ ਗੁਰਮੁਖੀ ਮੇਂ ਕੀ । ਨਕਲ ਕਰਨੇ ਵਾਲਾ ਛਜੂ ਸਿੰਘ ਭੱਟ ਭਾਦਸੋਂ ਨਿਵਾਸੀ, ਪਰਗਨਾ ਥਾਨੇਸਰ ।

'ਸ਼ਹੀਦ ਬਿਲਾਸ' ਪੁਸਤਕ ਦੇ ਆਧਾਰ ਤੇ ਭਾਈ ਮਨੀ ਸਿੰਘ ਦਾ ਸੰਖਿਪਤ ਜੀਵਨ ਬ੍ਰਿੱਤਾਂਤ ਇਸ ਪ੍ਰਕਾਰ ਹੈ :

ਕੁਲ ਪਰੰਪਰਾ : ਉਦੇ ਦੀਪ[1] ਦੀ ਬੰਸ (ਪੰਵਾਰ ਰਾਜਪੂਤ) ਵਿਚ ਪੈਦਾ ਹੋਏ ਭਾਈ ਮਨੀ ਸਿੰਘ ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਸਨ । ਉਨ੍ਹਾਂ ਦੇ ਵੱਡੇ ਵਡੇਰੇ ਬੜੇ ਪੱਕੇ ਗੁਰ ਸਿੱਖ ਸਨ । ਭਾਈ ਸਾਹਿਬ ਦੇ ਦਾਦੇ ਦਾ ਨਾਂ ਬਲੂ ਰਾਉ ਸੀ ਜੋ ਛੇਵੇਂ ਗੁਰੂ ਦਾ ਇਕ ਬਲਵਾਨ ਯੋਧਾ ਸਿੱਖ ਸੀ । ਬਲੂ ਰਾਉ ਦੇ ਘਰ ਮਲੂਕਾ, ਮਾਈ ਦਾਸ, ਰੁੜੀਆ ਰੂਪੀਆ, ਜੈਮਲ, ਬੀਰੀਆ, ਨੇਤਾ, ਸਾਹੂ, ਸੁੰਦਰ ਮਾਧੋ, ਰਈਆ, ਸੁਹੇਲਾ ਨਾਂ ਦੇ ਬਾਰ੍ਹਾਂ ਪੁੱਤਰਾਂ ਦਾ ਜਨਮ ਹੋਇਆ । ਇਨ੍ਹਾਂ ਵਿਚੋਂ ਭਾਈ ਮਾਈ ਦਾਸ ਦੇ ਘਰ ਭਾਈ ਮਨੀ ਸਿੰਘ ਦਾ ਜਨਮ ਹੋਇਆ । ਮਾਈ ਦਾਸ ਨੇ ਦੋ ਵਿਆਹ ਕੀਤੇ । ਪਹਿਲੀ ਪਤਨੀ ਮੱਧਰੀ ਦੀ ਕੁਖੋਂ ਸੱਤ ਪੁੱਤਰਾਂ ਦਾ ਜਨਮ ਹੋਇਆ—ਜੇਠਾ, ਦਿਆਲ ਦਾਸ, ਮਨੀ ਰਾਮ, ਦੁਨੀਆ, ਮਾਨਾ, ਅਮਰ ਚੰਦ, ਰੂਪਾ । ਦੂਜੀ ਪਤਨੀ ਲੱਡਿਕੀ ਨੇ ਪੰਜ ਪੁੱਤਰਾਂ ਨੂੰ ਜਨਮ ਦਿੱਤਾ— ਜਗਤੂ, ਸੋਹਣਾ, ਲਹਿਣਾ, ਰਾਇ ਅਤੇ ਹਰੀ ਚੰਦ । ਇਨ੍ਹਾਂ 12 ਭਰਾਵਾਂ ਨੇ ਸਿੱਖ ਧਰਮ ਦੀ ਸਥਾਪਨਾ ਲਈ ਵੱਧ ਚੜ੍ਹ ਕੇ ਆਪਣੀਆਂ ਕੁਰਬਾਨੀਆਂ ਦਿੱਤੀਆਂ ।

ਮੁੱਢਲਾ ਜੀਵਨ : ਭਾਈ ਮਨੀ ਸਿੰਘ ਦਾ ਜਨਮ 1701 ਬਿ. ਨੂੰ ਐਤਵਾਰ ਚੇਤਰ ਸੁਦੀ ਬਾਰ੍ਹਵੀਂ (10 ਮਾਰਚ 1644 ਈ.) ਨੂੰ ਹੋਇਆ । 13 ਵਰ੍ਹਿਆਂ ਦੀ ਆਯੂ ਵਿਚ

1. ਬੰਸ ਬ੍ਰਿਛ ਲਈ ਵੇਖੋ 'ਸ਼ਹੀਦ ਬਿਲਾਸ' (ਕਵੀ ਸੇਵਾ ਸਿੰਘ), ਅੰਤਿਕਾ 5

ਮਨੀ ਸਿੰਘ[2] ਆਪਣੇ ਪਿਤਾ ਦੇ ਸੰਗ ਸੱਤਵੇਂ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਲਈ ਕੀਰਤਪੁਰ ਆਏ। ਉਨ੍ਹਾਂ ਦੇ ਸੁੰਦਰ ਸਰੂਪ ਅਤੇ ਹੋਣਹਾਰੀ ਨੂੰ ਵੇਖਕੇ ਗੁਰੂ ਜੀ ਨੇ ਕਿਹਾ—"ਮਨੀਆ ਇਹ ਗੁਨੀਆ ਹੋਵੇਗਾ ਬੀਚ ਜਗ ਸਾਰੇ !"

ਕੀਰਤਪੁਰ ਵਿਚ ਮਨੀ ਸਿੰਘ ਗੁਰੂ ਦਰਬਾਰ ਵਿਚ ਦੋ ਵਰ੍ਹੇ ਰਹੇ। ਇਸ ਦੌਰਾਨ ਉਹ ਲੰਗਰ ਦੇ ਬਰਤਨ ਮਾਂਜਣ ਦੀ ਸੇਵਾ ਨਿਭਾਂਦੇ ਸਨ ਅਤੇ ਬਾਣੀ ਦਾ ਸਦਾ ਪਾਠ ਕਰਦੇ ਰਹਿੰਦੇ ਸਨ।

ਪੰਦ੍ਹਾਂ ਵਰ੍ਹਿਆਂ ਦੇ ਹੋਣ ਤੇ ਮਾਈ ਦਾਸ ਮਨੀ ਸਿੰਘ ਨੂੰ ਵਾਪਸ ਲੈ ਜਾਣ ਲਈ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਅਤੇ ਮਨੀ ਸਿੰਘ ਦਾ ਵਿਆਹ ਕਰਨ ਲਈ ਗੁਰੂ ਜੀ ਤੋਂ ਆਗਿਆ ਲੈ ਕੇ ਵਾਪਸ ਲੈ ਗਿਆ। ਹਾੜ ਦੀ ਪੂਰਨਮਾਸ਼ੀ ਨੂੰ ਭਾਈ ਮਨੀ ਸਿੰਘ ਦੇ ਵਿਆਹ ਦਾ ਦਿਨ ਪੱਕਾ ਹੋਇਆ। ਬਰਾਤ ਖੈਰ ਪੁਰ[3] ਵਿਚ ਯਾਦਵ ਬੰਸ ਦੇ ਲਖੀ ਰਾਇ[4] ਦੇ ਘਰ ਢੁਕੀ। ਭਾਈ ਸਾਹਿਬ ਦੀ ਪਤਨੀ ਦਾ ਨਾਂ ਸੀਤੋ ਸੀ।

ਵਿਆਹ ਕਰਨ ਉਪਰੰਤ ਕੁਝ ਸਮਾਂ ਭਾਈ ਮਨੀ ਸਿੰਘ ਆਪਣੇ ਘਰ ਰਹੇ। ਫਿਰ ਆਪਣੇ ਵੱਡੇ ਦੋ ਭਰਾਵਾਂ—ਜੇਠਾ ਅਤੇ ਦਿਆਲਾ— ਨਾਲ ਗੁਰੂ ਹਰਿ ਰਾਇ ਜੀ ਦੇ ਦਰਬਾਰ ਵਿਚ ਕੀਰਤਪੁਰ ਪਹੁੰਚੇ ਅਤੇ ਲੰਗਰ ਦੀ ਸੇਵਾ ਵਿਚ ਲਗ ਗਏ।

ਗੁਰੂ ਹਰਿ ਰਾਇ ਜੀ ਦੇ ਜੋਤੀ ਜੋਤਿ ਸਮਾਣ ਤੇ ਭਾਈ ਮਨੀ ਸਿੰਘ ਗੁਰੂ ਹਰਿਕਿਸ਼ਨ ਜੀ ਦੀ ਸੇਵਾ ਵਿਚ ਰਹੇ ਅਤੇ ਉਨ੍ਹਾਂ ਨਾਲ ਦਿੱਲੀ ਵੀ ਗਏ। ਗੁਰੂ ਜੀ ਦੇ ਜੋਤੀ ਜੋਤਿ ਸਮਾਣ ਤੋਂ ਬਾਦ ਗੁਰੂ-ਮਾਤਾ (ਗੁਰੂ ਹਰਿ ਰਾਇ ਜੀ ਦੀ ਪਤਨੀ—ਮਾਤਾ ਸੁਲੱਖਣੀ) ਨਾਲ ਗੁਰੂ ਤੇਗ ਬਹਾਦਰ ਦੇ ਦਰਸ਼ਨਾਂ ਨੂੰ ਬਕਾਲੇ ਆਏ। ਉਦੋਂ ਉਨ੍ਹਾਂ ਦੀ ਉਮਰ 20 ਵਰ੍ਹਿਆਂ ਦੀ ਸੀ। ਮਨੀ ਸਿੰਘ ਦੇ ਦੋਵੇਂ ਭਰਾ—ਜੇਠਾ ਅਤੇ ਦਿਆਲਾ—ਤਾਂ ਗੁਰੂ ਦਰਬਾਰ ਵਿਚ ਹੀ ਰਹੇ ਪਰ ਮਨੀ ਸਿੰਘ ਕੁਝ ਸਮਾਂ ਬਕਾਲੇ ਰਹਿ ਕੇ ਤੁਲਸੀ, ਸ੍ਰੀ ਚੰਦ, ਨਠੀਆ, ਚੰਦਨ, ਰਾਏ ਅਤੇ ਊਦਾ ਆਦਿਕ ਸਿੱਖਾਂ ਦੇ ਨਾਲ ਅਲੀਪੁਰ ਵਾਪਸ ਆਏ। ਕੁਝ ਸਮਾਂ ਉਥੇ ਰਹਿਣ ਉਪਰੰਤ ਭਾਈ ਸਾਹਿਬ ਪਰਿਵਾਰ ਸਹਿਤ 1729 ਬਿ. (ਸੰਨ 1672) ਦੇ ਚੇਤਰ ਮਹੀਨੇ ਵਿਚ ਆਨੰਦਪੁਰ ਪਹੁੰਚੇ ਅਤੇ ਨੌਵੇਂ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ।

ਆਨੰਦਪੁਰ ਵਿਚ ਨਿਵਾਸ : ਕਸ਼ਮੀਰ ਦੇ ਪੰਡਿਤਾਂ ਦੀ ਪੁਕਾਰ ਸੁਣ ਕੇ ਜਦੋਂ ਗੁਰੂ ਤੇਗ ਬਹਾਦਰ ਜੀ ਦਿੱਲੀ ਨੂੰ ਗਏ, ਉਦੋਂ ਭਾਈ ਦਿਆਲਾ, ਊਦਾ ਅਤੇ ਚਾਰ ਹੋਰ ਸਿੱਖ ਗੁਰੂ ਸਾਹਿਬ ਨਾਲ ਦਿੱਲੀ ਗਏ ਅਤੇ ਜੇਠਾ ਤੇ ਭਾਈ ਮਨੀ ਸਿੰਘ ਆਦਿ ਸਿੱਖ ਬਾਲਕ ਗੋਬਿੰਦ ਰਾਏ ਪਾਸ ਆਨੰਦਪੁਰ ਹੀ ਰਹੇ।

ਉਦੋਂ ਭਾਈ ਮਨੀ ਸਿੰਘ ਦੀ ਉਮਰ 35 ਵਰ੍ਹਿਆਂ ਦੀ ਸੀ। ਉਹ ਬੜੇ ਹਠੀ,

---

2. ਭਾਈ ਸਾਹਿਬ ਦਾ ਪਹਿਲਾ ਨਾਂ 'ਮਨੀ ਰਾਮ' ਸੀ ਅਤੇ ਆਮ ਕਰ ਕੇ ਇਨ੍ਹਾਂ ਨੂੰ 'ਮਨੀਆ' ਬੁਲਾਇਆ ਜਾਂਦਾ ਸੀ।
3. ਇਹ ਪਿੰਡ ਅਲੀਪੁਰ ਤਹਿਸੀਲ ਵਿਚ ਮੁਲਤਾਨ ਤੋਂ ਕੋਈ 75 ਮੀਲ ਦੀ ਵਿਥ ਤੇ ਹੈ।
4. ਇਹ ਗੁਰੂ ਘਰ ਦਾ ਇਕ ਵਣਜਾਰਾ ਸਿੱਖ ਸੀ ਅਤੇ ਸ਼ਹੀਦੀ ਉਪਰੰਤ ਗੁਰੂ ਤੇਗ ਬਹਾਦਰ ਜੀ ਦਾ ਧੜ ਲੈ ਕੇ ਦਿੱਲੀ ਦੇ ਨੇੜੇ ਆਪਣੇ ਪਿੰਡ ਰਾਇਸੀਨਾ ਗਿਆ ਸੀ। ਇਸ ਦੀ ਮ੍ਰਿਤੂ 24 ਮਈ 1680 ਈ. ਨੂੰ ਹੋਈ।

ਤਪਸਵੀ, ਪੋਥੀਆਂ ਦੇ ਲਿਖਾਰੀ, ਯੁੱਧ ਵਿਚ ਤਾਕ ਅਤੇ ਸਿੱਖੀ ਸਿਦਕ ਵਿਚ ਯਕੀਨ ਰਖਣ ਵਾਲੇ ਸਨ :

ਸੇਵਾ ਸੀ ਕਰੰਤ ਤੇ ਰਹੰਤ ਗੁਰਾਂ ਪਾਸ ਸਦਾ,
ਲਿਖ ਲਿਖ ਬਾਨੀ ਕਰੇ ਪੋਥੀਆਂ ਤਿਆਰ ਇਹ ।
ਪੜ੍ਹਦਾ ਪੜ੍ਹਾਂਦਾ ਤੇ ਜਤਾਂਦਾ ਨਹੀਂ ਆਪ ਤਾਂਈ,
ਮਨ ਨੀਵਾਂ ਮੱਤ ਉਚੀ ਇਹੋ ਦਿਲ ਧਾਰ ਇਹ ।
ਹਠੀ ਤਪੀ ਪੂਰਾ, ਸਿੱਖੀ ਸਿਦਕ ਦਾ ਪੁਤਲਾ ਸੀ,
ਸਾਖੀਆਂ ਸਿਦਕ ਦੀਆਂ ਕਰਦਾ ਉਚਾਰ ਇਹ ।
ਸੇਵਾ ਹਰੀ ਇਵੇਂ ਕਿਵੇਂ ਬੀਤ ਗਏ ਬਰਖ ਕਈ,
ਜੁੱਧ ਦੇ ਕਰਨ ਵਿੱਚ ਵੱਡਾ ਹੁਸ਼ਿਆਰ ਇਹ ।
। 41 । (ਸ਼ਹੀਦ ਬਿਲਾਸ)

ਪਾਉਂਟਾ ਸਾਹਿਬ ਨੂੰ ਜਾਣਾ : ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਚਲੇ ਜਾਣ ਤੇ ਭਾਈ ਮਨੀ ਸਿੰਘ ਉਨ੍ਹਾਂ ਨਾਲ ਰਹੇ ਅਤੇ ਮਾਤਾ ਪੰਜਾਬ ਕੌਰ ਵਲੋਂ ਬਾਬਾ ਰਾਮ ਰਾਇ ਜੀ ਦੀ ਮ੍ਰਿਤੂ ਦੀ ਚਿੱਠੀ ਆਉਣ ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਡਿਹਰਾਦੂਨ ਵੀ ਗਏ । ਗੁਰੂ ਦਰਬਾਰ ਵਿਚ ਉਨ੍ਹਾਂ ਦਾ ਬਹੁਤ ਮਹੱਤਵ ਸੀ । ਉਨ੍ਹਾਂ ਨੂੰ ਬਾਵਨ ਕਵੀਆਂ ਵਿਚ ਵੀ ਗਿਣਿਆ ਜਾਂਦਾ ਸੀ ।[5]

ਬਾਬਾ ਰਾਮ ਰਾਇ ਦੀ ਪਹਿਲੀ ਬਰਸੀ (24 ਭਾਦਰੋਂ ਸੰਮਤ 1745 ਬਿ.) ਦੇ ਮੌਕੇ ਤੇ ਗੁਰੂ ਸਾਹਿਬ ਨੇ ਮਨੀ ਸਿੰਘ ਜੀ ਨੂੰ 50 ਚੋਣਵੇਂ ਸਿੱਖਾਂ ਸਹਿਤ ਡਿਹਰਾਦੂਨ ਭੇਜਿਆ । ਉਥੇ ਮਾਤਾ ਪੰਜਾਬ ਕੌਰ ਦੇ ਗੁਰਬਖਸ਼ ਨਾਂ ਦੇ ਇਕ ਰਾਮ ਰਾਈਏ ਸਾਧੂ ਨੂੰ ਧਿਕਾਰਨ ਤੇ, ਉਸ ਨੇ ਦਸ਼ਮੇਸ਼ ਗੁਰੂ ਦੀ ਨਿੰਦਿਆ ਕੀਤੀ । ਭਾਈ ਮਨੀ ਸਿੰਘ ਆਦਿ ਹੋਰ ਪੰਜਾਹ ਸਿੱਖਾਂ ਨੇ ਗੁਰੂ-ਅਪਮਾਨ ਦਾ ਬਦਲਾ ਖੰਡਾ ਖੜਕਾ ਕੇ ਲਿਆ ਅਤੇ ਡਿਹਰਾਦੂਨ ਤੋਂ ਪਾਉਂਟਾ ਸਾਹਿਬ ਪਰਤ ਆਏ ਅਤੇ ਗੁਰੂ ਸਾਹਿਬ ਨੂੰ ਸਾਰਾ ਹਾਲ ਸੁਣਾਇਆ ।

ਸਾਰਮੌਰ (ਸਿਰਮੌਰ) ਦੇ ਰਾਜੇ ਫਤਹ ਸ਼ਾਹ ਨੇ 1745 ਬਿ. (ਸੰਨ 1688) ਦੇ 18 ਅਸੂ ਨੂੰ ਗੁਰੂ ਜੀ ਉਪਰ ਧਾਵਾ ਕੀਤਾ ਤਾਂ ਗੁਰੂ ਜੀ ਦੇ ਜਿਨ੍ਹਾਂ ਨਾਮੀ ਸਿੱਖਾਂ ਨੇ ਇਸ ਭੰਗਾਣੀ ਦੇ ਪ੍ਰਸਿੱਧ ਯੁੱਧ ਵਿਚ ਹਿੱਸਾ ਲਿਆ, ਉਨ੍ਹਾਂ ਵਿਚ ਭਾਈ ਮਨੀ ਸਿੰਘ ਦਾ ਨਾਂ ਵਿਸ਼ੇਸ਼ ਉਲੇਖਯੋਗ ਹੈ । ਉਸ ਸੰਗ੍ਰਾਮ ਦਾ ਵਰਣਨ ਕਵੀ ਨੇ ਇਸ ਪ੍ਰਕਾਰ ਕੀਤਾ ਹੈ :

ਸੂਹੀਏ ਖਬਰ ਪੁਚਾਈ ਸਾਰੀ । ਚੜ੍ਹਿਯੋ ਦਲ ਰਾਜਨ ਕੂੰ ਭਾਰੀ ।
ਮਨੀਏ ਸਹਿਤ ਨਾਮੀ ਸਿੱਖ ਜੇਤੇ । ਰਾਖੇ ਸਬ ਤਕੜਾਈ ਹੇਤੇ ।
ਦਯਾਰਾਮ ਅਰ ਊਦਾ ਮਾਨਾ । ਜੈਤਾ ਜੇਠਾ ਚੰਦਨ ਦਾਨਾ ।
ਧਰਮਾ ਜਾਟ ਬਚਿਤ੍ਰ ਰਾਇ । ਸਾਹਿਬ ਚੰਦ ਕੋਪਯੋ ਬਹੁ ਆਇ ।
ਮਰੇ ਅਨੇਕਾ ਭਗੀ ਸਿਪਾਹਿ । ਭਈ ਜੀਤ ਪ੍ਰਥਮ ਇਹ ਆਹਿ ।

5. ਗਿਆਨੀ ਗਿਆਨ ਸਿੰਘ ਨੇ ਭਾਈ ਸਾਹਿਬ ਨੂੰ ਦਸਮ ਗੁਰੂ ਦੇ 52 ਕਵੀਆਂ ਵਿਚ ਗਿਣਾਇਆ ਹੈ—'ਕਵੀ ਬਵੰਜਾ ਥੇ ਗੁਰ ਪਾਸ । ਉਨ ਮੈਂ ਗਨਨਾ ਇਨ ਕੀ ਖਾਸ' ।
(ਪੰਥ ਪ੍ਰਕਾਸ਼, ਨਿਵਾਸ 69/8)

ਮਚਯੋ ਜਹਿ ਇਹ ਘੋਰ ਸੰਗਰਾਮਾ । ਜਮਨਾ ਤੀਰ ਭੰਗਾ ਨਾਮਾ ।
ਨਦੀ ਗਿਰੀ ਕਾ ਸੰਗਮ ਜਾਹਿ । ਡੇਢ ਜਾਮ ਭੇੜਾ ਭਯੋ ਤਾਹਿ ।
ਸੇਵਾ ਹਰੀ ਜੀਤ ਘਰ ਆਏ । ਭਾਂਤ ਭਾਂਤ ਬਾਜਨ ਬਜਵਾਏ । 59 ।

ਭੰਗਾਣੀ ਦੇ ਯੁੱਧ ਉਪਰੰਤ ਗੁਰੂ ਜੀ ਇਕ ਮਹੀਨਾ ਪਾਉਂਟਾ ਸਾਹਿਬ ਰਹੇ, ਫਿਰ ਉਥੋਂ ਕਪਾਲ ਮੋਚਨ ਆਏ । ਭਾਈ ਮਨੀ ਸਿੰਘ ਵੀ ਗੁਰੂ ਸਾਹਿਬ ਨਾਲ ਕਪਾਲ ਮੋਚਨ ਆਏ । ਉਸ ਤੋਂ ਬਾਦ ਸਾਰੇ ਆਨੰਦਪੁਰ ਸਾਹਿਬ ਪਹੁੰਚੇ । ਉਥੇ ਭਾਈ ਮਨੀ ਸਿੰਘ ਦੀ ਦੈਨਿਕ ਕ੍ਰਿਆ ਦਾ ਵੇਰਵਾ ਇਸ ਪ੍ਰਕਾਰ ਸੀ :

ਕਹਿਲੂਰ ਦੇਸ ਗੁਰ ਪਹੁਚੇ ਜਾਈ । **ਮਨੀਏ** ਕੀ ਕਹੂੰ ਕਥਾ ਸੁਨਾਈ ।
ਸੇਵਾ ਕਰੇ ਆਲਸ ਕੂੰ ਤਿਆਗੇ । ਸਵਾ ਪਹਿਰ ਨਿਸ ਰਹਿੰਦੀ ਜਾਗੈ ।
ਨਿਤ ਪ੍ਰਤਿ ਮਨੀਆ ਮੱਜਨ ਕਹੈ । ਪਦ ਪੰਕਜ ਗੁਰ ਮਸਤਕ ਧਰੈ ।
ਨਿਸ ਦਿਨ ਕਰ ਸੇਵਾ ਮਨ ਮਾਂਜੇ । ਅੰਧੇਰੀ ਬਾਦ ਨ ਦੇਖੇ ਝਾਂਜੇ ।
ਸੇਵਾ ਹਰੀ ਜੁੱਧ ਮਹਿ ਆਗੇ । ਹੋਇ ਕਾਇਰ ਨਹਿ ਪੀਛੇ ਭਾਗੈ । 62 ।

ਫਿਰ ਆਨੰਦਪੁਰ ਵਿਚ : ਕਹਿਲੂਰ ਦੇ ਰਾਜੇ ਭੀਮ ਚੰਦ ਨੇ ਸੰਕਟ ਬਣਨ ਤੇ ਗੁਰੂ ਜੀ ਨੂੰ ਸਹਾਇਤਾ ਲਈ ਪ੍ਰਾਰਥਨਾ ਕੀਤੀ । ਸਹਾਇਤਾ ਲਈ ਗੁਰੂ ਸਾਹਿਬ ਨਦੌਣ ਗਏ । ਸੰਮਤ 1747 (ਸੰਨ 1690) ਦੇ ਚੇਤਰ ਮਹੀਨੇ ਦੀ 22 ਨੂੰ ਹੋਏ ਨਦੌਣ ਦੇ ਯੁੱਧ ਵਿਚ ਭਾਈ ਮਨੀ ਸਿੰਘ ਵੀ ਹੋਰਨਾਂ ਚੋਣਵੇਂ ਸਿੰਘਾਂ ਸਹਿਤ ਸ਼ਾਮਲ ਹੋਏ ।[6]

ਨਦੋਣੋਂ ਪਰਤਣ ਤੇ ਭਾਈ ਮਨੀ ਸਿੰਘ ਦੇ ਸਿੱਖੀ ਸਿਦਕ ਤੋਂ ਪ੍ਰਸੰਨ ਹੋ ਕੇ ਦਸਮ ਗੁਰੂ ਨੇ ਸੰਮਤ 1748 ਬਿ. (1691 ਈ.) ਨੂੰ ਵਿਸਾਖੀ ਵਾਲੇ ਦਿਨ ਭਾਈ ਮਨੀ ਸਿੰਘ ਨੂੰ ਗੁਰੂ ਦਰਬਾਰ ਦੀ ਦੀਵਾਨਗੀ ਦੀ ਪਦਵੀ ਬਖਸ਼ੀ ।[7]

ਸੰ. 1752[8] ਬਿ. ਨੂੰ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ

---

6. ਭੰਗਾਣੀ ਅਤੇ ਨਦੌਣ ਦੇ ਯੁੱਧਾਂ ਵਿਚ ਭਾਈ ਮਨੀ ਸਿੰਘ ਦੇ ਸ਼ਾਮਲ ਹੋਣ ਦੀ ਪੁਸ਼ਟੀ ਭਾਈ ਬੋਹਥ ਦੇ ਪੁੱਤਰ ਦੇਸੂ ਭੱਟ ਦੇ ਇਸ ਦੋਹੇ ਤੋਂ ਵੀ ਹੋ ਜਾਂਦੀ, ਜੋ ਉਸ ਨੇ ਆਨੰਦਪੁਰ ਭਾਈ ਚਿਤ੍ਰ, ਬਚਿਤ੍ਰ ਅਤੇ ਉਦੈ ਸਿੰਘ ਦੇ ਵਿਆਹ ਦੀ ਵਧਾਈ ਸਮੇਂ 4 ਚੇਤਰ ਵਦੀ ਏਕਮ, 1750 ਬਿ. (2 ਮਾਰਚ, 1693 ਈ.) ਨੂੰ ਕਿਹਾ ਸੀ :

ਸੁਪੂਤ ਪੋਤਾ ਤਉ ਗਾਂਊ ਮਨੀ ਰਾਮ, ਰੋਸ਼ਨ ਬੰਸ ਜਲੇ ਦਾ ਦਿਤਾ ।
ਪੈਲ੍ਹਾਂ ਹੇਠ ਭੰਗਾਨੀ ਮਾਰੀ, ਰਾਨਾ ਘਾਲ ਕੀਆ ਰਨ ਜਿੱਤਾ ।
ਸਾਕਾ ਕੀਆ ਨਦਾਵਨ ਤੈਂ ਨੇ, ਘਾਲਿਆ ਰਾਨਾ ਬੀਰ ਪਰਬਤਾ ।
ਘੋੜੇ ਬੀਸ ਪਚਾਸ ਗਿਣਤੀ ਕੇ ਆਏ, ਪੈਦਲ ਆਏ ਬਹੁ ਰਜਪੂਤਾ ।
ਧਨ ਧਨ ਮਾਤਾ ਮਧਰੀ ਬਾਈ, ਤਉ ਜਾਇਆ ਮਨੀ ਰਾਮ ਪੂਤ ਸਪੂਤਾ ।

('ਸ਼ਹੀਦ ਬਿਲਾਸ', ਪੰਨਾ 25 ਤੋਂ ਉਧਰਿਤ)

7. ਇਸ ਗੱਲ ਦੀ ਪੁਸ਼ਟੀ ਗਿਆਨੀ ਗਰਜਾ ਸਿੰਘ ਨੇ ਹਰਦੁਆਰ ਦੇ ਪੰਡੇ ਦੀ ਵਹੀ ਤੋਂ ਵੀ ਕੀਤੀ ਹੈ । ('ਸ਼ਹੀਦ ਬਿਲਾਸ', ਪੰਨਾ 66)

8. ਸਿੱਖ ਪਰੰਪਰਾਵਾਂ ਅਤੇ ਕੁਝ ਇਤਿਹਾਸਕਾਰਾਂ ਅਨੁਸਾਰ ਇਹ 1756 ਬਿ. (1699 ਈ.) ਦੀ ਵਿਸਾਖੀ ਦੀ ਘਟਨਾ ਹੈ । 'ਪ੍ਰੇਮ ਸੁਮਾਰਗ ਗ੍ਰੰਥ' ਵਿਚ ਖਾਲਸਾ ਸਾਜਣ ਦੀ ਘਟਨਾ 1755 ਬਿ. ਵਿੱਚ ਵਾਪਰੀ ਦੱਸੀ ਹੈ । ਪਰ ਹੁਣ 1756 ਬਿ. (1699 ਈ.) ਸਾਲ ਹੀ ਸਰਵਸ੍ਵੀਕ੍ਰਿਤ ਖਾਲਸੇ ਦਾ ਜਨਮ-ਸੰਮਤ ਹੈ ।

ਕੀਤੀ। ਉਦੋਂ ਭਾਈ ਮਨੀ ਸਿੰਘ ਨੇ ਵੀ ਅੰਮ੍ਰਿਤ ਪਾਨ ਕੀਤਾ। ਉਸ ਅਵਸਰ ਤੇ ਭਾਈ ਮਨੀ ਸਿੰਘ ਦੇ ਭਰਾਵਾਂ ਅਤੇ ਪੰਜ ਪੁੱਤਰਾਂ ਨੇ ਵੀ ਅੰਮ੍ਰਿਤ ਛਕਿਆ।[9] ਅੰਮ੍ਰਿਤ ਪਾਨ ਕਰਨ ਤੋਂ ਬਾਦ ਭਾਈ ਮਨੀ ਰਾਮ ਭਾਈ ਮਨੀ ਸਿੰਘ ਬਣ ਗਏ। ਇਸ ਤੋਂ ਬਾਦ ਭਾਈ ਸਾਹਿਬ ਦੀ ਰਹਿਣੀ ਕਵੀ ਸੇਵਾ ਸਿੰਘ ਅਨੁਸਾਰ ਇਸ ਪ੍ਰਕਾਰ ਸੀ :

ਨਿਜ ਕਰ ਤੇ ਗੁਰ ਅੰਮ੍ਰਿਤ ਦੀਯੋ। **ਮਨੀਏ ਥੀ ਸਿੰਘ ਮਨੀਆ** ਕੀਯੋ।
ਕਰ ਇਸ਼ਨਾਨ ਜਪੈ ਜਪੁ ਜਾਪ। ਛੋਹਿ ਨ ਸਾਕੈ ਤੀਨੋ ਤਾਪ।
ਸੂਤ ਮਿਆਨੋਂ ਧੂਪ ਧੁਖਾਇ। ਫਤੇ ਵਾਹਿਗੁਰੂ ਮੁਖੋਂ ਬੁਲਾਇ।
ਨੀਲੰਬਰ ਗਜ ਸਵਾ ਕਛਹਿਰੈ। ਦੇਗ ਸ਼ਹੀਦੀ ਤੀਜੈ ਪਹਿਰੈ।
ਟੇਢ ਮੁਛਹਿਰੈ ਆਂਖੈ ਗਹਿਰੀ। ਗੁਰਬਖਸ ਦੁਸਟ ਜਰੇ ਸੇਧੇ ਜਹਿਰੀ।...74।

ਸੰਮਤ 1752 ਬਿ. (1695 ਈ.) ਵਿਚ ਹੁਸੈਨ ਖਾਨ ਨਾਲ ਹੋਏ ਗੁਰੂ ਜੀ ਦੇ ਯੁੱਧ ਵਿਚ ਵੀ ਭਾਈ ਮਨੀ ਸਿੰਘ ਸ਼ਾਮਲ ਹੋਏ। ਇਸ ਤਰ੍ਹਾਂ ਲਗਭਗ ਸਾਰੇ ਯੁੱਧਾਂ ਵਿਚ ਭਾਈ ਸਾਹਿਬ ਨੇ ਆਪਣੇ ਜੋਹਰ ਦਿਖਾਏ। ਫਲਸਰੂਪ ਉਨ੍ਹਾਂ ਪ੍ਰਤਿ ਸਾਰੇ ਸਿੱਖ ਸਮਾਜ ਅਤੇ ਗੁਰੂ ਦਰਬਾਰ ਵਿਚ ਵਿਸ਼ੇਸ਼ ਆਦਰ ਸਤਿਕਾਰ ਦੀ ਭਾਵਨਾ ਦਾ ਵਿਕਾਸ ਹੋਣ ਲਗਾ। ਆਨੰਦਪੁਰ ਸਾਹਿਬ ਗੁਰੂ ਦਰਬਾਰ ਵਿਚ ਰਹਿੰਦਿਆਂ ਉਨ੍ਹਾਂ ਦੀ ਸਥਿਤੀ ਇਸ ਪ੍ਰਕਾਰ ਸੀ :

ਮਨੀ ਸਿੰਘ ਗੁਰ ਦਸਮ ਢਿਗ, ਥੇ ਪੁਰੀ ਬੀਰ ਅਨੰਦ।
ਮਧ ਖਾਲਸੇ ਇਉਂ ਸੋਹੈ, ਜਿਉਂ ਤਾਰਨ ਮਹਿ ਚੰਦ। 78।
ਕਥਾ ਰੋਜ਼ ਗੁਰੂ ਗ੍ਰੰਥ ਕੀ, ਸੰਗਤ ਤਾਈ ਸੁਨਾਇ।
ਅਨੰਦ ਪੁਰੇ ਇਮ ਸਮਾ ਕੁੱਛ, ਬੀਤ ਗਯੋ ਥੀ ਆਇ। 79।

ਸਪੱਸ਼ਟ ਹੈ ਕਿ ਭਾਈ ਮਨੀ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਨ ਵਿਚ ਵਿਸ਼ੇਸ਼ ਰੁਚੀ ਰਖਦੇ ਸਨ। ਇਸ ਤਰ੍ਹਾਂ ਉਹ ਆਪਣੇ ਯੁਗ ਦੇ ਸਰਵ ਪ੍ਰਮੁੱਖ ਅਤੇ ਪ੍ਰਤਿਸ਼ਠਿਤ ਕਥਾ-ਵਾਚਕ ਸਿੱਧ ਹੁੰਦੇ ਹਨ।

ਅੰਮ੍ਰਿਤਸਰ ਵਿਚ ਗੁੰਥੀ ਬਣ ਕੇ ਜਾਣਾ : ਕੁੱਝ ਵਰ੍ਹਿਆਂ ਬਾਦ ਜਦ ਸੋਢੀ ਹਰਿ ਜੀ ਦੀ ਮ੍ਰਿਤੂ ਹੋ[10] ਗਈ ਤਾਂ ਉਸ ਦਾ ਪੁੱਤਰ ਸੋਢੀ ਨਿਰੰਜਨ ਰਾਇ ਗੱਦੀ ਤੇ ਬੈਠਾ। ਪਰ

9. ਇਸ ਕਥਨ ਦੀ ਪੁਸ਼ਟੀ 'ਗੁਰ ਪ੍ਰਤਾਪ ਸੂਰਜ ਗ੍ਰੰਥ' (ਰੁਤ 3/ਅੰਸੂ 20) ਤੋਂ ਵੀ ਹੋ ਜਾਂਦੀ ਹੈ। ਉਥੇ ਭਾਈ ਸਾਹਿਬ ਦੇ ਪੰਜ ਪੁੱਤਰਾਂ ਦੇ ਨਾਂ ਇਸ ਪ੍ਰਕਾਰ ਦਿੱਤੇ ਗਏ ਹਨ—ਬਚਿਤ੍ਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ। 'ਗੁਰੂ ਪਦ ਪ੍ਰੇਮ ਪ੍ਰਕਾਸ਼' ਵਿਚ ਵੀ ਇਹੀ ਉਲੇਖ ਹੈ।

10. ਸੋਢੀ ਹਰਿ ਜੀ ਦੀ ਮ੍ਰਿਤੂ 20 ਵਿਸਾਖ 1753 ਬਿ. (1696 ਈ.) ਵਿਚ ਹੋਈ ਸੀ। ਇਸ ਪਿਛੋਂ ਸੋਢੀਆਂ ਵਿੱਚ ਪਰਸਪਰ ਵਿੱਥਾਂ ਪੈ ਗਈਆਂ ਅਤੇ ਉਨ੍ਹਾਂ ਦੀ ਸੰਗਤ ਤਿੰਨ ਪੁੱਤਰਾਂ—ਹਰਿ ਗੋਪਾਲ, ਕਵਲ ਨੈਨ ਅਤੇ ਨਿਰੰਜਨ ਰਾਇ—ਵਿੱਚ ਵੰਡ ਗਈ। ਸਿੱਟੇ ਵਜੋਂ ਉਨ੍ਹਾਂ ਦਾ ਬਲ ਘੱਟ ਗਿਆ। ਨਿਰੰਜਨ ਰਾਇ ਉਨ੍ਹਾਂ ਵਿੱਚੋਂ ਕੁਝ ਬਲਵਾਨ ਸੀ, ਪਰ ਉਹ ਬਹੁਤ ਸਮਾਂ ਗੱਦੀ ਨੂੰ ਨ ਚਲਾ ਸਕਿਆ ਅਤੇ ਅਕਾਲ ਬੁੰਗੇ ਅਤੇ ਹਰਿਮੰਦਿਰ ਸਾਹਿਬ ਦੀ ਵਿਵਸਥਾ ਅਸਤ ਵਿਅਸਤ ਹੋ ਗਈ। ਭਾਈ ਦਰਬਾਰੀ ਕ੍ਰਿਤ 'ਗੁਰੂ ਪ੍ਰਿਥੀ ਚੰਦ ਗੁਰ ਬਸਾਵਲੀ' ਅਨੁਸਾਰ ਇਹ ਤਿੰਨ ਭਰਾ 1756 ਬਿ. ਵਿੱਚ ਅੰਮ੍ਰਿਤਸਰ ਦਾ ਨਿਵਾਸ ਛੱਡ ਕੇ ਘਰਾਂਚੋਂ, ਢਿਲਵਾਂ ਅਤੇ ਗੁਰੂ ਕੇ ਕੋਠੇ ਨਾਂ ਦੇ ਮਾਲਵਾ ਖੇਤਰ ਸਥਿਤ ਕਸਬਿਆਂ ਵਿੱਚ ਜਾ ਵਸੇ।


੧ ੴ ਸਤਿਗੁਰ ਪ੍ਰਸਾਦਿ

ਭਾਈ ਮਨੀ ਸਿੰਘ ਦੇ ਪਰਿਵਾਰ ਦੇ ਨਾਂ ਦਸਮ ਗੁਰੂ ਜੀ ਦਾ ਹੁਕਮਨਾਮਾ

ਸੰਗਤ ਨੇ ਉਸ ਦਾ ਸਾਥ ਨਾ ਦਿੱਤਾ ਅਤੇ ਉਸ ਦਾ ਬਲ ਘਟ ਗਿਆ। ਫਲਸਰੂਪ ਰਾਮਦਾਸ-ਪੁਰ (ਅੰਮ੍ਰਿਤਸਰ) ਦੀ ਸੰਗਤ ਨੇ ਆਨੰਦਪੁਰ ਸਾਹਿਬ ਆ ਕੇ ਗੁਰੂ ਜੀ ਨੂੰ ਅਕਾਲ ਬੁੰਗੇ ਅਤੇ ਹਰਿਮੰਦਿਰ ਸਾਹਿਬ ਦੀ ਸੇਵਾ ਕਰਨ ਲਈ ਸੇਵਾਦਾਰ ਭੇਜਣ ਦੀ ਬੇਨਤੀ ਕੀਤੀ। 1755 ਬਿ. ਨੂੰ ਵਿਸਾਖੀ ਦੀ ਜੁੜੀ ਸੰਗਤ ਵੇਲੇ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਦੀ ਸੇਵਾ ਲਈ ਆਦੇਸ਼ ਦਿੱਤਾ। ਭਾਈ ਮਨੀ ਸਿੰਘ ਪੰਜ ਸਿਦਕੀ ਸਿੰਘਾਂ—ਭੂਪਤਿ ਸਿੰਘ, ਗੁਲਜ਼ਾਰ ਸਿੰਘ, ਕੋਇਰ ਸਿੰਘ, ਦਾਨ ਸਿੰਘ ਅਤੇ ਕੀਰਤ ਸਿੰਘ—ਸਹਿਤ ਸੰਗਤ ਨਾਲ ਅੰਮ੍ਰਿਤਸਰ ਦੀ ਵਿਵਸਥਾ ਕਰਨ ਲਈ ਚਲ ਪਏ। ਉਨ੍ਹਾਂ ਅੰਮ੍ਰਿਤਸਰ ਪਹੁੰਚ ਕੇ ਮੀਣਿਆਂ ਵਲੋਂ ਪਾਈਆਂ ਕੁਪ੍ਰਥਾਵਾਂ ਨੂੰ ਦੂਰ ਕੀਤਾ ਅਤੇ ਸਿੱਖੀ ਦੀ ਮਰਯਾਦਾ ਨੂੰ ਫਿਰ ਤੋਂ ਭਰਪੂਰ ਰੂਪ ਵਿਚ ਪ੍ਰਚੱਲਿਤ ਕੀਤਾ। ਦੂਰੋਂ ਦੂਰੋਂ ਸੰਗਤਾਂ ਆਣ ਲੱਗੀਆਂ ਅਤੇ ਰੌਣਕ ਵੱਧਣ ਲਗ ਗਈ। ਕਵੀ ਨੇ ਇਸ ਸਥਿਤੀ ਨੂੰ ਇਸ ਪ੍ਰਕਾਰ ਚਿੱਤਰਿਆ ਹੈ :

ਨਿਤਪ੍ਰਤਿ ਕਥਾ ਹੋਵੇ, ਗ੍ਰੰਥ ਮਹਾਰਾਜ ਜੂ ਕੀ,
ਬੁੰਗੇ ਹੈ ਅਕਾਲ ਨਿਤ, ਲਗਦਾ ਦੀਵਾਨ ਜੀ।
ਰਹਿਤ ਦਸ਼ਮੇਸ਼ ਜੀ ਦੀ, ਦੱਸੇ ਨਿਤ ਸੰਗਤਾਂ ਕੂੰ,
ਖਰੇ ਖੋਟੇ ਵਾਲੀ ਨਿਤ, ਹੋਂਵਦੀ ਪਛਾਨ ਜੀ।
ਖੰਡੇ ਦੀ ਪੁਹਲ ਦੇਵੇ, ਆਪਭਿਲਾਖੀਆਂ ਕੋ,
ਨਿਤ ਨਵੇਂ ਸਿੰਘ ਸਜ, ਪਿੰਡਾਂ ਵਿਚ ਜਾਨ ਜੀ।
ਸੇਵਾ ਹਰੀ ਇਵੇਂ ਕਿਵੇਂ, ਬੀਤ ਗਏ ਬਰਖ ਕਈ,
ਸੁਧਾਸਰ ਵਿਖੇ ਮਨੀ ਸਿੰਘ ਕੋ ਪਛਾਨ ਜੀ। 89।

ਹੁਕਮਨਾਮਾ ਪ੍ਰਾਪਤ ਕਰਨਾ : ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਕਈ ਵਰ੍ਹੇ ਬੀਤ ਗਏ। ਇਸ ਦੌਰਾਨ ਉਹ ਕਈ ਵਾਰ ਆਨੰਦਪੁਰ ਸਾਹਿਬ ਗੁਰੂ ਦਰਸ਼ਨਾਂ ਲਈ ਆਏ। ਉਨ੍ਹਾਂ ਦੀ ਸੇਵਾ[11] ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਇਕ ਹੁਕਮਨਾਮਾ ਵੀ ਦਿੱਤਾ ਜਿਸ ਦਾ ਫੋਟੋਸਟੇਟ ਸਾਹਮਣੇ ਦਿੱਤਾ ਹੈ ਅਤੇ ਜਿਸ ਦਾ ਪਾਠ ਇਸ ਪ੍ਰਕਾਰ ਹੈ :

ੴ ਸਤਿਗੁਰ ਪ੍ਰਸਾਦਿ

ਸ੍ਰੀ ਸਤਿਗੁਰੂ ਜੀ ਕੀ ਆਗਯਾ ਹੈ। ਭਾਈ ਬਚਿਤ੍ਰ ਸਿੰਘ ਜੀ। ਭਾਈ ਉਦੇ

11. ਆਨੰਦਪੁਰ ਦੀਆਂ ਇਨ੍ਹਾਂ ਫੇਰੀਆਂ ਦੌਰਾਨ 1757 ਬਿ. (1700 ਈ.) ਨੂੰ ਰਾਜਾ ਕੇਸਰੀ ਚੰਦ ਦੇ ਮਸਤੇ ਹੋਏ ਹਾਥੀ ਨਾਲ ਲੜਾਈ ਦੀ ਜੋ ਘਟਨਾ ਵਾਪਰੀ, ਉਸ ਵਿੱਚ ਭਾਈ ਵੀਰ ਸਿੰਘ ਬਲ ਕ੍ਰਿਤ 'ਸਿੰਘ ਸਾਗਰ' (ਅ. 11/56) ਅਨੁਸਾਰ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਵੀ ਉਨ੍ਹਾਂ ਦੇ ਦੋਹਾਂ ਪੁੱਤਰਾਂ ਬਚਿਤ੍ਰ ਸਿੰਘ ਅਤੇ ਉਦੇ ਸਿੰਘ ਦੇ ਨਾਲ ਹੀ ਤੋਰਿਆ ਸੀ। ਸੈਨਾਪਤਿ ਕ੍ਰਿਤ 'ਗੁਰ ਸੋਭਾ' ਅਨੁਸਾਰ ਜਦੋਂ ਰਾਜਾ ਅਜਮੇਰ ਚੰਦ ਦੀ ਪ੍ਰਾਰਥਨਾ ਤੇ ਗੁਰੂ ਜੀ ਨੇ ਆਨੰਦਗੜ੍ਹ ਕਿਲੇ ਨੂੰ ਛੱਡ ਕੇ ਕੀਰਤਪੁਰ ਦੇ ਨਿਰਮੋਹ ਗੜ੍ਹ ਦੇ ਟਿਲੇ ਤੇ ਡੇਰਾ ਲਾਇਆ, ਉਸ ਵਕਤ ਉਕਤ ਦੋਹਾਂ ਪੁੱਤਰਾਂ ਸਹਿਤ ਭਾਈ ਮਨੀ ਸਿੰਘ ਵੀ ਨਾਲ ਸ਼ਾਮਲ ਸਨ। ਭਾਈ ਸੰਤੋਖ ਸਿੰਘ ਦੇ ਦਿੱਤੇ ਬ੍ਰਿੱਤਾਂਤ ('ਗੁਰੂ ਪ੍ਰਤਾਪ ਸੂਰਜ ਗ੍ਰੰਥ', ਰੁਤ 4/ਅੰਸੂ 45) ਅਨੁਸਾਰ ਭਾਈ ਸਾਹਿਬ ਦੇ ਸਾਰੇ ਪੁੱਤਰ ਇਸ ਯੁੱਧ ਵਿਚ ਸ਼ਾਮਲ ਹੋਏ ਸਨ।

ਸਿੰਘ ਜੀ। ਭਾਈ ਅਨਿਕ ਸਿੰਘ ਜੀ। ਭਾਈ ਅਜਬ ਸਿੰਘ ਜੀ। ਭਾਈ ਅਜਾਇਬ ਸਿੰਘ ਜੀ। ਨਾਇਕ ਮਾਈ ਦਾਸੁ ਵੋਇ **ਮਨੀ ਸਿੰਘ** ਨੂੰ ਵਾਹਗੁਰੂ ਸਰਮ ਰਖੇਗਾ। ਤੁਸੀ ਮੇਰੇ ਪੁਤ੍ਰ ਫਰਜੰਦਹ ਖਾਨੇਜਾਦ ਹੋ। ਤੁਸਾ ਉਪਰ ਮੇਰੀ ਖੁਸੀ ਹੈ। ਸਭ ਵਰਤਾਰੇ ਕੇ ਤੁਸੀ ਮਹਿਰਮ ਹੋ। ਹੋਰ ਕੋਡੀ ਦਮੜੀ ਪੈਸਾ ਧੇਲਾ ਰੁਪੈਯਾ ਰਛਿਆ ਦਾ ਜੋ ਅਸਾਨੂ ਦੇਏਗਾ। ਇਹ ਮੇਰੇ ਫਰਜੰਦ ਹੈਨ। ਸਿਖਾ ਪੁਤਾ ਸੇਵਾ ਦਾ ਵੇਲਾ ਹੈ। ਜੇ ਲੋਚ ਕੈ ਸੇਵਾ ਕਰੋਗੇ ਤੁਸਾਡੇ ਸੇਵਾ ਦਰਗਾਹਿ ਥਾਇ ਪਵੇਗੀ। ਤੁਸਾਂ ਉਪਰ ਵਾਹਿਗੁਰੂ ਰਛਿਆ ਕਰੇਗਾ। ਸੰਵਤ 1760 ਮਿਤੀ ਕਤਕ ੧

ਹੁਕਮਨਾਮਾ ਪ੍ਰਾਪਤ ਕਰਕੇ ਅਤੇ ਗੁਰੂ ਜੀ ਤੋਂ ਆਗਿਆ ਲੈ ਕੇ ਭਾਈ ਮਨੀ ਸਿੰਘ ਬੜੀ ਆਜਿਜ਼ੀ ਨਾਲ ਅੰਮ੍ਰਿਤਸਰ ਪਰਤੇ। ਇਧਰ ਆਨੰਦਪੁਰ ਵਿਚ ਯੁੱਧ ਕਰਨ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਦੇਸ਼ ਵੱਲ ਨਿਕਲ ਗਏ। ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਸੂਚਨਾ ਮਿਲੀ ਕਿ ਵੈਰੀਆਂ ਨਾਲ ਹੋਏ ਯੁੱਧਾਂ ਵਿਚ ਗੁਰੂ ਜੀ ਦੇ ਮਾਤਾ ਜੀ, ਚਾਰ ਸਾਹਿਬ-ਜ਼ਾਦੇ ਅਤੇ ਹੋਰ ਅਨੇਕ ਸਿੰਘ ਸ਼ਹੀਦ ਹੋ ਗਏ ਸਨ ਅਤੇ ਉਨ੍ਹਾਂ ਵਿਚ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸ਼ਾਮਲ ਸਨ।

ਜਦੋਂ ਗੁਰੂ ਜੀ ਮਾਲਵਾ ਖੇਤਰ ਵਿਚ ਸਾਬੋ ਕੀ ਤਲਵੰਡੀ ਪਹੁੰਚੇ ਤਾਂ ਭਾਈ ਮਨੀ ਸਿੰਘ ਜੀ ਸੰਗਤ ਸਹਿਤ ਗੁਰੂ ਜੀ ਦੇ ਦਰਸ਼ਨਾਂ ਨੂੰ ਉਥੇ ਪਹੁੰਚੇ। ਉਥੋਂ ਗੁਰੂ ਜੀ ਨਾਲ ਦੱਖਣ ਵੱਲ ਗਏ। ਬਘੌਰ (ਰਾਜਸਥਾਨ) ਨਾਂ ਦੇ ਕਸਬੇ ਤੋਂ ਭਾਈ ਮਨੀ ਸਿੰਘ, ਰਾਮ ਕੌਰ (ਭਾਈ ਗੁਰਬਖਸ਼ ਸਿੰਘ) ਆਦਿ ਸਿੰਘਾਂ ਨੂੰ ਗੁਰੂ ਜੀ ਨੇ ਧੀਰਜ ਦੇ ਕੇ ਵਾਪਸ ਪਰਤਾ ਦਿੱਤਾ। ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਵਾਪਸ ਪਰਤ ਕੇ ਗੁਰੂ ਜੀ ਦੇ ਵਿਯੋਗ ਵਿਚ ਉਦਾਸ ਹੋਏ ਸਿੱਖਾਂ ਨੂੰ ਵਿਸ਼ੇਸ਼ ਸਾਖੀਆਂ ਦੀ ਰਚਨਾ ਕਰ ਕੇ ਧੀਰਜ ਦੇਣਾ ਆਰੰਭ ਕੀਤਾ :

ਦੱਖਣ ਦਿਸ ਸਤਿਗੁਰ ਗਏ, ਸੰਗਤ ਭਈ ਉਦਾਸ।
ਧੀਰਜ ਦੇਵੈ ਮਨੀ ਸਿੰਘ, ਰਚ ਸਾਖੀਆਂ ਪਾਸ। 99।

ਅੰਮ੍ਰਿਤਸਰ ਦਾ ਭੇੜ : ਇਸ ਤਰ੍ਹਾਂ ਗੁਰ-ਉਪਦੇਸ਼ ਕਰਦਿਆਂ ਅਤੇ ਜਸ ਗਾਂਦਿਆਂ, ਢਾਈ ਵਰ੍ਹੇ ਬੀਤ ਗਏ।[12] ਇਸ ਉਪਰੰਤ ਵਿਸਾਖੀ[13] ਵਾਲੇ ਦਿਨ ਸੰਗਤਾਂ ਦੂਰ ਦੂਰ ਤੋਂ ਆਈਆਂ ਅਤੇ ਖ਼ੂਬ ਦੀਵਾਨ ਸਜਿਆ। ਉਦੋਂ ਮੀਣਾ ਸੰਪ੍ਰਦਾਇ ਦੇ ਸੋਢੀ ਨਿਰੰਜਨ ਰਾਇ, ਜੋ ਸੋਢੀ ਹਰਿ ਜੀ ਦਾ ਪੁੱਤਰ ਸੀ, ਦਾ ਮੁਖਤਿਆਰ ਚੂਹੜਮਲ ਓਹਰੀ ਖਤਰੀ ਅੰਮ੍ਰਿਤਸਰ ਰਹਿੰਦਾ ਸੀ। ਉਸ ਦੇ ਦੋ ਪੁੱਤਰ ਸਨ—ਮੁਹਕਮ ਸਿੰਘ ਅਤੇ ਰਾਮੂ ਮਲ। ਮੁਹਕਮ ਸਿੰਘ ਅੰਮ੍ਰਿਤਧਾਰੀ ਸਿੰਘ ਸੀ, ਇਸ ਲਈ ਉਸ ਦੀਆਂ ਆਪਣੇ ਮੀਣੇ ਪਿਤਾ ਤੋਂ ਭਿੰਨ ਰੁਚੀਆਂ

---

12. ਇਸ ਦੌਰਾਨ ਕਈ ਮਹੱਤਵਪੂਰਣ ਘਟਨਾਵਾਂ ਹੋਈਆਂ, ਜਿਵੇਂ—ਔਰੰਗਜ਼ੇਬ ਦੀ ਮ੍ਰਿਤੂ (1707 ਈ.), ਬਹਾਦਰ ਸ਼ਾਹ ਦਾ ਮੁਗ਼ਲ-ਗੱਦੀ ਤੇ ਬੈਠਣਾ, ਗੁਰੂ ਗੋਬਿੰਦ ਸਿੰਘ ਦਾ ਜੋਤੀ-ਜੋਤਿ ਸਮਾਣਾ (1708 ਈ.), ਬਾਬਾ ਬੰਦਾ ਬਹਾਦਰ ਦੀ ਪੰਜਾਬ ਵਿੱਚ ਆਮਦ ਆਦਿ।
13. ਸੰਮਤ 1766 (1709 ਈ.) ਦੀ ਵਿਸਾਖੀ ਵਾਲੇ ਦਿਨ ਦੀਵਾਨ ਵਿੱਚ ਸ਼ਾਮਲ ਹੋਣ ਲਈ ਭਾਈ ਮਨੀ ਸਿੰਘ ਨੇ ਦੂਰੋਂ ਦੂਰੋਂ ਸਿੱਖਾਂ ਨੂੰ ਨਿਮੰਤ੍ਰਿਤ ਕੀਤਾ ਸੀ। ('ਸ਼ਹੀਦ ਬਿਲਾਸ', ਪੰਨਾ 34)

ਸਨ, ਜਦ ਕਿ ਰਾਮੂ ਮਲ ਆਪਣੇ ਪਿਉ ਦੀਆਂ ਭਾਵਨਾਵਾਂ ਅਨੁਕੂਲ ਕੰਮ ਕਰਦਾ ਸੀ। ਰਾਮੂ ਮਲ ਤੋਂ ਸਿੱਖਾਂ ਨੇ ਕੁਝ ਤੂਤ ਮੁੱਲ ਲੈਣੇ ਚਾਹੇ ਪਰ ਰਾਮੂ ਮਲ ਨੇ ਤੂਤ ਨਾ ਦਿੱਤੇ, ਸਗੋਂ ਗੁਰੂ ਗੋਬਿੰਦ ਸਿੰਘ ਜੀ ਪ੍ਰਤਿ ਅਪਮਾਨ ਸੂਚਕ ਕੁਬੋਲ ਬੋਲਿਆ। ਇਸ ਤੇ ਸਿੱਖਾਂ ਨੇ ਉਸ ਦੀ ਬਾਗ਼ ਵਿਚ ਹੀ ਕੁੱਟਮਾਰ ਕੀਤੀ। ਬਾਗ਼ ਦੇ ਰਾਖਿਆਂ ਨੇ ਤੁਰੰਤ ਚੂਹੜ ਮਲ ਨੂੰ ਸੂਚਨਾ ਦਿੱਤੀ। ਉਸ ਨੇ ਗੁੱਸੇ ਵਿਚ ਆ ਕੇ ਸਿੱਖਾਂ ਨੂੰ ਪਕੜਾਉਣ ਦਾ ਮਨਸੂਬਾ ਬਣਾਇਆ ਅਤੇ ਭਾਈ ਮਨੀ ਸਿੰਘ ਦੇ ਸਮਝਾਉਣ ਦੇ ਬਾਵਜੂਦ ਉਹ ਆਪਣੇ ਮਨਸੂਬੇ ਅਨੁਸਾਰ ਲਾਹੌਰ ਦੇ ਨਾਜ਼ਮ ਅਸਲਮ ਖਾਂ ਪਾਸ ਗਿਆ। ਸੂਬੇ ਨੇ ਮਨੀ ਸਿੰਘ ਨੂੰ ਜਵਾਬਤਲਬੀ ਲਈ ਪਰਵਾਨਾ ਭੇਜਿਆ। ਭਾਈ ਮਨੀ ਸਿੰਘ ਨੇ ਚੰਗੀ ਤਰ੍ਹਾਂ ਵਿਚਾਰ ਕਰਕੇ ਭਾਈ ਤਾਰਾ ਸਿੰਘ ਨੂੰ ਸੂਬੇ ਪਾਸ ਲਾਹੌਰ ਭੇਜਿਆ। ਉਥੇ ਮੀਣੇ ਬਹੁਤ ਸਰਗਰਮ ਰਹੇ ਅਤੇ ਸਿੱਖਾਂ ਵਿਰੁੱਧ ਸੂਬੇ ਦੇ ਕੰਨ ਭਰਦੇ ਰਹੇ। ਲਾਹੌਰ ਦੇ ਸੂਰਤ ਸਿੰਘ ਆਦਿ ਸਿੱਖ ਵੀ ਵਿਚ ਪਏ, ਪਰ ਇਸ ਗੱਲ ਦਾ ਨਿਪਟਾਰਾ ਨਾ ਹੋਇਆ ਅਤੇ ਭਾਈ ਤਾਰਾ ਸਿੰਘ ਨੇ ਪਰਤ ਕੇ ਭਾਈ ਮਨੀ ਸਿੰਘ ਨੂੰ ਸਾਰੀ ਗੱਲ ਆਣ ਦਸੀ। ਚੂਹੜ ਮਲ ਦੇ ਅੰਮ੍ਰਿਤਸਰ ਆਣ ਦਾ ਪਤਾ ਲਗਣ ਤੇ ਮਨੀ ਸਿੰਘ ਨੇ ਉਸ ਨੂੰ ਆਪਣੇ ਕੋਲ ਬੁਲਾਇਆ, ਪਰ ਉਹ ਨਾ ਆਇਆ। ਉਧਰ ਪੱਟੀ ਤੋਂ ਭਾਈ ਮਨੀ ਸਿੰਘ ਨੂੰ ਸੂਚਨਾ ਮਿਲੀ ਕਿ ਉਥੋਂ ਦਾ ਅਮੀਰ ਹਰਸਾ (ਹਰਿ ਸਹਾਇ) ਚੂਹੜ ਮਲ ਦੀ ਸਹਾਇਤਾ ਲਈ ਅੰਮ੍ਰਿਤਸਰ ਉਤੇ ਹਮਲੇ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਗੱਲ ਦੇ ਪਤਾ ਲਗਣ ਤੇ ਭਾਈ ਮਨੀ ਸਿੰਘ ਨੇ ਸਲਾਹ ਕੀਤੀ ਅਤੇ ਸਿੱਖਾਂ ਨੂੰ ਚੂਹੜ ਮਲ ਨੂੰ ਦੰਡ ਦੇਣ ਲਈ ਪ੍ਰੇਰਿਤ ਕੀਤਾ। ਸਿੱਖਾਂ ਤੋਂ ਮਾਰ ਖਾ ਕੇ ਅਤੇ ਘਰ ਲੁਟਵਾ ਕੇ ਚੂਹੜ ਮਲ ਆਪਣੀ ਮੱਦਦ ਲਈ ਹਰਿ ਸਹਾਇ ਪਾਸ ਪੱਟੀ ਗਿਆ ਅਤੇ ਇਧਰ ਭਾਈ ਮਨੀ ਸਿੰਘ ਨੇ ਚਿੱਠੀਆਂ ਲਿਖ ਕੇ ਸਿੱਖਾਂ ਨੂੰ ਧਰਮ ਯੁੱਧ ਲਈ ਅੰਮ੍ਰਿਤਸਰ ਬੁਲਾ ਲਿਆ। ਚੂਹੜ ਮਲ ਦੀ ਪੁਕਾਰ ਸੁਣ ਕੇ ਹਰਿ ਸਹਾਇ ਨੇ ਅੰਮ੍ਰਿਤਸਰ ਤੇ ਚੜ੍ਹਾਈ ਕਰ ਦਿੱਤੀ :

ਸੂਹੀਆ ਆਇਆ ਪਾਸ ਮਨੀ ਸਿੰਘ, ਹਰਸੂ ਕਰੀ ਚੜ੍ਹਾਈ।
ਭਖ ਲਾਲੀਆਂ ਗਈਆਂ ਖਾਲਸੇ, ਖ਼ਬਰ ਜਦੋਂ ਸੁਣ ਪਾਈ।
ਨਿਕਟ ਰਾਮਸਰ ਹੋਇ ਇਕੱਠੇ, ਵਲਗਣ ਲੀਯਾ ਵਲਾਈ।
ਢੁਕੀ ਫੌਜ ਨੇੜ ਜਦ ਆ ਕੈ, ਸਿੰਘਾਂ ਛਲਕ ਕਰਾਈ।
ਨਿਕਲੈ ਸਿੰਘ ਭਗਉਤੀਆਂ ਫੜ ਕੈ, ਸਤਿਗੁਰ ਹੋਏ ਸਹਾਈ।
ਲੋਹੇ ਨਾਲ ਖੜਕਿਆ ਲੋਹਾ, ਪਹਿਰ ਤੀਨ ਜਾਂ ਢਾਈ।
ਮਾਰਿਆ ਹਰਸੂ ਬੀਚ ਮਦਾਨੈ, ਤਾਰਾ ਸਿੰਘ ਡਲਵਾਈ।
ਸੇਵਾ ਹਰੀ ਰਾਮਦਾਸ ਗੁਰੂ ਨੈ, ਖਾਲਸੇ ਪੈਜ ਰਖਾਈ। 119 ।

ਇਸ ਲੜਾਈ[14] ਤੋਂ ਬਾਦ ਚੂਹੜ ਮਲ ਲਾਹੌਰ ਦੇ ਨਾਜ਼ਮ ਅਸਲਮ ਖਾਂ ਪਾਸ ਜਾ ਕੇ ਰੋਇਆ। ਉਸ ਨੇ ਸਲਾਹ ਕਰਕੇ ਦੇਵਾ ਨਾਂ ਦੇ ਇਕ ਜੱਟ ਨੂੰ ਫੌਜ ਅਤੇ ਮੁਲਖਈਏ ਸਹਿਤ ਲਾਹੌਰੋਂ ਅੰਮ੍ਰਿਤਸਰ ਉਤੇ ਹਮਲਾ ਕਰਨ ਲਈ ਭੇਜਿਆ। ਇਧਰੋਂ ਭਾਈ ਮਨੀ

14. ਇਸ ਭੇੜ ਦਾ ਉਲੇਖ ਕਵੀ ਦਰਸ਼ਨ ਕ੍ਰਿਤ 'ਵਾਰ ਅੰਮ੍ਰਿਤਸਰ ਕੀ' (ਬੰਦ 20-26) ਵਿੱਚ ਵੀ ਹੋਇਆ ਹੈ।

ਸਿੰਘ ਨੇ ਵੀ ਯੁੱਧ ਕਰਨ ਲਈ ਸਿੰਘਾਂ ਨੂੰ ਉਤਸਾਹਿਤ ਕੀਤਾ :

ਦੇਵਾ ਲੈ ਮੁਲਖਈਆ, ਔਰ ਫੌਜ ਤੁਰਕਾਨ ।
ਆਯਾ ਚੜ੍ਹ ਗੁਰ ਚੱਕ ਤੇ, ਪਰਨ ਲਗੋ ਘਮਸਾਨ । 126 ।
ਮਨੀ ਸਿੰਘ ਥੀ ਆਦਿ ਲੈ, ਨਾਮੀ ਨਾਮੀ ਬੀਰ ।
ਲਗੇ ਲਰਨ ਤੁਰਕੇਸ਼ ਸੰਗ, ਲੈ ਸਿੱਖਨ ਕੀ ਭੀਰ । 127 ।

ਇਹ ਯੁੱਧ 1766 ਬਿ. (1709 ਈ.)[15] ਵਿਚ ਗੁਰੂ ਚਕ ਤੋਂ ਤਿੰਨ ਕੁ ਕੋਹਾਂ ਦੀ ਵਿਥ ਤੇ ਢਾਈ ਪਹਿਰਾਂ (ਜਾਮਾਂ) ਤਕ ਹੁੰਦਾ ਰਿਹਾ । ਅੰਤ ਵੈਰੀ ਹਾਰ ਕੇ ਭਜ ਗਏ ਅਤੇ ਚੂਹੜ ਮਲ ਅਤੇ ਦੇਵਾ ਜੱਟ ਵੀ ਬਚ ਕੇ ਖਿਸਕ ਗਏ ।

ਇਸ ਭੇੜ ਤੋਂ ਬਾਦ ਸਿੱਖਾਂ ਦਾ ਆਤਮ ਗੌਰਵ ਵਧਿਆ । ਉਧਰੋਂ ਬੰਦਾ ਬਹਾਦਰ ਦੀਆਂ ਜਿੱਤਾਂ ਨੇ ਸਿੰਘਾਂ ਦੇ ਹੌਂਸਲੇ ਹੋਰ ਬੁਲੰਦ ਕੀਤੇ । 1768 ਬਿ. (1711 ਈ.) ਨੂੰ ਅੰਮ੍ਰਿਤਸਰ ਵਿਚ ਹੋਲੇ ਮਹਿਲੇ ਦੇ ਪੁਰਬ ਉਤੇ ਦਸਮ ਗੁਰੂ ਦੇ ਮਾਮਾ ਕ੍ਰਿਪਾਲ ਸਿੰਘ ਸਣੇ ਬਾਬਾ ਅਜੀਤ ਸਿੰਘ ਦਿੱਲੀ ਤੋਂ ਆਏ[16] ਅਤੇ ਵਰਤਮਾਨ ਸਥਿਤੀ ਤੋਂ ਸਿੰਘਾਂ ਨੂੰ ਜਾਣੂ ਕਰਵਾ ਕੇ ਅਗੋਂ ਲਈ ਸਚੇਤ ਕੀਤਾ ਅਤੇ ਆਪ ਫਿਰ ਦਿੱਲੀ ਪਰਤ ਗਏ ।[17]

ਪੰਥ ਵਿਚ ਏਕਤਾ ਕਰਾਣਾ : ਬਾਬਾ ਬੰਦਾ ਬਹਾਦਰ ਦੇ ਸ਼ਹੀਦ ਹੋਣ (1773 ਬਿ. 1716 ਈ.) ਤੇ ਸਿੰਘਾਂ ਦਾ ਬਲ ਘਟ ਗਿਆ । ਬੰਦਾ ਬਹਾਦਰ ਦੀ ਸ਼ਹੀਦੀ ਤੋਂ ਛੇ ਸਾਲ ਬਾਦ ਅੰਮ੍ਰਿਤਸਰ ਵਿਚ ਸਿੱਖਾਂ ਦੇ ਦੋ ਧੜੇ ਬਣ ਗਏ । ਇਕ ਧੜਾ ਅਕਾਲ ਪੁਰਖੀਆਂ (ਤੱਤ ਖਾਲਸਾ—ਨਿਹੰਗ ਸਿੰਘਾਂ) ਦਾ ਸੀ ਜੋ ਦਸਮ ਗੁਰੂ ਤੋਂ ਬਾਦ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦਾ ਸੀ ਅਤੇ ਦੂਜਾ ਧੜਾ ਬੰਦਈ ਸਿੰਘਾਂ ਦਾ ਸੀ, ਜੋ ਬਾਬਾ ਬੰਦਾ ਬਹਾਦਰ ਨੂੰ 11ਵਾਂ ਗੁਰੂ ਮੰਨਦਾ ਸੀ ਅਤੇ ਉਦੋਂ ਇਸ ਧੜੇ ਦਾ ਨੇਤਾ ਮਹੰਤ ਅਮਰ ਸਿੰਘ ਖੇਮਕਰਨੀਆ ਸੀ । ਇਸ ਝਗੜੇ ਦਾ ਨਿਪਟਾਰਾ ਕਰਨ ਲਈ ਮਾਤਾ ਸੁੰਦਰੀ ਨੇ ਦਿੱਲੀ ਤੋਂ ਭਾਈ ਮਨੀ ਸਿੰਘ ਨੂੰ ਚਿੱਠੀ ਲਿਖੀ । ਭਾਈ ਮਨੀ ਸਿੰਘ ਨੇ ਝਗੜੇ ਦੇ ਨਿਪਟਾਰੇ ਲਈ ਦੋ

---

15. ਕਵੀ ਦਰਸ਼ਨ ਕ੍ਰਿਤ 'ਵਾਰ ਅੰਮ੍ਰਿਤਸਰ ਕੀ' ਅਤੇ ਭਟ ਵਹੀ ਅਨੁਸਾਰ ਵੀ ਇਹ ਯੁੱਧ 1766 ਬਿ. (1709 ਈ.) ਵਿਚ ਹੋਇਆ ਸੀ, ਪਰ ਕੇਸਰ ਸਿੰਘ ਛਿੱਬਰ ਨੇ ਇਹ ਘਟਨਾ ਮਾਤਾ ਸਾਹਿਬ ਦੇਵਾਂ ਦੇ ਚਲਾਣੇ ਤੋਂ ਬਾਦ ਦੱਸੀ ਹੈ ਅਤੇ ਮਾਤਾ ਜੀ ਦਾ ਚਲਾਣਾ 1788 ਬਿ. (1731 ਈ.) ਵਿੱਚ ਹੋਇਆ ਮੰਨਿਆ ਹੈ । ਇਤਿਹਾਸਿਕ ਦ੍ਰਿਸ਼ਟੀ ਤੋਂ ਛਿੱਬਰ ਦਾ ਕਥਨ ਸੰਦਿਗਧ ਹੈ ।
16. ਇਨ੍ਹਾਂ ਦੇ ਆਣ ਦਾ ਉਦੇਸ਼ ਲਾਹੌਰ ਪਰਗਨੇ ਦੇ ਆਲੋਵਾਲ ਕਸਬੇ ਦੇ 12 ਪਿੰਡਾਂ ਦੀ ਜਾਗੀਰ (ਜ਼ਮੀਨ) ਦਾ ਪ੍ਰਬੰਧ ਕਰਨਾ ਸੀ ਜਿਸ ਨੂੰ ਬਹਾਦਰ ਸ਼ਾਹ ਨੇ ਮਾਤਾ ਜੀ ਦੇ ਪਾਲਿਤ ਪੁੱਤਰ ਬਾਬਾ ਅਜੀਤ ਸਿੰਘ ਦੇ ਨਾਂ ਬਹਾਲ ਕੀਤਾ ।
17. 'ਗੁਰ ਬਿਲਾਸ ਪਾ. ੬' (ਅਧਿ. 21) ਅਨੁਸਾਰ ਲਹਿੰਦੇ ਦੇ ਇਲਾਕੇ ਦੀਆਂ ਸੰਗਤਾਂ ਦੇ ਪ੍ਰੇਮ ਭਾਵ ਕਰਕੇ ਭਾਈ ਮਨੀ ਸਿੰਘ ਜ਼ਿਲਾ ਝੰਗ ਦੇ ਪਿੰਡ ਬਾਗਾਂ ਵਾਲੇ ਗਏ ਅਤੇ ਉਥੇ ਗੁਰਦੁਆਰਾ ਨਾਨਕਸਰ ਵਿਚ ਭਾਈ ਭਗਤ ਸਿੰਘ 'ਸਿਕਾ' ਆਦਿ ਸ਼ਰਧਾਲੂਆਂ ਦੇ ਕਹਿਣ ਤੇ ਕੁਝ ਸਮਾਂ ਠਹਿਰ ਕੇ ਛੇਵੇਂ ਗੁਰੂ ਦੀ ਕਥਾ ਦਾ ਵਿਖਿਆਨ ਕੀਤਾ । ਇਸ ਕਥਨ ਅਨੁਸਾਰ, ਅਨੁਮਾਨ ਹੈ, ਇਹ 1771-72 ਬਿ. (1714-15 ਈ.) ਦੀ ਘਟਨਾ ਹੋਵੇਗੀ । ਪਰ ਜਿਵੇਂ ਕਿ ਅਗਲੇ ਅਧਿਆਇ ਵਿਚ ਦਸਿਆ ਜਾਵੇਗਾ, 'ਗੁਰਬਿਲਾਸ ਪਾ. ੬' ਇਕ ਸੰਦਿਗਧ ਰਚਨਾ ਹੈ ।

ਪਰਚੀਆਂ ਲਿਖ ਕੇ ਸਰੋਵਰ ਵਿਚ ਪਵਾਈਆਂ, ਤਾਂ ਜੋ ਜਿਸ ਦੀ ਪਰਚੀ ਤਰ ਪਏ, ਉਸ ਨੂੰ ਸੱਚਾ ਮੰਨਿਆ ਜਾ ਸਕੇ। ਬੰਦਈਆਂ ਦੀ ਪਰਚੀ ਡੁਬ ਗਈ ਅਤੇ ਅਕਾਲ ਪੁਰਖੀਆਂ (ਨਿਹੰਗਾਂ) ਦੀ ਪਰਚੀ ਤਰ ਪਈ। ਇਸ ਤੇ ਵੀ, ਜਦ ਭਾਈ ਮਨੀ ਸਿੰਘ ਨੇ ਵੇਖਿਆ ਕਿ ਝਗੜਾ ਖਤਮ ਨਹੀਂ ਹੁੰਦਾ, ਤਾਂ ਲਾਹੌਰਾ ਸਿੰਘ ਨਾਲ ਸਲਾਹ ਕਰਕੇ ਇਹ ਫੈਸਲਾ ਕੀਤਾ ਕਿ ਦੋਹਾਂ ਧਿਰਾਂ ਦੇ ਪਹਿਲਵਾਨਾਂ ਦਾ ਦੰਗਲ ਕਰਵਾਇਆ ਜਾਏ ਅਤੇ ਜਿਸ ਧੜੇ ਦਾ ਪਹਿਲਵਾਨ ਹਾਰ ਜਾਏ, ਉਹ ਆਪਣੀ ਹਾਰ ਮੰਨ ਲਏ। ਇਹ ਫੈਸਲਾ ਦੋਹਾਂ ਧਿਰਾਂ ਨੇ ਪ੍ਰਵਾਨ ਕਰ ਲਿਆ। ਬੰਦਈਆਂ ਵਲੋਂ ਸੰਗਤ ਸਿੰਘ ਅਤੇ ਨਿਹੰਗਾਂ ਵਲੋਂ ਮੇਹਰੀ ਸਿੰਘ ਨੇ ਘੋਲ ਕੀਤਾ। ਇਸ ਘੋਲ ਵਿਚ ਅਕਾਲ ਪੁਰਖੀਆਂ ਦੀ ਜਿੱਤ ਹੋਈ। ਭਾਈ ਮਨੀ ਸਿੰਘ ਨੇ ਦੋਹਾਂ ਧੜਿਆਂ ਵਿਚ ਏਕਤਾ ਕਰਵਾ ਦਿੱਤੀ[18] :

ਝਟ ਕਰ ਝਟਕਾ ਮੂਰ ਕਾ, ਮਨੀ ਸਿੰਘ ਮੰਗਵਾਇ।
ਸੰਗਤ ਸਿੰਘ ਥੀ ਆਦਿ ਲੈ, ਬੰਦਈਅਨ ਦੀਯੋ ਛਕਾਇ। 150।
ਲਾਇ ਤਨਖਾਹ ਬਖਸ਼ੇ ਸਭੀ, ਨੀਲੰਬਰ ਪਹਿਨਾਇ।
ਭਰਮ ਭੇਦ ਸਬ ਮਿਟ ਗਯੋ, ਭਈ ਏਕਤਾ ਆਇ। 151।

ਭਾਈ ਮਨੀ ਸਿੰਘ ਦੀ ਸਿਆਣਪ ਨੂੰ ਮਾਤਾ ਸੁੰਦਰੀ ਜੀ ਵੀ ਮੰਨਦੇ ਸਨ। ਇਸ ਲਈ ਉਨ੍ਹਾਂ ਨੇ ਏਕਤਾ ਕਰਨ ਦੀ ਜ਼ਿੰਮੇਦਾਰੀ ਉਨ੍ਹਾਂ ਦੇ ਸਪੁਰਦ ਕੀਤੀ, ਜਿਸ ਨੂੰ ਉਨ੍ਹਾਂ ਨੇ ਬੜੀ ਸੁਚੱਜਤਾ ਨਾਲ ਨਿਭਾ ਕੇ ਮਾਤਾ ਜੀ ਨੂੰ ਏਕਤਾ ਹੋ ਜਾਣ ਬਾਰੇ ਸੂਚਿਤ ਕੀਤਾ। ਸੇਵਾ ਸਿੰਘ ਅਨੁਸਾਰ :

ਮਨੀ ਸਿੰਘ ਨਿਰਭਉ, ਤੇ ਨਿਰਵੈਰ ਸੀ।
ਪੰਥ ਬੀਚ ਸਤਿਕਾਰ, ਤਾਂਹੀਯੋਂ ਏਸ ਕਾ।
ਮਾਤ ਸੁੰਦਰੀ ਤਾਂਹੀਯੋਂ, ਲਿਖਿਆ ਏਸ ਕੂੰ।
ਜਥੇਦਾਰ ਬਨਾਯਾ, ਮਿਲ ਕੇ ਖਾਲਸੇ।
ਲਿਖ ਕਰ ਪਾਤੀ ਭੇਜੀ, ਦਿੱਲੀ ਮਾਤ ਕੂੰ।
ਸਤਿਗੁਰ ਕੇ ਪ੍ਰਸਾਦਿ, ਹੋ ਗਈ ਏਕਤਾ।
ਤੁਰਕ ਰਹਿਆ ਝਖ ਮਾਰ, ਬੀਚ ਪੰਜਾਬ ਦੇ।
ਤਾਰਾ ਸਿੰਘ ਜਹੇ ਬੀਰ, ਸ਼ਹੀਦੀ ਪਾ ਗਏ।
ਸੇਵਾ ਹਰੀ ਅਰਦਾਸ, ਦੋਵੇਂ ਵਕਤ ਇਹ।
ਕਰੋ ਰਛਿਆ ਰਿਆਇਤ, ਜਹਿ ਤਹਿ ਖਾਲਸਾ। 152।

ਦੀਵਾਲੀ ਦਾ ਪੁਰਬ : ਕੁਝ ਸਮਾਂ ਇਸ ਤਰ੍ਹਾਂ ਬੀਤ ਗਿਆ। ਫਿਰ ਅਚਾਨਕ ਦਿੱਲੀ ਵਿਚ ਇਕ ਘਟਨਾ ਵਾਪਰੀ। ਬਾਬਾ ਅਜੀਤ ਸਿੰਘ ਨੂੰ ਹੋਰ ਸੱਠ ਜੁਝਾਰੂ ਸਿੰਘਾਂ ਸਹਿਤ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ।[19] ਮਾਤਾ ਸੁੰਦਰੀ ਜੀ ਬਾਬਾ ਅਜੀਤ ਸਿੰਘ ਦੇ

18. ਸਿੱਖ ਇਤਿਹਾਸ ਅਨੁਸਾਰ ਇਹ ਘਟਨਾ 1780 ਬਿ. (1723 ਈ.) ਦੀ ਦੀਵਾਲੀ ਦੀ ਹੈ।
19. ਇਹ ਘਟਨਾ ਅਕਾਲਪੁਰਖੀਆਂ ਅਤੇ ਬੰਦਈਆਂ ਵਿਚ ਹੋਏ ਫੈਸਲੇ ਤੋਂ ਤਿੰਨ ਕੁ ਮਹੀਨੇ ਬਾਦ ਮਾਘ ਸੁਦੀ ਚੌਥ ਸੰਮਤ 1780 ਬਿ. (1723 ਈ.) ਦੀ ਹੈ।

ਪੁੱਤਰ ਹਠੀ ਸਿੰਘ ਨੂੰ ਨਾਲ ਲੈ ਕੇ ਦਿੱਲੀਓਂ (ਭਰਤ ਗੜ੍ਹ ਦੇ ਰਸਤੇ ਮਥਰਾ ਨੂੰ) ਨਿਕਲ ਗਏ। ਇਸ ਤਰ੍ਹਾਂ ਸਿੱਖਾਂ ਉਪਰ ਹਰ ਪਾਸਿਓਂ ਮੁਸੀਬਤਾਂ ਦੇ ਪਹਾੜ ਟੁਟ ਪਏ। ਸਿੰਘ ਇਧਰ ਉਧਰ ਪਰਬਤਾਂ ਵਲ ਚਲੇ ਗਏ। ਭਾਈ ਮਨੀ ਸਿੰਘ ਸਾਰਿਆਂ ਖ਼ਤਰਿਆਂ ਦੇ ਬਾਵਜੂਦ ਅੰਮ੍ਰਿਤਸਰ ਰਹਿ ਕੇ ਸਿੱਖਾਂ ਨੂੰ ਧੀਰਜ ਦਿੰਦੇ ਰਹੇ। ਉਦੋਂ ਭਾਈ ਮਨੀ ਸਿੰਘ ਦੀ ਆਯੂ 90 ਵਰ੍ਹਿਆਂ ਦੀ ਹੋ ਚੁੱਕੀ ਸੀ। ਸੰਮਤ 1790 ਬਿ. (1733 ਈ.) ਦੀ ਦੀਵਾਲੀ ਦਾ ਪੁਰਬ ਨੇੜੇ ਆ ਚੁੱਕਾ ਸੀ।[20] ਉਸ ਨੂੰ ਮਨਾਉਣ ਲਈ ਭਾਈ ਸਾਹਿਬ ਲਾਹੌਰ ਗਏ ਅਤੇ ਸੁਬੇਗ ਸਿੰਘ, ਸੂਰਤ ਸਿੰਘ ਆਦਿ ਲਾਹੌਰ ਨਿਵਾਸੀ ਨਾਮੀ ਸਿੰਘਾਂ ਰਾਹੀਂ ਉਨ੍ਹਾਂ ਨੇ ਦੀਵਾਲੀ ਦਾ ਮੇਲਾ ਕਰਨ ਲਈ ਸੂਬੇ (ਜ਼ਕਰੀਆ ਖਾਨ) ਨਾਲ ਗੱਲ ਤੋਰੀ। ਸੂਬੇ ਨੇ ਮੇਲੇ ਦੀ ਇਜਾਜ਼ਤ ਦੇਣ ਬਦਲੇ ਜਜ਼ੀਆ (ਕਰ) ਮੰਗਿਆ। ਭਾਈ ਸਾਹਿਬ ਜਜ਼ੀਏ ਦੀ ਰਕਮ ਮੇਲੇ ਉਪਰੰਤ ਦੇਣੀ ਪੱਕੀ ਕਰ ਕੇ ਵਾਪਸ ਅੰਮ੍ਰਿਤਸਰ ਪਰਤੇ ਅਤੇ ਚਿੱਠੀਆਂ ਰਾਹੀਂ ਸਾਰਿਆਂ ਸਿੱਖਾਂ ਨੂੰ ਦੀਵਾਲੀ ਦੇ ਮੇਲੇ ਵਿਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਨਿਮੰਤ੍ਰਿਤ ਕੀਤਾ। ਇਧਰ ਮੀਣਿਆਂ ਨੇ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀਆਂ ਗੋਂਦਾਂ ਗੁੰਦੀਆਂ ਅਤੇ ਸੂਬੇ ਨੂੰ ਉਕਸਾਇਆ :

ਦੇਸ ਧਰੋਹੀ ਮਿਲ ਕਰ ਸਾਰੇ। ਕਰਨ ਮੁਖਬਰੀ ਸਿੰਘਨ ਬਾਰੇ।
ਹਰਿ ਨਿਰੰਜਨ ਕਰਮਾ ਛੀਨਾ। ਗਾਬਾ ਗਿੱਲ ਔ ਦੁਸ਼ਟ ਨਗੀਨਾ।
ਰਾਮੂ ਲੱਖੂ ਸਾਹਿਬ ਰਾਇ। ਇਤ ਆਦਿਕ ਦੋਖੀ ਸਬ ਆਇ।
ਸੂਬੇ ਤਾਈ ਬਹਿ ਸਮਝਾਇਆ। ਪੁਰਬ ਸਿੰਘਨ ਕਾ ਜ ਇਹ ਆਇਆ।
ਪਕੜੋ ਮਾਰੋ ਇਨ ਕੇ ਤਾਈ। ਮੁਕ ਰੇੜਕਾ ਨਿਤ ਦਾ ਜਾਈ।
ਸੇਵਾ ਹਰੀ ਜਿਸ ਰਾਖੇ ਆਪ। 'ਗੁਰ ਮੇਰੇ ਕਾ ਬਡ ਪਰਤਾਪ'। 164।

ਇਸ ਸਥਿਤੀ ਬਾਰੇ ਲਾਹੌਰ ਨਿਵਾਸੀ ਸਿੰਘ ਵੀ ਸਚੇਤ ਸਨ। ਸਾਰੀ ਸਾਜ਼ਿਸ਼ ਦਾ ਪਤਾ ਲਗਣ ਤੇ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਤੁਰੰਤ ਸੂਚਿਤ ਕੀਤਾ। ਮੁਸਲਮਾਨ ਅਧਿਕਾਰੀਆਂ ਦੀ ਨੀਅਤ ਨੂੰ ਵੇਖ ਕੇ ਭਾਈ ਮਨੀ ਸਿੰਘ ਨੇ ਤੁਰੰਤ ਚਿੱਠੀਆਂ ਲਿਖ ਕੇ ਸਿੰਘਾਂ ਨੂੰ ਅੰਮ੍ਰਿਤਸਰ ਆਉਣ ਤੋਂ ਵਰਜ ਦਿੱਤਾ। ਫਲਸਰੂਪ, ਦਿਵਾਲੀ ਦੇ ਪੁਰਬ ਤੇ ਨੇੜੇ ਤੇੜੇ ਦੀ ਸੰਗਤ ਦਰਸ਼ਨਾਂ ਲਈ ਆਈ, ਪਰ ਜੁਝਾਰੂ ਖਾਲਸਾ ਦੂਰ ਹੀ ਰਿਹਾ। ਫੌਜਦਾਰ (ਲਖਪਤ ਰਾਇ) ਵਿਅਰਥ ਵਿਚ ਝਖ ਮਾਰ ਕੇ ਵਾਪਸ ਪਰਤ ਗਿਆ। ਇਸ ਅਵਸਰ ਤੇ ਦਰਬਾਰ ਸਾਹਿਬ ਵਿਚ ਚੜ੍ਹਤ ਬਹੁਤ ਘਟ ਚੜ੍ਹੀ, ਜਿਸ ਕਰਕੇ ਕਰ ਦੀ ਰਕਮ ਅਦਾ ਨਾ ਕੀਤੀ ਜਾ ਸਕੀ।

ਸੂਬੇ ਨੂੰ ਕਰ ਨਾ ਮਿਲਣ ਕਾਰਣ ਉਸ ਨੇ ਭਾਈ ਮਨੀ ਸਿੰਘ ਦੀ ਜਵਾਬ-ਤਲਬੀ ਕੀਤੀ। ਭਾਈ ਮਨੀ ਸਿੰਘ ਨੇ ਸਥਿਤੀ ਸਪੱਸ਼ਟ ਕਰਨ ਲਈ ਭਾਈ ਭੂਪਤਿ ਸਿੰਘ ਅਤੇ ਭਾਈ ਗੁਲਜ਼ਾਰਾ ਸਿੰਘ ਨੂੰ ਲਾਹੌਰ ਭੇਜਿਆ ਤਾਂ ਜੋ ਸੂਬੇ ਨੂੰ ਸੂਚਿਤ ਕਰਨ ਕਿ ਸੰਗਤ ਘਟ ਆਉਣ ਕਰਕੇ ਚੜ੍ਹਤ ਘਟ ਚੜ੍ਹੀ ਹੈ, ਇਸ ਲਈ ਕਰ ਦੀ ਰਕਮ ਅਦਾ ਕਰਨਾ ਸੰਭਵ

20. ਅੰਮ੍ਰਿਤਸਰ ਵਿਚ ਦੀਵਾਲੀ ਦਾ ਪੁਰਬ ਮੰਨਾਉਣ ਤੇ ਮੁਗ਼ਲ ਸਰਕਾਰ ਨੇ ਕੁਝ ਵਰ੍ਹਿਆਂ ਤੋਂ ਰੋਕ ਲਗਾਈ ਹੋਈ ਸੀ।

ਨਹੀਂ ਹੈ। ਹਾਂ, ਵਿਸਾਖੀ ਦੇ ਪੁਰਬ ਤੋਂ ਬਾਦ ਇਹ ਰਕਮ ਭੇਜੀ ਜਾ ਸਕੇਗੀ। ਪਰ ਸ਼ਾਸਕਾਂ ਨੂੰ ਵਿਸਾਖੀ ਦੇ ਪੁਰਬ ਨੂੰ ਸਹੀ ਢੰਗ ਨਾਲ ਮਨਾਉਣ ਲਈ ਮਨ ਵਿਚੋਂ ਕੁਟਲਤਾ ਨੂੰ ਤਿਆਗਣਾ ਹੋਵੇਗਾ, ਨਹੀਂ ਤਾਂ ਰਕਮ ਦੀ ਵਿਵਸਥਾ ਕਰ ਸਕਣਾ ਸੰਭਵ ਨਹੀਂ ਹੋ ਸਕੇਗਾ। ਦੋਵੇਂ ਸਿੰਘ ਲਾਹੌਰ ਪਹੁੰਚ ਕੇ ਲਾਹੌਰ ਨਿਵਾਸੀ ਸਿੰਘਾਂ ਨੂੰ ਨਾਲ ਲੈ ਕੇ ਸੂਬੇ ਪਾਸ ਗਏ ਅਤੇ ਸਾਰੀ ਸਥਿਤੀ ਕਹਿ ਸੁਣਾਈ। ਸੂਬੇ ਨੇ ਕੁਰਾਨ ਦੀ ਕਸਮ ਚੁੱਕ ਕੇ ਪਰਸਪਰ ਮੇਲ ਅਤੇ ਸ਼ਾਂਤੀ ਦਾ ਵਿਸ਼ਵਾਸ ਦਿਵਾਇਆ। ਸਿੰਘਾਂ ਨੇ ਦਸ ਦਿਨਾਂ ਲਈ ਵਿਸਾਖੀ ਦਾ ਪੁਰਬ ਮਨਾਉਣ ਲਈ ਦਸ ਹਜ਼ਾਰ ਰੁਪਏ ਦੇਣੇ ਕਰਕੇ ਪ੍ਰਵਾਨਗੀ ਲਿਖਤੀ ਰੂਪ ਵਿਚ ਪ੍ਰਾਪਤ ਕਰ ਲਈ।[21] ਦੋਹਾਂ ਸਿੰਘਾਂ ਨੇ ਪਰਤ ਕੇ ਸਾਰੀ ਗੱਲ ਭਾਈ ਮਨੀ ਸਿੰਘ ਨੂੰ ਦਸੀ। ਕਵੀ ਅਨੁਸਾਰ :

ਦੋਵੇਂ ਦੀਰਘ ਸੂਰਮੇ, ਪਹੁੰਚੇ ਪੁਰ ਰਾਮ ਦਾਸ।
ਸਕਲ ਸੁਣਾਈ ਬਾਰਤਾ, ਮਨੀ ਸਿੰਘ ਕੇ ਪਾਸ। 183।
ਮਨੀ ਸਿੰਘ ਨਿਰਭਉ ਸੀ, ਭੈ ਨਾ ਮਨ ਮਹਿ ਕਾਇ।
ਬਾਣੀ ਪੜ੍ਹੈ ਸੇਵਾ ਕਰੈ, ਹੀਏ ਹਰਖ ਬਢਾਇ। 184।
ਸੇਵਾ ਕਰੇ ਆਲਸ ਕੋ ਤਿਆਗੈ। ਸਵਾ ਪਹਿਰ ਨਿਸ ਰਹਿੰਦੀ ਜਾਗੈ।
ਕਰ ਇਸ਼ਨਾਨ ਜਪੈ ਜਪੁ ਜਾਪੁ। ਗੁਰਬਾਣੀ ਕਾ ਬਡ ਪ੍ਰਤਾਪ।
ਸਾਜ ਦੁਮਾਲਾ ਸ਼ਸਤ੍ਰ ਪਹਿਰੈ। ਨੀਲੰਬਰ ਗਜ ਸਵਾ ਕਛਹਿਰੈ।
ਪਕੜ ਦੁਤਾਰਾ ਗਾਵੈ ਬਾਣੀ। ਆਸਾ ਵਾਰ ਸੁਖਾਂ ਦੀ ਖਾਣੀ।
ਤੀਜੇ ਪਹਿਰ ਸ਼ਹੀਦੀ ਦੇਗ। ਜਗ ਮੇਂ ਚਲੇ ਦੇਗ਼ ਔ ਤੇਗ਼।
ਸੇਵਾ ਹਰੀ ਸਿੰਘ ਕੀ ਕਰਨੀ। ਏਕ ਜਿਹਵਾ ਸੋ ਜਾਇ ਨ ਬਰਨੀ।
। 185।

ਵਿਸਾਖੀ ਦਾ ਪੁਰਬ : ਪੰਜ ਮਹੀਨਿਆਂ ਦਾ ਸਮਾਂ ਬੀਤਣ ਉਪਰੰਤ ਵਿਸਾਖੀ ਦਾ ਪੁਰਬ ਆ ਗਿਆ। ਨੇੜੇ ਤੇੜੇ ਦੀਆਂ ਸੰਗਤਾਂ ਹੀ ਆਈਆਂ, ਪਰ ਜੁਝਾਰੂ ਖਾਲਸਾ ਦੂਰ ਰਿਹਾ ਕਿਉਂਕਿ ਭਾਈ ਮਨੀ ਸਿੰਘ ਨੂੰ ਪਹਿਲਾਂ ਹੀ ਖਬਰ ਮਿਲ ਚੁੱਕੀ ਸੀ ਕਿ ਲਖੂ (ਲਖਪਤ ਰਾਇ) ਨਾਂ ਦੇ ਵਜ਼ੀਰ ਨੂੰ ਲਾਹੌਰ ਦੇ ਸੂਬੇ ਨੇ ਸਿੱਖਾਂ ਨੂੰ ਕੁਚਲਣ ਲਈ ਫੌਜ ਸਹਿਤ ਰਾਮ ਤੀਰਥ ਠਹਿਰਾ ਰਖਿਆ ਸੀ। ਪਰ ਸਿੰਘਾਂ ਦੇ ਨਾ ਆਉਣ ਕਰ ਕੇ ਹਾਕਮਾਂ ਦੀ ਸਾਰੀ ਸਾਜ਼ਿਸ਼ ਵਿਅਰਥ ਸਿੱਧ ਹੋਈ। ਇਸ ਤੇ ਸਭ ਵੈਰੀਆਂ ਨੇ ਰਲ ਕੇ ਸੂਬੇ ਦੇ ਕੰਨ ਭਰੇ ਕਿ ਬੁਕਲ ਦੇ ਸੱਪ ਵਰਗੇ ਸਿੱਖਾਂ ਦੇ ਮੁਖੀਏ ਭਾਈ ਮਨੀ ਸਿੰਘ ਨੂੰ ਜਲਦੀ ਖ਼ਤਮ ਕਰਨਾ ਚਾਹੀਦਾ ਹੈ। ਫਲਸਰੂਪ, ਲਾਹੌਰ ਦੀ ਫੌਜ ਨੇ ਅੰਮ੍ਰਿਤਸਰ ਨੂੰ ਘੇਰ ਲਿਆ ਅਤੇ ਭਾਈ ਮਨੀ ਸਿੰਘ ਆਦਿ ਨਾਮੀ ਸਿੱਖਾਂ ਨੂੰ ਫੜ ਕੇ ਲਾਹੌਰ ਲੈ ਗਏ। ਇਸ ਤੋਂ ਇਲਾਵਾ ਹੋਰ ਨੇੜੇ ਤੇੜੇ ਦੇ ਸਿੱਖ ਵੀ ਫੜ ਲਏ ਗਏ ਅਤੇ ਸਭ ਸਿੱਖਾਂ ਦੇ ਘਰ ਬਾਰ ਲੁਟ ਲਏ

---

21. ਦੀਵਾਲੀ ਤੋਂ ਬਾਦ ਵਿਸਾਖੀ ਦੇ ਪੁਰਬ ਦੀ ਇਜਾਜ਼ਤ ਲੈਣ ਦੀ ਗੱਲ ਕੇਵਲ 'ਸ਼ਹੀਦ ਬਿਲਾਸ' ਵਿੱਚ ਲਿਖੀ ਹੈ। ਬਾਕੀ ਇਤਿਹਾਸਕਾਰਾਂ ਨੇ ਇਹ ਗੱਲ ਦਿਵਾਲੀ ਦੇ ਪੁਰਬ ਨਾਲ ਹੀ ਮੁਕਾ ਦਿੱਤੀ ਹੈ।

ਗਏ । ਸਭ ਪਾਸੇ ਹਾਹਾਕਾਰ ਮਚ ਗਿਆ । ਸਥਿਤੀ ਅਨੁਕੂਲ ਨਾ ਵੇਖ ਕੇ ਸੁਖਾ ਸਿੰਘ ਵਰਗੇ ਜੁਝਾਰੂ ਸਿੰਘ ਜੈਪੁਰ ਵਲ ਚਲੇ ਗਏ । ਲਾਹੌਰ ਦੇ ਸੂਬੇ ਨੇ ਅੰਮ੍ਰਿਤ ਸਰੋਵਰ ਮਿੱਟੀ, ਹਡ, ਚੰਮ ਆਦਿ ਨਾਲ ਪੂਰ ਦਿੱਤਾ ।

ਸ਼ਹਾਦਤ : ਲਾਹੌਰ ਦੇ ਜੇਲਖਾਨੇ ਵਿਚ ਭਾਈ ਮਨੀ ਸਿੰਘ ਸਿੰਘਾਂ ਨੂੰ ਨਿਤਪ੍ਰਤਿ ਕਥਾ ਸੁਣਾਂਦੇ ਰਹੇ । ਸੂਬੇ ਨੇ ਭਾਈ ਮਨੀ ਸਿੰਘ ਨੂੰ ਬੁਲਾ ਕੇ ਕਿਹਾ ਕਿ ਉਸ ਪਾਸ ਨਿੱਤ ਸਿੱਖ ਆਂਦੇ ਜਾਂਦੇ ਰਹਿੰਦੇ ਹਨ, ਉਹ ਉਨ੍ਹਾਂ ਸਾਰਿਆਂ ਨੂੰ ਪਕੜਾ ਦੇਵੇ ਨਹੀਂ ਤਾਂ ਉਸ ਦੀ ਆਪਣੀ ਸ਼ਾਮਤ ਆਵੇਗੀ । ਉਤਰ ਵਜੋਂ ਭਾਈ ਮਨੀ ਸਿੰਘ ਨੇ ਰੋਹ ਵਿਚ ਆ ਕੇ ਕਿਹਾ :

ਮਨੀ ਸਿੰਘ ਤਬ ਇਮ ਕਹਿਯੋ : 'ਸੁਣੇ ਬਹਾਦਰ ਖਾਨ ।
ਨਿਸ ਦਿਨ ਬੋਲੋਂ ਝੂਠ ਤਉਂ, ਖਾ ਕੇ ਕਸਮ ਕੁਰਾਨ । 198 ।
ਝੂਠ ਬੋਲਣਾ ਖਾਨ ਜੀ । ਨਹਿ ਸਿੰਘਨ ਕਾ ਕਾਮ ।
ਕੱਟ ਜਾਏ ਅੰਗ ਅੰਗ ਭੀ, ਦੇਣਾ ਦਗਾ ਹਰਾਮ । 199 ।

ਹੋਰਨਾਂ ਮੁੱਖੀ ਸਿੰਘਾਂ ਨੇ ਵੀ ਡੱਟ ਕੇ ਭਾਈ ਮਨੀ ਸਿੰਘ ਦਾ ਸਾਥ ਦਿੱਤਾ । ਸੂਬੇ ਨੇ ਭਾਈ ਗੁਲਜ਼ਾਰ ਸਿੰਘ, ਭਾਈ ਭੂਪਤਿ ਸਿੰਘ, ਭਾਈ ਮੁਹਕਮ ਸਿੰਘ, ਭਾਈ ਚੈਨ ਸਿੰਘ, ਭਾਈ ਕੀਰਤ ਸਿੰਘ, ਭਾਈ ਆਲਮ ਸਿੰਘ, ਭਾਈ ਅਉਲੀਆ ਸਿੰਘ, ਭਾਈ ਸੰਗਤ ਸਿੰਘ, ਭਾਈ ਕਾਨ੍ਹ ਸਿਘ ਆਦਿਕ ਮੁੱਖੀ ਸਿੰਘਾਂ ਨੂੰ ਭਾਈ ਮਨੀ ਸਿੰਘ ਸਹਿਤ ਬਹੁਤ ਕਸ਼ਟ ਅਤੇ ਦੁੱਖ ਦਿੱਤੇ ਅਤੇ ਅੰਤ ਸੰਮਤ 1791 (1734 ਈ.) ਹਾੜ ਸੁਦੀ ਪੰਚਮੀ ਨੂੰ ਭਾਈ ਮਨੀ ਸਿੰਘ ਨੂੰ ਹੋਰ ਸਿੰਘਾਂ ਸਹਿਤ ਨਿਖਾਸ ਚੌਕ (ਜਿਥੇ ਹੁਣ ਗੁਰਦੁਆਰਾ ਸ਼ਹੀਦ ਗੰਜ ਹੈ), ਵਿਚ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ :

ਹਾੜ੍ਹ ਸੁਦੀ ਪੰਚਮ ਥਿਤ ਆਹੀ । ਸਤ੍ਰਹ ਸੇ ਇਕਾਨਵੈਂ ਮਾਹੀ ।
ਜਾਇ ਨਿਖਾਸ ਚੌਂਕ ਕੇ ਬੀਚ । ਸੂਬੇ ਖਾਨ ਬਹਾਦਰ ਨੀਚ ।
ਪਹਿਲੋਂ ਮਨੀ ਸਿੰਘ ਕੇ ਤਾਈ । ਕਾਜੀ ਫ਼ਤਵਾ ਦੀਯੋ ਸੁਣਾਈ ।
ਤਸੇ ਗੇਲ ਜਲਾਦੈ ਆਇ । ਬੰਦ ਬੰਦ ਦੀਯੇ ਜੁਦਾ ਕਰਾਇ ।
ਪੀਛੇ ਸਿੰਘ ਗੁਲਜਾਰੇ ਕੇਰੀ । ਪੁੱਠੀ ਖੱਲ ਲਾਹੀ ਬਿਨ ਦੇਰੀ ।
ਭੂਪਤ ਸਿੰਘ ਕੀ ਆਂਖ ਕਢਾਇ । ਫੇਰ ਚਰਖੜੀ ਦੀਯੋ ਚਢਾਇ ।
ਜਹਾਂ ਭਯੋ ਇਹ ਸਾਕਾ ਭਾਰੀ । ਖ਼ਲਕਤ ਦੇਖਣ ਆਈ ਸਾਰੀ ।
ਸੇਵਾ ਹਰੀ ਜਿਤਕ ਸਿੰਘ ਔਰ । ਕਰੈ ਸ਼ਹੀਦ ਦੁਸ਼ਟ ਤਿਹ ਠੌਰ ।
। 203 ।

ਇਸ ਤਰ੍ਹਾਂ ਭਾਈ ਮਨੀ ਸਿੰਘ ਨੇ 90 ਵਰ੍ਹਿਆਂ ਦੀ ਉਮਰ ਵਿਚ ਬੰਦ ਬੰਦ ਕਟਵਾਕੇ ਆਪਣੀ ਸ਼ਹਾਦਤ ਦਿੱਤੀ । ਭਾਈ ਮਨੀ ਸਿੰਘ ਦੇ ਸੰਮਤ 1791 (1734 ਈ.) ਵਿਚ ਬੰਦ ਬੰਦ ਕਟੇ ਜਾਣ ਦੀ ਘਟਨਾ ਨਾਲ ਲਗਭਗ ਸਾਰੇ ਇਤਿਹਾਸਕਾਰ ਅਤੇ ਭੱਟ-ਵਹੀਆਂ ਸਹਿਮਤ ਹਨ । ਇਸ ਸੰਬੰਧ ਵਿਚ ਦੋ ਭੱਟ-ਵਹੀਆਂ ਵਿਚ ਵਰਣਿਤ ਇਸ ਸਾਕੇ ਦਾ ਵਿਵਰਣ ਵਿਸ਼ੇਸ਼ ਵਾਚਣਯੋਗ ਹੈ :

(1) ਰਦਉਤ ਜਲਹਾਨਾ ਬੀਰ ਮਨੀ ਸਿੰਘ, ਚਉਂ ਕੁੰਟੀ ਜਸ ਤਉ ਕਾ ਪਰਿਆ।
ਗੁਰੂ ਰਾਮ ਦਾਸ ਦਰ ਕਾ ਹੋਇ ਸੇਵਕ, ਸਿਘ ਨਾਮ ਤਉ ਉਜਲ ਕਰਿਆ।
ਸਿਖੀ ਮੇਂ, ਸੂਰਾ ਭਗਤੀ ਮੇਂ ਪੂਰਾ, ਗਿਆਨ ਖੜਗ ਲੈ ਸਾਮੇਂ ਲਰਿਆ।
ਫਤੇ ਵਾਹਿਗੁਰੂ ਮੁਖ ਥੀ ਨਿਕਸੀ, ਬੰਦ ਬੰਦ ਕੱਟ ਪੋਸ਼ ਉਖਰਿਆ।
ਦਿਆਲ ਦਾਸ ਸਮ ਕੀਆ ਤਉ ਸਾਕਾ, ਬਿਰਖ ਬੰਸ ਜਲੇ ਕਾ ਹਰਿਆ।
ਸਾਤ ਸਪੂਤ ਤ੍ਰਨੇ ਰਨੇ ਏਕ, ਏਕ ਲਰ ਸਾਮ੍ਹੇ ਮਰਿਆ।
ਜੈ ਜੈ ਕਾਰ ਭਯੋ ਜਗ ਤਉ ਕਾ, ਧਰਮ ਹੇਤ ਦੁਖ ਦੇਹ ਤੇ ਜਰਿਆ।
ਰਾਨਾ ਰੰਕ ਸਮ ਕੋਈ ਨਹਿ ਤਉ ਕੇ, ਦਾਨ ਦੇਹ ਮੂੰਡ ਭਟੋਂ ਕਾ ਭਰਿਆ।
ਸਤ੍ਰਾਂ ਸੈ ਇਕਾਵਨ ਭਯੋ, ਅਸਾਢ ਬਾਨਮੇਂ ਜਸ ਉਚਰਿਆ।
ਭੀਮ ਸਿੰਘ ਜਸ ਜੋੜ ਕੇ ਭਨਿਆ, ਭਡੂ ਕੇ ਮਲਹਾਨ ਥਾਲ ਮੁਹਰੇ ਕਾ ਭਾਗ ਸਿੰਘ ਲਿਆ ਧਰਿਆ।
ਬੇਲ ਬਧੈ ਤਉ ਬੀਰ ਸਗਰਾਮ ਸਿੰਘ ਕੀ, ਭਟ ਗਾਵੈ ਦਰ ਤਉ ਤੇ ਖਰਿਆ।[22]

(2) ਸਿਖਨ ਮੈਂ ਸਿਖ ਊਚੇ, ਭਗਤਨ ਮੈਂ ਭਗਤ ਸੂਚੇ,
ਸਿਖੀ ਕੀ ਨਿਆਈ ਕਹੀਏ ਭਾਈ ਮਨੀ ਸਿੰਘ ਜੀ।
ਜਗਤ ਮੈਂ ਜੈਕਾਰ ਭਯੋ, ਧਰਮ ਅਰਥ ਦੇਹ ਦਯੋ,
ਸਿਦਕ ਸੋ ਕਟਾਯੋ ਹੀਯੋ, ਨ ਮਾਨੀ ਕਛੁ ਸ਼ੰਕ ਜੀ।
ਸਿਖ ਸੋਂ ਪ੍ਰਸੰਨ ਭਏ, ਦੁਸ਼ਟ ਸਭ ਭਰਿਸ਼ਟ ਭਏ,
ਗਿਆਨ ਕੀ ਖੜਗ ਸੇ, ਸੋ ਮਾਰੇ ਚੌਰੰਗ ਜੀ।
ਗੁਰ ਸਿਖ ਕਹਾਵੈ ਜੋਊ, ਕਰਨੀ ਜਿਹ ਕਮਾਵੈ ਸੋਊ,
ਮਨੀ ਸਿੰਘ ਤੁੱਲ ਭਯੋ ਰਾਣਾ ਔ ਨਹਿ ਰੰਕ ਜੀ।[23]

ਉਪਰੋਕਤ ਵਿਵਰਣ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਭਾਈ ਮਨੀ ਜੀ 17ਵੀਂ ਸਦੀ ਦੇ ਉਤਰਾਰਧ ਅਤੇ 18ਵੀਂ ਸਦੀ ਦੇ ਪੂਰਵਾਰਧ ਦੇ ਇਕ ਪ੍ਰਮੁੱਖ ਯੁੱਧਵੀਰ, ਸਿਦਕੀ, ਨੇਮੀ ਅਤੇ ਪ੍ਰਚਾਰਕ ਸਿੱਖ ਸਨ, ਜਿਨ੍ਹਾਂ ਨੇ ਨਾ ਕੇਵਲ ਯੁੱਧਾਂ ਵਿਚ ਹਿੱਸਾ ਲੈ ਕੇ ਜਿੱਤ ਪ੍ਰਾਪਤ ਕੀਤੀ, ਸਗੋਂ ਕਥਾ-ਵਾਰਤਾ ਰਾਹੀਂ ਸਿੱਖ ਧਰਮ ਦੇ ਸਿੱਧਾਂਤ ਅਤੇ ਪਰੰਪਰਾਵਾਂ ਤੋਂ ਜਿਗਿਆਸੂਆਂ ਨੂੰ ਜਾਣਕਾਰ ਰਖਿਆ। ਸਿੱਖ ਧਰਮ ਦੀ ਮਰਯਾਦਾ ਕਾਇਮ ਰਖਣ ਲਈ ਉਨ੍ਹਾਂ ਨੇ ਬੰਦ ਬੰਦ ਕਟਾ ਕੇ ਆਪਣਾ ਬਲੀਦਾਨ ਦਿੱਤਾ। ਉਹ ਅਜਿਹੇ ਖਾਨਦਾਨ ਨਾਲ ਸੰਬੰਧਿਤ ਸਨ ਜਿਸ ਦਾ ਸ਼ੁਰੂ ਤੋਂ ਹੀ ਗੁਰੂ ਘਰ ਨਾਲ ਬੜਾ ਨਿਕਟ ਸੰਬੰਧ ਰਿਹਾ ਸੀ। ਉਸ ਖਾਨਦਾਨ ਦੇ ਅਨੇਕ ਸਾਧਕਾਂ ਨੇ ਸਿੱਖ ਧਰਮ ਲਈ ਆਪਣੀਆਂ ਸ਼ਹੀਦੀਆਂ ਦਿੱਤੀਆਂ। ਭਾਈ ਮਨੀ ਸਿੰਘ ਤੋਂ ਬਾਦ ਉਨ੍ਹਾਂ ਦੀ ਸੰਤਾਨ ਨੇ ਵੀ ਪਹਿਲੀ ਕਤਾਰ ਵਿਚ ਖੜ੍ਹੋ ਕੇ ਯੁੱਧਾਂ ਵਿਚ ਭਾਗ ਲਿਆ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

---

22. ਭੱਟਵਹੀ ਮੁਲਤਾਨੀ, ਸਿੰਧੀ—'ਸ਼ਹੀਦ ਬਿਲਾਸ' ਪੰਨਾ 41 ਤੋਂ ਉਧਰਿਤ
23. ਅਮਰ ਸਿੰਘ ਭੱਟ, 'ਸ਼ਹੀਦ ਬਿਲਾਸ', ਪੰਨੇ 42 ਉਤੇ ਉਧਰਿਤ

ਪਰਿਵਾਰ : ਭੱਟ-ਵਹੀਆਂ ਅਨੁਸਾਰ ਭਾਈ ਮਨੀ ਸਿੰਘ ਨੇ ਦੋ ਵਿਆਹ ਕੀਤੇ ਸਨ। ਪਹਿਲੀ ਪਤਨੀ ਸੀਤੋ ਬਾਈ ਤੋਂ ਉਨ੍ਹਾਂ ਦੇ ਘਰ ਸੱਤ ਪੁੱਤਰ ਪੈਦਾ ਹੋਏ—ਚਿਤ੍ਰ ਸਿੰਘ, ਬਚਿਤ੍ਰ ਸਿਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ ਅਤੇ ਗੁਰਬਖਸ਼ ਸਿੰਘ। ਦੂਜੀ ਪਤਨੀ ਖੇਮੀਂ ਤੋਂ ਤਿੰਨ ਪੁੱਤਰ ਪੈਦਾ ਹੋਏ—ਭਗਵਾਨ ਸਿੰਘ, ਬਲਰਾਮ ਸਿੰਘ ਅਤੇ ਦੇਸਾ ਸਿੰਘ। ਇਨ੍ਹਾਂ ਵਿਚੋਂ ਸੀਤੋ ਬਾਈ ਦੀ ਕੁਖੋਂ ਪੈਦਾ ਹੋਏ ਪੰਜ ਪੁੱਤਰਾਂ—ਬਚਿਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ—ਦੀ ਸ਼ਹੀਦੀ 1705 ਈ. ਵਿਚ ਭਾਈ ਸਾਹਿਬ ਦੇ ਜੀਉਂਦੇ ਜੀ ਹੀ ਹੋ ਗਈ ਸੀ ਅਤੇ ਚਿਤ੍ਰ ਸਿੰਘ ਅਤੇ ਗੁਰਬਖਸ਼ ਦੀ ਸ਼ਹੀਦੀ ਭਾਈ ਸਾਹਿਬ ਦੇ ਨਾਲ 1734 ਈ. ਵਿਚ ਲਾਹੌਰ ਵਿਚ ਹੋਈ ਸੀ। ਭਾਈ ਮਨੀ ਸਿੰਘ ਦੀ ਸੰਤਾਨ ਵਲੋਂ ਸਮੇਂ ਸਮੇਂ ਬਲੀਦਾਨਾਂ ਦੀ ਇਸ ਲੜੀ ਵਿਚ ਆਪਣੇ ਸਿਰ ਪਰੋ ਕੇ ਇਸ ਲੜੀ ਦੀ ਲੰਬਾਈ ਵਧਾਈ ਜਾਂਦੀ ਰਹੀ ਹੈ। ਇਸ ਤਰ੍ਹਾਂ ਭਾਈ ਮਨੀ ਸਿਘ ਦਾ ਸਾਰਾ ਪਰਿਵਾਰ ਦ੍ਰਿੜ੍ਹਤਾ ਨਾਲ ਆਪਣਾ ਧਾਰਮਿਕ ਕਰਤੱਵ ਨਿਭਾਂਦਾ ਰਿਹਾ ਹੈ ਅਤੇ ਸ਼ਹੀਦੀਆਂ ਦੇ ਕੇ ਆਪਣਾ ਗੌਰਵ ਵਧਾਂਦਾ ਰਿਹਾ ਹੈ।

ਦਰਬਾਰ ਸਾਹਿਬ ਦੇ ਤੀਜੇ ਗ੍ਰੰਥੀ : ਭਾਈ ਮਨੀ ਸਿੰਘ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੀਜੇ ਗ੍ਰੰਥੀ ਸਨ। ਪਹਿਲੇ ਬਾਬਾ ਬੁਢਾ ਜੀ ਅਤੇ ਦੂਜੇ ਭਾਈ ਗੁਰਦਾਸ ਜੀ ਸਨ। ਭਾਈ ਗੁਰਦਾਸ ਤੋਂ ਬਾਦ ਅਤੇ ਭਾਈ ਮਨੀ ਸਿੰਘ ਤੋਂ ਪਹਿਲਾਂ ਭਾਵੇਂ ਦਰਬਾਰ ਸਾਹਿਬ ਉਤੇ ਸੋਢੀ ਹਰਿ ਜੀ ਦਾ ਅਧਿਕਾਰ ਰਿਹਾ, ਪਰ ਉਹ ਗ੍ਰੰਥੀ ਨਾਲੋਂ ਗੱਦੀਦਾਰ ਅਧਿਕ ਸੀ ਅਤੇ ਸਿੱਖ ਧਰਮ ਦੀ ਮਰਯਾਦਾ ਵਿਰੁੱਧ ਉਸ ਨੇ ਉਥੋਂ ਦੀ ਵਿਵਸਥਾ ਖ਼ਰਾਬ ਕਰ ਰਖੀ ਸੀ; ਇਸ ਲਈ ਭਾਈ ਗੁਰਦਾਸ ਤੋਂ ਬਾਦ ਸਹੀ ਅਰਥਾਂ ਵਿਚ ਤੀਜੇ ਗ੍ਰੰਥੀ ਭਾਈ ਮਨੀ ਸਿੰਘ ਹੀ ਸਨ। ਆਪਣੇ ਗ੍ਰੰਥੀ-ਕਾਲ ਵਿਚ ਅਤੇ ਉਸ ਤੋਂ ਪਹਿਲਾਂ ਭਾਈ ਸਾਹਿਬ ਦੀ ਅਧਿਕ ਰੁੱਚੀ ਗੁਰੂ ਗ੍ਰੰਥ ਸਾਹਿਬ ਆਦਿ ਦੀ ਕਥਾ ਕਰਕੇ ਸਿੱਖ ਸਿੱਧਾਂਤਾਂ ਅਤੇ ਪਰੰਪਰਾਵਾਂ ਦਾ ਵਿਸ਼ਲੇਸ਼ਣ ਕਰਨ ਦੀ ਰਹੀ। ਉਹ ਕਥਾ-ਵਾਰਤਾ ਨੂੰ ਧਰਮ ਪ੍ਰਚਾਰ ਦਾ ਇਕ ਪ੍ਰਭਾਵਕਾਰੀ ਅੰਗ ਸਮਝਦੇ ਸਨ। ਇਸ ਲਈ ਆਪਣੇ ਯੁਗ ਵਿਚ ਉਨ੍ਹਾਂ ਨੂੰ ਵਿਦਵਾਨ ਵਜੋਂ 'ਗਿਆਨੀ' ਕਹਿ ਕੇ ਸਨਮਾਨਿਆ ਜਾਂਦਾ ਸੀ। ਕਥਾ ਕਰਨ ਤੋਂ ਇਲਾਵਾ ਉਹ ਗੁਰਬਾਣੀ ਦੇ ਅਰਥ ਵੀ ਪੜ੍ਹਾਂਦੇ ਸਨ। ਉਨ੍ਹਾਂ ਤੋਂ ਪੜ੍ਹਨ ਵਾਲਿਆਂ ਦੀ ਸ਼ਿਸ਼-ਪਰੰਪਰਾ ਵੀ ਗਿਆਨੀ ਸੰਪ੍ਰਦਾਇ ਅਖਵਾਈ, ਜਿਸ ਦੀਆਂ ਅਗੋਂ ਕਈ ਉਪ-ਸ਼ਾਖਾਵਾਂ ਹੁੰਦੀਆਂ ਗਈਆਂ। ਇਸ ਗਿਆਨੀ ਸੰਪ੍ਰਦਾਇ ਦੀ ਇਕ ਬੰਸਾਵਲੀ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਦੀ ਇਕ ਹੱਥ-ਲਿਖਤ (ਨੰ. 7090) ਵਿਚ ਸੁਰੱਖਿਅਤ ਹੈ ਅਤੇ ਜਿਸ ਦਾ ਪਾਠ ਇਸ ਪ੍ਰਕਾਰ ਹੈ :

> ਸ਼ਬਦ ਅਰਥ ਦਸਵੀਂ ਪਾਤਸਾਹੀ ਤੇ ਭਾਈ ਮਨੀ ਸਿੰਘ ਨੇ ਪੜ੍ਹੇ, ਤਿਨਾ ਤੇ ਭਾਈ ਗੁਰਦਿਆਲ ਸਿੰਘ ਨੇ, ਤਿਨਾ ਤੇ ਭਾਈ ਗੁਰਬਖਸ਼ ਸਿੰਘ ਨੇ, ਤਿਨ ਤੇ ਭਾਈ ਅੰਮਨ ਸਿੰਘ ਨੇ, ਤਿਨ ਤੇ ਭਾਈ ਸੂਰਤ ਸਿੰਘ ਨੇ, ਤਿਨ ਤੇ ਭਾਈ ਕੌਲ ਸਿੰਘ ਨੇ, ਤਿਨਾ ਤੇ ਭਾਈ ਰਾਮ ਸਿੰਘ ਤੇ ਭਾਈ ਚੰਦਾ ਸਿੰਘ ਨੇ, ਤਿਨਾ ਤੇ ਭਾਈ ਦਇਆ ਸਿੰਘ...।

ਸਰਾਪ ਦੀ ਰਵਾਇਤ : ਭਾਈ ਮਨੀ ਸਿੰਘ ਬਾਰੇ ਇਹ ਰਵਾਇਤ ਵੀ ਪ੍ਰਚੱਲਿਤ ਹੈ ਕਿ ਉਨ੍ਹਾਂ ਨੇ ਆਦਿ ਅਤੇ ਦਸਮ ਦੋਹਾਂ ਗ੍ਰੰਥਾਂ ਦੀਆਂ ਬਾਣੀਆਂ ਨੂੰ ਰਾਗ-ਕ੍ਰਮ ਦੀ ਥਾਂ ਤੇ

ਰਚੈਤਾ-ਕ੍ਰਮ ਅਨੁਸਾਰ ਪੁਨਰ ਸੰਕਲਿਤ ਕਰ ਦਿੱਤਾ। ਇਸ ਤੇ ਸਿੱਖ ਸੰਗਤ ਨਾਰਾਜ਼ ਹੋ ਗਈ ਅਤੇ ਭਾਈ ਸਾਹਿਬ ਨੂੰ ਅੰਗ ਅੰਗ ਜੁਦੇ ਹੋਣ ਦਾ ਸਰਾਪ ਦਿੱਤਾ। ਇਸ ਗੱਲ ਦਾ ਸਭ ਤੋਂ ਪੁਰਾਣਾ ਹਵਾਲਾ ਭਾਈ ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮੇ ਵਿਚ ਮਿਲਦਾ ਹੈ। ਉਸ ਅਨੁਸਾਰ :

ਇਤਨੀ ਵਧੀਕ ਉਸ ਪਾਸੋਂ ਗਲ ਸੀ ਹੋਈ।
ਜੋ ਭਗਤ ਬਾਣੀ ਜੁਦਾ ਕਰ ਲਿਖੀ ਸੀ ਹੋਈ। 377।
ਨਾਲ ਦੂਜਾ ਆਦਿ ਗ੍ਰੰਥ ਸੀ ਰਲਾਇਆ।
ਤਿਸ ਵਿਚੋਂ ਭਗਤ ਬਾਣੀ ਜੁਦਾ ਕਰ ਲਿਖਾਇਆ।
ਦੋਹਾਂ ਗ੍ਰੰਥਾਂ ਦੀ ਬੀੜ ਇਕ ਕਰ ਬੰਧਵਾਈ।
ਉਹ ਗ੍ਰੰਥ ਕਿਸੇ ਸਿਖ ਗਰੀਬ ਡਿਠਾ ਜਾਈ। 378।
ਦੇਖ ਕੇ ਸਿਖ ਐਸੇ ਬਚਨ ਕਰ ਕਹਿਆ।
ਭਾਈ ਸਿਖਾ ਤੁਧ ਭਗਤ ਜੁਦੇ ਕਿਉਂ ਕਰ ਧਰਿਆ।
ਤੁਧ ਬਧੀ ਮ੍ਰਿਯਾਦਾ ਗੁਰੂ ਕੀ ਕੀਤੀ ਹੈ ਤ੍ਰੋੜੀ।
ਤੇਰੇ ਅੰਗ ਅੰਗ ਜੁਦਾ ਕੀਤੇ ਚਾਹੀਅਨ ਫੋੜੀ। 379।
ਤਬ ਭਾਈ ਮਨੀ ਸਿੰਘ ਜੀ ਹੁਰਾਂ ਐਸੇ ਸਿਖ ਨੂੰ ਕਹਿਆ।
ਸਿਖੀ ਬਧ ਭਗਤ ਹੈਨ ਗੁਰੂ ਕੇ ਨਫ਼ਰ ਸਮਾਨ ਬੈਠੇ ਚਹਿਆ।
ਤਬ ਸਿਖ ਨੇ ਐਸੇ ਬਚਨ ਹੈ ਕੀਤਾ।
ਜੋ ਖਾਵੰਦ ਨਫਰ ਨੂੰ ਚੁਕ ਕੁਛੜ ਲੀਤਾ। 380।
ਅਤੇ ਵਧਾਇਆ ਆਪਨੇ ਪਾਸ ਬੈਠਾਇਆ।
ਤਾਂ ਤੂੰ ਖਾਵੰਦ ਹੈ ਨਫਰ ਪਾਸੋਂ ਦੇਸੋਂ ਉਠਾਇਆ।
ਭਾਈ ਸਾਹਿਬ ਮਨੀ ਸਿੰਘ ਜੀ ਚੁਪ ਕਰ ਗਏ।
ਕਹੇ ਜੀ ਬਚਨ ਤੁਸਾਡੇ ਅੰਗ ਮੇਰੇ ਜੁਦਾ ਜੁਦਾ ਹੋਏ ਰਹੇ। 381।
ਸਿਖੀ ਬਖਸ਼ੋ ਸਵਾਸਾਂ ਨਾਲ ਨਿਭੇ ਮੇਰੀ।
ਸਿਖ ਬਚਨ ਕੀਤਾ ਸਿਖੀ ਅਚਲ ਹੈ ਤੇਰੀ।
ਸੋ ਸਿਖ ਦੇ ਬਚਨ ਕਰ ਅੰਗ ਅੰਗ ਉਨ੍ਹਾਂ ਦੇ ਜੁਦਾ ਹੋਏ।
ਵਿਚ ਲਹੌਰ ਪਕੜੇ ਆਏ ਜਾਨਤ ਹੈ ਸਭ ਕੋਇ। 382।

(ਚਰਣ 10)

ਇਸ ਤੋਂ ਬਾਦ ਕਿਤੇ ਕਿਤੇ ਇਤਿਹਾਸ ਗ੍ਰੰਥਾਂ ਵਿਚ ਅਜਿਹੇ ਸਰਾਪ ਦਾ ਉਲੇਖ ਹੈ। ਮੇਰੇ ਵਿਚਾਰ ਅਨੁਸਾਰ ਇਹ ਸਾਰੀ ਗੱਲ ਦੰਦ-ਕਥਾ ਜਿਹੀ ਪ੍ਰਤੀਤ ਹੁੰਦੀ ਹੈ। ਇਸੇ ਲਈ ਹੋ ਸਕਦਾ ਹੈ ਕਿ ਕਵੀ ਸੇਵਾ ਸਿੰਘ ਨੇ ਇਸ ਵਲ ਸੰਕੇਤ ਨਾ ਕੀਤਾ ਹੋਵੇ। ਨਾਲੇ, ਬੀੜਾਂ ਦੇ ਲਿਖਣ ਲਿਖਾਣ ਦੀ ਉਸ ਨੇ ਆਪਣੀ ਰਚਨਾ ਵਿਚ ਕੋਈ ਗੱਲ ਨਹੀਂ ਤੋਰੀ, ਇਸ ਲਈ ਇਸ ਸਰਾਪ ਦਾ ਉਲੇਖ ਕਰਨਾ ਅਸੰਗਤ ਪ੍ਰਤੀਤ ਹੋਣ ਕਾਰਨ ਸ਼ਾਇਦ ਉਸ ਦੁਆਰਾ ਨਾ ਕੀਤਾ ਗਿਆ ਹੋਵੇ।

ਵਿਭਿੰਨ ਭਾਈ ਮਨੀ ਸਿੰਘਾਂ ਦਾ ਨਿਖੇੜਾ : ਅੰਤ ਤੇ ਭਾਈ ਮਨੀ ਸਿੰਘ ਬਾਰੇ ਪੈ

ਚੁੱਕੇ ਇਕ ਹੋਰ ਭੁਲੇਖੇ ਦਾ ਨਿਵਾਰਣ ਕਰ ਦੇਣਾ ਵੀ ਉਚਿਤ ਹੋਵੇਗਾ। ਉਹ ਭੁਲੇਖਾ ਇਕ ਤੋਂ ਵੱਧ ਵੱਖ ਵੱਖ ਵਿਸ਼ਿਸ਼ਟਤਾਵਾਂ ਵਾਲੇ ਚਾਰ ਭਾਈ ਮਨੀ ਸਿੰਘਾਂ ਦਾ ਸਿੱਖ ਇਤਿਹਾਸ ਵਿਚ ਉਲੇਖ ਹੈ।

(1) **ਭਾਈ ਮਨੀ ਸਿੰਘ ਕੰਬੋ** : ਭਾਈ ਮਨੀ ਸਿੰਘ ਨੂੰ ਕੰਬੋਹ ਜਾਤ ਦਾ ਮੰਨਣ ਵਾਲਾ ਭਾਈ ਕੇਸਰ ਸਿੰਘ ਛਿੱਬਰ ਹੈ, ਜਿਸ ਨੇ ਆਪਣੀ ਰਚਨਾ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਦੇ ਤੇਰ੍ਹਵੇਂ ਚਰਣ ਵਿਚ ਲਿਖਿਆ ਹੈ—

ਤਬ ਭਾਈ **ਮਨੀ ਸਿੰਘ ਜਾਤੀ ਕੰਬੋਹ** ਕਹੀਏ।
ਸੋ ਆਇ ਮਿਲ ਜਿਨ ਕੇ ਸਮ ਸਿੱਖ ਕੋਈ ਐਸਾ ਗੁਰੂ ਕਾ ਨਹੀਏ।

ਕੇਸਰ ਸਿੰਘ ਛਿੱਬਰ ਦੇ ਕਥਨ ਨੂੰ, ਕਿ ਭਾਈ ਮਨੀ ਸਿੰਘ ਕੰਬੋਹ ਸਨ, ਗਿਆਨੀ ਗਰਜਾ ਸਿੰਘ ਨੇ 'ਸ਼ਹੀਦ ਬਿਲਾਸ' ਦੀ ਭੂਮਿਕਾ ਵਿਚ ਨਿਰਾਧਾਰ ਠਹਿਰਾਇਆ ਹੈ।[24] ਉਂਜ ਵੀ ਛਿੱਬਰ ਦਾ ਇਹ ਬੰਸਾਵਲੀਨਾਮਾ ਤੱਥਾਂ ਦੀ ਦ੍ਰਿਸ਼ਟੀ ਤੋਂ ਸੰਦਿਗਧ ਹੈ ਕਿਉਂਕਿ ਇਸ ਦੇ ਚਿੱਤਰੇ ਤੱਥਾਂ ਅਤੇ ਸੰਮਤਾਂ ਦਾ ਮੇਲ ਹੋਰਨਾਂ ਪ੍ਰਮਾਣਿਕ ਇਤਿਹਾਸਕ ਰਚਨਾਵਾਂ ਨਾਲ ਨਹੀਂ ਬਹਿੰਦਾ। ਉਸ ਨੇ ਇਸ ਬੰਸਾਵਲੀਨਾਮੇ ਦੀ ਸਾਮਗ੍ਰੀ ਦੇ ਸਰੋਤਾਂ ਵਲ ਸੰਕੇਤ ਕਰਦਿਆਂ ਲਿਖਿਆ ਹੈ :

(i) ਸੁਨੀ ਸੁਨਾਈ ਸੋਧ ਕੇ ਜੋੜਿ ਰਹੀ ਹੈ ਯਾਦ। (ਚਰਣ 1/6)
(ii) ਸੋਢੀਆਂ ਵੇਦੀਆਂ ਕੇ ਵਾਰਤਾ ਹੈ ਸਭੋ ਕਹੀ।
ਜਿਤਨੀ ਕੁ ਕਛੁਹ ਬਾਲਕ ਅਵਸਥਾ ਤੇ ਸੁਨੀ ਅਹੀ। (1/107)
(iii) ਹੋਰੁ ਸੰਗਤਿ ਵਡਿਆ ਗੁਰਮੁਖਾਂ ਦੀ ਕੀਤੀ ਤਿਨਾ ਪਾਸੋ ਭੀ ਸੁਣਿਆ। (14/625)

ਇਸ ਤਰ੍ਹਾਂ ਬੰਸਾਵਲੀਨਾਮੇ ਵਿਚਲਾ ਸਾਰਾ ਵਿਵਰਣ ਸੁਣੀਆਂ ਸੁਣਾਈਆਂ ਗੱਲਾਂ ਤੇ ਆਧਾਰਿਤ ਹੈ। ਭਾਈ ਮਨੀ ਸਿੰਘ ਦੀ 1791 ਬਿ. (1734 ਈ.) ਵਿਚ ਹੋਈ ਸ਼ਹੀਦੀ ਦਾ ਹਾਲ ਲਿਖਦਿਆਂ ਛਿੱਬਰ ਆਪਣੇ ਆਪ ਨੂੰ ਨਿੱਕਾ ਜਿਹਾ ਲਿਖਦਾ ਹੈ ਅਤੇ ਜਦ ਉਹ ਬੰਸਾਵਲੀਨਾਮੇ ਦੀ ਰਚਨਾ (1826 ਬਿ.—1769 ਈ.) ਕਰਦਾ ਹੈ, ਤਾਂ ਉਸ ਵੇਲੇ ਉਸ ਦੀ ਅਵਸਥਾ ਸਤ੍ਰਿਆਂ-ਬਹਤ੍ਰਿਆਂ ਵਾਲੀ ਸੀ। ਉਸ ਦੇ ਆਪਣੇ ਕਥਨ ਅਨੁਸਾਰ :

ਬਿਰਦ ਅਵਸਥਾ ਦਿਸੇ ਮਠਾ ਅਠਾ ਸਠਾ ਕਹਿ ਲਿਤਾ।
ਸਾਰੀ ਹਕੀਕਤ ਲਿਖ ਨ ਹੋਈ ਕੁਛ ਥੋੜਾ ਜੇਹਾ ਕਿਤਾ। (14/645)

ਅਟੇ ਸਟੇ ਤੇ ਆਧਾਰਿਤ ਵਿਵਰਣ ਇਤਿਹਾਸਿਕ ਦ੍ਰਿਸ਼ਟੀ ਤੋਂ ਭਰੋਸੇਯੋਗ ਨਹੀਂ ਕਿਹਾ ਜਾ ਸਕਦਾ। ਨਾਲੇ ਛਿੱਬਰ ਨੇ ਭਾਈ ਮਨੀ ਸਿੰਘ ਦੇ ਦਰਬਾਰ ਸਾਹਿਬ ਦੇ ਗ੍ਰੰਥੀ ਹੋਣ ਵਾਲੀ ਅਤੇ ਦੀਵਾਲੀ ਦੇ ਮੇਲੇ ਦਾ ਕਰ ਨਾ ਦੇ ਸਕਣ ਵਾਲੀ ਗੱਲ ਵਲ ਕਿਤੇ ਸੰਕੇਤ ਤਕ ਨਹੀਂ ਕੀਤਾ। ਫਲਸਰੂਪ ਅਜਿਹੇ ਬੇਤੁਕੇ ਤੱਥਾਂ ਨੂੰ ਇਤਿਹਾਸਿਕ ਨਿਰਣਿਆਂ ਲਈ ਆਧਾਰ ਬਣਾਉਣਾ ਉਚਿਤ ਨਹੀਂ ਹੈ।

24. ਪੰਨੇ 8-12

(2) **ਭਾਈ ਮਨੀ ਸਿੰਘ ਕਾਨ੍ਹੇ ਕਾਛੇ ਵਾਲੇ :** ਭਾਈ ਮਨੀ ਸਿੰਘ ਨੂੰ ਕਾਨ੍ਹੇ ਕਾਛੇ ਦਾ ਨਿਵਾਸੀ ਮੰਨਣ ਵਾਲਾ ਭਾਈ ਵੀਰ ਸਿੰਘ ਬਲ ਹੈ ਜਿਸ ਨੇ 1884 (1827 ਈ.) ਵਿਚ 'ਸਿੰਘ ਸਾਗਰ' ਨਾਂ ਦੀ ਰਚਨਾ ਕੀਤੀ :

ਲੌ ਕੁਸ ਪੁਰ ਕੇ ਅੰਤ੍ਰੇ ਕਾਨ੍ਹਾ ਕਾਛਾ ਗਿਰਾਉਂ ।
ਤਹਿ ਪੁਰ ਜਿਹ ਭੱਟ ਭਵ ਲਯੋ ਮਨੀ ਸਿੰਘ ਤਿਹ ਨਾਉਂ । 57 । (ਅਧਿ. 11)

ਗਿਆਨੀ ਗਰਜਾ ਸਿੰਘ ਦੀ ਸਥਾਪਨਾ ਹੈ ਕਿ ਭਾਈ ਵੀਰ ਸਿੰਘ ਬਲ ਦਾ ਕਥਨ ਕਿ ਭਾਈ ਮਨੀ ਸਿੰਘ ਨੇ ਕਾਨ੍ਹੇ ਕਾਛੇ ਜਨਮ ਲਿਆ, ਦਰੁਸਤ ਨਹੀਂ ਹੈ । ਅਸਲ ਗੱਲ ਇਹ ਹੈ ਕਿ ਮਨੀ ਸਿੰਘ ਮੁਲਤਾਨੀ ਦੇ ਦੂਜੇ ਤੇ ਤੀਜੇ ਪੁੱਤਰਾਂ (ਬਚਿਤ੍ਰ ਸਿੰਘ, ਉਦੈ ਸਿੰਘ) ਦੀ ਬੰਸ ਕਾਛੇ ਪਿੰਡ ਤੇ ਮਰਲ ਭੈਣੀ ਆਦਿ ਨਗਰਾਂ ਵਿਚ ਆ ਕੇ ਆਬਾਦ ਹੋ ਗਈ ਸੀ । ਭਾਈ ਮਨੀ ਸਿੰਘ ਦੇ ਖਾਨਦਾਨ ਦੇ ਇਸ ਇਲਾਕੇ ਵਿਚ ਆ ਕੇ ਵਸਣ ਦੇ ਕਾਰਣ ਇਹ ਭੁਲੇਖਾ ਟੁਰ ਪਿਆ ਪ੍ਰਤੀਤ ਹੁੰਦਾ ਹੈ ।[25]

(3) **ਭਾਈ ਮਨੀ ਸਿੰਘ ਦੁਲੱਟ ਜੱਟ :** ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਵਿਚ ਭਾਈ ਮਨੀ ਸਿੰਘ ਨੂੰ ਦੁਲੱਟ ਜੱਟ ਲਿਖਿਆ ਹੈ । ਇਸ ਬਾਰੇ ਗਿਆਨੀ ਗਰਜਾ ਸਿੰਘ ਨੇ ਨਿਰਵਿਵਾਦ ਰੂਪ ਵਿਚ ਸਿੱਧ ਕੀਤਾ ਹੈ ਕਿ ਭਾਈ ਸਿੰਘ ਦੁਲੱਟ ਜੱਟ ਨਹੀਂ ਸਨ ।[26] ਅਸਲ ਵਿਚ, ਗਿਆਨੀ ਗਿਆਨ ਸਿੰਘ ਆਪ ਦੁੱਲਟ ਜੱਟ ਸੀ ਅਤੇ ਭਾਈ ਮਨੀ ਸਿੰਘ ਦੇ ਚਾਰਿਤ੍ਰਿਕ ਅਤੇ ਧਾਰਮਿਕ ਮਹੱਤਵ ਨੂੰ ਵੇਖਦਿਆਂ ਉਨ੍ਹਾਂ ਨੂੰ ਕੇਵਲ ਦੁਲੱਟ ਜੱਟ ਹੀ ਨਹੀਂ ਬਣਾਇਆ, ਸਗੋਂ ਉਨ੍ਹਾਂ ਨੂੰ ਆਪਣੇ ਵੱਡੇ ਵਡੇਰਿਆਂ ਵਿਚੋਂ ਮੰਨਿਆ । ਪਰ ਗਿਆਨੀ ਗਰਜਾ ਸਿੰਘ ਨੇ ਕੁਰੂਕਸ਼ੇਤਰ ਦੀ ਪੰਡਾ ਵਹੀ ਦੇ ਆਧਾਰ ਤੇ ਤੱਥਕ ਹਵਾਲੇ ਦੇ ਕੇ ਭਾਈ ਮਨੀ ਸਿੰਘ ਦਾ ਸੰਬੰਧ ਨਾ ਲੌਂਗੋਵਾਲ (ਕੈਂਬੋਂਵਾਲ) ਨਾਲ ਜੁੜਦਾ ਦਸਿਆ ਹੈ ਅਤੇ ਨਾ ਹੀ ਗਿਆਨੀ ਗਿਆਨ ਸਿੰਘ ਦੇ ਪਰਿਵਾਰ ਦੇ ਦੁੱਲਟ ਜੱਟਾਂ ਦੀ ਕੁਲ ਪਰੰਪਰਾ ਵਿਚ ਇਨ੍ਹਾਂ ਦਾ ਨਾਂ ਕਿਤੇ ਲਿਖਿਆ ਮਿਲਿਆ ਹੈ । ਗਿਆਨੀ ਗਿਆਨ ਸਿੰਘ ਨੇ ਭਾਈ ਮਨੀ ਸਿੰਘ ਨੂੰ ਨਿਰਮਲਾ ਸਾਧੂ ਵੀ ਦਸਿਆ ਹੈ, ਪਰ ਇਹ ਗੱਲ ਵੀ ਨਿਰਾਧਾਰ ਹੈ । ਅਸਲੋਂ, ਉਸ ਦੇ ਆਪ ਨਿਰਮਲ ਭੇਖ ਨਾਲ ਸੰਬੰਧਿਤ ਹੋਣ ਕਾਰਣ ਉਸ ਨੇ ਭਾਈ ਮਨੀ ਸਿੰਘ ਨੂੰ ਵੀ ਨਿਰਮਲਾ ਸਾਧ ਬਣਾ ਦਿੱਤਾ । ਇਸ ਤੋਂ ਇਲਾਵਾ 'ਪੰਥ ਪ੍ਰਕਾਸ਼' ਦੇ ਵੱਖਰੇ ਵੱਖਰੇ ਸੰਸਕਰਣਾਂ ਵਿਚ ਗਿਆਨੀ ਗਿਆਨ ਸਿੰਘ ਆਪਣਾ ਕਥਨ ਬਦਲਦਾ ਵੀ ਰਿਹਾ ਹੈ ਅਤੇ ਜਦੋਂ ਉਸ ਨੂੰ ਕੋਈ ਸਹੀ ਸੇਧ ਨਾ ਮਿਲ ਸਕੀ ਤਾਂ ਉਸ ਨੇ ਦੋ ਮਨੀ ਸਿੰਘਾਂ ਦੀ ਕਲਪਨਾ ਕਰ ਮਾਰੀ :

ਮਨੀ ਸਿੰਘ ਭੀਂ ਦੋਇ ਭਏ ਹੈਂ ।
ਬਹੁ ਨਿਰਨੇ ਕਰ ਜਾਨ ਲਏ ਹੈਂ ।
ਇਕ ਮਨੀ ਸਿੰਘ ਜਾਤ ਕਮੋਇ ।
ਸਾਕਨ ਮਨੀਕਰਣ ਭਾ ਸੋਇ । 32 ।

---

25. 'ਸ਼ਹੀਦ ਬਿਲਾਸ', ਪੰਨੇ 16-17
26. ਉਹੀ, ਪੰਨੇ 12-16

ਅੰਮ੍ਰਿਤਸਰ ਮੇਂ ਔਰ ਲਾਹੌਰ ।
ਹੈ ਸੰਤਤਿ ਤਾਂ ਕੀ ਜੁਗ ਠੌਰ ।
ਵਸਤੀ ਰਾਮ ਢਾਬ ਕੇ ਤੀਰੇ ।
ਹਮ ਨਿਜ ਨੈਨਨ ਪਿਖੀ ਪਜੀਰੇ । 33 ।
ਦੂਸਰ ਭਯੋ ਮਨੀ ਸਿੰਘ ਜਾਟ ।
ਰਚੀ ਸਾਖੀਆਂ ਜਿਨ ਬਹੁ ਠਾਟ ।
ਰਾਖਯੋ ਸਿਦਕ ਕਟਾਯੋ ਅੰਗ ।
ਜਗ ਮੈਂ ਜਸ ਪਾ ਗਯੋ ਅਭੰਗ ।

ਇਸ ਤਰ੍ਹਾਂ ਗਿਆਨੀ ਗਿਆਨ ਸਿੰਘ ਦਾ ਵਿਵਰਣ 'ਆਖ ਦਮੋਦਰ ਮੈਂ ਅਖੀਂ ਡਿੱਠਾ' ਵਾਲੀ ਸਰਣੀ ਤੇ ਬੜਾ ਸੰਦਿਗਧ ਹੈ । ਇਸ ਲਈ ਭਾਈ ਮਨੀ ਸਿੰਘ ਦੁਲੱਟ ਜੱਟ ਸਿੱਧ ਨਹੀਂ ਹੁੰਦੇ ।

ਇਨ੍ਹਾਂ ਵੱਖ ਵੱਖ ਅਤੇ ਪਰਸਪਰ ਵਿਰੋਧੀ ਤੱਥਾਂ ਦੀ ਉਪਲਬਧੀ ਕਾਰਣ ਭਾਈ ਕਾਨ੍ਹ ਸਿੰਘ ਨੇ 'ਮਹਾਨ ਕੋਸ਼' ਵਿਚ ਭਾਈ ਮਨੀ ਸਿੰਘ ਨੂੰ ਦੁਲੱਟ ਜੱਟ ਲਿਖਿਆ, ਪਰ ਪੈਰ-ਟਿੱਪਣੀਆਂ ਵਿਚ ਆਪਣਾ ਸੰਦੇਹ ਵੀ ਪ੍ਰਗਟ ਕੀਤਾ । ਇਸ ਅੰਦਰਾਜ ਅਧੀਨ ਅਧਿਕਾਂਸ਼ ਤੱਥ ਭਾਈ ਮਨੀ ਸਿੰਘ ਮੁਲਤਾਨੀ ਬਾਰੇ ਦਿੱਤੇ ਗਏ ਹਨ । ਪਰ ਨਾਲ ਹੀ 'ਮਨੀ ਰਾਮ' ਅਲੀਪੁਰ (ਮੁਲਤਾਨ) ਵਾਲੇ ਬਾਰੇ ਵੀ ਅੰਦਰਾਜ ਦਿੱਤਾ ਗਿਆ ਹੈ ਜਿਸ ਨੇ ਆਪਣੇ ਪੰਜ ਪੁੱਤਰ ਗੁਰੂ ਗੋਬਿੰਦ ਸਿੰਘ ਦੇ ਅਰਪਣ ਕੀਤੇ । ਅਸਲੋਂ, ਇਹੀ 'ਮਨੀ ਰਾਮ' (ਮਨੀਆ) ਅੰਮ੍ਰਿਤ-ਪਾਨ ਕਰਨ ਉਪਰੰਤ ਭਾਈ ਮਨੀ ਸਿੰਘ ਬਣੇ ਅਤੇ ਯੁੱਧ-ਵੀਰਤਾ ਦੇ ਕਾਰਨਾਮਿਆਂ ਤੋਂ ਇਲਾਵਾ ਇਹ ਇਕ ਵਿਦਵਾਨ ਧਰਮ ਪ੍ਰਚਾਰਕ ਵੀ ਸਨ, ਜਿਨ੍ਹਾਂ ਨੇ ਸੰਕਟ ਕਾਲ ਵਿਚ ਸਿੱਖਾਂ ਨੂੰ ਕਥਾ-ਵਾਰਤਾ ਸੁਣਾ ਕੇ ਗੁਰਮਤਿ ਦਾ ਉਪਦੇਸ਼ ਦਿੱਤਾ ਅਤੇ ਅੰਤ ਸ਼ਹੀਦੀ ਪ੍ਰਾਪਤ ਕੀਤੀ ।

ਸਾਰਾਂਸ਼ ਇਹ ਕਿ ਉਪਰੋਕਤ ਤਿੰਨ ਭਾਈ ਮਨੀ ਸਿੰਘਾਂ ਦੀ ਕਲਪਨਾ ਇਤਿਹਾਸ-ਕਾਰਾਂ ਦੀ ਅਲਪ ਸੂਚਨਾ ਤੇ ਆਧਾਰਿਤ ਸਾਮਗ੍ਰੀ ਦਾ ਫਲ ਹੈ । ਵਾਸਤਵ ਵਿਚ, ਭਾਈ ਮਨੀ ਸਿੰਘ ਇਕੋ ਵਿਅਕਤੀ ਸਨ ਜਿਨ੍ਹਾਂ ਦਾ ਜੀਵਨ-ਬ੍ਰਿਤਾਂਤ ਕਵੀ ਸੇਵਾ ਸਿੰਘ ਨੇ 'ਸ਼ਹੀਦ ਬਿਲਾਸ' ਵਿਚ ਬੜੀ ਨੀਝ ਅਤੇ ਰੁਚੀ ਨਾਲ ਚਿੱਤਰਿਆ ਹੈ ਅਤੇ ਜਿਸ ਦੀ ਪੁਸ਼ਟੀ ਭੱਟ-ਵਹੀਆਂ ਅਤੇ ਹੋਰ ਪੁਰਾਤਨ ਸਾਮਗ੍ਰੀ ਤੋਂ ਹੋ ਜਾਂਦੀ ਹੈ ।

ਪ੍ਰਕਰਣ 2

ਸਾਹਿੱਤ-ਰਚਨਾ

ਭਾਈ ਮਨੀ ਸਿੰਘ ਨਾ ਕੇਵਲ ਅਦੁੱਤੀ ਸ਼ਹੀਦ ਸਨ, ਸਗੋਂ ਗੁਰਮਤਿ ਦੇ ਪ੍ਰਸਿੱਧ ਵਿਆਖਿਆਕਾਰ ਅਤੇ ਕਥਾਕਾਰ ਵੀ ਸਨ । ਉਨ੍ਹਾਂ ਨੇ 35 ਵਰ੍ਹਿਆਂ ਦੀ ਉਮਰ ਵਿਚ ਹੀ ਪੋਥੀਆਂ ਲਿਖਣ ਲਿਖਾਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ :

ਆਯੂ ਪੈਂਤੀ ਬਰਖ ਕੀ, ਮਨੀ ਸਿੰਘ ਕੀ ਆਹਿ ।
ਲਿਖੇ ਲਿਖਾਏ ਪੋਥੀਆਂ, ਮਨ ਮਹਿ ਬਹੁ ਉਤਸਾਹਿ । 40 ।[1]

ਇਸ ਤੋਂ ਇਲਾਵਾ ਗੁਰੂ-ਧਾਮਾਂ ਅਤੇ ਕਥਾ-ਵਾਰਤਾ ਦੁਆਰਾ ਉਹ ਜਿਗਿਆਸੂਆਂ ਦੀਆਂ ਸ਼ੰਕਾਵਾਂ ਦੀ ਨਿਵ੍ਰਿੱਤੀ ਕਰਦੇ ਹੋਇਆਂ, ਗੁਰਮਤਿ ਵਿਚ ਉਨ੍ਹਾਂ ਦਾ ਵਿਸ਼ਵਾਸ ਦ੍ਰਿੜ੍ਹ ਕਰਦੇ ਕਰਾਂਦੇ ਸਨ ਅਤੇ ਸਿੱਖ ਧਰਮ ਦੇ ਸਿੱਧਾਂਤਾਂ ਦੀ ਉੱਚਤਾ ਦਾ ਪ੍ਰਤਿਪਾਦਨ ਕਰਦੇ ਸਨ । ਭਾਵੇਂ ਉਨ੍ਹਾਂ ਦੇ ਨਾਂ ਤੇ ਸਿੱਧੇ ਤੌਰ ਤੇ ਕੋਈ ਸਾਹਿੱਤ-ਰਚਨਾ ਉਪਲਬਧ ਨਹੀਂ, ਪਰ ਬਹੁਤ ਸਾਰੀਆਂ ਰਚਨਾਵਾਂ ਉਨ੍ਹਾਂ ਦੇ ਨਾਂ ਤੇ ਪ੍ਰਚਲਿਤ ਹਨ । ਮਹਾਨ ਵਿਅਕਤੀਆਂ ਦੇ ਨਾਂ ਤੇ ਸਾਹਿਤਿਕ ਰਚਨਾਵਾਂ ਪ੍ਰਚਲਿਤ ਕਰਨ ਦੀ ਪ੍ਰਵ੍ਰਿੱਤੀ ਲਗਭਗ ਸਾਰੀਆਂ ਭਾਸ਼ਾਵਾਂ ਦੇ ਸਾਹਿੱਤ ਵਿਚ ਵੇਖੀ ਜਾ ਸਕਦੀ ਹੈ । ਅਜਿਹੇ ਸੰਕੇਤਾਂ ਨਾਲ ਕਿਸੇ ਰਚਨਾ ਦੀ ਪ੍ਰਮਾਣਿਕਤਾ ਸੰਦਿਗਧ ਹੋ ਜਾਂਦੀ ਹੈ । ਮਹਾਨ ਵਿਅਕਤੀਆਂ ਦੇ ਨਾਂ ਤੇ ਰਚਨਾਵਾਂ ਨੂੰ ਪ੍ਰਚਲਿਤ ਕਰਨ ਦੇ ਕਈ ਕਾਰਣ ਹਨ । ਪਹਿਲਾ ਇਹ ਕਿ ਪ੍ਰਾਚੀਨ ਸਾਹਿੱਤਕਾਰ ਇਤਨੇ ਸੰਕੋਚਸ਼ੀਲ ਸਨ ਕਿ ਲੇਖਕ ਰੂਪ ਵਿਚ ਉਹ ਆਪਣਾ ਨਾਂ ਦੇਣਾ ਹੀ ਪਸੰਦ ਨਹੀਂ ਕਰਦੇ ਸਨ, ਜਿਸ ਕਰਕੇ ਅਜਿਹੀਆਂ ਰਚਨਾਵਾਂ ਦਾ ਕਰਤ੍ਰਿਤਵ ਸੰਦਿਗਧ ਹੋ ਗਿਆ ਹੈ । ਦੂਜਾ, ਪ੍ਰਾਚੀਨ ਸ਼ਬਦ-ਸਾਧਕ ਅਨੰਨ੍ਯ ਭਗਤੀ ਅਤੇ ਅਡਿਗ ਸ਼ਰਧਾ ਕਾਰਣ ਆਪਣਾ ਰਚਿਆ ਸਾਹਿੱਤ ਆਪਣੇ ਇਸ਼ਟ ਗੁਰੂ, ਵਿਦਿਆ ਗੁਰੂ ਜਾਂ ਪੂਜ੍ਯ ਵਿਅਕਤੀ ਨੂੰ ਅਰਪਿਤ ਕਰ ਦਿੰਦੇ ਸਨ ਜਾਂ ਉਸ ਦੇ ਨਾਂ ਤੇ ਪ੍ਰਸਿੱਧ ਕਰ ਦਿੰਦੇ ਸਨ । ਇਸ ਕਰਕੇ ਬਹੁਤ ਸਾਰੇ ਅਗਿਆਤ ਲੇਖਕਾਂ ਦੀਆਂ ਰਚਨਾਵਾਂ ਉਨ੍ਹਾਂ ਦੇ ਪੰਥ ਪ੍ਰਦਰਸ਼ਕਾਂ ਜਾਂ ਮੁੱਖੀਆਂ ਦੇ ਨਾਮ ਤੇ ਪ੍ਰਸਿੱਧ ਹਨ । ਤੀਜਾ, ਕੁਝ ਵਿਕ੍ਰਿਤ ਰੁਚੀਆਂ ਵਾਲੇ ਸਾਹਿੱਤਕਾਰ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਪ੍ਰਸਿੱਧ ਅਤੇ ਪ੍ਰਤਿਸ਼ਠਿਤ ਵਿਅਕਤੀਆਂ ਉਤੇ ਆਰੋਪਿਤ ਕਰਨ ਲਈ ਉਨ੍ਹਾਂ ਦੇ ਨਾਂ ਉਤੇ ਆਪਣੀਆਂ ਲਿਖੀਆਂ ਰਚਨਾਵਾਂ ਪ੍ਰਚਲਿਤ ਕਰ ਦਿੰਦੇ ਸਨ, ਜਾਂ ਉਨ੍ਹਾਂ ਦੇ ਵਿਚਾਰਾਂ ਨੂੰ ਆਪਣੀ ਰੁਚੀ ਅਨੁਸਾਰ ਦੂਸ਼ਿਤ ਕਰਨ ਲਈ ਉਨ੍ਹਾਂ ਦੇ ਨਾਂ ਉਤੇ ਸਾਹਿੱਤ ਦੀ ਰਚਨਾ ਕਰਦੇ ਸਨ । ਭਾਈ ਮਨੀ ਸਿੰਘ ਦੇ ਨਾਂ ਤੇ ਜੋ ਰਚਨਾਵਾਂ ਪ੍ਰਚਲਿਤ ਹਨ, ਉਨ੍ਹਾਂ ਵਿਚੋਂ ਹੋ ਸਕਦਾ ਹੈ, ਕੁਝ ਸੀਮਾ ਤਕ ਉਹ ਖ਼ੁਦ ਉਨ੍ਹਾਂ ਦੇ ਰਚੈਤਾ ਹੋਣ, ਪਰ ਅਧਿਕਤਰ ਉਨ੍ਹਾਂ ਦੇ ਨਾਂ ਤੇ

1. ਸੇਵਾ ਸਿੰਘ ਕਵੀ : 'ਸ਼ਹੀਦ ਬਿਲਾਸ', ਪੰਨਾ 60

ਸਾਹਿੱਤ ਦਾ ਪ੍ਰਚਲਨ ਉਪਰੋਕਤ ਦੂਜੇ ਅਤੇ ਤੀਜੇ ਕਾਰਣਾਂ ਕਰ ਕੇ ਹੋਇਆ ।

ਭਾਈ ਸਾਹਿਬ ਦੇ ਨਾਂ ਤੇ ਪ੍ਰਚਲਿਤ ਸਾਹਿੱਤ-ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

(1) ਗਿਆਨ ਰਤਨਾਵਲੀ (ਜਨਮਸਾਖੀ),
(2) ਭਗਤ ਰਤਨਾਵਲੀ (ਸਿੱਖਾਂ ਦੀ ਭਗਤ-ਮਾਲਾ),
(3) ਗੁਰਬਿਲਾਸ ਪਾ. ੬,
(4) ਉਥਾਨਿਕਾਵਾਂ,
(5) ਬੀੜਾਂ, ਅਤੇ
(6) ਇਕ ਚਿੱਠੀ ।

(1) ਗਿਆਨ ਰਤਨਾਵਲੀ (ਜਨਮਸਾਖੀ)

ਕਰਤ੍ਰਿਤਵ : ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਇਹ ਜਨਮਸਾਖੀ ਨਾ ਕੇਵਲ ਅਠਾਰ੍ਹਵੀਂ ਸਦੀ ਦੇ ਪੂਰਵਾਰਧ ਦੀ ਇਕ ਮਹੱਤਵਪੂਰਣ ਰਚਨਾ ਹੈ, ਸਗੋਂ ਵਾਰਤਕ ਵਿਚ ਲਿਖੀਆਂ ਜਨਮਸਾਖੀਆਂ ਦੀ ਪਰੰਪਰਾ ਦੀ ਅੰਤਿਮ ਕੜੀ ਹੈ। ਸ਼ੁਰੂ ਤੋਂ ਹੀ ਇਸ ਦੇ ਕਰਤ੍ਰਿਤਵ ਅਤੇ ਰਚਨਾ–ਕਾਲ ਬਾਰੇ ਬੜਾ ਵਿਵਾਦ ਰਿਹਾ ਹੈ । ਇਸ ਲਈ ਇਹ ਇਕ ਸੰਦਿਗਧ ਰਚਨਾ ਹੈ । ਇਸ ਦੀਆਂ ਅਨੇਕ ਪੁਰਾਣੀਆਂ ਹੱਥ–ਲਿਖਿਤ ਪੋਥੀਆਂ ਮਿਲ ਜਾਂਦੀਆਂ ਹਨ ਅਤੇ ਲਾਹੌਰ ਤੋਂ 1890 ਈ. (1947 ਬਿ.) ਵਿਚ ਚਿਰਾਗਦੀਨ ਸਿਰਾਜ-ਦੀਨ ਅਤੇ 1892 ਈ. ਵਿਚ ਮਿਹਰਚੰਦ ਲਛਮਣਦਾਸ ਦੁਆਰਾ ਦੋ ਪ੍ਰਕਾਸ਼ਿਤ ਸੰਸਕਰਣ ਵੀ ਉਪਲਬਧ ਹਨ, ਪਰ ਇਨ੍ਹਾਂ ਦੋਹਾਂ ਦਾ ਸੰਪਾਦਨ ਵਿਗਿਆਨਿਕ ਵਿਧੀ ਨਾਲ ਨਹੀਂ ਹੋਇਆ, ਜਿਸ ਦੀ ਅਤਿ ਅਧਿਕ ਆਵੱਸ਼ਕਤਾ ਹੈ । ਪ੍ਰਾਚੀਨਤਾ ਦੀ ਦ੍ਰਿਸ਼ਟੀ ਤੋਂ ਪ੍ਰੋ. ਪ੍ਰੀਤਮ ਸਿੰਘ ਪਾਸ ਪਈਆਂ ਇਸ ਦੀਆਂ ਦੋ ਹੱਥ-ਲਿਖਿਤ ਪੋਥੀਆਂ ਵਿਸ਼ੇਸ਼ ਉਲੇਖ ਯੋਗ ਹਨ—ਇਕ 1826 ਈ. (1883 ਬਿ.) ਦਾ ਭਾਈ ਦਇਆ ਸਿੰਘ ਕਲਾਲ ਦਾ ਕੀਤਾ ਉਤਾਰਾ ਹੈ ਅਤੇ ਦੂਜੀ 1721 ਈ. (1778 ਬਿ.) ਦੀ ਲਿਖੀ ਹੋਈ ਅਪੂਰਣ ਪੋਥੀ । ਦੂਜੀ ਪੋਥੀ ਦਾ ਸੰਮਤ ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਭਾਸ਼ਾ ਵਿਭਾਗ ਵਲੋਂ ਛਪੀ 'ਪੰਜਾਬੀ ਹੱਥ–ਲਿਖਤਾਂ ਦੀ ਸੂਚੀ' ਵਿਚ ਦਿੱਤਾ ਹੈ । ਇਸੇ ਸੰਮਤ ਨੂੰ ਆਧਾਰ ਬਣਾ ਕੇ ਵਿਦਵਾਨਾਂ ਨੇ ਇਸ ਜਨਮਸਾਖੀ ਦੇ ਰਚਨਾ–ਕਾਲ ਬਾਰੇ ਕਈ ਪ੍ਰਕਾਰ ਦੀਆਂ ਸਥਾਪਨਾਵਾਂ ਕੀਤੀਆਂ ਹਨ । ਇਸ ਸੰਬੰਧ ਵਿਚ ਡਾ. ਪਿਆਰਾ ਸਿੰਘ ਦਾ ਇਕ ਤੱਥ ਕਾਫੀ ਮਹੱਤਵ ਰਖਦਾ ਹੈ। ਉਨ੍ਹਾਂ ਅਨੁਸਾਰ "ਸੰਬੰਧਿਤ ਮਿਤੀ ਪੁਸਤਕ ਨਕਲ ਕੀਤੇ ਜਾਣ ਦੀ ਮਿਤੀ ਨਹੀਂ, ਸਗੋਂ ਸ੍ਰੀ ਗੁਰੂ ਹਰਿ ਰਾਇ ਦੇ ਚਲਾਣਾ ਕਰਨ ਦੀ ਮਿਤੀ 1718 ਬਿਕ੍ਰਮੀ ਹੈ, ਜਿਸ ਨੂੰ ਪੁਸਤਕ ਵੇਚਣ ਵਾਲੇ ਨੇ ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜਨ ਲਈ ਭੰਨ ਕੇ 1778 ਬਣਾਇਆ ਹੋਇਆ ਹੈ । ਦੁਖ ਇਹ ਕਿ ਸ. ਸ਼ਮਸ਼ੇਰ ਸਿੰਘ ਵਰਗੇ ਪ੍ਰੌੜ੍ਹ ਸੰਪਾਦਕ ਤੋਂ ਵੀ ਇਸ ਭੰਨੀ ਹੋਈ ਮਿਤੀ ਇਵੇਂ ਲੈਣ ਤੇ ਇਸ ਨੂੰ ਪੁਸਤਕ ਦੇ ਨਕਲ ਕਰਨ ਦੀ ਤਾਰੀਖ ਮਿਥ ਲੈਣ ਦੀ ਉਕਾਈ ਹੋ ਗਈ ਹੈ ।"[2] ਫਲਸਰੂਪ ਇਸ ਪੋਥੀ ਦੀ ਲਿਖਣ-ਤਿਥੀ ਪ੍ਰਮਾਣਿਕ ਨਹੀਂ

2. 'ਖੋਜ ਪਤ੍ਰਿਕਾ' ਅੰਕ 18 (ਸੰਪਾ. ਡਾ. ਰਤਨ ਸਿੰਘ ਜੱਗੀ), "ਖੋਜ-ਸ੍ਵਰੂਪ ਤੇ ਸਿੱਧਾਂਤ" ਪੰਨੇ 110-111

ਹੈ । ਉਂਜ ਇਸ ਜਨਮਸਾਖੀ ਦੀਆਂ ਉਨ੍ਹੀਵੀਂ ਸਦੀ ਤੋਂ ਪਹਿਲਾਂ ਦੀਆਂ ਲਿਖੀਆਂ ਪੁਰਾਣੀਆਂ ਪੋਥੀਆਂ ਨਹੀਂ ਮਿਲਦੀਆਂ ।

ਇਸ ਦੇ ਕਰਤ੍ਰਿਤਵ ਦਾ ਸੰਬੰਧ ਭਾਈ ਮਨੀ ਸਿੰਘ ਨਾਲ ਜੋੜਿਆ ਜਾਂਦਾ ਹੈ । ਇਸ ਸੰਬੰਧ ਵਿਚ ਹੇਠ ਲਿਖੇ ਅੰਦਰਲੇ ਤੱਥ ਵਿਚਾਰਨਯੋਗ ਹਨ :

—ਇਕ ਸਮੇਂ ਭਾਈ ਮਨੀ ਸਿੰਘ ਜੀ ਥੀਂ ਸਿਖਾਂ ਪ੍ਰਸਨ ਕੀਤਾ ਜੋ ਗੋਸਟ ਜਨਮ-ਸਾਖੀ ਪਹਿਲੀ ਪਾਤਿਸਾਹੀ ਦੀ ਜੋ ਹੈ । ਤਿਸੁ ਦੇ ਵਿਚ ਛੋਟੇ ਮੇਲ ਵਾਲ਼ਿਆਂ ਕਈ ਜੁਗਤਾਂ ਅਣ-ਬਣਦੀਆਂ ਪਾਇ ਦਿਤੀਆਂ ਹੈਨ। ਜਿਸੁ ਨੋ ਸੁਣ ਕੇ ਸਿਖਾਂ ਦਾ ਸਿਦਿਕੁ ਗੁਰੂ ਵਲ ਘਟਿ ਜਾਂਦਾ ਹੈ । ਜੈਸੇ ਦੁਧ ਮੇ ਪਾਣੀ ਰਲਾਇ ਦਿੰਦੇ । ਤੇ ਹੰਸ ਉਸ ਨੋ ਭਿੰਨ ਭਿੰਨ ਕਰ ਲੈਂਦਾ ਹੈ ਤੈਸੇ ਤੁਸੀ ਮਹਾ ਹੰਸ ਹੋ, ਕ੍ਰਿਪਾ ਕਰਿ ਕੇ ਗੁਰੂ ਕੇ ਬਚਨ ਤੇ ਮੀਣਿਆ ਦੇ ਬਚਨ ਭਿੰਨ ਭਿੰਨ ਕਰਿ ਦੇਹੋ ।

—ਤਾਂ ਭਾਈ ਮਨੀ ਸਿੰਘ ਜੀ ਬਚਨ ਕੀਤਾ ਕਿ ਜਿਸ ਸਮੇਂ ਪੰਜਵੀਂ ਪਾਤਿਸਾਹੀ ਸ੍ਰੀ ਗ੍ਰੰਥ ਜੀ ਦੀ ਮਿਰਜਾਦਾ ਕੀਤੀ ਹੈ । ਤਿਸ ਸਮੇਂ ਸਿਖਾਂ ਅਰਦਾਸ ਕੀਤੀ । ਜੋ ਗੋਸਟਾਂ ਦੀ ਮਰਜਾਦਾ ਤਾਂ ਕੋਈ ਨਹੀਂ । ਮਤੇ ਪੰਜ ਮੇਲਾਂ ਵਾਲੇ ਜਨਮਸਾਖੀ ਵਿਚ ਅਜੁਗਤਾਂ ਪਾਇ ਕੇ ਸਿਖਾਂ ਨੂੰ ਭਰਮਾਇ ਦੇਂਦੇ ਹੋਵਣ ।

—ਤਾਂ ਭਾਈ ਗੁਰਦਾਸ ਜੀ ਨੂੰ ਬਚਨ ਹੋਆ । ਤੁਸਾ ਜਨਮ ਸਾਖੀ ਦੀ ਇਕ ਵਾਰ ਕਰਨੀ । ਜੋ ਗੁਰੂ ਕੇ ਸਿਖ ਉਸ ਵਾਰ ਦੇ ਅਨੁਸਾਰੀ ਸਾਖੀ ਹੋਵੇਗੀ ਉਸ ਨੋ ਸੁਣਿਨੀਗੇ । ਤਾਂ ਤੇ ਭਾਈ ਗੁਰਦਾਸ ਜੀ ਦੀ ਜੋ ਵਾਰ ਹੈ ਗਿਆਨ ਰਤਨਾਵਲੀ ਸੋਈ ਜਨਮਸਾਖੀ ਹੈ ।

— ਫਿਰ ਸਿਖਾਂ ਕਹਿਆ ਉਹ ਤਾਂ ਸੂਚਨਾ ਕੀਤੀ ਹੋਈ ਹੈ । ਤੁਸੀ ਕ੍ਰਿਪਾ ਕਰਿ ਉਸ ਦਾ ਟੀਕਾ ਵਿਸਥਾਰ ਨਾਲ ਕਰ ਦੇਵੋ । ਜੋ ਸਿਖਾਂ ਨੋ ਸੁਣ ਕੇ ਸਰਧਾ ਉਪਜੈ ।

—ਤਾਂ ਭਾਈ ਮਨੀ ਸਿੰਘ ਜੀ ਕਹਿਆ—ਮੈਂ ਭਾਈ ਗੁਰਦਾਸ ਦੀ ਵਾਰ ਕੋ ਮੁਖ ਰਖ ਕੇ ਉਸਦੇ ਅਨੁਸਾਰ ਤੇ ਜੋ ਦਸਵੀਂ ਪਾਤਿਸ਼ਾਹੀ ਦੇ ਦਰਬਾਰ ਥੀ ਜੋ ਸਾਖੀਆਂ ਸੁਣੀਆਂ ਹੈਨ । ਉਨਾ ਦੇ ਅਨੁਸਾਰ ਜੋ ਕੁਛ ਮੇਰੀ ਤੁਛ ਬੁਧ ਮੈ ਆਂਵਦਾ ਹੈ ਸੋ ਮੈ ਤੁਹਾਡੇ ਅਗੇ ਟੀਕਾ ਕਰ ਸੁਣਾਵਦਾ ਹਾਂ ।

ਉਪਰੋਕਤ ਟੂਕਾਂ ਤੋਂ ਹੇਠ ਲਿਖੇ ਤੱਥ ਸਾਹਮਣੇ ਆਂਦੇ ਹਨ :

(i) ਮੂਲ ਗੋਸਟਿ (ਜਨਮਸਾਖੀ) ਵਿਚ ਛੋਟੇ ਮੇਲ ਵਾਲੇ ਰਲੇ ਪਾ ਰਹੇ ਸਨ ।

(ii) ਭਾਈ ਮਨੀ ਸਿੰਘ ਨੂੰ ਸਵੱਛ ਜਨਮਸਾਖੀ ਲਿਖਣ ਲਈ ਸਿੱਖਾਂ ਨੇ ਪ੍ਰਾਰਥਨਾ ਕੀਤੀ ।

(iii) ਭਾਈ ਮਨੀ ਸਿੰਘ ਨੇ ਭਾਈ ਗੁਰਦਾਸ ਦੀ ਪਹਿਲੀ ਵਾਰ ਨੂੰ ਗੁਰੂ ਨਾਨਕ ਦੀ ਪ੍ਰਮਾਣਿਕ ਜਨਮਸਾਖੀ ਮੰਨਿਆ ।

(iv) ਸਿੱਖਾਂ ਨੇ ਭਾਈ ਮਨੀ ਸਿੰਘ ਨੂੰ ਉਸ ਸੰਖਿਪਤ ਅਤੇ ਸੂਚਨਾ ਮਾਤਰ ਵਾਰ ਦਾ ਟੀਕਾ ਕਰਨ ਦੀ ਪ੍ਰਾਰਥਨਾ ਕੀਤੀ ।

(v) ਭਾਈ ਮਨੀ ਸਿੰਘ ਨੇ ਪਹਿਲੀ ਵਾਰ ਨੂੰ ਮੁਖ ਰਖ ਕੇ ਦਸਵੇਂ ਗੁਰੂ ਦੇ ਦਰਬਾਰ ਵਿਚ ਸੁਣੀਆਂ ਹੋਈਆਂ ਸਾਖੀਆਂ ਨੂੰ ਕ੍ਰਮਬੱਧ ਕੀਤਾ ਹੈ ।

ਇਨ੍ਹਾਂ ਪ੍ਰਸੰਗਾਂ ਅਤੇ ਇਸੇ ਤਰ੍ਹਾਂ ਦੇ ਹੋਰ ਪ੍ਰਸੰਗਾਂ ਤੋਂ ਸਪੱਸ਼ਟ ਹੈ ਕਿ ਇਸ ਜਨਮ-ਸਾਖੀ ਵਿਚ ਭਾਈ ਮਨੀ ਸਿੰਘ ਦਾ ਉਲੇਖ ਅਨ੍ਯ ਪੁਰਸ਼ ਵਿਚ ਹੋਇਆ ਹੈ । ਇਸ ਵਿਚ-ਲੀਆਂ ਸਾਖੀਆਂ ਭਾਈ ਮਨੀ ਸਿੰਘ ਨੇ ਕੇਵਲ ਸੰਗਤ ਨੂੰ ਸੁਣਾਈਆਂ ਹਨ, ਇਨ੍ਹਾਂ ਨੂੰ ਲਿਖਿਤ ਰੂਪ ਨਹੀਂ ਦਿੱਤਾ । ਜੇ ਉਹ ਆਪ ਲਿਖਦੇ ਤਾਂ ਆਪਣੇ ਆਪ ਨੂੰ ਅਨ੍ਯ ਪੁਰਸ਼ ਵਿਚ ਨਾ ਰਖਦੇ । ਇਸ ਲਈ ਸਪੱਸ਼ਟ ਹੈ ਕਿ ਇਸ ਜਨਮਸਾਖੀ ਨੂੰ ਭਾਈ ਗੁਰਦਾਸ ਦੀ ਪਹਿਲੀ ਵਾਰ ਦੇ ਕਥਾ-ਕ੍ਰਮ ਅਨੁਸਾਰ ਭਾਈ ਮਨੀ ਸਿੰਘ ਨੇ ਨਿੱਤ ਦੀ ਕਥਾ-ਵਾਰਤਾ ਦੇ ਰੂਪ ਵਿਚ ਸਿੱਖਾਂ ਨੂੰ ਸੁਣਾਇਆ ਅਤੇ ਉਨ੍ਹਾਂ ਸੁਣੀਆਂ ਹੋਈਆਂ ਸਾਖੀਆਂ ਨੂੰ ਬਾਦ ਵਿਚ ਕਿਸੇ ਹੋਰ ਨੇ ਲਿਪੀਬੱਧ ਰੂਪ ਪ੍ਰਦਾਨ ਕੀਤਾ ।

ਹੁਣ ਪ੍ਰਸ਼ਨ ਉਠਦਾ ਹੈ ਕਿ ਭਾਈ ਮਨੀ ਸਿੰਘ ਤੋਂ ਸੁਣੀ ਕਥਾ-ਵਾਰਤਾ ਨੂੰ ਲਿਪੀ-ਬੱਧ ਰੂਪ ਦੇਣ ਵਾਲਾ ਕੌਣ ਹੈ ? ਇਸ ਸੰਬੰਧ ਵਿਚ ਦੋ ਤੱਥ ਵਿਚਾਰਨਯੋਗ ਹਨ । ਪਹਿਲਾ ਤੱਥ ਹੈ ਸੰਤ ਗੁਲਾਬ ਸਿੰਘ ਰਚਿਤ 'ਗੁਰ ਪ੍ਰਣਾਲੀ' (1851 ਈ.) ਅਨੁਸਾਰ ਭਾਈ ਮਨੀ ਸਿੰਘ ਤੋਂ ਕਥਾ ਸੁਣ ਕੇ ਉਸ ਨੂੰ ਪ੍ਰਸਤੁਤ ਜਨਮਸਾਖੀ ਰੂਪ ਦੇਣ ਵਾਲਾ ਵਿਅਕਤੀ ਭਾਈ ਸੂਰਤ ਸਿੰਘ ਹੈ[3] :

ਅਰ ਮਿਹਰਵਾਨ ਕ੍ਰਿਤ ਜਨਮਸਾਖੀ ਹੂ ਲਿਖ੍ਯੋ,
ਭਾਈ ਜੀ ਦੀ ਪਹਿਲੀ ਵਾਰ ਮਾਹਿ ਜਾਨੀਐ ।
ਸੂਰਤ ਹੂ ਸਿੰਘ ਕ੍ਰਿਤ ਟੀਕੇ ਮਾਹਿ ਜੈਸ ਲਿਖ੍ਯੋ,
ਭਾਖ੍ਯੋ ਬਿਸਾਖ ਮਾਸ ਸੁਦੀ ਤੀਜ ਜਾਨੀਐ ।

—(ਪੰਨਾ 33)

ਇਸ ਟੂਕ ਤੋਂ ਸਪੱਸ਼ਟ ਹੁੰਦਾ ਹੈ ਕਿ ਮਿਹਰਬਾਨ ਕ੍ਰਿਤ ਜਨਮਸਾਖੀ ਦੇ ਆਧਾਰ ਤੇ ਲਿਖੀ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਟੀਕਾ ਸੂਰਤ ਸਿੰਘ ਨੇ ਵਿਸਾਖ ਸੁਦੀ ਤਿੰਨ ਨੂੰ ਕੀਤਾ । (ਉਂਜ ਇਹ ਜਨਮਸਾਖੀ ਮਿਹਰਬਾਨ ਵਾਲੀ ਜਨਮਸਾਖੀ ਨਾਲੋਂ ਦੋ ਹੋਰਨਾਂ ਪੂਰਵਵਰਤੀ ਜਨਮਸਾਖੀਆਂ ਦੇ ਅਧਿਕ ਨੇੜੇ ਹੈ । ਇਸ ਬਾਰੇ ਅਧਿਕ ਵਿਚਾਰ ਅਗੇ ਕਰਾਂਗੇ ।)

ਦੂਜਾ ਤੱਥ ਹੈ 1739 ਈ. (1796 ਬਿ.) ਵਿਚ ਆਤਮ ਨਾਥ ਸਿੱਧ ਦੁਆਰਾ ਲਿਖੀ 'ਗਿਆਨ ਰਤਨਾਗਰ ਮਹਾਨ ਭਾਵੇਂ 'ਨਾਂ ਦੀ ਰਚਨਾ ਹੈ ਜਿਸ ਦੀ ਪੋਥੀ ਪੰਜਾਬ ਯੂਨੀਵਰਸਿਟੀ, ਲਾਇਬ੍ਰੇਰੀ ਚੰਡੀਗੜ੍ਹ (ਨੰ. 80) ਵਿਚ ਸੁਰਖਿਅਤ ਹੈ । ਇਹ ਪੋਥੀ ਮਨੀ ਸਿੰਘ ਜਨਮਸਾਖੀ (ਗਿਆਨ ਰਤਨਾਵਲੀ) ਦੇ ਆਧਾਰ ਤੇ ਸਿਰਜੀ ਗਈ ਹੈ ਅਤੇ 'ਗਿਆਨ ਰਚਨਾਵਲੀ' ਦੇ ਕਰਤ੍ਰਿਤਵ ਬਾਰੇ ਪ੍ਰਕਾਸ਼ ਪਾਂਦਿਆਂ ਲਿਖਿਆ ਗਿਆ ਹੈ :

ਸੋ ਬਿਸਤਾਰ ਕਹੀ ਗੁਰਦਾਸਹ ਸ੍ਰੀ ਗੁਰ ਪੰਚਮ ਦੀਨ ਜਨਾਈ ।
ਸੋ ਪ੍ਰਤੱਖ ਕਹੀ ਨੰਦ ਲਾਲਹ ਜੋ ਅਵਤਾਰ ਭਾਈ ਭਲਆਈ ।

3. 'ਸ਼ਹੀਦ ਬਿਲਾਸ', (ਸੰਪਾ. ਗਿਆਨੀ ਗਰਜਾ ਸਿੰਘ), ਪੰਨਾ 47

ਸੰਗਤ ਏਕ ਸਮੇ ਬੁਝਤੀ ਸਭ ਤਾਹਿ ਸ੍ਰੀ ਮਨੀ ਸਿੰਘ ਬੁਝਾਈ ।
ਸ੍ਰੀ ਗੁਰਬਖਸਹ ਸਿੰਘ ਸੁਨੀ ਸ੍ਰੀਮਤ ਸੂਰਤ ਸਿੰਘ ਲਖਾਈ। 27 ।[4]

ਇਸ ਟੂਕ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਮਨੀ ਸਿੰਘ ਨੇ ਭਾਈ ਗੁਰਦਾਸ ਦੀ ਵਾਰ ਦੀ ਕਥਾ–ਵਾਰਤਾ ਸੰਗਤ ਵਿਚ ਕੀਤੀ । ਇਸ ਨੂੰ ਗੁਰਬਖਸ਼ ਸਿੰਘ ਨੇ ਸੁਣਿਆ ਅਤੇ ਸੂਰਤ ਸਿੰਘ ਨੇ ਇਸ ਨੂੰ ਲਿਖਿਤ ਰੂਪ ਪ੍ਰਦਾਨ ਕੀਤਾ ।

ਉਪਰੋਕਤ ਵਿਸ਼ਲੇਸ਼ਣ ਦੇ ਪ੍ਰਕਾਸ਼ ਵਿਚ ਭਾਈ ਮਨੀ ਸਿੰਘ ਦਾ ਇਸ ਪੁਸਤਕ ਦੀ ਰਚਨਾ ਵਿਚ ਕਥਾ-ਵਾਚਕ ਦਾ ਰੋਲ ਹੈ । ਉਨ੍ਹਾਂ ਤੋਂ ਗੁਰਬਖਸ਼ ਸਿੰਘ ਨੇ ਸਾਰੀ ਕਥਾ ਸੁਣੀ ਅਤੇ ਉਸ ਤੋਂ ਸੂਰਤ ਸਿੰਘ ਨੇ ਕਥਾ ਸੁਣ ਕੇ ਫਿਰ ਲਿਖਿਤ ਰੂਪ ਦਿੱਤਾ । ਇਸ ਤਰ੍ਹਾਂ ਇਸ ਦੇ ਕਰਤ੍ਰਿਤਵ ਨਾਲ ਤਿੰਨ ਵਿਅਕਤੀਆਂ ਦਾ ਸੰਬੰਧ ਸਿੱਧ ਹੁੰਦਾ ਹੈ—ਭਾਈ ਮਨੀ ਸਿੰਘ ਕਥਾ-ਵਾਚਕ, ਗੁਰਬਖਸ਼ ਸਿੰਘ ਸਰੋਤਾ ਅਤੇ ਸੂਰਤ ਸਿੰਘ ਲਿਖਾਰੀ ।

ਹੁਣ ਦੋ ਪ੍ਰਸ਼ਨ ਬਾਕੀ ਹਨ—ਇਕ ਗੁਰਬਖਸ਼ ਸਿੰਘ ਕੌਣ ਸੀ ਅਤੇ ਦੂਜਾ ਸੂਰਤ ਸਿੰਘ ਕੌਣ ਸੀ । ਭਾਈ ਮਨੀ ਸਿੰਘ ਤੋਂ ਬਾਦ ਜਿਸ ਗਿਆਨੀ ਸੰਪ੍ਰਦਾਇ ਦਾ ਵਿਕਾਸ ਹੋਇਆ, ਉਸ ਦੀ ਇਕ ਬੰਸਾਵਲੀ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਦੀ ਇਕ ਹੱਥ-ਲਿਖਤ (ਨੰ. 7090) ਵਿਚ ਸੁਰੱਖਿਅਤ ਹੈ, ਜਿਸ ਦਾ ਪਾਠ ਇਸ ਪ੍ਰਕਾਰ ਹੈ— "ਸ਼ਬਦ ਅਰਥ ਦਸਵੀਂ ਪਾਤਸ਼ਾਹੀ ਕੇ ਭਾਈ ਮਨੀ ਸਿੰਘ ਨੇ ਪੜੇ, ਤਿਨਾ ਤ ਭਾਈ ਦੀਵਾਨ ਸਿੰਘ, ਤਿਨਾ ਤੇ ਭਾਈ ਗੁਰਦਿਆਲ ਸਿੰਘ ਨੇ, ਤਿਨ ਤੇ ਭਾਈ ਗੁਰਬਖਸ਼ ਸਿੰਘ ਨੇ, ਤਿਨ ਤੇ ਭਾਈ ਅੰਮ੍ਰਿ ਸਿੰਘ ਨੇ, ਤਿਨ ਤੇ ਭਾਈ ਸੂਰਤ ਸਿੰਘ ਨੇ..." । ਇਸ ਤਰ੍ਹਾਂ ਭਾਈ ਮਨੀ ਸਿੰਘ ਨੇ ਕਥਾ-ਵਾਰਤਾ ਦੀ ਜੋ ਪਰੰਪਰਾ ਚਲਾਈ ਸੀ, ਉਸੇ ਦੇ ਕਥਾ–ਵਾਚਕਾਂ ਵਿਚ ਗੁਰਬਖਸ਼ ਸਿਘ ਦਾ ਉਲੇਖ ਹੈ ਅਤੇ ਸੂਰਤ ਸਿੰਘ ਉਸੇ ਤੋਂ ਅਰਥ ਕਰਨ ਦੀ ਸਿਖਿਆ ਲੈਂਦਾ ਹੈ । 'ਮਹਾਨ ਕੋਸ਼' ਅਨੁਸਾਰ ਗੁਰਬਖਸ਼ ਸਿੰਘ ਦਾ ਇਕ ਨਾਮਾਂਤਰ ਰਾਮ ਕੁੰਵਰ ਵੀ ਸੀ ਅਤੇ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕ ਕੇ ਇਹ ਰਾਮ ਕੁੰਵਰ ਤੋਂ ਗੁਰਬਖਸ਼ ਸਿੰਘ ਬਣਿਆ ਸੀ । ਇਹ ਸਦਾ ਗੁਰੂ ਸਾਹਿਬ ਦੀ ਸੇਵਾ ਵਿਚ ਰਹਿੰਦਾ ਸੀ ਅਤੇ ਗੁਰੂ ਜੀ ਤੋਂ ਅਨੇਕ ਪ੍ਰਕਾਰ ਦੀਆਂ ਧਾਰਮਿਕ ਪੁੱਛਾਂ ਕਰਕੇ ਜਿਗਿਆਸੂਆਂ ਲਈ ਸਮਾਧਾਨ ਪ੍ਰਾਪਤ ਕਰਦਾ ਸੀ ।[5]

ਇਥੇ, ਗੁਰਬਖਸ਼ ਸਿੰਘ ਨੇ ਹੋ ਸਕਦਾ ਹੈ ਸੱਚਮੁਚ ਹੀ ਇਸ ਜਨਮਸਾਖੀ ਦੀ ਵਾਰਤਾ ਸੂਰਤ ਸਿੰਘ ਨੂੰ ਸੁਣਾਈ ਹੋਵੇ, ਪਰ ਇਹ ਸੰਭਵ ਨਹੀਂ ਕਿ ਉਸ ਨੂੰ ਭਾਈ ਮਨੀ ਸਿੰਘ ਉਚਰਿਤ ਸਾਰੀ ਜਨਮਸਾਖੀ ਦੀ ਕਥਾ ਇੰਨ-ਬਿੰਨ ਯਾਦ ਰਹੀ ਹੋਵੇ । ਇਸ ਵਿਚ ਬਹੁਤ ਕੁਝ ਉਸ ਵਲੋਂ ਵੀ ਸ਼ਾਮਲ ਹੋ ਗਿਆ ਕਿਆਸ ਕੀਤਾ ਜਾ ਸਕਦਾ ਹੈ ਅਤੇ ਸੂਰਤ ਸਿੰਘ ਨੇ ਵੀ ਜੋ ਲਿਖਿਆ ਉਹ ਇੰਨ-ਬਿੰਨ ਗੁਰਬਖਸ਼ ਸਿੰਘ ਦਾ ਉਚਰਿਆ ਹੋਇਆ ਨਹੀਂ ਹੋ ਸਕਦਾ । ਸੰਭਵ ਹੈ ਕਿ ਇਸ ਜਨਮਸਾਖੀ ਦਾ ਲੇਖਕ ਸੂਰਤ ਸਿੰਘ ਹੀ ਰਿਹਾ ਹੋਵੇ ਅਤੇ ਉਸ ਨੇ ਆਪ ਭਾਈ ਮਨੀ ਸਿੰਘ ਤੋਂ ਇਹ ਕਥਾ–ਵਾਰਤਾ ਸੁਣ ਕੇ ਉਸ ਨੂੰ

4. ਤਰਲੋਚਨ ਸਿੰਘ ਬੇਦੀ (ਡਾ.) : 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਅਨ', ਪੰਨਾ 77
5. 'ਮਹਾਨ ਕੋਸ਼'—'ਰਾਮ ਕੁੰਵਰ'

ਲਿਪੀਬੱਧ ਕੀਤਾ ਹੋਵੇ, ਪਰ ਗੁਰਬਖਸ਼ ਸਿੰਘ ਪ੍ਰਤਿ ਵਿਸ਼ੇਸ਼ ਸ਼ਰਧਾ ਰਖਣ ਕਾਰਣ ਹੀ ਉਸ ਨੂੰ ਇਹ ਮੱਧਹਸਤਤਾ ਪ੍ਰਦਾਨ ਕੀਤੀ ਹੋਵੇ।

ਗਿਆਨੀ ਸੂਰਤ ਸਿੰਘ ਕੌਣ ਸੀ ? ਇਸ ਬਾਰੇ ਦੋ ਮਤ ਸਾਹਮਣੇ ਆਉਂਦੇ ਹਨ। ਇਕ ਮਤ ਡਾ. ਜਗਜੀਤ ਸਿੰਘ ਦਾ ਹੈ ਜਿਸ ਨੇ ਬਿਨਾ ਕੋਈ ਆਧਾਰ ਦਸੇ ਉਸ ਨੂੰ 'ਬਾਠਾਂ ਦਾ ਨਿਵਾਸੀ' ਮੰਨਿਆ ਹੈ।[6] ਬਾਠ ਅੰਮ੍ਰਿਤਸਰ ਜ਼ਿਲੇ ਵਿਚ ਇਕ ਪਿੰਡ ਹੈ। ਡਾ. ਤਰਲੋਚਨ ਸਿੰਘ ਨੇ ਗਿਆਨੀ ਸੂਰਤ ਸਿੰਘ ਨੂੰ ਚਨੀਓਟ ਦਾ ਵਸਨੀਕ ਦਸਿਆ ਹੈ। ਇਸ ਕਥਨ ਦਾ ਆਧਾਰ ਬਾਬਾ ਗਣੇਸ਼ਾ ਸਿੰਘ ਬੇਦੀ ਦੁਆਰਾ ਲਿਖਿਆ ਸੂਰਤ ਸਿੰਘ ਦੇ ਖਾਨਦਾਨ ਦਾ 'ਬੰਸ ਬ੍ਰਿਛ' (ਸ਼ਜਰਾ-ਨਸਬ ਖਾਨਦਾਨ) ਹੈ ਜਿਸ ਵਿਚ ਸੂਰਤ ਸਿੰਘ ਦੀ ਕੁਲ-ਪਰੰਪਰਾ ਇਸ ਤਰ੍ਹਾਂ ਹੈ : ਲਾਲਾ ਈਸ਼ਵਰ ਦਾਸ—ਕੱਥ ਮੱਲ—ਦੀਵਾਨ ਸਾਗਰ ਮੱਲ—ਖੁਸ਼ਾਲ ਰਾਏ—ਵਜ਼ੀਰਾ ਮੱਲ—ਰਾਮ ਚੰਦ—ਸੂਰਤ ਸਿਘ—ਸੰਤ ਸਿੰਘ।[7] ਇਸ 'ਬੰਸ ਬ੍ਰਿਛ' ਨਾਲ ਸੂਰਤ ਸਿੰਘ ਬਾਰੇ ਹੋਰ ਲਿਖਿਆ ਹੈ ਕਿ ਇਹ "ਦਸਵੀਂ ਪਾਤਸ਼ਾਹੀ ਦੇ ਹਜ਼ੂਰ ਰਹੇ ਹਨ। ਇਹਨਾਂ ਦਸਵੀਂ ਪਾਤਸ਼ਾਹੀ ਤੋਂ ਅੰਮ੍ਰਿਤ ਛਕਿਆ। ਫਿਰ ਗੁਰੂ ਜੀ ਨੇ ਕਿਹਾ ਕਿ ਭਾਈ ਮਨੀ ਸਿੰਘ ਪਾਸੋਂ ਗੁਰੂ ਗ੍ਰੰਥ ਜੀ ਦੇ ਅਰਥ ਸੁਣੋ। ਪਿਛੋਂ ਇਸ ਨੂੰ 'ਗਯਾਨੀ' ਪਦ ਮਿਲਿਆ। ਇਸ ਨੂੰ ਤੁਰਕ ਮਾਰਨ ਲਗੇ ਤਾਂ ਡਰ ਕੇ ਚਨੀਓਟ ਛਡ ਕੇ ਅੰਮ੍ਰਿਤਸਰ ਆ ਗਏ।"

ਇਸ ਸੰਦਰਭ ਤੋਂ ਇਹ ਤੱਥ ਉਘੜਦਾ ਹੈ ਕਿ ਸੂਰਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤਪਾਨ ਕੀਤਾ ਅਤੇ ਭਾਈ ਮਨੀ ਸਿੰਘ ਦੇ ਸੰਪਰਕ ਵਿਚ ਗੁਰੂ ਗ੍ਰੰਥ ਸਾਹਿਬ ਆਦਿ ਧਰਮ ਪੁਸਤਕਾਂ ਦੇ ਅਧਿਐਨ ਲਈ ਰਿਹਾ। ਉਹ ਚਨੀਓਟ ਦਾ ਨਿਵਾਸੀ ਸੀ ਅਤੇ ਸੰਕਟ-ਕਾਲ ਵਿਚ ਅੰਮ੍ਰਿਤਸਰ ਆ ਵਸਿਆ ਸੀ।

ਗਿਆਨੀ ਸੂਰਤ ਸਿੰਘ ਦੇ ਚਨੀਓਟ ਨਿਵਾਸੀ ਹੋਣ ਬਾਰੇ ਡਾ. ਤਰਲੋਚਨ ਸਿੰਘ ਬੇਦੀ ਨੇ ਤਿੰਨ ਪ੍ਰਮਾਣ ਹੋਰ ਦਿੱਤੇ ਹਨ।[8] ਇਕ ਇਹ ਕਿ ਅੰਮ੍ਰਿਤਸਰ ਵਿਚ ਵਸਦੇ ਉਸਦੇ ਵੰਸ਼ਜਾਂ ਤੋਂ ਉਸਦੇ ਚਨੀਓਟੀ ਹੋਣ ਦੀ ਪੁਸ਼ਟੀ ਹੁੰਦੀ ਹੈ। ਦੂਜੇ, ਇਸ ਜਨਮਸਾਖੀ ਵਿਚ ਉਸ ਨੇ ਚਨੀਓਟ ਦੇ ਇਲਾਕੇ ਦੀ ਸ਼ਬਦਾਵਲੀ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ। ਅਤੇ ਤੀਜੇ, ਉਸਨੇ ਇਸ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਨੂੰ ਉਦਾਸੀਆਂ ਦੇ ਦੌਰਾਨ ਚਨੀਓਟ ਵੀ ਗਿਆ ਦਸਿਆ ਹੈ। ਗੁਰੂ ਨਾਨਕ ਦਾ ਚਨੀਓਟ ਜਾਣਾ ਕੇਵਲ ਇਸੇ ਜਨਮਸਾਖੀ ਵਿਚ ਲਿਖੇ ਹੋਣ ਕਾਰਣ ਜਨਮਸਾਖੀਕਾਰ ਦਾ ਚਨੀਓਟ ਪ੍ਰਤਿ ਵਿਸ਼ੇਸ਼ ਮੋਹ ਜਾਪਦਾ ਹੈ।

ਸੁ ਸਪੱਸ਼ਟ ਹੈ ਕਿ ਮਨੀ ਸਿੰਘ ਜਨਮਸਾਖੀ ਨੂੰ ਲਿਖਿਤ ਰੂਪ ਪ੍ਰਦਾਨ ਕਰਨ ਵਾਲਾ ਚਨੀਓਟ ਨਿਵਾਸੀ ਗਿਆਨੀ ਸੂਰਤ ਸਿੰਘ ਹੈ। ਸੰਭਵ ਹੈ ਚਨੀਓਟੋਂ ਅੰਮ੍ਰਿਤਸਰ ਆ ਵਸਣ ਵੇਲੇ ਪਹਿਲਾਂ ਕੁਝ ਸਮਾਂ ਉਹ ਬਾਠ ਪਿੰਡ ਵਿਚ ਵੀ ਰਿਹਾ ਹੋਵੇ। ਡਾ. ਤਰਲੋਚਨ

6. 'ਆਧੁਨਿਕ ਜਨਮਸਾਖੀ', ਪੰਨਾ 11
7. 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਅਨ', ਪੰਨਾ 78
8. ਉਹੀ, ਪੰਨਾ 79

ਸਿੰਘ ਖੇਦੀ[9] ਆਦਿ ਵਿਦਵਾਨਾਂ ਨੇ ਇਸ ਨੂੰ ਭਾਈ ਮਨੀ ਸਿੰਘ ਦੀ ਰਚਨਾ ਨਾ ਮੰਨਣ ਲਈ ਇਕ ਪ੍ਰਮਾਣ ਭਾਈ ਮਨੀ ਸਿੰਘ ਦੀ ਚਿੱਠੀ ਦੀ ਭਾਸ਼ਾ ਸ਼ੈਲੀ ਨਾਲ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ। ਪਰ ਅਜਿਹਾ ਕਰਨ ਵੇਲੇ ਉਨ੍ਹਾਂ ਨੇ ਗਿਆਨੀ ਹਰਨਾਮ ਸਿੰਘ ਬੱਲਭ ਵਲੋਂ ਡਾ. ਟ੍ਰੰਪ ਦੇ 'ਆਦਿ ਗ੍ਰੰਥ' ਦੇ ਪੰਜਾਬੀ ਅਨੁਵਾਦ ਦੀ ਪਹਿਲੀ ਸੈਂਚੀ ਦੀ ਭੂਮਿਕਾ ਵਿਚ ਛਾਪੀ ਗਈ ਤਥਾ-ਕਥਿਤ ਭਾਈ ਮਨੀ ਸਿੰਘ ਦੀ ਮਾਤਾ ਸੁੰਦਰੀ ਨੂੰ ਲਿਖੀ ਚਿੱਠੀ ਨੂੰ ਬਿਨਾਂ ਕਿਸੇ ਤਰਕ ਦੇ ਪ੍ਰਮਾਣਿਕ ਮੰਨ ਲਿਆ ਹੈ। ਇਹ ਚਿੱਠੀ ਅਸਲ ਵਿਚ ਅਪ੍ਰਮਾਣਿਕ ਹੈ। ਇਸ ਬਾਰੇ ਵਿਸਤਾਰ ਸਹਿਤ ਵਿਚਾਰ ਇਸ ਅਧਿਆਇ ਵਿਚ ਅਗੇ ਕਰਾਂਗੇ। ਫਲਸਰੂਪ ਅਪ੍ਰਮਾਣਿਕ ਚਿੱਠੀ ਦੇ ਆਧਾਰ ਤੇ ਕੀਤਾ ਗਿਆ ਇਸ ਜਨਮਸਾਖੀ ਦੇ ਕਰਤ੍ਰਿਤਵ ਸੰਬੰਧੀ ਨਿਰਣਾ ਨਿਰਮੂਲ ਹੈ। ਇਥੇ ਇਹ ਗੱਲ ਵੀ ਧਿਆਨਯੋਗ ਹੈ ਕਿ ਭਾਈ ਮਨੀ ਸਿੰਘ ਦੁਆਰਾ ਸੁਣਾਈ ਗਈ ਕਥਾ-ਵਾਰਤਾ ਨੂੰ ਆਧਾਰ ਬਣਾਇਆ ਗਿਆ ਹੈ, ਨਾ ਕਿ ਉਸ ਨੂੰ ਇੰਨ-ਬਿੰਨ ਲਿਖਿਆ ਗਿਆ ਹੈ। ਇਸ ਵਾਸਤੇ ਭਾਸ਼ਾ ਦਾ ਜੋ ਮੁਹਾਂਦਰਾ ਇਸ ਜਨਮਸਾਖੀ ਵਿਚ ਮਿਲਦਾ ਹੈ, ਉਹ ਭਾਈ ਮਨੀ ਸਿੰਘ ਦਾ ਸਿਰਜਿਆ ਨਹੀਂ, ਗਿਆਨੀ ਸੂਰਤ ਸਿੰਘ ਦਾ ਲਿਖਿਆ ਹੈ। ਸਾਰਾਂਸ਼ ਇਹ ਕਿ ਭਾਈ ਮਨੀ ਸਿੰਘ ਦਾ ਸੰਬੰਧ ਇਸ ਜਨਮਸਾਖੀ ਦੀ ਵਸਤੂ ਨਾਲ ਹੈ, ਅਭਿਵਿਅਕਤੀ ਜਾਂ ਭਾਸ਼ਾ ਨਾਲ ਨਹੀਂ। ਇਸ ਤਰ੍ਹਾਂ ਇਸ ਦੇ ਕਰਤ੍ਰਿਤਵ ਦਾ ਰੂਪ ਦੋ-ਮੁਖੀ ਹੈ। ਕਹਿਣ ਤੋਂ ਭਾਵ ਇਸ ਦੀ ਵਸਤੂ ਭਾਈ ਮਨੀ ਸਿੰਘ ਦੀ ਦੇਣ ਹੈ ਅਤੇ ਇਸ ਦਾ ਅਭਿਵਿਅਕਤ ਰੂਪ ਗਿਆਨੀ ਸੂਰਤ ਸਿੰਘ ਦਾ ਲਿਖਿਆ ਹੈ।

ਰਚਨਾ ਕਾਲ : ਇਸ ਦੇ ਰਚਨਾ ਕਾਲ ਬਾਰੇ ਵੀ ਵਿਦਵਾਨ ਇਕ-ਮਤ ਨਹੀਂ ਹਨ। ਪ੍ਰੋ. ਗੁਰਮੁਖ ਸਿੰਘ, ਡਾ. ਮੈਕਲੋਡ ਆਦਿ ਵਿਦਵਾਨਾਂ ਨੇ ਭਾਸ਼ਾ ਦੇ ਆਧਾਰ ਤੇ ਇਸ ਨੂੰ ਅਰਵਾਚੀਨ ਮੰਨਿਆ ਹੈ। ਕਲਿਆਣ ਦਾਸ ਉਦਾਸੀ ਨੇ ਇਸ ਦੀ ਮੂਲ ਪੋਥੀ ਨੂੰ 1838 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿਚ ਲਿਖਿਆ ਦਸਿਆ ਹੈ।[10] ਡਾ. ਜਗਜੀਤ ਸਿੰਘ ਨੇ ਇਸ ਦੀ ਰਚਨਾ ਨਾਦਿਰ ਸ਼ਾਹ ਦੇ ਆਕ੍ਰਮਣ (1739 ਈ.) ਤੋਂ ਤੁਰੰਤ ਬਾਦ ਮੰਨੀ ਹੈ।[11] ਪਰ ਇਹ ਸਾਰੀਆਂ ਗੱਲਾਂ ਸਮੱਸਿਆ ਦਾ ਸਮਾਧਾਨ ਨਹੀਂ ਕਰਦੀਆਂ। ਇਸ ਸੰਬੰਧ ਵਿਚ ਪਹਿਲੀ ਵਿਚਾਰਨਯੋਗ ਗੱਲ ਇਸ ਜਨਮਸਾਖੀ ਦੇ ਅੰਤ ਤੇ ਲਿਖੀ ਹੇਠ ਲਿਖੀ ਟੂਕ ਹੈ :

> ਇਹ ਵਾਰ ਦੀ ਟੀਕਾ ਲਿਖ ਕੇ ਮਨੀ ਸਿੰਘ ਜੀ ਦਸ਼ਵੇ ਪਾਤਿਸਾਹ ਦੇ ਹਜੂਰ ਲੈ ਗਏ। ਬਚਨੁ ਹੋਆ ਇਹ ਗੋਸਟਿ ਸਿਖਾਂ ਦੇ ਪੜ੍ਹਨ ਦੀ ਹੋਈ। ਮਨੀ ਸਿੰਘ ਅਰਦਾਸ ਕੀਤੀ ਜੀ ਗਰੀਬ ਨਿਵਾਜ ਇਸ ਦੇ ਉਪਰ ਦਸਖਤ ਪਵਣ ਸਹੀ ਹੋਵੈ। ਸਾਹਬੁ ਕਰਨ ਕਾਰਨ ਸਹੀ ਪਾ ਦਿੱਤੀ।

9. 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਅਨ', ਪੰਨਾ 76
10. 'ਸੱਚੀ ਖੋਜ', ਪਹਿਲਾ ਭਾਗ, ਪੰਨਾ 215
11. 'A Critical and Comparative Study of the Janamsakhis', p. 449

ਜਨਮਸਾਖੀ ਦੇ ਅੰਤ ਤੇ ਆਈ ਹੋਈ ਇਹ ਗੱਲ ਵੀ ਭਾਈ ਮਨੀ ਸਿੰਘ ਨੂੰ ਅਨੂਪ ਪੁਰਸ਼ ਵਿਚ ਚਿੱਤਰਦੀ ਹੈ। ਇਸ ਨੂੰ ਉਥਾਨਿਕਾ ਦੇ ਪਿਛੇ ਦਿੱਤੇ ਜਾ ਚੁੱਕੇ ਸੰਦਰਭਾਂ ਨਾਲ ਮੇਲਦਿਆਂ ਸਿੱਧ ਹੁੰਦਾ ਹੈ ਕਿ ਇਸ ਜਨਮਸਾਖੀ ਦੇ ਲੇਖਕ ਨੇ ਇਸ ਦਾ ਮਹੱਤਵ ਵਧਾਣ ਲਈ ਇਸ ਨੂੰ ਗੁਰੂ ਗੋਬਿੰਦ ਸਿੰਘ ਦੇ ਜੀਵਨ-ਕਾਲ ਵਿਚ ਲਿਖੀ ਹੀ ਨਹੀਂ ਦਸਿਆ, ਸਗੋਂ ਇਸ ਉਤੇ ਪ੍ਰਵਾਨਗੀ ਵਜੋਂ ਗੁਰੂ ਜੀ ਦੀ ਸਹੀ (ਦਸਤਖਤ) ਵੀ ਪਵਾਈ ਹੈ। ਪਰ ਵਾਸਤ-ਵਿਕਤਾ ਇਹ ਹੈ ਕਿ ਭਾਈ ਮਨੀ ਸਿੰਘ ਨੇ ਕਥਾ-ਵਾਰਤਾ ਕਰਨ ਅਤੇ ਸਾਖੀਆਂ ਸੁਣਾਣ ਦਾ ਕੰਮ ਵਿਸ਼ੇਸ਼ ਤੌਰ ਤੇ ਉਦੋਂ ਸ਼ੁਰੂ ਕੀਤਾ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਦੇਸ਼ ਨੂੰ ਜਾਣ ਵੇਲੇ ਬਘੌਰ ਸ਼ਹਿਰ (ਰਾਜਸਥਾਨ) ਤੋਂ ਭਾਈ ਮਨੀ ਸਿੰਘ ਨੂੰ ਵਾਪਸ ਅੰਮ੍ਰਿਤਸਰ ਭੇਜ ਦਿੱਤਾ ਅਤੇ ਗੁਰੂ ਜੀ ਦੇ ਵਿਯੋਗ ਵਿਚ ਉਦਾਸ ਸੰਗਤ ਨੂੰ ਧੀਰਜ ਦੇਣ ਲਈ ਭਾਈ ਮਨੀ ਸਿੰਘ ਨੇ ਵਿਸ਼ੇਸ਼ ਸਾਖੀਆਂ ਦੀ ਰਚਨਾ ਕਰਨ ਦਾ ਉਦਮ ਕੀਤਾ :

ਦਖਣ ਦਿਸ ਸਤਿਗੁਰ ਗਏ, ਸੰਗਤ ਭਈ ਉਦਾਸ।
ਧੀਰਜ ਦੇਵੇ ਮਨੀ ਸਿੰਘ, ਰਚ ਸਾਖੀਆ ਖਾਸ।[12]

ਇਹ ਗੱਲ ਇਤਿਹਾਸ ਅਨੁਸਾਰ ਮਾਰਚ 1707 (ਚੇਤਰ 1765 ਬਿ.) ਦੀ ਬੈਠਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਭਾਈ ਮਨੀ ਸਿੰਘ ਨੇ ਮਾਰਚ 1707 ਤੋਂ ਬਾਦ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਜ਼ਿੰਮੇਵਾਰੀ ਨਿਭਾਂਦੇ ਹੋਇਆਂ ਕਥਾ-ਵਾਰਤਾ ਦੇ ਪ੍ਰਵਾਹ ਵਿਚ ਇਸ ਜਨਮਸਾਖੀ ਦਾ ਉੱਚਾਰਣ ਕੀਤਾ ਅਤੇ ਇਸੇ ਦੌਰਾਨ 'ਭਗਤ ਰਤਨਾ-ਵਲੀ' ਦਾ ਵੀ ਉੱਚਾਰਣ ਹੋਇਆ। ਇਸ ਗੱਲ ਦੀ ਪੁਸ਼ਟੀ ਇਸ ਜਨਮਸਾਖੀ ਵਿਚ ਵਰ-ਣਿਤ ਉਨ੍ਹਾਂ ਤੱਥਾਂ ਤੋਂ ਵੀ ਹੋ ਜਾਂਦੀ ਹੈ ਜਿਨ੍ਹਾਂ ਵਿਚ ਸਿੱਖ ਰਹਿਤ ਮਰਯਾਦਾ ਅਤੇ ਧਰਮ-ਸਾਧਨਾ ਦਾ ਉਲੇਖ ਹੈ। ਇਸ ਸਭ ਕੁਝ ਦੀ ਲੋੜ ਉਦੋਂ ਹੀ ਸੰਭਵ ਹੋਈ, ਜਦੋਂ ਗੁਰੂ ਜੀ ਦੇ ਜੋਤੀ ਜੋਤਿ ਸਮਾਣ ਤੋਂ ਬਾਦ ਵਿਕੇਂਦਰਿਤ ਹੋ ਰਹੇ ਸਿੱਖ ਸਮਾਜ ਨੂੰ ਮੁੜ ਵਿਵਸਥਿਤ ਰੂਪ ਵਿਚ ਸੰਗਠਿਤ ਕਰਨਾ ਜ਼ਰੂਰੀ ਸੀ। ਫਲਸਰੂਪ ਵਿਚਾਰਾਧੀਨ ਟੂਕ ਜਨਮ-ਸਾਖੀ ਦੇ ਮਹੱਤਵ ਨੂੰ ਵਧਾਣ ਲਈ ਕੀਤਾ ਗਿਆ ਲੇਖਕ ਦਾ ਭ੍ਰਾਮਕ ਯਤਨ ਹੈ।

ਭਾਈ ਮਨੀ ਸਿੰਘ ਦੁਆਰਾ ਕਥਾ-ਵਾਰਤਾ ਦੇ ਰੂਪ ਵਿਚ ਉਚਰੀ ਇਸ ਜਨਮਸਾਖੀ ਨੂੰ ਗਿਆਨੀ ਸੂਰਤ ਸਿੰਘ ਨੇ ਲਿਖਿਤ ਰੂਪ ਕਦ ਦਿੱਤਾ ? ਇਸ ਸੰਬੰਧ ਵਿਚ ਇਕ ਤੱਥ ਪ੍ਰੋ. ਪ੍ਰੀਤਮ ਸਿੰਘ ਪਾਸ ਪਈ ਦਸੀ ਜਾਂਦੀ ਇਸ ਜਨਮਸਾਖੀ ਦਾ 1721 ਈ. (1778 ਬਿ.) ਦਾ ਲਿਖਿਆ ਇਕ ਉਤਾਰਾ ਹੈ, ਜਿਸ ਦੀ ਅਪ੍ਰਮਾਣਿਕਤਾ ਬਾਰੇ ਪਿਛੇ ਦਸ ਆਏ ਹਾਂ। ਇਹ ਸੰਮਤ ਅਸਲੋਂ ਪੋਥੀ ਦੇ ਲਿਖਣ ਦਾ ਨਹੀਂ, ਗੁਰੂ ਹਰਿ ਰਾਇ ਜੀ ਦੇ ਜੋਤੀ ਜੋਤਿ ਸਮਾਣ (1718 ਬਿ.) ਦਾ ਹੈ ਜੋ ਕਿਸੇ ਨੇ ਪੋਥੀ ਦਾ ਅਧਿਕ ਮੁਲ ਪ੍ਰਾਪਤ ਕਰਨ ਦੇ ਉਦੇਸ਼ ਵਜੋਂ 18 ਨੂੰ 78 ਬਣਾ ਦਿੱਤਾ ਹੈ। ਇਸ ਲਈ ਇਸ ਸੰਦਰਭ ਵਿਚ ਪੇਸ਼ ਕੀਤਾ ਜਾਣ ਵਾਲਾ ਇਹ ਤੱਥ ਨਿਰਾਧਾਰ ਸਿੱਧ ਹੁੰਦਾ ਹੈ।

ਦੂਜਾ ਤੱਥ ਹੈ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ ਵਿਚ ਸੁਰੱਖਿਅਤ 1739 ਈ. ਵਿਚ ਲਿਖੀ 'ਗਿਆਨ ਰਤਨਾਗਰ ਮਹਾਨ ਭਾਵੇ' ਪੋਥੀ (ਨੰ. 80) ਵਿਚ ਇਸ

12. 'ਸ਼ਹੀਦ ਬਿਲਾਸ', ਪੰਨੇ 72-73

ਜਨਮਸਾਖੀ ਦਾ ਉਲੇਖ ਹੋਣਾ । ਇਸ ਤੋਂ ਸਪੱਸ਼ਟ ਹੈ ਕਿ ਜਨਮਸਾਖੀ ਦੀ ਰਚਨਾ 1739 ਈ. (1796 ਬਿ.) ਤੋਂ ਪਹਿਲਾਂ ਹੋ ਚੁੱਕੀ ਸੀ ।

ਉਪਰੋਕਤ ਤੱਥਾਂ ਦੇ ਪ੍ਰਕਾਸ਼ ਵਿਚ ਅਨੁਮਾਨ ਹੈ, ਇਹ ਜਨਮਸਾਖੀ 18ਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਲਿਖੀ ਗਈ ਹੋਵੇਗੀ ।

2. ਭਗਤ ਰਤਨਾਵਲੀ (ਸਿੱਖਾਂ ਦੀ ਭਗਤਮਾਲਾ)

ਕਰਤ੍ਰਿਤਵ : ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਇਹ ਅਠਾਰ੍ਹਵੀਂ ਸਦੀ ਵਿਚ ਰਚੇ ਗਏ ਸਾਖੀ ਸਾਹਿੱਤ ਦੀ ਪ੍ਰਮੁਖ ਰਚਨਾ ਹੈ । ਇਸ ਦਾ ਇਕ ਨਾ-ਮਾਂਤਰ 'ਸਿਖਾਂ ਦੀ ਭਗਤਮਾਲਾ' ਵੀ ਹੈ । ਹੱਥ-ਲਿਖਿਤ ਪੋਥੀਆਂ ਤੋਂ ਇਲਾਵਾ ਇਸ ਦੇ ਭਾਈ ਵੀਰ ਸਿੰਘ, ਡਾ. ਗੋਬਿੰਦ ਸਿੰਘ ਲਾਂਬਾ ਅਤੇ ਪ੍ਰੋ. ਧਰਮ ਚੰਦ ਬਾਤਿਸ਼ ਦੁਆਰਾ ਸੰਪਾਦਿਤ ਸੰਸਕਰਣ ਵੀ ਉਪਲਬਧ ਹਨ । ਕਰਤ੍ਰਿਤਵ ਅਤੇ ਰਚਨਾ-ਕਾਲ ਬਾਰੇ ਤੱਥ-ਆਧਾਰਿਤ ਸਾਮਗ੍ਰੀ ਦੇ ਅਭਾਵ ਕਾਰਣ ਇਹ ਇਕ ਸੰਦਿਗਧ ਰਚਨਾ ਹੈ । ਫਲਸਰੂਪ ਇਸ ਦੇ ਕਰਤ੍ਰਿਤਵ ਅਤੇ ਰਚਨਾ-ਕਾਲ ਬਾਰੇ ਅਨੇਕ ਪ੍ਰਕਾਰ ਦੇ ਮਤ ਅਤੇ ਵਿਵਾਦ ਪ੍ਰਚਲਿਤ ਰਹੇ ਹਨ । ਇਸ ਖੇਤਰ ਵਿਚ ਭਾਈ ਵੀਰ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਪਿਆਰ ਸਿੰਘ, ਡਾ. ਤਰਲੋਚਨ ਸਿੰਘ ਬੇਦੀ, ਡਾ. ਜਗਜੀਤ ਸਿੰਘ, ਡਾ. ਮਨਮੋਹਨ ਕੇਸਰ ਦੇ ਨਾਂ ਵਿਸ਼ੇਸ਼ ਉਲੇਖਯੋਗ ਹਨ । ਵਾਦ-ਵਿਵਾਦ ਦੇ ਇਸ ਦੀਰਘ ਇਤਿਹਾਸ ਵਿਚ ਨਾ ਪੈਂਦੇ ਹੋਇਆਂ ਵਸਤੂ-ਸਥਿਤੀ ਨੂੰ ਸਪੱਸ਼ਟ ਕਰਨ ਦਾ ਯਤਨ ਕਰਨਾ ਹੀ ਉਚਿਤ ਹੋਵੇਗਾ ।

ਇਸ ਰਚਨਾ ਨੂੰ ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਕਰਨ ਦੇ ਹੇਠ ਲਿਖੇ ਕੁਝ ਅੰਦਰਲੇ ਤੱਥ ਸਾਹਮਣੇ ਆਉਂਦੇ ਹਨ :

(i) ਆਰੰਭ ਵਿਚ ਲਿਖਿਆ ਹੈ :

> ਏਕ ਸਮੇਂ ਭਾਈ ਮਨੀ ਸਿੰਘ ਜੀ ਥੀ ਸਿਖਾਂ ਅਰਦਾਸ ਕੀਤੀ ਜੁ ਭਾਈ ਗੁਰਦਾਸ ਜੀ ਨੇ ਜੁ ਸਿਖਾ ਦੇ ਪਰਥਾਇ ਵਾਰ ਕੀਤੀ ਹੈ ਤੇ ਸਭ ਦੇਸਾ ਦੇ ਸਿਖਾ ਦੇ ਨਾਮੁ ਲਿਖੇ ਹੈਨਿ, ਓਨਾ ਦੀਆਂ ਰਹਿਤਾਂ ਤੇ ਕਰਤੂਤਾਂ ਅਸਾਂ ਨੋ ਮਲੂਮੁ ਕਰਾਵਹੁ, ਜੁ ਅਸੀ ਭੀ ਜਾਣੀਏ ਜੁ ਸਿਖਾ ਦੀਆਂ ਐਸੀਆਂ ਵਰਤਣਾ ਹੋਦੀਆ ਹੈਨਿ, ਅਸਾਨੂ ਭੀ ਰੀਸ ਆਵੈ । ਤਾ ਭਾਈ ਮਨੀ ਸਿੰਘ ਜੀ ਹੋਰਾਂ ਵਚਨੁ ਕੀਤਾ ਜੁ ਤੁਸਾ ਭਲਾ ਪਰਉਪਕਾਰ ਦਾ ਵਚਨੁ ਕੀਤਾ ਹੈ, ਅਸਾਂ ਭੀ ਇਕ ਸਮੇ ਸਾਹਿਬ ਕਰਨਿ ਕਾਰਨ ਗਰੀਬ ਨਿਵਾਜ, ਪਾਤਿਸਾਹੀ ੧੦ ਦਸਵੇ ਪਾਤਿਸਾਹਿ ਥੀਂ ਅਰਦਾਸ ਕਰਕੇ ਪੁਛਿਆ ਸੀ । ਜੋ ਕੁਛੁ ਸਾਹਿਬ ਕਿਰਪਾ ਕਰਕੇ ਵਚਨੁ ਕੀਤਾ ਸੀ ਸੋ ਅਸਾ ਤੁਸਾਨੂ ਕਹਿਦੇ ਹਾਂ ਤੁਸਾ ਰਿਦਾ ਦੇਇ ਕੇ ਸੁਣਨਾ ਤੇ ਐਸੇ ਹੀ ਵਰਤਣਿ ਰਖਣੀ, ਤੁਸਾਨੂੰ ਸਿਖੀ ਪ੍ਰਾਪਤ ਹੋਵੇਗੀ । ਸਾਹਿਬ ਬਚਨੁ ਕੀਤਾ ਹੈ ਜੇਹਾ ਭਾਈ ਦੀ ਸਾਰੀ ਬਾਣੀ ਸੁਣੇ ਦਾ ਫਲੁ ਹੋਵੇਗਾ ਤੇਹਾ ਇਸ ਗੋਸਟਿ ਸੁਣਨ ਵਾਲੇ ਨੂੰ ਫਲੁ ਹੋਵੇਗਾ । ਜੋ ਜਿਵੇਂ ਮੈਂ ਸਾਹਿਬਾਂ ਦੀ ਖਾਸ ਰਚਨਾ ਥੀ ਸੁਣਿਆ ਹੈ ਤਿਵੇਂ ਤੁਸਾਨੂੰ ਬਖਿਆਨ ਕਰਦਾ ਹਾਂ ।

(ii) ਸਤਵੀਂ ਪਉੜੀ ਦੇ ਵਿਚਾਰ-ਪ੍ਰਸੰਗ ਵਿਚ ਕਿਹਾ ਹੈ :

> ਤਾ ਸਿਖਾ ਪ੍ਰਸਨ ਕੀਤਾ ਜੀ ਚਾਰਿ ਵਰਨ ਚਾਰ ਕਉਣ ਹੈਨਿ ਤੇ ਚਾਰ ਆਸਰਮ

ਕਉਣ ਹੈਨਿ ? ਤਾਂ ਭਾਈ ਮਨੀ ਸਿੰਘ ਜੀ ਬਚਨੁ ਕੀਤਾ, ਖਤ੍ਰੀ, ਬ੍ਰਾਹਮਣ, ਸੂਦ, ਵੈਸ ਚਾਰ ਵਰਣ ਹੈਨ...

(iii) ਬਾਰ੍ਹਵੀਂ ਪਉੜੀ ਦੇ ਵਿਚਾਰ-ਪ੍ਰਸੰਗ ਵਿਚ ਕਿਹਾ ਗਿਆ ਹੈ—

ਫੇਰਿ ਸਿਖਾ ਪ੍ਰਸਨ ਕੀਤਾ, ਜੀ ਜੁ ਐਸੇ ਗਿਆਨਵਾਨ ਜੋ ਜੀਵਨ ਮੁਕਤ ਹੋਇਕੇ ਵਰਤਦੇ ਹੈਨ, ਸੋ ਅਗਲਿਆ ਜੁਗਾ ਵਿਚਿ ਕਈ ਵਿਰਲੇ ਸੁਣੀਦੇ ਹੈਨ, ਕਲਜੁਗ ਵਿਚ ਤਾ ਕੋਈ ਨਦਰ ਨਹੀਂ ਆਂਵਦੇ। ਤਾਂ ਭਾਈ ਮਨੀ ਸਿੰਘ ਜੀ ਬਚਨ ਕੀਤਾ, ਜਿਵੇਂ ਤੁਸਾਂ ਪ੍ਰਸਨ ਕੀਤਾ ਹੈ ਤਿਵੇਂ ਭਾਈ ਗੁਰਦਾਸ ਥੀ ਸਿਖਾਂ ਪੁਛਿਆ ਸੀ ਜੋ ਕਲਜੁਗ ਵਿਚ ਤਾ ਏਡ ਤਪ ਭੀ ਨਹੀਂ ਸਾਧੇ ਜਾਂਦੇ, ਏਡੇ ਜੋਗੁ ਭੀ ਨਹੀਂ ਹੋਇ ਸਕਦੇ, ਏਡੇ ਜਗੁ ਭੀ ਨਹੀਂ ਹੋਇ ਸਕਦੇ, ਅਜੇਹੇ ਬਿਬੇਕਵਾਨ ਭਗਤ ਕਲਜੁਗ ਵਿਚਿ ਤਾ ਦੁਰਲੰਭ ਹੈਨ। ਤਾ ਭਾਈ ਗੁਰਦਾਸ ਜੀ ਵਚਨ ਕੀਤਾ...

(iv) ਚੌਬੀਸਵੀਂ ਪਉੜੀ ਦੇ ਸਾਖੀ ਪ੍ਰਸੰਗ ਵਿਚ ਲਿਖਿਆ ਹੈ :

ਤਾ ਭਾਈ ਮਨੀ ਸਿੰਘ ਜੀ ਥੀ ਸਿਖਾ ਪ੍ਰਸਨੁ ਕੀਤਾ ਜੀ ਕੋਲੂਸਰ ਜੋ ਹੋਇਆ ਹੈ। ਸੋ ਕਿਉ ਕਰਿ ਹੋਇਆ ਹੈ ਤਾਂ ਉਨਾ ਬਚਨੁ ਕੀਤਾ.........

ਤਾ ਸਿਖਾ ਭਾਈ ਮਨੀ ਸਿੰਘ ਜੀ ਥੀ ਪ੍ਰਸਨ ਕੀਤਾ ਜੋ ਓਹੁ ਤਾ ਕਾਮ ਦੀ ਭਾਵਨੀ ਕਰ ਗੁਰੂ ਨੂੰ ਮਿਲੀ। ਨਿਹਕਾਮ ਕਿਓ ਕਰ ਹੋਈ। ਤਾਂ ਓਨਾ ਕਹਿਆ...

ਉਪਰੋਕਤ ਚਾਰ ਸੰਦਰਭਾਂ ਤੋਂ ਕਰਤ੍ਰਿਤਵ ਸੰਬੰਧੀ ਹੇਠ ਲਿਖੇ ਤੱਥ ਉਘੜਦੇ ਹਨ —

(ੳ) ਜਿਗਿਆਸੂਆਂ ਦੁਆਰਾ ਪੁਛੇ ਜਾਣ ਤੇ ਭਾਈ ਮਨੀ ਸਿੰਘ ਭਾਈ ਗੁਰਦਾਸ ਦੁਆਰਾ ਲਿਖੀ ਯਾਰ੍ਹਵੀਂ ਵਾਰ ਵਿਚ ਅੰਕਿਤ ਸਿੱਖਾਂ ਦੀਆਂ 'ਰਹਿਤਾਂ ਤੇ ਕਰਤੂਤਾਂ' ਦਾ ਵਿਖਿਆਨ ਕਰਦੇ ਹਨ, ਤਾਂ ਜੋ ਸਮਕਾਲੀ ਸਿੱਖ ਉਨ੍ਹਾਂ ਦਾ ਅਨੁਕਰਣ ਕਰ ਸਕਣ।

(ਅ) ਭਾਈ ਮਨੀ ਸਿੰਘ ਉਹੀ ਕੁਝ ਦਸਦੇ ਹਨ ਜੋ ਉਨ੍ਹਾਂ ਨੇ ਦਸਮ ਗੁਰੁ ਜੀ ਤੋਂ ਸੁਣਿਆ ਸੀ, ਤਾਂ ਜੋ ਪੁੱਛਾਂ ਕਰਨ ਵਾਲੇ ਜਿਗਿਆਸੂਆਂ ਨੂੰ ਸਿੱਖੀ ਪ੍ਰਾਪਤ ਹੋ ਸਕੇ।

(ੲ) ਭਾਈ ਮਨੀ ਸਿੰਘ ਇਥੇ ਅਨ੍ਯ ਪੁਰਸ਼ ਦੇ ਰੂਪ ਵਿਚ ਚਿਤਰੇ ਗਏ ਹਨ।

ਸਪੱਸ਼ਟ ਹੈ ਕਿ ਭਾਈ ਗੁਰਦਾਸ ਦੀ ਯਾਰ੍ਹਵੀਂ ਵਾਰ ਦੇ ਵਿਵਰਣਾਂ ਦੇ ਆਧਾਰ ਤੇ ਦਸਵੇਂ ਗੁਰੂ ਜੀ ਤੋਂ ਸੁਣੀਆਂ ਸਿੱਖਾਂ ਦੇ ਚਲਨ ਦੀਆਂ ਸਾਖੀਆਂ ਨੂੰ ਭਾਈ ਮਨੀ ਸਿੰਘ ਤੋਂ ਸੁਣਕੇ ਕਿਸੇ ਸਿਰਜਨਾਤਮਕ ਰੁਚੀਆਂ ਵਾਲੇ ਸ਼ਰਧਾਲੂ ਸਿੱਖ ਨੇ ਪ੍ਰਸਤੁਤ ਰੂਪ ਵਿਚ ਅੰਕਿਤ ਕੀਤਾ। ਇਸ ਤਰ੍ਹਾਂ ਇਥੇ ਭਾਈ ਮਨੀ ਸਿੰਘ ਅਨ੍ਯ ਪੁਰਸ਼ ਵਿਚ ਚਿੱਤਰੇ ਹੋਣ ਕਰਕੇ 'ਭਗਤ ਰਤਨਾਵਲੀ' ਦੇ ਲੇਖਕ ਨਹੀਂ, ਕਥਾਵਾਚਕ ਜਾਂ ਵਿਆਖਿਆਤਾ ਹਨ ਅਤੇ ਇਸ ਨੂੰ ਲਿਖਿਤ ਰੂਪ ਦੇਣ ਵਾਲਾ ਕੋਈ ਹੋਰ।

ਡਾ. ਤਰਲੋਚਨ ਸਿੰਘ ਬੇਦੀ ਨੇ ਇਸ ਰਚਨਾ ਦਾ ਭਾਈ ਮਨੀ ਸਿੰਘ ਨਾਲੋਂ ਸੰਬੰਧ-ਵਿਛੇਦ ਕਰਨ ਲਈ ਭਾਈ ਮਨੀ ਸਿੰਘ ਦੀ ਤਥਾ-ਕਥਿਤ ਚਿੱਠੀ ਅਤੇ 'ਸਿੱਖਾਂ ਦੀ ਭਗਤਮਾਲਾ' ਦੀ ਇਕ ਸਾਖੀ (53) ਦੀ ਭਾਸ਼ਾ-ਸ਼ੈਲੀ ਦਾ ਤੁਲਨਾਤਮਕ ਅਧਿਐਨ ਪੇਸ਼

ਕੀਤਾ ਹੈ ।[13] ਪਰ ਜਿਵੇਂ ਕਿ ਇਸੇ ਅਧਿਆਇ ਵਿਚ ਅੱਗੇ ਚਲ ਕੇ ਦਸਾਂਗੇ ਕਿ ਇਹ ਚਿੱਠੀ ਅਪ੍ਰਮਾਣਿਕ ਹੈ, ਇਸ ਲਈ ਅਪ੍ਰਮਾਣਿਕ ਚਿੱਠੀ ਦੇ ਆਧਾਰ ਤੇ ਕੀਤਾ ਗਿਆ ਕਰ-ਤ੍ਰਿਤਵ ਸੰਬੰਧੀ ਨਿਰਣਾ ਨਿਰਮੂਲ ਹੈ । ਇਸ ਲਈ 'ਭਗਤ ਰਤਨਾਵਲੀ' ਨੂੰ ਭਾਈ ਮਨੀ ਸਿੰਘ ਦੇ ਕਰਤ੍ਰਿਤਵ ਨਾਲੋਂ ਮੂਲੋਂ ਵੱਖਰਾ ਨਹੀਂ ਕੀਤਾ ਜਾ ਸਕਦਾ ।

ਭਾਈ ਮਨੀ ਸਿੰਘ ਦੇ ਕਰਤ੍ਰਿਤਵ ਤੋਂ ਇਸ ਰਚਨਾ ਨੂੰ ਵੱਖ ਕਰਨ ਦਾ ਡਾ. ਤਰਲੋਚਨ ਸਿੰਘ ਬੇਦੀ ਦਾ ਇਕ ਤਰਕ ਇਸ ਵਿਚਲੀਆਂ ਉਕਾਈਆਂ (ਗ੍ਰੰਥ ਸਾਹਿਬ ਦੇ ਦਰਸ਼ਨ ਦਾ ਉਲੇਖ–ਗੁਰੂ ਰਾਮ ਦਾਸ ਪ੍ਰਸੰਗ) ਅਤੇ ਗ਼ਲਤ ਬਿਆਨੀਆਂ (ਬ੍ਰਾਹਮਣੀ ਰੁਚੀਆਂ ਜਾਂ ਗੁਰਬਾਣੀ ਦੀਆਂ ਟੂਕਾਂ ਸੰਬੰਧੀ) ਵੀ ਹੈ ।[14] ਪਰ ਵਿਦਵਾਨ ਲੇਖਕ ਨੂੰ ਇਹ ਭੁਲ ਗਿਆ ਹੈ ਕਿ ਭਾਈ ਮਨੀ ਸਿੰਘ ਨੇ ਸਾਰੀ ਕਥਾ-ਵਾਰਤਾ ਮੌਖਿਕ ਰੂਪ ਵਿਚ ਸੁਣਾਈ ਸੀ । ਮੌਖਿਕ ਤੋਂ ਲਿਖਤੀ ਰੂਪ ਧਾਰਣ ਕਰਨ ਦੀ ਪ੍ਰਕ੍ਰਿਆ ਦੇ ਦੌਰਾਨ ਕਥਾ-ਵਾਰਤਾ ਵਿਚ ਕਈ ਤਰ੍ਹਾਂ ਦੇ ਰਲੇ ਪੈ ਸਕਦੇ ਹਨ, ਲਿਖਾਰੀ ਵੀ ਆਪਣੇ ਵਲੋਂ ਕੁਝ ਜੋੜ ਸਕਦਾ ਹੈ ਅਤੇ ਕਈ ਵਾਰ ਅਚੇਤਨ ਹੀ ਯੁਗ-ਪ੍ਰਭਾਵ ਅਧੀਨ ਕਈ ਇਤਿਹਾਸਿਕ ਅਸੰਗਤੀਆਂ ਸ਼ਾਮਲ ਹੋ ਜਾਂਦੀਆਂ ਹਨ । ਇਸ ਲਈ ਇਨ੍ਹਾਂ ਸਹਿਜ ਉਕਾਈਆਂ ਨਾਲ 'ਭਗਤ ਰਤਨਾਵਲੀ' ਦੇ ਰਚੈਤਾ ਪਦ ਨਾਲੋਂ ਭਾਈ ਮਨੀ ਸਿੰਘ ਨੂੰ ਅਸੰਬੰਧਿਤ ਨਹੀਂ ਕੀਤਾ ਜਾ ਸਕਦਾ ।

ਡਾ. ਤਰਲੋਚਨ ਸਿੰਘ ਨੇ ਨਿਸ਼ਕਰਸ਼ ਰੂਪ ਵਿਚ ਇਸ ਰਚਨਾ ਨੂੰ ਕਵੀ ਸੋਹਨ ਦੀ ਕ੍ਰਿਤੀ ਮੰਨਿਆ ਹੈ ਅਤੇ ਇਸ ਦਾ ਆਧਾਰ 'ਭਗਤ ਰਤਨਾਵਲੀ' ਅਤੇ 'ਗੁਰਬਿਲਾਸ ਪਾ. ਛੇਵੀਂ' ਦੀਆਂ ਕੁਝ ਸਾਖੀਆਂ ਦਾ ਤੁਲਨਾਤਮਕ ਅਧਿਐਨ ਬਣਾਇਆ ਹੈ ।[15] ਸੰਖਿਪਤ ਹੋਣ ਕਰਕੇ 'ਭਗਤ ਰਤਨਾਵਲੀ' ਦੀ ਰਚਨਾ ਪਹਿਲਾਂ ਹੋਈ ਦਸੀ ਹੈ ਅਤੇ ਗੁਰਬਿਲਾਸ ਨੂੰ ਬਾਦ ਦੀ । ਪਰ ਕਵਿਤਾ ਅਤੇ ਵਾਰਤਕ ਵਿਚ ਲਿਖੀਆਂ ਇਨ੍ਹਾਂ ਰਚਨਾਵਾਂ ਨੂੰ ਬਿਨਾ ਕਿਸੇ ਆਧਾਰ ਅਤੇ ਬੋਲੀ-ਸ਼ੈਲੀ ਦੀ ਸਮਾਨਤਾ ਦੇ ਇਕੋ ਲੇਖਕ ਦਾ ਮੰਨਣਾ ਅਨੁਚਿਤ ਹੈ । ਗੱਦ ਅਤੇ ਪੱਦ ਵਿਚ ਲਿਖੀਆਂ ਰਚਨਾਵਾਂ ਦੀ ਬੋਲੀ-ਸ਼ੈਲੀ ਦੇ ਆਧਾਰ ਤੇ ਤੁਲਨਾ ਕਰਕੇ ਕਰਤ੍ਰਿਤਵ ਦਾ ਨਿਰਣਾ ਕਰਨਾ ਬੜਾ ਅਵਿਗਿਆਨਕ ਹੈ । 'ਗੁਰਬਿਲਾਸ ਪਾ. ੬' ਦੇ ਕਰਤ੍ਰਿਤਵ ਸੰਬੰਧੀ ਅੱਗੇ ਚਲ ਕੇ ਸਪੱਸ਼ਟ ਕੀਤਾ ਜਾਏਗਾ ਕਿ ਨਾ ਇਹ ਰਚਨਾ ਕਵੀ ਸੋਹਨ ਦੀ ਲਿਖੀ ਹੈ ਅਤੇ ਨਾ ਹੀ ਇਸ ਦਾ ਕੋਈ ਸੰਬੰਧ ਭਾਈ ਮਨੀ ਸਿੰਘ ਨਾਲ ਹੈ । ਸਗੋਂ ਇਹ 1900 ਬਿ. ਵਿਚ ਲਿਖੀ ਗਈ ਭਾਈ ਗੁਰਮੁਖ ਸਿੰਘ ਅਤੇ ਦਰਬਾਰਾ ਸਿੰਘ ਦੀ ਰਚਨਾ ਹੈ । ਇਸ ਲਈ ਕਵੀ ਸੋਹਨ ਨਾਲ 'ਭਗਤ ਰਤਨਾਵਲੀ' ਦੇ ਕਰਤ੍ਰਿਤਵ ਦਾ ਸੰਬੰਧ ਜੋੜਨਾ ਠੀਕ ਨਹੀਂ । ਅਸਲੋਂ ਇਹ ਦੋਵੇਂ ਭਿੰਨ ਭਿੰਨ ਲੇਖਕਾਂ ਦੀਆਂ ਰਚਨਾਵਾਂ ਹਨ ।

ਭਾਈ ਮਨੀ ਸਿੰਘ ਦੇ ਨਾਂ ਤੇ ਪ੍ਰਸਿੱਧ ਹੋਈ 'ਗਿਆਨ ਰਤਨਾਵਲੀ' (ਜਨਮਸਾਖੀ) ਨਾਂ ਦੀ ਰਚਨਾ ਦੀ ਉਥਾਨਿਕਾ ਵਿਚ ਵੀ ਭਾਈ ਮਨੀ ਸਿਘ ਨੂੰ ਅਨ੍ਯ ਪੁਰਸ਼ ਵਜੋਂ

---

13. 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਅਨ', ਪੰਨਾ 121
14. ਉਹੀ, ਪੰਨਾ 119
15. ਉਹੀ, ਪੰਨੇ 123-126

ਚਿੱਤਰਿਆ ਗਿਆ ਹੈ। ਪਿਛੇ ਸਿੱਧ ਕੀਤਾ ਜਾ ਚੁਕਾ ਹੈ ਕਿ 'ਗਿਆਨ ਰਤਨਾਵਲੀ' ਦਾ ਕਥਾ-ਕਾਰ ਭਾਈ ਮਨੀ ਸਿੰਘ ਹੈ ਅਤੇ ਲਿਖਿਤ ਰੂਪ ਦੇਣ ਵਾਲਾ ਭਾਈ ਸੂਰਤ ਸਿੰਘ ਹੈ। ਇਸ ਲਈ ਵਿਚਾਰਧੀਨ ਰਚਨਾ ਦਾ ਕਥਾਕਾਰ ਵੀ ਭਾਈ ਮਨੀ ਸਿੰਘ ਅਤੇ ਲਿਖਿਤ ਰੂਪ ਦੇਣ ਵਾਲਾ ਭਾਈ ਸੂਰਤ ਸਿੰਘ ਹੈ। ਪਰ ਆਮ ਤੌਰ ਤੇ ਵਿਦਵਾਨ 'ਭਗਤ ਰਤਨਾਵਲੀ' ਨੂੰ ਸੂਰਤ ਸਿੰਘ ਤੋਂ ਭਿੰਨ ਕਿਸੇ ਹੋਰ ਦੁਆਰਾ ਲਿਖਿਤ ਰੂਪ ਦੇਣਾ ਮੰਨਦੇ ਹਨ। ਉਨ੍ਹਾਂ ਦਾ ਤਰਕ ਕੇਵਲ ਬੋਲੀ-ਸ਼ੈਲੀ ਦਾ ਅੰਤਰ ਹੈ ਕਿ 'ਗਿਆਨ ਰਤਨਾਵਲੀ' ਦੀ ਬੋਲੀ-ਸ਼ੈਲੀ ਹਿੰਦਵੀ ਹੈ ਅਤੇ 'ਭਗਤ ਰਤਨਾਵਲੀ' ਦੀ ਭਾਸ਼ਾ ਪੰਜਾਬੀ ਦੇ ਅਧਿਕ ਨੇੜੇ ਹੈ। ਪਰ ਉਹ ਭੁਲ ਜਾਂਦੇ ਹਨ ਕਿ ਇਕ ਤਾਂ ਇਨ੍ਹਾਂ ਦੋਹਾਂ ਰਚਨਾਵਾਂ ਦੇ ਲਿਖਣ ਸਮੇਂ ਵਿਚ ਕੁਝ ਅੰਤਰ ਹੈ, ਦੂਜੇ ਦੋਹਾਂ ਦੇ ਪ੍ਰਤਿਪਾਦਿਤ ਵਿਸ਼ੇ ਵਿਚ ਅੰਤਰ ਹੈ ਅਤੇ ਤੀਜੇ ਦੋਹਾਂ ਦੀਆਂ ਆਧਾਰ ਰਚ-ਨਾਵਾਂ (ਵਾਰਾਂ) ਦੀ ਭਾਸ਼ਾ-ਸ਼ੈਲੀ ਦੇ ਸਰੂਪ ਵਿਚ ਵੀ ਬਹੁਤ ਅਧਿਕ ਫਰਕ ਹੈ। ਇਨ੍ਹਾਂ ਕਾਰਣਾਂ ਕਰਕੇ ਹੀ 'ਗਿਆਨ ਰਤਨਾਵਲੀ' ਵਿਚ ਹਿੰਦਵੀ ਵਲ ਅਧਿਕ ਝੁਕਾ ਹੈ। ਇਹ ਗੱਲ ਵੀ ਵਿਚਾਰ ਗੋਚਰੇ ਹੈ ਕਿ ਪ੍ਰਸਤੁਤ ਰਚਨਾ ਵਿਚ ਦੋ ਪ੍ਰਕਾਰ ਦੀਆਂ ਭਾਸ਼ਾ-ਸ਼ੈਲੀਆਂ ਮਿਲਦੀਆਂ ਹਨ। ਕਥਾ-ਪ੍ਰਸੰਗਾਂ ਜਾਂ ਸੰਵਾਦਾਂ ਵੇਲੇ ਬੋਲੀ ਪੰਜਾਬੀ ਦੇ ਅਧਿਕ ਨੇੜੇ ਹੈ ਅਤੇ ਦਾਰਸ਼ਨਿਕ ਚਰਚਾ ਵੇਲੇ ਉਹ ਹਿੰਦਵੀ ਪ੍ਰਤਿ ਜ਼ਿਆਦਾ ਝੁਕੀ ਹੈ। ਇਸੇ ਤਰ੍ਹਾਂ 'ਗਿਆਨ ਰਤਨਾਵਲੀ' ਜਨਮਸਾਖੀ ਵਿਚ ਵੀ ਦੋ ਪ੍ਰਕਾਰ ਦੀ ਬੋਲੀ-ਸ਼ੈਲੀ ਮਿਲਦੀ ਹੈ। ਵਿਵਰਣ ਜਾਂ ਕਥਾ-ਪ੍ਰਸੰਗਾਂ ਵਿਚ ਬੋਲੀ ਸਰਲ ਹੈ ਅਤੇ ਦਾਰਸ਼ਨਿਕ ਚਰਚਾ ਵੇਲੇ ਉਹ ਬਹੁਤ ਔਖੇਰੀ ਅਤੇ ਹਿੰਦਵੀ ਦੇ ਅਧਿਕ ਨੇੜੇ ਹੈ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਭਾਈ ਗੁਰਦਾਸ ਦੀ ਪਹਿਲੀ ਵਾਰ ਦੀਆਂ ਪਹਿਲੀਆਂ ਪਉੜੀਆਂ ਵਿਚ ਹੋਰਨਾਂ ਮਤ-ਮਤਾਂਤਰਾਂ ਬਾਰੇ ਵਿਵਰਣ ਦਿੱਤਾ ਗਿਆ ਹੈ, ਇਸ ਲਈ ਉਸ ਭਾਗ ਦਾ ਟੀਕਾ ਕਰਨ ਵੇਲੇ ਭਾਸ਼ਾ ਦਾ ਔਖੇਰਾ ਜਾਂ ਹਿੰਦਵੀ ਪ੍ਰਭਾਵਿਤ ਹੋਣਾ ਸੁਭਾਵਿਕ ਹੈ, ਪਰ ਜਿਉਂ ਜਿਉਂ ਲੇਖਕ ਕਥਾ-ਪ੍ਰਸੰਗਾਂ ਦੇ ਚਿੱਤ੍ਰਣ ਵਿਚ ਪਿਆ ਹੈ, ਉਸ ਦੀ ਬੋਲੀ ਸਰਲ ਹੁੰਦੀ ਗਈ ਹੈ। ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਵੀ ਦੋਹਾਂ ਦੀਆਂ ਭਾਸ਼ਾਵਾਂ ਵਿਚ ਬਹੁਤ ਸਮਾਨਤਾ ਅਤੇ ਕਿਤੇ ਕਿਤੇ ਇਕਰੂਪਤਾ ਵੀ ਹੈ। ਜੇ ਕੁਝ ਭਾਸ਼ਾ-ਅੰਤਰ ਪ੍ਰਤੀਤ ਹੁੰਦਾ ਹੈ ਤਾਂ ਇਹ ਵੱਖ ਵੱਖ ਵਿਸ਼ਿਆਂ ਅਤੇ ਕਥਾ-ਪ੍ਰਸੰਗਾਂ ਕਰਕੇ ਚੇਤਨ ਤੌਰ ਤੇ ਵੀ ਆ ਗਿਆ ਹੋ ਸਕਦਾ ਹੈ।

'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਦੀ ਭਾਸ਼ਾ-ਸ਼ੈਲੀ-ਗਤ ਤੁਲਨਾ ਲਈ ਹੇਠ ਲਿਖੀਆਂ ਟੂਕਾਂ ਵਿਚਾਰਨਯੋਗ ਹਨ :

(i) 'ਗਿਆਨ ਰਤਨਾਵਲੀ' (ਸਤਵੈ ਦੀਪ ਦੇ ਪ੍ਰਸੰਗ ਵਿਚ ਗੁਰੂ ਨਾਨਕ ਉਪਦੇਸ਼ ਦਿੰਦਿਆਂ ਕਹਿੰਦੇ ਹਨ)—"ਤਾਂ ਬਾਬੇ ਕਹਿਆ ਤੁਸੀਂ ਸਤਿਨਾਮ ਦਾ ਜਾਪ ਜਪੋ ਅਰ ਪਰਮੇਸਰ ਨੂੰ ਸਭ ਵਿਚ ਇਕੋ ਜਿਹਾ ਜਾਣੋ ਤਾਂ ਤੁਸਾਡੀ ਦੁਬਿਧਾ ਦੂਰ ਹੋ ਜਾਵੇਗੀ ਅਰ ਕੜਾਹ ਪ੍ਰਸਾਦਿ ਕਰਨਾ ਅਰ ਆਏ ਗਏ ਦੀ ਸੇਵਾ ਟਹਲ ਕਰਨੀ।"

(ii) 'ਭਗਤ ਰਤਨਾਵਲੀ' (ਸੋਲਵੀਂ ਪਉੜੀ ਦੀ ਪ੍ਰਸੰਗ-ਵਿਆਖਿਆ ਵਿਚ)—"ਤਾਂ ਉਨਾਂ ਨੂੰ ਬਚਨ ਹੋਇਆ : ਸਿਖਾ ਨਾਲਿ ਭਗਤੀ ਕਰਨੀ ਤੇ ਪ੍ਰਸਾਦਿ ਵਰਤਾ ਕੇ ਛਕਣਾ, ਜਿਸ ਵੇਲੇ ਸਿਖ ਕੋਈ ਆਵੇ ਉਸੇ ਵੇਲੇ ਪ੍ਰਸਾਦਿ ਦੀ ਸੇਵਾ ਕਰਨੀ ਤੇ

ਵਾਹਿਗੁਰੂ ਦੇ ਨਾਮ ਨਾਲ ਪਿਆਰੁ ਕਰਣਾ ਤੇ ਗੁਰੂ ਦੇ ਸ਼ਬਦ ਨੂੰ ਮਨਣਾ ਮਟ ਮੜੀ ਕਬਰ ਟੋਭਰੀ ਨੂੰ ਨਹੀਂ ਸੇਵਣਾ।"

ਵਿਸ਼ੇ ਅਤੇ ਅਭਿਵਿਅਕਤੀ ਦੀ ਸਾਂਝ ਦੀਆਂ ਇਸ ਪ੍ਰਕਾਰ ਦੀਆਂ ਅਨੇਕ ਟੂਕਾਂ ਦਿੱਤੀਆਂ ਜਾ ਸਕਦੀਆਂ ਹਨ। ਪ੍ਰੋ. ਪਿਆਰ ਸਿੰਘ ਨੇ ਵੀ ਅਨੇਕ ਟੂਕਾਂ ਦੇ ਕੇ ਇਨ੍ਹਾਂ ਦੋਹਾਂ ਰਚਨਾਵਾਂ ਵਿਚ ਵਿਸ਼ੇ ਤੇ ਬਿਆਨ ਵਿਚ ਪ੍ਰਤੱਖ ਸਾਂਝ ਦਸੀ ਹੈ।[16]

ਇਸ ਲਈ ਭਾਈ ਮਨੀ ਸਿੰਘ ਦੀ ਮੌਖਿਕ ਕਥਾ-ਵਾਰਤਾ ਨੂੰ ਇਨ੍ਹਾਂ ਦੋਹਾਂ ਰਚਨਾਵਾਂ ਦਾ ਰੂਪ ਦੇਣ ਵਾਲਾ ਇਕੋ ਹੀ ਵਿਅਕਤੀ ਹੈ, ਦੋ ਨਹੀਂ ਅਤੇ ਉਹ ਗਿਆਨੀ ਸੂਰਤ ਸਿੰਘ ਹੀ ਹੈ।

'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਦੋਵੇਂ ਇਕੋ ਲੇਖਕ ਦੀਆਂ ਰਚਨਾਵਾਂ ਹੋਣ ਦਾ ਇਕ ਸਬਲ ਪ੍ਰਮਾਣ ਇਹ ਵੀ ਹੈ ਕਿ ਦੋਹਾਂ ਨੂੰ ਭਾਈ ਗੁਰਦਾਸ ਦੀਆਂ ਵਾਰਾਂ ਤੇ ਆਧਾਰਿਤ ਕੀਤਾ ਗਿਆ ਹੈ ਅਤੇ ਦੋਹਾਂ ਨੂੰ ਬਾਦ ਵਿਚ ਪੋਥੀ ਰੂਪ ਦਿੱਤਾ ਗਿਆ ਹੈ। ਦੋਹਾਂ ਵਿਚ ਭਾਈ ਮਨੀ ਸਿੰਘ ਨੂੰ ਇਕੋ ਵਿਧੀ ਨਾਲ ਅਨੂਯ ਪੁਰਸ਼ ਵਿਚ ਚਿੱਤਰ ਕੇ ਕਥਾ ਸੁਣਨ ਦਾ ਸੰਬੰਧ ਦਸਮ ਗੁਰੂ ਜੀ ਦੇ ਦਰਬਾਰ ਨਾਲ ਜੋੜਿਆ ਗਿਆ ਹੈ।

ਉਪਰੋਕਤ ਗੱਲਾਂ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਇਕੋ ਹੀ ਕਥਾਕਾਰ ਦੇ ਪ੍ਰਵਚਨ ਹਨ ਅਤੇ ਉਹ ਕਥਾ-ਕਾਰ ਹਨ ਭਾਈ ਮਨੀ ਸਿੰਘ। ਇਨ੍ਹਾਂ ਨੂੰ ਲਿਖਿਤ ਰੂਪ ਦੇਣ ਵਾਲਾ ਵੀ ਇਕੋ ਹੀ ਵਿਅਕਤੀ ਹੈ ਅਤੇ ਉਹ ਹੈ ਗਿਆਨੀ ਸੂਰਤ ਸਿੰਘ। ਸੂਰਤ ਸਿੰਘ ਬਾਰੇ ਅਧਿਕ ਜਾਣਕਾਰੀ ਪਿਛੇ 'ਗਿਆਨ ਰਤਨਾਵਲੀ' ਜਨਮਸਾਖੀ ਵਾਲੇ ਪ੍ਰਸੰਗ ਵਿਚ ਦਿੱਤੀ ਜਾ ਚੁਕੀ ਹੈ।

ਰਚਨਾ-ਕਾਲ : 'ਭਗਤ ਰਤਨਾਵਲੀ' ਦਾ ਰਚਨਾ-ਕਾਲ ਵੀ ਸੰਦਿਗਧ ਹੈ ਕਿਉਂਕਿ ਇਸ ਵਿਚ ਕਿਤੇ ਵੀ ਕੋਈ ਅਜਿਹੀ ਅੰਦਰਲੀ ਗਵਾਹੀ ਉਪਲਬਧ ਨਹੀਂ, ਜਿਸ ਦੇ ਆਧਾਰ ਤੇ ਇਸ ਦੇ ਰਚਨਾ-ਕਾਲ ਬਾਰੇ ਨਿਸ਼ਚਿਤ ਰੂਪ ਵਿਚ ਕੁਝ ਕਿਹਾ ਜਾ ਸਕੇ। ਫਿਰ ਵੀ ਇਸ ਸੰਬੰਧ ਵਿਚ ਕੁਝ ਅਨੁਮਾਨਿਤ ਤੱਥ ਪੇਸ਼ ਕੀਤੇ ਜਾ ਸਕਦੇ ਹਨ।

ਭਾਈ ਸੇਵਾ ਸਿੰਘ[17] ਅਨੁਸਾਰ ਗੁਰੂ ਗੋਬਿੰਦ ਸਿੰਘ ਦੇ ਦੱਖਣ ਦੇਸ਼ ਨੂੰ ਜਾਣ ਵੇਲੇ ਬਘੌਰ (ਰਾਜਸਥਾਨ) ਸ਼ਹਿਰ ਤੋਂ ਭਾਈ ਮਨੀ ਸਿੰਘ ਨੂੰ ਵਾਪਸ ਅੰਮ੍ਰਿਤਸਰ ਭੇਜ ਦਿੱਤਾ ਗਿਆ ਅਤੇ ਗੁਰੂ-ਵਿਯੋਗ ਵਿਚ ਉਦਾਸ ਸੰਗਤ ਨੂੰ ਧੀਰਜ ਦੇਣ ਲਈ ਭਾਈ ਮਨੀ ਸਿੰਘ ਨੇ ਵਿਸ਼ੇਸ਼ ਸਾਖੀਆਂ ਦੀ ਰਚਨਾ ਕਰਨ ਦਾ ਉਦਮ ਕੀਤਾ। ਇਹ ਘਟਨਾ ਮਾਰਚ 1707 ਈ. (ਚੇਤਰ 1765 ਬਿ.) ਦੀ ਹੈ। ਇਸ ਤਰ੍ਹਾਂ ਭਾਈ ਮਨੀ ਸਿੰਘ ਸਾਖੀਆਂ ਦੀ ਮੌਖਿਕ ਰਚਨਾ-ਪ੍ਰਕ੍ਰਿਆ 1707 ਈ. ਤੋਂ ਸ਼ੁਰੂ ਕਰਦੇ ਹਨ। ਉਦੋਂ ਹੀ ਇਸ ਰਚਨਾ ਵਿਚ ਸੰਕਲਿਤ ਸਾਖੀਆਂ ਦੀ ਕਥਾ ਕੀਤੀ ਗਈ ਹੋਵੇਗੀ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਨੂੰ ਭਾਈ ਸੂਰਤ ਸਿੰਘ ਦੁਆਰਾ ਲਿਖਿਤ ਰੂਪ ਕਦ ਦਿੱਤਾ ਗਿਆ। ਇਸ ਸਮੱਸਿਆ ਦਾ ਹਲ ਇਸ ਤੱਥ ਤੋਂ ਹੋ ਜਾਂਦਾ ਹੈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਪਈ 'ਭਗਤ

16. 'ਸਹਿਤ ਸਮਾਚਾਰ', "ਵਾਰਤਕ ਅੰਕ", ਪੰਨੇ 32-33
17. 'ਸ਼ਹੀਦ ਬਿਲਾਸ', ਪੰਨੇ 72-73

ਰਤਨਾਵਲੀ' ਦੀ ਇਕ ਪੋਥੀ (ਨੰ. 7398) ਜਿਸ ਦੇ ਪੰਨਾ 862 ਉਤੇ ਉਸ ਨੂੰ ਬਾਬਾ ਕਲਾਧਾਰੀ ਦਾ ਮੰਨਿਆ ਗਿਆ ਹੈ ('ਪੋਥੀ ਗੁਰੂ ਬਾਬੇ ਕਲਾਧਾਰੀ ਸਾਹਿਬ ਜੀ ਦੀ ਟਹਿਲ ਸਾਧ ਸੰਗਤਿ ਦੀ') ਅਤੇ ਬਾਬਾ ਕਲਾਧਾਰੀ ਦੀ ਮ੍ਰਿਤੂ 1737 ਈ. (1794 ਬਿ.) ਵਿਚ ਹੋਈ ਹੈ।[18] ਇਸ ਤਰ੍ਹਾਂ ਬਾਬਾ ਕਲਾਧਾਰੀ ਦੀ ਟਹਿਲ ਕਰਨ ਵਜੋਂ ਲਿਖੀ ਗਈ ਪੋਥੀ ਵਿਚ 'ਭਗਤ ਰਤਨਾਵਲੀ' ਦਾ ਸ਼ਾਮਲ ਹੋਣਾ, ਇਸ ਦੇ 1737 ਈ. ਤੋਂ ਪਹਿਲਾਂ ਲਿਖਿਤ ਰੂਪ ਵਿਚ ਆ ਜਾਣ ਦੀ ਗੱਲ ਨੂੰ ਪ੍ਰਮਾਣਿਤ ਕਰਦਾ ਹੈ।

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ 'ਭਗਤ ਰਤਨਾਵਲੀ' ਵਿਚਲੀਆਂ ਸਾਖੀਆਂ ਦਾ ਭਾਈ ਮਨੀ ਸਿੰਘ ਦੁਆਰਾ ਮੌਖਿਕ ਉਚਾਰਣ 1707 ਈ. ਤੋਂ ਸ਼ੁਰੂ ਹੋਇਆ ਸੀ ਅਤੇ ਭਾਈ ਸੂਰਤ ਸਿੰਘ ਦੁਆਰਾ ਇਨ੍ਹਾਂ ਨੂੰ ਲਿਖਤੀ ਰੂਪ ਕੁਝ ਵਰ੍ਹਿਆਂ ਮਗਰੋਂ ਅਤੇ 1737 ਈ. ਤੋਂ ਹਰ ਹਾਲਤ ਵਿਚ ਪਹਿਲਾਂ ਦਿੱਤਾ ਜਾ ਚੁਕਿਆ ਸੀ।

3. ਗੁਰਬਿਲਾਸ ਪਾ. ੬

ਕਰਤ੍ਰਿਤਵ : 'ਗੁਰ ਬਿਲਾਸ ਪਾਤਸ਼ਾਹੀ ੬' ਨੂੰ ਵੀ ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਇਸ ਸੰਬੰਧ ਵਿਚ ਕੁਝ ਸੰਦਰਭ ਵਿਚਾਰਨਯੋਗ ਹਨ :

ਦੋਹਰਾ : ਮਨੀ ਸਿੰਘ ਬਰਨਨਿ ਕਰੀ ਜੈਸ ਕਥਾ ਸੁਖ ਖਾਨ।
ਸੋ ਪ੍ਰਸੰਗ ਬਰਨਨ ਕਰੋਂ ਸੁਨੋ ਸੰਤ ਧਰ ਧਿਆਨ। 13।
ਚੌਪਈ : ਗੁਰ ਨਾਨਕ ਅਸਥਾਨ ਉਦਾਰੇ।
ਨਾਨਕ ਸਰ ਜਿਹ ਨਾਮ ਅਪਾਰੇ।
ਜੋਊ ਜਾਇ ਤਹਿ ਮਜਨ ਕਰੈ।
ਕਲੁਖ ਨਸਾਇ ਮੁਕਤਿ ਕਰ ਪਰੈ। 14।
ਭਗਤਿ ਸਿੰਘ ਵਾਸੀ ਤਿਹ ਥਾਨ।
ਮਨੀ ਸਿੰਘ ਕਾ ਸੇਵਕ ਜਾਨ।
ਅਹਿਨਿਸ ਸਦ ਗੁਰ ਕਾ ਜਸ ਗਾਵੈ।
ਔਰ ਬਾਤ ਤਿਹ ਚਿੱਤ ਨ ਭਾਵੈ।
ਏਕ ਸਮ ਮਨੀ ਸਿੰਘ ਉਦਾਰ।
ਨਾਨਕ ਸਰ ਕੇ ਆਏ ਦੀਦਾਰ।...15।
ਦੋਹਰਾ : ਤਿਸ ਸਮੈ ਮਨੀ ਸਿੰਘ ਜੀ ਬੈਠ ਆਨੰਦੇ ਪਾਇ।
ਭਗਤਿ ਸਿੰਘ ਸੋਭਤਿ ਨਿਕਟਿ ਚਰਨ ਕਮਲ ਮਨੁ ਲਾਇ। 16।
ਤਬ ਦਿਵਾਨ ਸੁੰਦਰ ਲਗੋ ਮਨੋ ਦੇਵ ਤਨ ਧਾਰ।
ਪਉੜੀ ਭਾਈ ਵਾਰ ਕੀ ਰਾਗੀ ਮੁਖਹੁ ਉਚਾਰ। 17।
ਚੌਪਈ : ਪੰਜ ਪਿਆਲੇ ਪੰਜ ਪੀਰਾਰੀ।
ਛਠਮ ਪੀਰ ਬੈਠਾ ਗੁਰ ਭਾਰੀ।...

18. ਤਰਲੋਚਨ ਸਿੰਘ ਬੇਦੀ (ਡਾ.) : 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਅਨ', ਪੰਨੇ 117-126.

ਐਸ ਬਚਨ ਜਬ ਰਾਗੀ ਕਹੇ ।
ਭਗਤਿ ਸਿੰਘ ਮਨ ਸੰਸਾ ਲਹੇ ।
ਹਾਥ ਜੋਰ ਅੰਚਰ ਗਰ ਡਾਰਾ ।
ਮਨੀ ਸਿੰਘ ਸਿਉਂ ਐਸ ਉਚਾਰਾ ।...
ਪਾਂਚ ਗੁਰੂ ਸੁਧ ਸਾਂਤ ਰਹਾਏ ।
ਛਠਮ ਗੁਰੂ ਕਿਮ ਜੁਧ ਕਰਾਏ । 18 ।...
ਮਨੀ ਸਿੰਘ ਮਨ ਆਨੰਦ ਪਾਯੋ ।
ਹ੍ਵੈ ਪ੍ਰਸੰਨ ਅਸ ਬਚਨ ਅਲਾਯੋ ।...
ਸੁਨ ਅਬ ਤੋ ਸੋਂ ਕਥਾ ਉਚਾਰੋਂ ।
ਤੁਮਰੇ ਚਿਤ ਕੋ ਭਰਮ ਨਿਵਾਰੋਂ ।
ਸ੍ਰੀ ਗੋਬਿੰਦ ਮ੍ਰਿਗੇਸ ਕ੍ਰਿਪਾਲਾ ।
ਕਥਾ ਸੁਨਾਈ ਅਨਿਕ ਬਿਸਾਲਾ ।
ਦਯਾ ਸਿੰਘ ਜੀ ਸੁਨੀ ਸਪ੍ਰੇਮਾ ।
ਇਕ ਚਿਤ ਦ੍ਰਿੜ ਆਸਨ ਨਿਤ ਨੇਮਾ ।
ਤਿਨੈ ਕ੍ਰਿਪਾ ਕਰਿ ਮੋਹਿ ਸੁਨਾਈ ।
ਕਥਾ ਗੁਰਾਂ ਕੀ ਅਤਿ ਸੁਖਦਾਈ ।
ਅਬ ਕਰਹੋ ਸੋ ਕਥਾ ਉਚਾਰਾ ।
ਭਗਤਿ ਸਿੰਘ ਸੁਨੀਏ ਨਿਰਧਾਰਾ ।

ਅਬ ਗ੍ਰੰਥ ਕਰਤਾ ਕੀ ਬਿਨਯ

ਚੌਪਈ : ਮਨੀ ਸਿੰਘ ਸੁਆਮੀ ਕਾ ਦਾਸ ।
ਧਰਮ ਸਿੰਘ ਜੀ ਬੁਧ ਪ੍ਰਕਾਸ਼ ।
ਤਾ ਕਾ ਭਯੋ ਦਾਸ ਹੰਉ ਆਇ ।
ਤਿਨ ਮਮ ਕੀਨੀ ਅਧਕ ਸਹਾਇ ।...1 ।

ਦੋਹਰਾ : ਮਨੀ ਸਿੰਘ ਜਬ ਹੀ ਕਹੀ ਭਗਤ ਸਿੰਘ ਕੋ ਗਾਥ ।
ਧਰਮ ਸਿੰਘ ਜੀ ਕਵ ਗੁਰੂ ਬੈਠ ਤਬੈ ਢਿਗ ਸਾਥ । 2 ।

ਚੌਪਈ : ਸੁਨੀ ਜੈਸ ਗੁਰ ਤਸ ਸਮ ਗਾਈ ।
ਮੋ ਪਰ ਕਿਰਪਾ ਕੀਨ ਮੁਹਾਈ ।...
ਮਾਸ ਪੰਚ ਦਸ ਕਵਿਤਾ ਕੀਨੀ ।
ਗੁਰ ਪ੍ਰਸਾਦਿ ਅਧਿਕ ਸੁਨ ਲੀਨੀ । 3 ।

ਦੋਹਰਾ : ਸਤ੍ਰਾਂ ਸੈ ਬੀਤੇ ਤਬੈ ਬਰਖ ਪਝਤਰ ਜਾਨ ।
ਸਾਵਨ ਮਾਸ ਇਕੀਮੇ ਦਿਨ ਗਯੋ ਸੁਖਦ ਪਹਿਚਾਨ । 4 ।
ਸੁਦੀ ਪਖ ਦਿਨ ਪੰਚਮੀ ਸ੍ਰੀ ਗੁਰ ਕੇ ਪਰਸਾਦਿ ।
ਪਾਇ ਭੋਗ ਗੁਰ ਗਾਥ ਕਾ ਕਰ ਕਵਿਤਾ ਅਹਿਲਾਦ । 5 ।...

ਪਰਤਖ ਹੋਤ ਗੁਰ ਦੇਵ ਕੇ ਸੇਵਕ ਮੋਹਿ ਨਾ ਨਾਮ ।
ਤਾਂ ਤੇ ਜਾਨੋ ਦਾਸ ਕਵਿ ਸੰਤ ਪੂਰ ਮਮ ਕਾਮ । 7 ।

ਉਪਰੋਕਤ ਟੂਕਾਂ ਤੋਂ ਹੇਠ ਲਿਖੇ ਤੱਥ ਸਾਹਮਣੇ ਆਉਂਦੇ ਹਨ :

(i) ਭਾਈ ਮਨੀ ਸਿੰਘ ਇਕ ਵਾਰ ਗੁਰਦੁਆਰਾ ਨਾਨਕ ਸਰ (ਪਿੰਡ ਬਾਗਾਂ ਵਾਲਾ, ਜ਼ਿਲ੍ਹਾ ਝੰਗ) ਗਏ । ਉਥੇ ਦੀਵਾਨ ਵਿਚ ਰਾਗੀ ਸਿੰਘ ਨੇ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ 48ਵੀਂ ਪਉੜੀ ਗਾਈ ਜਿਸ ਵਿਚ ਗੁਰੂ ਹਰਿਗੋਬਿੰਦ ਨੂੰ ਯੋਧਾ ਰੂਪ ਵਿਚ ਵਰਣਿਤ ਕੀਤਾ ਗਿਆ ਹੈ ।

(ii) ਗੁਰੂ ਜੀ ਦੇ ਯੋਧਾ ਰੂਪ ਸੰਬੰਧੀ ਸ਼ੰਕੁਕ ਹੋ ਕੇ ਭਗਤ ਸਿੰਘ ਨੇ ਭਾਈ ਮਨੀ ਸਿੰਘ ਨੂੰ ਸ਼ੰਕਾ-ਨਿਵ੍ਰਿੱਤੀ ਲਈ ਪ੍ਰਾਰਥਨਾ ਕੀਤੀ ।

(iii) ਭਾਈ ਮਨੀ ਸਿੰਘ ਨੇ ਸ਼ੰਕਾ-ਨਿਵ੍ਰਿੱਤੀ ਲਈ ਦਸਿਆ ਕਿ ਇਸ ਪਰਥਾਇ ਜਦੋਂ ਉਨ੍ਹਾਂ ਦੇ ਆਪਣੇ ਮਨ ਵਿਚ ਸ਼ੰਕਾ ਪੈਦਾ ਹੋਈ ਸੀ, ਤਾਂ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਭਾਈ ਦਯਾ ਸਿੰਘ ਨੇ ਗੁਰੂ ਹਰਿਗੋਬਿੰਦ ਦੀ ਜੋ ਗਾਥਾ ਦਸਮ ਗੁਰੂ ਤੋਂ ਸੁਣੀ ਸੀ, ਉਹ ਉਨ੍ਹਾਂ ਨੂੰ ਸੁਣਾਈ ।

(iv) ਭਾਈ ਮਨੀ ਸਿੰਘ ਨੇ ਉਹ ਗਾਥਾ ਭਾਈ ਭਗਤ ਸਿੰਘ ਨੂੰ ਸੁਣਾਈ ।

(v) ਭਾਈ ਭਗਤ ਸਿੰਘ ਕੋਲ ਬੈਠੇ ਭਾਈ ਧਰਮ ਸਿੰਘ ਵੀ ਇਹ ਗਾਥਾ ਸੁਣ ਰਹੇ ਸਨ ।

(vi) ਭਾਈ ਧਰਮ ਸਿੰਘ ਪ੍ਰਸਤੁਤ ਕਵੀ ਦੇ ਵਿਦਿਆ ਗੁਰੂ ਸਨ । ਉਨ੍ਹਾਂ ਨੇ ਉਹ ਸਾਰੀ ਕਥਾ ਇਸ ਕਵੀ ਨੂੰ ਸੁਣਾਈ ਅਤੇ ਕਵੀ ਨੇ ਪ੍ਰਸਤੁਤ ਰਚਨਾ ਵਿਚ ਉਸ ਨੂੰ ਲਿਪੀ-ਬਧ ਕੀਤਾ ।

(vii) ਇਸ ਰਚਨਾ ਤੇ 15 ਮਹੀਨੇ ਲਗੇ ਅਤੇ 21 ਸਾਵਣ, 1775 ਬਿ. ਵਿਚ ਮੁਕੰਮਲ ਹੋਈ ਸੀ ।

ਇਨ੍ਹਾਂ ਤੱਥਾਂ ਦੇ ਆਧਾਰ ਤੇ ਸਪੱਸ਼ਟ ਹੁੰਦਾ ਹੈ ਕਿ ਇਸ ਵਿਚ ਭਾਈ ਮਨੀ ਸਿੰਘ ਦਾ ਉਲੇਖ ਉਸ ਵਿਧੀ ਵਾਂਗ ਨਹੀਂ ਹੋਇਆ, ਜਿਸ ਪ੍ਰਕਾਰ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਵਿਚ ਹੋਇਆ ਹੈ । ਉਥੇ ਕਿਸੇ ਸਰੋਤਾ ਆਦਿ ਦਾ ਨਾਂ ਨਹੀਂ ਦਿੱਤਾ ਗਿਆ, ਜਦ ਕਿ ਇਥੇ ਸਾਰੀ ਗੱਲ ਪੂਰੀ ਵਿਉਂਤ ਨਾਲ ਕਹੀ ਗਈ ਹੈ । ਇਥੇ ਰਚੈਤਾ-ਕਵੀ ਸਪੱਸ਼ਟ ਰੂਪ ਵਿਚ ਆਪਣੀ ਵੱਖਰੀ ਹੋਂਦ ਦਰਸਾਂਦਾ ਹੋਇਆ ਆਪਣੀ ਇਸ ਰਚਨਾ ਨੂੰ ਆਪਣੇ ਵਿਦਿਆ-ਗੁਰੂ ਭਾਈ ਧਰਮ ਸਿੰਘ ਨੂੰ ਸਮਰਪਿਤ ਕਰਦਾ ਹੈ :

ਪਰਤਖ ਹੋਤ ਗੁਰ ਦੇਵ ਕੇ, ਸੇਵਕ ਮੋਹਿ ਨਾ ਨਾਮ ।
ਤਾਂ ਤੇ ਜਾਨੋ ਦਾਸ ਕਵਿ, ਸੰਤ ਪੂਰ ਮਮ ਕਾਮ । 7 ।

(ਭਾਸ਼ਾ ਵਿਭਾਗ ਸੰਸਕਰਣ)

ਇਸ ਤਰ੍ਹਾਂ ਕਵੀ ਨੇ 'ਸੇਵਕ ਮੋਹਿ ਨਾ ਨਾਮ' ਸ਼ਬਦ ਵਰਤ ਕੇ ਆਪਣੇ ਨਾਂ ਨੂੰ ਗੁਪਤ ਰਖਿਆ ਹੈ । ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਭਾਸ਼ਾ ਵਿਭਾਗ ਵਲੋਂ ਛਪੀਆਂ ਪੰਜਾਬੀ ਹੱਥ-ਲਿਖਤਾਂ ਦੀਆਂ ਸੂਚੀਆਂ ਵਿਚ ਇਸ ਨੂੰ ਕਵੀ ਸੋਹਨ ਦੀ ਰਚਨਾ ਮੰਨਿਆ ਹੈ, ਪਰ

ਇਸ ਸੰਬੰਧ ਵਿਚ ਕੋਈ ਪ੍ਰਮਾਣ ਨਹੀਂ ਦਿੱਤਾ। ਹਾਂ, ਕੁਝ ਪੁਰਾਣੀਆਂ ਹੱਥ-ਲਿਖਤਾਂ ਵਿਚ ਉਪਰੋਕਤ 'ਸੇਵਕ ਮੋਹਿ ਨਾ ਨਾਮ' ਦੀ ਥਾਂ ਪਾਠ 'ਸੇਵਕ ਸੋਹਿਨ ਨਾਮ' ਵੀ ਮਿਲਦਾ ਹੈ। ਸ਼ਾਇਦ ਇਸੇ ਆਧਾਰ ਤੇ ਅਸ਼ੋਕ ਹੋਰਾਂ ਨੇ ਕਵੀ ਦਾ ਨਾਂ 'ਸੋਹਨ' ਲਿਖ ਦਿੱਤਾ ਹੋਵੇਗਾ। ਭਾਸ਼ਾ ਵਿਭਾਗ ਵਲੋਂ ਛਪੇ ਇਸ ਗੁਰਬਿਲਾਸ ਦੇ ਸੰਸਕਰਣ ਵਿਚ ਡਾਇਰੈਕਟਰ ਵਲੋਂ ਛਾਪੇ ਗਏ 'ਦੋ ਸ਼ਬਦ' ਵਿਚ ਸੋਹਣ ਸਿੰਘ ਨਾਂ ਲਿਖਿਆ ਹੈ, ਪਰ ਪੁਸਤਕ ਦੇ ਪਾਠ ਵਿਚ ਸੋਹਨ ਸਿੰਘ ਦਾ ਨਾਂ ਕਿਤੇ ਨਹੀਂ ਮਿਲਦਾ। ਇਸ ਤਰ੍ਹਾਂ ਰਚਨਾ ਦੇ ਕੁਝ ਸੰਸਕਰਣਾਂ ਵਿਚ ਕਵੀ ਸੋਹਨ ਦਾ ਨਾਂ ਲਿਖਿਆ ਹੋਣਾ ਅਤੇ ਕੁਝ ਵਿਚ ਉਸ ਦਾ ਪਾਠਾਂਤਰ ਹੋਣਾ, ਇਸ ਦੇ ਕਰਤ੍ਰਿਤਵ ਨੂੰ ਬਿਲਕੁਲ ਸੰਦਿਗਧ ਬਣਾ ਦਿੰਦਾ ਹੈ।

ਇਸ ਰਚਨਾ ਦੇ ਕਵੀ ਬਾਰੇ ਭਾਈ ਕਾਨ੍ਹ ਸਿੰਘ ਨੇ ਆਪਣੀ ਖੋਜ ਦਾ ਸਿੱਟਾ ਇਸ ਪ੍ਰਕਾਰ ਦਿੱਤਾ ਹੈ :

> ਗੁਰ ਬਿਲਾਸ ਦਾ ਕਰਤਾ (ਜਿਸ ਦਾ ਨਾਉਂ ਗੁਪਤ ਹੈ) ਲਿਖਦਾ ਹੈ —'ਮੇਰੇ ਗੁਰਦੇਵ ਧਰਮ ਸਿੰਘ ਜੀ ਨੇ ਇਹ ਕਥਾ ਦੀਵਾਨ ਵਿਚ ਭਾਈ ਮਨੀ ਸਿੰਘ ਜੀ ਦੇ ਮੂੰਹੋਂ ਸੁਣੀ, ਜਿਨ੍ਹਾਂ ਨੇ ਦਇਆ ਕਰ ਕੇ ਮੈਨੂੰ ਸੁਣਾਈ ਅਤੇ ਮੈਂ ਇਸ ਕਥਾ ਦੀ ਛੰਦ ਰਚਨਾ 1775 ਬਿਕ੍ਰਮੀ ਵਿਚ ਸੁਣਾਈ।' ਅਸਲ ਵਿਚ ਇਸ ਗ੍ਰੰਥ ਦੇ ਕਰਤਾ ਭਾਈ ਗੁਰਮੁਖ ਸਿੰਘ ਅਕਾਲ ਬੁੰਗੀਏ ਅਤੇ ਭਾਈ ਦਰਬਾਰਾ ਸਿਘ ਚੌਂਕੀ ਵਾਲੇ ਅੰਮ੍ਰਿਤਸਰ ਨਿਵਾਸੀ ਹਨ। ਇਹ ਗ੍ਰੰਥ ਸੰਮਤ 1890 ਵਿਚ ਆਰੰਭ ਹੋ ਕੇ 1900 ਵਿਚ ਸਮਾਪਤ ਹੋਇਆ।[19]

ਸੋ, ਭਾਈ ਕਾਨ੍ਹ ਸਿੰਘ ਅਨੁਸਾਰ ਇਸ ਗ੍ਰੰਥ ਦੇ ਰਚੈਤਾ ਭਾਈ ਗੁਰਮੁਖ ਸਿੰਘ ਅਤੇ ਦਰਬਾਰਾ ਸਿੰਘ ਹਨ ਅਤੇ ਇਸ ਦੀ ਰਚਨਾ 1890 ਤੋਂ ਆਰੰਭ ਹੋ ਕੇ 1900 ਬਿ. ਵਿਚ ਸਮਾਪਤ ਹੋਈ।

ਭਾਈ ਕਾਨ੍ਹ ਸਿੰਘ ਦੀ ਖੋਜ ਦੀ ਪੁਸ਼ਟੀ ਇਸ ਗ੍ਰੰਥ ਦੀ ਭਾਸ਼ਾ ਤੋਂ ਵੀ ਹੋ ਜਾਂਦੀ ਹੈ, ਜੋ ਅਰਵਾਚੀਨ ਹੈ। ਨਾਲੇ ਉਸ ਵਿਚ ਪੁਰਾਤਨ ਰੀਤ ਅਨੁਸਾਰ ਵਿਭਕਤੀਆਂ ਆਦਿ ਦੀ ਵਰਤੋਂ ਨਹੀਂ ਹੋਈ। ਇਸ ਤੋਂ ਇਲਾਵਾ 'ਭਗਤ ਰਤਨਾਵਲੀ' ਜਿਸ ਦੀ ਰਚਨਾ 1737 ਈ. ਤੋਂ ਪਹਿਲਾਂ ਦੀ ਸਿੱਧ ਹੁੰਦੀ ਹੈ, ਵਿਚੋਂ ਪੰਜਵੇਂ ਅਤੇ ਛੇਵੇਂ ਗੁਰੂ ਸਾਹਿਬਾਨ ਦੇ ਸਿੱਖਾਂ ਦੀਆਂ ਸਾਖੀਆਂ ਸੰਬੰਧੀ ਸਾਮਗ੍ਰੀ ਲਈ ਗਈ ਹੈ ਕਿਉਂਕਿ ਬਹੁਤ ਸਾਰੀਆਂ ਸਾਖੀਆਂ ਦੇ ਤੱਥ ਪਰਸਪਰ ਮਿਲਦੇ ਹਨ। ਇਸ ਤਰ੍ਹਾਂ ਸਿੱਧ ਹੈ ਕਿ ਇਸ ਗ੍ਰੰਥ ਦੀ ਰਚਨਾ 1775 ਬਿ. ਦੀ ਥਾਂ 1900 ਬਿ. ਵਿਚ ਹੋਈ ਅਤੇ ਇਸ ਦਾ ਰਚੈਤਾ ਨਾ ਕਵੀ ਸੋਹਨ ਹੈ ਅਤੇ ਨਾ ਹੀ ਇਸ ਦਾ ਕੋਈ ਸੰਬੰਧ ਭਾਈ ਮਨੀ ਸਿੰਘ ਨਾਲ਼ ਹੈ, ਸਗੋਂ ਇਹ ਭਾਈ ਗੁਰਮੁਖ ਸਿੰਘ ਅਤੇ ਦਰਬਾਰਾ ਸਿੰਘ ਦੀ ਰਚਨਾ ਹੈ। ਉਪਰੋਕਤ ਟੂਕਾਂ ਵਿਚ ਭਾਈ ਮਨੀ ਸਿੰਘ ਦੇ ਨਾਂ ਦਾ ਜੋ ਉਲੇਖ ਹੋਇਆ ਹੈ, ਉਹ ਵਿਸ਼ੇਸ਼ ਵਿਉਂਤ ਅਧੀਨ ਇਸ ਨੂੰ ਭਾਈ ਮਨੀ ਸਿੰਘ ਨਾਲ ਸੰਬੰਧਿਤ ਕਰਨ ਲਈ ਰਤਨਾਵਲੀਆਂ ਦੀ ਸਰਣੀ ਤੇ ਕੀਤਾ ਗਿਆ ਪ੍ਰਤੀਤ ਹੁੰਦਾ ਹੈ।

---

19. 'ਗੁਰੁਮਤ ਮਾਰਤੰਡ', ਭਾਗ 1, ਪੰਨਾ 94, ਪੈਰ-ਟਿੱਪਣੀ

ਫਲਸਰੂਪ ਇਸ ਰਚਨਾ ਦਾ ਭਾਈ ਮਨੀ ਸਿੰਘ ਨਾਲ ਕੋਈ ਸੰਬੰਧ ਨਹੀਂ ਹੈ।

4. ਉਥਾਨਿਕਾਵਾਂ

ਭਾਈ ਮਨੀ ਸਿੰਘ ਦੇ ਨਾਂ ਤੇ ਕੁਝ ਉਥਾਨਿਕਾਵਾਂ ਵੀ ਪ੍ਰਚਲਿਤ ਹਨ। 'ਉਥਾਨਿਕਾ' ਪਰਮਾਰਥ ਜਾਂ ਟੀਕੇ ਤੋਂ ਵੱਖ ਕਿਸਮ ਦੀ ਰਚਨਾ-ਵਿਧੀ ਹੈ। ਇਸ ਵਿਚ ਉਸ ਪਿਛੋਕੜ ਨੂੰ ਚਿੱਤਰਿਆ ਜਾਂਦਾ ਹੈ ਜਿਸ ਵਿਚ ਕਿਸੇ ਬਾਣੀ ਜਾਂ ਸ਼ਬਦ ਦਾ ਕਿਸੇ ਗੁਰੂ ਸਾਹਿਬ ਨੇ ਉੱਚਾਰਣ ਕੀਤਾ ਹੋਵੇ। ਇਸ ਵੰਨਗੀ ਦਾ ਜਨਮ ਜਨਮਸਾਖੀ ਸਾਹਿੱਤ ਤੋਂ ਹੀ ਹੁੰਦਾ ਹੈ ਕਿਉਂਕਿ ਜੇ ਜਨਮਸਾਖੀਆਂ ਦਾ ਧਿਆਨ-ਪੂਰਵਕ ਅਧਿਐਨ ਕਰੀਏ ਤਾਂ ਬਹੁਤੀਆਂ ਸਾਖੀਆਂ ਸ਼ਬਦਾਂ ਦੀਆਂ ਉਥਾਨਿਕਾਵਾਂ (settings) ਹੀ ਪ੍ਰਤੀਤ ਹੁੰਦੀਆਂ ਹਨ। ਪਰ ਉਥੇ ਸਾਰੀਆਂ ਉਥਾਨਿਕਾਵਾਂ ਜਨਮਸਾਖੀ-ਕ੍ਰਮ ਵਿਚ ਆਈਆਂ ਹਨ, ਇਸ ਲਈ ਉਨ੍ਹਾਂ ਨੂੰ ਸਾਖੀਆਂ ਕਹਿਣਾ ਉਚਿਤ ਹੋਵੇਗਾ। ਅਠਾਰ੍ਹਵੀਂ ਸਦੀ ਵਿਚ ਜਨਮਸਾਖੀਆਂ ਵਾਲੀ ਸਾਰਣੀ ਤੋਂ ਹਟ ਕੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਸੰਬੰਧਿਤ ਕੁਝ ਕੁ ਉਥਾਨਿਕਾਵਾਂ ਉਪਲਬਧ ਹਨ, ਜਿਨ੍ਹਾਂ ਦਾ ਅਜੇ ਪ੍ਰਕਾਸ਼ਨ ਨਹੀਂ ਹੋਇਆ। ਇਨ੍ਹਾਂ ਵਿਚੋਂ ਅਧਿਕਾਂਸ਼ ਦਾ ਸੰਬੰਧ ਭਾਈ ਮਨੀ ਸਿੰਘ ਨਾਲ ਜੋੜਿਆ ਜਾਂਦਾ ਹੈ। ਭਾਈ ਮਨੀ ਸਿੰਘ ਤੋਂ ਬਾਦ ਗੁਰੂ-ਧਾਮਾਂ ਉਪਰ ਕਥਾ-ਵਾਰਤਾ ਦੀ ਜੋ ਪਰੰਪਰਾ ਚਲ ਪਈ, ਉਸ ਵਿਚ ਗੁਰਬਾਣੀ ਦੇ ਕਿਸੇ ਨਾ ਕਿਸੇ ਸ਼ਬਦ ਦੀ ਕਥਾ ਕਰਨ ਵੇਲੇ ਉਸ ਨੂੰ ਅਧੀਕ ਰੋਚਕ ਬਣਾਣ ਲਈ ਜਾਂ ਵਿਸਤਾਰ ਦੇਣ ਲਈ ਉਥਾਨਿਕਾ ਦੀ ਕਲਪਨਾ ਕੀਤੀ ਜਾਣ ਲਗ ਪਈ। ਅਜਿਹੀਆਂ ਉਥਾਨਿਕਾਵਾਂ ਬਾਦ ਵਿਚ ਲਿਖਿਤ ਰੂਪ ਵਿਚ ਸੰਭਾਲੀਆਂ ਜਾਣ ਲਗੀਆਂ ਅਤੇ ਆਮ ਤੌਰ ਤੇ ਇਨ੍ਹਾਂ ਦਾ ਸੰਬੰਧ ਮੂਲ-ਕਥਾ ਵਾਚਕ ਜਾਂ ਗਿਆਨੀ ਸੰਪ੍ਰਦਾਇ ਦੇ ਮੋਢੀ ਭਾਈ ਮਨੀ ਸਿੰਘ ਨਾਲ ਜੋੜ ਦਿੱਤਾ ਜਾਂਦਾ, ਭਾਵੇਂ ਭਾਈ ਸਾਹਿਬ ਨਾਲ ਉਨ੍ਹਾਂ ਦਾ ਸੰਬੰਧ ਜੋੜਨਾ ਸਰਲ ਨਹੀਂ ਹੈ, ਕਿਉਂਕਿ ਇਸ ਸੰਬੰਧ ਵਿਚ ਬਾਹਰਲੇ ਜਾਂ ਅੰਦਰਲੇ ਕੋਈ ਪ੍ਰਮਾਣ ਉਪਲਬਧ ਨਹੀਂ ਹਨ। ਇਸ ਪ੍ਰਕਾਰ ਦੀਆਂ ਕੁਝ ਉਥਾਨਿਕਾਵਾਂ ਦੇ ਨਮੂਨੇ ਇਸ ਪ੍ਰਕਾਰ ਹਨ:

(i) ੧ਓ ਸਤਿਗੁਰ ਪ੍ਰਸਾਦਿ। ਉਥਾਨਕਾ ਗੁਰੂ ਗ੍ਰੰਥ ਸਾਹਿਬ ਕੀਆ ਜੌਨਸੀਆ ਸੰਪ੍ਰਦਾਈ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਥਨ ਕਰ ਕੇ **ਮਨੀ ਸਿੰਘ** ਕੋ ਸ੍ਰਵਨ ਕਰਾਈਆ ਹੈ। ਅਬ ਪਹਿਲੇ ਉਥਾਨਕਾ ਜਪੁਜੀ ਕੀ ਕਹਤੇ ਹੈ।......

(ਭਾਸ਼ਾ ਵਿਭਾਗ, ਪਟਿਆਲਾ, ਖਰੜਾ ਨੰ. 466)

(ii) ੧ਓ ਉਥਾਨਕਾ ਗ੍ਰੰਥ ਸਾਹਿਬ ਜੀ ਕੀ। ਭਾਈ **ਮਨੀ ਸਿੰਘ** ਜੀ ਗੁਰੂ ਦਸਮੇਂ ਪਾਤਿਸਾਹ ਕੇ ਹਜ਼ੂਰ ਮੈ ਆਇ ਕੇ ਅਰਜ ਕਰੀ। ਜੋ ਸਚੇ ਪਾਤਿਸਾਹ ਹੋਰ ਸਰਬ ਗ੍ਰੰਥੋਂ ਕੇ ਅਰਥ ਜਾਣੀਤੇ ਹੈ ਇਸ ਆਦਿ ਗ੍ਰੰਥ ਜੀ ਕੇ ਅਰਥ ਨਹੀਂ ਜਾਣੇ ਜਾਤੇ। ਸੋ ਇਸ ਕੇ ਅਰਥੋਂ ਕੀ ਕ੍ਰਿਪਾ ਕਰੀਏ ਜੀ ਤੋਂ ਗੁਰੂ ਦਸਮੇਸ ਪਾਤਿਸਾਹ ਜੀ ਹੁਕਮ ਦੀਆ ਗ੍ਰੰਥ ਸਾਹਿਬ ਜੀ ਲੈ ਆਵੋ ਅਸੀਂ ਤੁਝ ਕੋ ਸ੍ਰਵਣ ਕਰਾਇ ਦੇਵੋ। ਤਬ ਗ੍ਰੰਥ ਜੀ ਲੈ ਆਏ। ਪ੍ਰਥਮੇ ਗੁਰੂ ਜੀ ਜਪੁ ਉਥਾਨਕਾ ਕਹੀ।

(ਪ੍ਰੋ. ਸ. ਸ. ਨਰੂਲਾ ਲੁਧਿਆਣਾ ਪਾਸ ਪਿਆ ਖਰੜਾ)

ਇਸ ਤਰ੍ਹਾਂ ਦੀਆਂ ਕੁਝ ਹੋਰ ਉਥਾਨਿਕਾਵਾਂ ਜਾਂ ਕੁਝ ਹੱਦ ਤਕ ਟੀਕੇ ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜੇ ਗਏ ਹਨ, ਪਰ ਇਹ ਅਸਲੋਂ ਗਿਆਨੀ ਸੰਪ੍ਰਦਾਇ ਦੇ ਕਿਸੇ

ਪਰਵਰਤੀ ਕਥਾ-ਕਾਰ ਦੀ ਦੇਣ ਹਨ, ਭਾਈ ਸਾਹਿਬ ਦਾ ਇਨ੍ਹਾਂ ਨਾਲ ਕੋਈ ਸੰਬੰਧ ਪ੍ਰਤੀਤ ਨਹੀਂ ਹੁੰਦਾ। 'ਸ਼ਰਧਾ ਪੂਰਨ ਗ੍ਰੰਥ' ਆਦਿ ਕਈ ਹੋਰ ਰਚਨਾਵਾਂ ਦੀ ਭਾਈ ਮਨੀ ਸਿੰਘ ਨਾਲ ਜੋੜੀਆਂ ਜਾਂਦੀਆਂ ਹਨ, ਪਰ ਉਨ੍ਹਾਂ ਦਾ ਜੰਤ੍ਰ ਮੰਤ੍ਰ ਪ੍ਰਧਾਨ ਕੱਥ ਇਕਦਮ ਭਾਈ ਮਨੀ ਸਿੰਘ ਦੀ ਭਾਵ-ਧਾਰਾ ਨਾਲ ਮੇਲ ਨਹੀਂ ਖਾਂਦਾ।

5. ਬੀੜਾਂ

ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਦੋ ਬੀੜਾਂ ਵੀ ਹਨ, ਜਿਨ੍ਹਾਂ ਬਾਰੇ ਇਥੇ ਜਾਣਕਾਰੀ ਦੇਣਾ ਆਵੱਸ਼ਕ ਪ੍ਰਤੀਤ ਹੁੰਦਾ ਹੈ।

ਦਮਦਮੀ ਬੀੜ : ਸਿੱਖ ਇਤਿਹਾਸ ਅਤੇ ਰਵਾਇਤਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਜਦੋਂ ਆਨੰਦਪੁਰ ਛਡ ਕੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਪਹੁੰਚੇ ਤਾਂ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਵੀ ਸ਼ਾਮਲ ਕਰਨ ਦਾ ਨਿਸ਼ਚਾ ਕੀਤਾ ਅਤੇ ਆਪਣੀ ਦੇਖ-ਰੇਖ ਵਿਚ ਬੀੜ ਲਿਖਣ ਦਾ ਕੰਮ ਭਾਈ ਮਨੀ ਸਿੰਘ ਨੂੰ ਸੌਂਪਿਆ। ਭਾਈ ਮਨੀ ਸਿੰਘ ਨੇ ਇਹ ਬੀੜ 1762-63 ਬਿ. ਵਿਚ ਮੁਕੰਮਲ ਕੀਤੀ। ਗੁਰੂ ਗੋਬਿੰਦ ਸਿੰਘ ਨੇ ਇਸੇ ਬੀੜ ਨੂੰ ਗੁਰੂ-ਗੱਦੀ ਪ੍ਰਦਾਨ ਕੀਤੀ। ਇਸ ਬੀੜ ਦੀਆਂ ਨਾਲ ਨਾਲ ਕਈ ਨਕਲਾਂ ਤਿਆਰ ਹੋ ਗਈਆਂ, ਪਰ ਮੂਲ ਬੀੜ 1818 ਬਿ. ਵਿਚ ਕੁੱਪਰ ਹੀੜੇ ਦੇ ਵੱਡੇ ਘਲੂਘਾਰੇ ਵਿਚ ਨਸ਼ਟ ਹੋ ਗਈ। ਇਸ ਲਈ ਇਸ ਬੀੜ ਦੀ ਸਹੀ ਸਥਿਤੀ ਅਤੇ ਸਰੂਪ ਬਾਰੇ ਹੁਣ ਕੁਝ ਕਹਿ ਸਕਣਾ ਸਰਲ ਨਹੀਂ ਹੈ।

ਆਦਿ-ਦਸਮ-ਗ੍ਰੰਥ ਵਾਲੀ ਬੀੜ : ਇਹ ਉਹ ਬੀੜ ਹੈ ਜਿਸ ਵਿਚ, ਰਵਾਇਤ ਅਨੁਸਾਰ, ਭਾਈ ਮਨੀ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ (ਸਣੇ ਦਸਮ ਗ੍ਰੰਥ ਦੀ ਬਾਣੀ) ਨੂੰ ਪਰੰਪਰਾਗਤ ਰਾਗ-ਕ੍ਰਮ ਦੀ ਥਾਂ ਤੇ ਰਚੈਤਾ-ਕ੍ਰਮ ਅਨੁਸਾਰ ਕਰ ਦਿੱਤਾ। ਫਲਸਰੂਪ ਇਸ ਵਿਚ ਹਰ ਗੁਰੂ ਅਤੇ ਭਗਤ ਦੀ ਬਾਣੀ ਵੱਖਰੀ ਥਾਂ ਤੇ ਇਕੱਠੀ ਦਰਜ ਕੀਤੀ ਗਈ। ਇਹ ਉਹੀ ਬੀੜ ਹੈ ਜਿਸ ਕਾਰਣ ਸੰਗਤ ਨੇ ਭਾਈ ਮਨੀ ਸਿੰਘ ਦੇ ਬੰਦ ਬੰਦ ਕਟੇ ਜਾਣ ਦਾ ਸਰਾਪ ਦਿੱਤਾ ਸੀ।


ਇਸ ਬੀੜ ਸੰਬੰਧੀ ਹੁਣ ਕੋਈ ਤੱਥਕ ਸਾਮਗ੍ਰੀ ਉਪਲਬਧ ਨਹੀ, ਪਰ ਹੁਣ ਜੋ ਬੀੜ ਰਾਜਾ ਗੁਲਾਬ ਸਿੰਘ ਸੇਠੀ ਦੇ ਪਰਿਵਾਰ (47 ਹਨੂਮਾਨ ਰੋਡ, ਨਵੀਂ ਦਿੱਲੀ) ਪਾਸ ਸੁਰੱਖਿਅਤ ਹੈ, ਉਸ ਦਾ ਸੰਬੰਧ ਭਾਈ ਮਨੀ ਸਿੰਘ ਨਾਲ ਜੋੜਿਆ ਜਾਂਦਾ ਹੈ। ਇਸ ਬੀੜ ਬਾਰੇ ਇਕ ਵਾਰ ਰਾਜਾ ਗੁਲਾਬ ਸਿੰਘ ਨਾਲ ਵਿਚਾਰ ਕਰਦਿਆਂ ਉਨ੍ਹਾਂ ਨੇ ਦਸਿਆ ਸੀ ਕਿ ਇਹ ਬੀੜ ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ-ਜਿੱਤ (1818 ਈ.) ਵੇਲੇ ਕਿਸੇ ਸਿੱਖ ਸੈਨਿਕ ਨੂੰ ਲੁਟ ਵਿਚ ਹੱਥ ਲਗੀ ਸੀ। ਬਾਦ ਵਿਚ ਮਹਾਰਾਜਾ ਸਾਹਿਬ ਨੇ ਉਸ ਸੈਨਿਕ ਨੂੰ ਵੀ ਆਪਣੀ ਸੈਨਿਕ ਟੁਕੜੀ ਨਾਲ ਹੈਦਰਾਬਾਦ (ਦੱਖਣ) ਭੇਜ ਦਿੱਤਾ। ਉਹ ਸੈਨਿਕ ਆਪਣੇ ਨਾਲ ਇਸ ਬੀੜ ਨੂੰ ਲੈਂਦਾ ਗਿਆ। ਉਸ ਦੀ ਸੰਤਾਨ ਸਥਾਈ ਤੌਰ ਤੇ ਹਜ਼ੂਰ ਸਾਹਿਬ ਵਿਚ ਵਸ ਗਈ ਅਤੇ ਇਹ ਬੀੜ ਵੀ ਉਸ ਦੇ ਵਾਰਸਾਂ ਪਾਸ ਉਨ੍ਹਾਂ ਦੇ ਨਿਵਾਸ-ਸਥਾਨ (ਬੁੰਗਾ ਜਮਾਦਾਰ ਪਾਰਾ ਸਿੰਘ, ਹਜ਼ੂਰ ਸਾਹਿਬ) ਵਿਚ ਸੁਰੱਖਿਅਤ ਰਹੀ। ਸੰਨ 1944-45 ਈ. ਵਿਚ ਰਾਜਾ ਸਾਹਿਬ ਇਸ ਬੀੜ ਨੂੰ (ਭਾਈ ਮਗਨ ਸਿੰਘ ਤੋਂ) ਖਰੀਦ ਕੇ ਲਾਹੌਰ ਲੈ ਗਏ। ਦੇਸ਼ ਵੰਡ ਤੋਂ ਬਾਦ ਰਾਜਾ ਸਾਹਿਬ ਸਥਾਈ ਤੌਰ ਤੇ ਨਵੀਂ

ਦਿੱਲੀ ਵਿਚ ਵਸ ਗਏ ਅਤੇ ਇਹ ਬੀੜ ਵੀ ਉਨ੍ਹਾਂ ਆਪਣੇ ਕੋਲ ਸੁਰੱਖਿਅਤ ਰਖੀ। ਇਸ ਬੀੜ ਦਾ ਇਸ ਤੋਂ ਪਹਿਲਾਂ ਦਾ ਇਤਿਹਾਸ ਉਪਲਬਧ ਨਹੀਂ ਹੈ। ਪਾਠਕਾਂ ਦੀ ਜਾਣਕਾਰੀ ਲਈ ਇਸ ਦੇ ਮੁੱਢਲੇ ਪਤਰੇ ਦਾ ਫੋਟੋ-ਸਟੇਟ ਸਾਹਮਣੇ ਦਿੱਤਾ ਹੈ।


ਇਸ ਬੀੜ ਵਿਚ 'ਆਦਿ ਗ੍ਰੰਥ' ਅਤੇ 'ਦਸਮ ਗ੍ਰੰਥ' ਦੋਹਾਂ ਦੀਆਂ ਬਾਣੀਆਂ ਸੰਕਲਿਤ ਹਨ, ਪਰ ਇਨ੍ਹਾਂ ਦਾ ਕ੍ਰਮ ਰਾਗਾਨੁਸਾਰ ਨਾ ਹੋ ਕੇ ਗੁਰੂ-ਭਗਤ ਅਨੁਸਾਰ ਹੈ। ਹਰ ਗੁਰੂ ਅਤੇ ਭਗਤ ਦੀ ਬਾਣੀ ਕ੍ਰਮਾਨੁਸਾਰ ਇਕੱਠੀ ਦਰਜ ਹੈ। ਇਸ ਤੋਂ ਛੁਟ, ਇਸ ਬੀੜ ਵਿਚ 'ਦਸਮ ਗ੍ਰੰਥ' ਦੀ ਬਾਣੀ ਨਾਲ ਸੰਬੰਧਿਤ ਅੱਠ 'ਖਾਸ ਪੱਤਰੇ' ਵੀ ਸੁਰੱਖਿਅਤ ਹਨ, ਜਿਨ੍ਹਾਂ ਨੂੰ ਦਸਮ ਗੁਰੂ ਦੁਆਰਾ ਲਿਖਿਆ ਦਸਿਆ ਜਾਂਦਾ ਹੈ। ਇਸ ਬੀੜ ਵਿਚ ਕੋਈ ਅਜਿਹਾ ਉਲੇਖ ਨਹੀਂ ਹੈ ਜਿਸ ਨਾਲ ਇਸ ਦੇ ਸੰਕਲਨ-ਕਰਤਾ ਜਾਂ ਸੰਕਲਨ-ਕਾਲ ਦੀ ਕੁਝ ਵਾਕਫੀ ਮਿਲ ਸਕੇ। ਅੰਤ ਵਿਚ ਉਤਾਰੇ ਦਾ ਸੰਮਤ 1770 ਬਿ. ਦਿੱਤਾ ਹੈ, ਪਰ ਵੱਖਰੇ ਜਿਹੇ ਹੱਥ-ਲੇਖ ਵਿਚ ਹੋਣ ਕਰਕੇ ਸ਼ਕੀ ਪ੍ਰਤੀਤ ਹੁੰਦਾ ਹੈ। ਪਾਠਕਾਂ ਦੇ ਅਵਲੋਕਨ ਅਰਥ ਇਸ ਦਾ ਫੋਟੋ-ਸਟੇਟ ਸਾਹਮਣੇ ਪੰਨੇ ਉਤੇ ਦਿੱਤਾ ਹੈ, ਜਿਸ ਤੋਂ ਇਸ ਦੀ ਲਿਖਾਵਟ ਦਾ ਸਰੂਪ ਬੀੜ ਨਾਲੋਂ ਭਿੰਨ ਲਿਖਿਤ ਵਿਚ ਹੋਣਾ ਸਪੱਸ਼ਟ ਹੋ ਜਾਂਦਾ ਹੈ। ਉਂਜ ਕਾਗਜ਼, ਹਾਸ਼ੀਏ ਦੀ ਬਨਾਵਟ, ਅੱਖਰਾਂ ਦਾ ਸਰੂਪ, ਅੰਤ ਵਿਚ ਦਿੱਤੀ ਸਿਆਹੀ ਦੀ ਵਿਧੀ ਆਦਿ ਗੱਲਾਂ ਇਸ ਬੀੜ ਨੂੰ ਲਗਭਗ 250 ਵਰ੍ਹੇ ਪੁਰਾਤਨ ਸਿੱਧ ਕਰਦੀਆਂ ਹਨ। ਕੁਝ ਇਕ ਥਾਵਾਂ ਨੂੰ ਛਡ ਕੇ ਬਾਕੀ ਸਾਰੀ ਬੀੜ ਇਕੋ ਹੀ ਲਿਖਾਰੀ ਦੀ ਲਿਖੀ ਹੈ। ਇਸ ਬੀੜ ਦੀ ਜਿਲਦ ਚੰਗੀ ਤਰ੍ਹਾਂ ਨਾਲ ਬੰਨ੍ਹੀ ਹੋਈ ਹੈ ਅਤੇ ਉਸ ਉਪਰ ਹਰੇ ਰੰਗ ਦੀ ਮਖਮਲ ਚੜ੍ਹੀ ਹੋਈ ਹੈ। ਪਰ ਵਰਤਮਾਨ ਜਿਲਦ ਇਸ ਦੀ ਮੂਲ ਜਿਲਦ ਨਹੀਂ, ਬਾਦ ਵਿਚ ਸੰਪੂਰਣ ਬੀੜ ਦੇ ਪੁਰਾਣੇ ਪੱਤਰਿਆਂ ਨੂੰ ਕਾਗਜ਼ ਦੇ ਬਾਰਡਰ ਲਗਾ ਕੇ ਫਿਰ ਤੋਂ ਜਿਲਦ ਬੰਨ੍ਹੀ ਗਈ ਹੈ।

ਇਸ ਵਿਚ ਬਾਣੀ ਕ੍ਰਮ ਇਸ ਪ੍ਰਕਾਰ ਹੈ :

ਰਚੇਤਾ	ਵਿਸ਼ਾ	ਪੰਨਾ
ਗੁਰੂ ਨਾਨਕ	ਤਤਕਰਾ	1/ੳ — 5/ੳ
	ਸੰਮਤ ਗੁਰੂ ਜੋਤੀ-ਜੋਤਿ	5/ਅ
	ਸਮਾਣੇ ਦੇ ਬਾਣੀ	6/ਅ — 118/ੳ
ਗੁਰੂ ਅਮਰਦਾਸ	ਤਤਕਰਾ	118/ਅ — 122/ੳ
	ਬਾਣੀ	122/ਅ — 209/ੳ
ਗੁਰੂ ਰਾਮਦਾਸ	ਤਤਕਰਾ	209/ਅ — 214/ੳ
	ਬਾਣੀ	214/ਅ — 303/ੳ
ਗੁਰੂ ਅਰਜਨ ਦੇਵ	ਤਤਕਰਾ	303/ਅ — 318/ੳ
	ਬਾਣੀ	318/ਅ — 528/ਅ
ਗੁਰੂ ਤੇਗ ਬਹਾਦਰ	ਤਤਕਰਾ	529/ਅ — 530/ੳ
	ਬਾਣੀ	530/ਅ — 536/ੳ
ਦਸਮ ਬਾਣੀ	ਤਤਕਰਾ	537/ਅ — 539/ੳ
	ਜਾਪੁ	539/ਅ — 541/ਅ



ਭਾਈ ਮਨੀ ਸਿੰਘ ਵਾਲੀ ਬੀੜ ਦਾ ਪਹਿਲਾ ਪੰਨਾ



ਭਾਈ ਮਨੀ ਸਿੰਘ ਵਾਲੀ ਬੀੜ ਦੇ ਸੰਮਤ ਵਾਲਾ ਪੰਨਾ

	ਬਚਿਤ੍ਰ ਨਾਟਕ	542/ੳ — 552/ਅ
	ਚੰਡੀਚਰਿਤ੍ਰ 1	553/ੳ — 562/ੳ
	ਚੰਡੀਚਰਿਤ੍ਰ 2	562/ਅ — 569/ੳ
	ਚੌਬੀਸ ਅਵਤਾਰ	569/ੳ — 741/ਅ
	ਬ੍ਰਹਮਾ ਅਵਤਾਰ	741/ਅ — 757/ਅ
	ਰੁਦ੍ਰਾਵਤਾਰ	757/ਅ — 785/ਅ
	ਸ਼ਸਤ੍ਰ ਨਾਮ ਮਾਲਾ	786/ਅ — 821/ੳ
	ਗਿਆਨ ਪ੍ਰਬੋਧ	821/ਅ — 829/ੳ
	ਅਕਾਲ ਉਸਤਤਿ	830/ਅ — 838/ੳ
	ਵਾਰ ਦੁਰਗਾ ਕੀ	838/ਅ — 842/ੳ
	ਤਤਕਰਾ	842/ਅ — 846/ੳ
	ਚਰਿਤਰੋਪਾਖਿਆਨ	846/ਅ — 1029/ੳ
ਭਗਤ ਕਬੀਰ	ਬਾਣੀ	1029/ਅ — 1058/ੳ
ਭਗਤ ਨਾਮਦੇਵ	,,	1058/ਅ — 1065/ੳ
ਭਗਤ ਰਵਿਦਾਸ	ਬਾਣੀ	1065/ਅ — 1069/ਅ
ਭਗਤ ਰਾਮਾਨੰਦ	ਬਾਣੀ	1069/ਅ
ਭਗਤ ਜੈ ਦੇਵ	,,	1070/ੳ
ਭਗਤ ਤ੍ਰਿਲੋਚਨ	,,	1070/ਅ — 1071/ੳ
ਭਗਤ ਧੰਨਾ	,,	1071/ੳ — 1071/ਅ
ਭਗਤ ਸੈਣ, ਪੀਪਾ, ਭੀਖਨ, ਸਦਨਾ, ਪਰਮਾਨੰਦ, ਸੂਰਦਾਸ, ਮੀਰਾ	,,	1072/ੳ — 1073/ੳ
ਭਗਤ ਬੇਣੀ	,,	1073/ਅ — 1074/ੳ
ਸ਼ੇਖ ਫਰੀਦ	,,	1074/ਅ — 1077/ਅ
ਰਾਇ ਬਲਵੰਡ ਦੀ ਵਾਰ	,,	1078/ੳ — 1078/ਅ
ਸਦ ਅਤੇ ਸਵੈਯੇ	,,	1079/ੳ — 1088/ਅ
ਹਕੀਕਤਿ ਰਾਹ ਮੁਕਾਮ ਰਾਜੇ ਸਿਵਨਾਭ ਕੀ	ਪਾਠ	1088/ਅ
ਰਾਗਮਾਲ	,,	1089/ੳ
ਸਿਆਹੀ ਕੀ ਵਿਧੀ	,,	1089/ੳ
ਜਫਰਨਾਮਾ (ਫ਼ਾਰਸੀ ਲਿਪੀ)	,,	1090/ਅ — 1095/ਅ

ਇਸ ਬੀੜ ਦੀ ਇਕ ਮਹੱਤਵਪੂਰਣ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਅੱਠ ਖਾਸ ਪੱਤਰੇ ਵੀ ਸੁਰੱਖਿਅਤ ਹਨ ਜਿਨ੍ਹਾਂ ਵਿਚ 'ਦਸਮ ਗ੍ਰੰਥ' ਵਿਚਲੀ ਬਾਣੀ ਦੀ ਕਿਸੇ ਨਾ ਕਿਸੇ ਰਚਨਾ ਦਾ ਕੁਝ ਅੰਸ਼ ਅੰਕਿਤ ਹੈ। ਇਹ ਪੱਤਰੇ ਅਜਿਹੀ ਲਿਪੀ ਵਿਚ ਲਿਖੇ ਹਨ, ਜਿਸ ਨੂੰ ਸਾਧਾਰਣ ਗੁਰਮੁਖੀ ਲਿਪੀ ਜਾਣਨ ਵਾਲੇ ਪੜ੍ਹ ਨਹੀਂ ਸਕਦੇ। ਇਸ ਨੂੰ ਆਮ ਤੌਰ ਤੇ

'ਖਾਸ ਲਿਪੀ' ਆਖਿਆ ਜਾਂਦਾ ਹੈ ਅਤੇ ਇਨ੍ਹਾਂ ਪੱਤਰਿਆਂ ਨੂੰ, ਰਵਾਇਤ ਅਨੁਸਾਰ, ਦਸਮ ਗੁਰੂ ਦੇ ਆਪਣੇ ਲਿਖੇ ਮੰਨਿਆ ਜਾਂਦਾ ਹੈ । ਪਰ ਇਨ੍ਹਾਂ ਦੀਆਂ ਅੰਦਰਲੀਆਂ ਗਵਾਹੀਆਂ ਸਿੱਧ ਕਰਦੀਆਂ ਹਨ ਕਿ ਇਨ੍ਹਾਂ ਵਿਚ ਦਰਜ ਪਾਠ ਸਹੀ ਢੰਗ ਨਾਲ ਨਹੀਂ ਲਿਖਿਆ ਹੋਇਆ, ਕਈਆਂ ਥਾਵਾਂ ਤੋਂ ਛੁਟਿਆ ਹੋਇਆ ਹੈ, ਅੰਕ ਵੀ ਠੀਕ ਹਿਸਾਬ ਨਾਲ ਨਹੀਂ ਲਗਾਏ ਗਏ । ਫਲਸਰੂਪ ਇਨ੍ਹਾਂ ਦਾ ਲਿਖਾਰੀ ਆਪ ਇਨ੍ਹਾਂ ਵਿਚਲੀ ਬਾਣੀ/ਪਾਠ ਦਾ ਰਚੈਤਾ ਨਹੀਂ, ਕੇਵਲ ਉਤਾਰਾ ਕਰਨ ਵਾਲਾ ਹੈ ।[20] ਖ਼ਾਸ ਲਿਪੀ ਗੁਰਮੁਖੀ ਅਤੇ ਦੇਵਨਾ-ਗਰੀ ਦੋਹਾਂ ਲਿਪੀਆਂ ਦਾ ਮਿਲਗੋਭਾ ਹੈ । ਸਾਧਾਰਣ ਵਿਸ਼ਵਾਸ ਅਨੁਸਾਰ ਇਹ ਲਿਪੀ 'ਤੀਰ ਦੀ ਮੁਖੀ' ਨਾਲ ਲਿਖੀ ਹੋਈ ਹੈ,[21] ਪਰ ਉਦੋਂ ਤਕ ਭਾਰਤ ਵਿਚ ਪੁਰਤਗਾਲੀ ਨਿਬ ਵੀ ਪਹੁੰਚ ਚੁੱਕੀ ਸੀ ।

ਇਹ ਲਿਪੀ ਕਲਮ ਦੀ ਥਾਂ ਨਿਬ ਨਾਲ ਲਿਖੀ ਪ੍ਰਤੀਤ ਹੁੰਦੀ ਹੈ । ਇਸ ਲਿਪੀ ਦੀ ਲਿਖਾਵਟ ਦਾ ਸਰੂਪ ਗੁਰਮੁਖੀ ਅਤੇ ਦੇਵਨਾਗਰੀ ਤੋਂ ਭਿੰਨ ਅਤੇ ਲੰਡਿਆਂ ਦੀ ਲਿਖਾਵਟ ਦੇ ਅਨੁਰੂਪ ਹੈ । ਇਸ ਲਿਪੀ ਦਾ ਇਕ ਨਾਮਾਂਤਰ 'ਚਲੰਤ ਲਿਪੀ' ਵੀ ਹੈ ਜੋ ਇਸ ਦੇ ਲਿਖਣ ਦੇ ਸਰੂਪ ਤੋਂ ਪ੍ਰਚਲਿਤ ਹੋਇਆ ਪ੍ਰਤੀਤ ਹੁੰਦਾ ਹੈ । ਭਾਈ ਕਾਨ੍ਹ ਸਿੰਘ ਨੇ ਇਸ ਦੀ ਕਾਢ ਗੁਰੂ ਗੋਬਿੰਦ ਸਿੰਘ ਦੁਆਰਾ ਕਢੀ ਮੰਨੀ ਹੈ,[22] ਪਰ ਇਹ ਸਥਾਪਨਾ ਤੱਥਕ ਨਹੀਂ । ਅਸਲ ਵਿਚ, ਇਹ ਲਿਪੀ ਉਦੋਂ ਮੰਡੀ ਸੁਕੇਤ ਅਤੇ ਉਸ ਦੇ ਨਾਲ ਲਗਦੇ ਪਹਾੜੀ ਇਲਾਕੇ ਵਿਚ ਆਮ ਪ੍ਰਚਲਿਤ ਸੀ ਅਤੇ ਇਸ ਨੂੰ 'ਟਟੂ ਲਿਪੀ' ਨਾਂ ਦਿੱਤਾ ਜਾਂਦਾ ਸੀ ।

ਇਨ੍ਹਾਂ ਖਾਸ-ਪੱਤਰਾਂ ਦੀ ਬੀੜ ਵਿਚ ਸਥਿਤੀ ਇਸ ਪ੍ਰਕਾਰ ਹੈ :

ਕ੍ਰਮਾਂਕ	ਖਾਸ-ਪੱਤਰਾਂ ਸੰਖਿਆ ਅੰਕ	ਉਤਾਰਾ ਪੱਤਰਾਂਕ
1	615	614
2	744	738
3	745	739
4	746	740
5	747	742
6	748	743
7	755	753
8	756	754

ਇਹ ਖਾਸ-ਪੱਤਰੇ ਮੂਲ ਰੂਪ ਵਿਚ ਨੌਂ ਸਨ, ਪਰ ਚੌਥੇ ਖਾਸ-ਪੱਤਰੇ ਤੋਂ ਬਾਦ ਦਾ ਇਕ ਖਾਸ-ਪੱਤਰਾ ਹੁਣ ਬੀੜ ਵਿਚ ਵਿਦਮਾਨ ਨਹੀਂ ਹੈ । ਹਾਂ, ਉਸ ਦਾ ਉਤਾਰਾ ਪੱਤਰ ਅੰਕ 741 ਤੇ ਮੌਜੂਦ ਹੈ । ਇਨ੍ਹਾਂ ਪੱਤਰਿਆਂ ਦੇ ਦੋਹਾਂ ਪਾਸੇ ਭਿੰਨ ਕਾਗਜ਼ ਦਾ ਬਾਰਡਰ ਲਗਾ ਹੋਇਆ ਹੈ ਅਤੇ ਹਰ ਇਕ ਖਾਸ ਪੰਨੇ ਤੇ 24/25 ਪੰਕਤੀਆਂ ਲਿਖੀਆਂ ਹਨ । ਹਰ ਇਕ ਪੰਨੇ ਉਤੇ ਸਜੇ-ਖਬੇ ਪੰਕਤੀਆਂ ਦੀ ਗਿਣਤੀ ਲਿਖੀ ਹੈ । ਇਨ੍ਹਾਂ ਦਾ ਕਾਗਜ਼ ਬਹੁਤ ਪੁਰਾਣਾ ਅਤੇ ਪਤਲਾ ਹੈ, ਤੇ ਰੰਗ ਮਿਟੀਆਲਾ ਜਿਹਾ ਜਾਂ ਹਲਕਾ ਨਸਵਾਰੀ ਹੈ । ਇਹ ਪੱਤਰੇ ਆਪਣੀ ਥਾਂ ਤੇ ਬਾਣੀ-

20. ਵਿਸਤਾਰ ਲਈ ਵੇਖੋ : 'ਦਸਮ ਗ੍ਰੰਥ ਦਾ ਕਰਤ੍ਰਿਤਵ', ਪੰਨੇ 115-122
21. 'ਮਹਾਨ ਕੋਸ਼', ਪੰਨਾ 1252 (ਏ)
22. ਉਹੀ

ਕ੍ਰਮ ਅਨੁਸਾਰ ਹੀ ਸੰਗ੍ਰਹਿਤ ਹਨ । ਇਹ ਸਾਰੇ ਪੱਤਰੇ ਅੱਧ ਵਿਚਾਲਿਓਂ ਮੁੜੇ ਹੋਏ ਹਨ, ਸ਼ਾਇਦ ਕਿਸੇ ਨੇ ਸੰਭਾਲਣ ਲਈ ਇਨ੍ਹਾਂ ਨੂੰ ਦੋਹਰਾ ਕੀਤਾ ਹੋਵੇ ।

ਇਤਿਹਾਸਿਕ ਦ੍ਰਿਸ਼ਟੀ ਤੋਂ ਇਹ ਬੀੜ ਸੱਚਮੁਚ ਬੜੀ ਮਹੱਤਵਪੂਰਣ ਹੈ । ਇਹ ਬਾਣੀ ਦਾ ਭਿੰਨ ਢੰਗ ਨਾਲ ਹੋਇਆ ਸੰਪਾਦਨ ਪੇਸ਼ ਕਰਦੀ ਹੈ ਅਤੇ ਰਵਾਇਤ ਅਨੁਸਾਰੀ ਵੀ ਹੈ । ਭਾਵੇਂ ਇਸ ਦਾ ਲਿਖਣ ਸੰਮਤ ਸੰਦਿਗਧ ਹੈ ਪਰ ਕਾਗ਼ਜ਼ ਦੀ ਪੁਰਾਤਨਤਾ ਅਤੇ ਲਿਖਾਵਟ ਦਾ ਸਰੂਪ ਇਸ ਨੂੰ ਭਾਈ ਮਨੀ ਸਿੰਘ ਦੇ ਸਮੇਂ ਦਾ ਹੀ ਸਿੱਧ ਕਰਦੇ ਹਨ ।

ਬੀੜਾਂ ਦੇ ਪ੍ਰਸੰਗ ਵਿਚ ਇਕ ਹੋਰ ਗੱਲ ਕਹਿਣੀ ਜ਼ਰੂਰੀ ਬਣਦੀ ਹੈ ਕਿ ਭਾਈ ਮਨੀ ਸਿੰਘ ਦੀ ਤਥਾਕਥਿਤ ਚਿੱਠੀ ਦੇ ਵਰਣਿਤ ਵਿਸ਼ੇ ਦੇ ਆਧਾਰ ਤੇ ਭਾਈ ਸੀਹਾਂ ਸਿੰਘ ਦੁਆਰਾ ਦਿੱਲੀ ਵਿਚ ਤਿਆਰ ਕੀਤੀ 'ਦਸਮ ਗ੍ਰੰਥ' ਦੀ ਬੀੜ ਦਾ ਉਲੇਖ ਵੀ ਕਿਤੇ ਕਿਤੇ ਪੁਸਤਕਾਂ ਵਿਚ ਮਿਲਦਾ ਹੈ ਅਤੇ ਜਿਸ ਨੂੰ ਕਾਬਲ (ਅਫ਼ਗਾਨਿਸਤਾਨ) ਵਿਚ ਲਭ ਵਿਖਾਇਆ ਗਿਆ ਹੈ,[23] ਅਸਲੋਂ ਅਪ੍ਰਮਾਣਿਕ ਚਿੱਠੀ ਤੇ ਆਧਾਰਿਤ ਇਕ ਨਿਰਾਧਾਰ ਕਲਪਨਾ ਹੈ । ਭਾਈ ਮਨੀ ਸਿੰਘ ਨੇ 'ਦਸਮ ਗ੍ਰੰਥ' ਦੀ ਬਾਣੀ ਨੂੰ ਜੋ ਇਕੱਤਰ ਕੀਤਾ ਹੈ, ਤਾਂ ਉਹ 'ਆਦਿ-ਦਸਮ-ਗ੍ਰੰਥ' ਦੀ ਬੀੜ ਵਿਚ ਸ਼ਾਮਲ ਹੈ । ਇਸ ਤੋਂ ਭਿੰਨ ਕਿਸੇ ਬੀੜ ਦੀ ਤਿਆਰੀ ਦਾ ਉਲੇਖ ਇਤਿਹਾਸ ਵਿਚੋਂ ਨਹੀਂ ਮਿਲਦਾ ।

6. ਭਾਈ ਮਨੀ ਸਿੰਘ ਦੀ ਚਿੱਠੀ

ਭਾਈ ਮਨੀ ਸਿੰਘ ਦੇ ਨਾਂ ਨਾਲ ਇਕ ਚਿੱਠੀ ਦਾ ਸੰਬੰਧ ਵੀ ਜੋੜਿਆ ਜਾਂਦਾ ਹੈ, ਜਿਸ ਦਾ ਫੋਟੋ-ਸਟੈਟ ਸਾਹਮਣੇ ਪੰਨੇ ਤੇ ਦਿੱਤਾ ਹੈ ਅਤੇ ਜਿਸ ਦਾ ਪਾਠ ਇਸ ਪ੍ਰਕਾਰ ਹੈ :

ੴ ਅਕਾਲ ਸਹਾਏ ॥

ਪੂਜ ਮਾਤਾ ਜੀ ਜੀ ਦੇ ਚਰਨਾ ਪਰ ਮਨੀ ਸਿੰਘ ਕੀ ਡੰਡੋਤ ਬੰਦਨਾ ॥ ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਉਨ ਪਰ ਸਾਡਾ ਸਰੀਰੁ ਵਾਯੂ ਕਾ ਅਧਿਕ ਵਿਕਾਰੀ ਹੋਇ ਗਇਆ ਹੈ ॥ ਸੁਅਸਤ ਨਾਹੀ ਰਿਹਿਆ ॥ ਤਾਪ ਕੀ ਕਥਾ ਦੋ ਬਾਰ ਸੁਨੀ ॥ ਪਰ ਮੰਦਿਰ ਕੀ ਸੇਵਾ ਮੇਂ ਕੋਈ ਆਲਕੁ ਨਾਹੀ ॥ ਦੇਸੁ ਵਿਚਿ ਖਾਲਸੇ ਕਾ ਬਲੁ ਛੂਟਿ ਗਇਆ ਹੈ ॥ ਸਿੰਘ ਪਰਬਤਾ ਬਖਾਨਾ ਵਿਚਿ ਜਾਇ ਬਸੇ ਹੈਨ ॥ ਮਲੇਛੋ ਕੀ ਦੇਸੁ ਮੇ ਦੋਹੀ ਹੈ ॥ ਬਸਤੀ ਮੇਂ ਬਾਲਕ ਜੁਵਾ ਇਸਤਰੀ ਸਲਾਮਤੁ ਨਾਹੀ ॥ ਮੂਛੁ ਮੂਛੁ ਕਰਿ ਮਾਰਦੇ ਹੈਨ ॥ ਗੁਰੂ ਦਰੋਹ ਬੀ ਉਨਾ ਦੇ ਸੰਗੁ ਮਿਲਿ ਗਏ ਹੈਨ ॥ ਹੰਦਾ-ਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ । ਸਭੀ ਚਕੁ ਛੋੜ ਗਏ ਹੈਨ । ਮੁਤਸਦੀ ਭਾਗ ਗਏ ਹੈਨ ॥ ਸਾਡੇ ਪਰ ਅਬੀ ਤੋਂ ਅਕਾਲ ਕੀ ਰਛਾ ਹੈ ॥ ਕਲ ਕੀ ਖਬਰ ਨਾਹੀ ॥ ਸਾਹਿਬਾ ਕੇ ਹੁਕਮ ਅਟਲ ਹੈਨ ॥ ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤੁ ਹੋਇਆ ਗਇਆ ਹੈ ॥ ਪੋਥੀਆਂ ਜੋ ਝੰਡਾ ਸਿੰਘ ਹਾਥਿ ਭੇਜੀ ਥੀ ॥ ਉਨਾ ਵਿਚਿ ਸਾਹਿਬਾਂ ਦੇ ੩੦੩ ਚਰਿਤਰ ਉਪਾਖਿਆਨ ਦੀ ਪੋਥੀ ਜੋ ਹੈ ਸੋ ਸੀਹਾ ਸਿੰਘ ਨੂੰ ਮਹਲ ਵਿਚਿ ਦੇਨਾ ਜੀ ॥ ਨਾਮ ਮਾਲਾ ਕੀ ਪੋਥੀ ਦੀ ਖਬਰੁ ਅਬੀ ਮਿਲੀ ਨਾਹੀ । ਕਰਿਸਨਾਵਤਾਰ ਪੂਰਬਾਰਧ ਤੋ ਮਿਲਾ ॥ ਉਤਰਾਰਧ ਨਾਹੀ ॥ ਜੋ ਮਿਲਾ ਅਸੀਂ ਭੇਜ ਦੇਵਾਂਗੇ । ਦੇਸ

23. ਸੇਵਾ ਸਿੰਘ ਕਵੀ . 'ਸ਼ਹੀਦ ਬਿਲਾਸ', ਪੰਨਾ 48

ਵਿਚਿ ਗੋਗਾ ਹੈ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ । ਸਾਹਿਬ ਬਾਹੁੜੀ ਕਰਨਗੇ । ਤੋਲਾ ੫ ਸੋਨਾ ਸਾਹਿਬਜਾਦੇ ਕੀ ਘਰਨੀ ਕੇ ਆਭੂਖਨ ਲਈ ਗੁਰੂ ਕਿਆ ਖੰਡੂਰ ਸੇ ਭੇਜਾ ਹੈ ॥ ੧੭ ਰਜਤਪਨ ਬੀ ਝੰਡਾ ਸਿੰਘ ਸੇ ਭਰ ਪਾਨੇ ॥ ਪੰਜ ਰਜਤਪਨ ਇਸੇ ਤੰਸਾ ਦੀਆ ॥ ਇਸ ਨੂੰ ਬਦਰਕਾ ਬੀ ਹੈ ॥ ਇਸ ਸੇ ਉਠਿ ਜਾਵੇ ਗੇ ॥ ਮੁਸਤ– ਦੀਓ ਨੇ ਹਿਸਾਬ ਨਾਹੀ ਦੀਆ ॥ ਜੋ ਦੇਂਦੇ ਤਾਂ ਬੜੇ ਸਹਿਰ ਸੇ ਹੰਡੀ ਕਰਾਇ ਭੇਜਦੇ ॥ ਅਸਾਡੇ ਸਰੀਰੁ ਦੀ ਰਛਿਆ ਰਹੀ ਤਾ ਕੁਆਰ ਦੇ ਮਹੀਨੇ ਆਵਾਂਗੇ ॥ ਮਿਤੀ ਵੈਸਾਖੁ ੨੨ ॥ ਦਸਖਤ ਮਨੀ ਸਿੰਘ ॥ ਗੁਰੂ ਚਕੁ ਬੁਗਾ ॥ ਜੁਆਬ ਪੋਰੀ ਮੇਂ ॥

ਇਸ ਚਿੱਠੀ[24] ਨੂੰ ਸਭ ਤੋਂ ਪਹਿਲਾਂ ਡਾ. ਟ੍ਰੰਪ ਦੇ 'ਆਦਿ ਗ੍ਰੰਥ' ਦੇ ਅਨੁਵਾਦ ਦੇ ਪਹਿਲੇ ਭਾਗ (ਸੰਨ 1949 ਈ. ?) ਦੀ ਭੂਮਿਕਾ ਵਿਚ ਗਿਆਨੀ ਹਰਨਾਮ ਸਿੰਘ ਬਲੱਭ ਨੇ ਇਤਿਹਾਸਿਕ ਚਿੱਠੀਆਂ ਦੀ ਪਰੰਪਰਾ ਵਿਚ ਪ੍ਰਕਾਸ਼ਿਤ ਕੀਤਾ । ਉਨ੍ਹਾਂ ਨੇ ਇਕ ਨਿਜੀ ਚਿੱਠੀ (ਮਿਤੀ 8.10.60) ਰਾਹੀਂ ਦਸਿਆ ਸੀ ਕਿ ਉਨ੍ਹਾਂ ਨੂੰ ਇਸ ਚਿੱਠੀ ਦਾ ਸੰਕੇਤ ਪ੍ਰਸਿੱਧ ਇਤਿਹਾਸਕਾਰ ਸ. ਕਰਮ ਸਿੰਘ 'ਹਿਸਟੋਰੀਅਨ' ਦੇ ਜ਼ਿਲ੍ਹਾ ਨੈਨੀਤਾਲ ਤੋਂ 14 ਅਪ੍ਰੈਲ, 1929 ਨੂੰ ਲਿਖੇ ਇਕ ਪੱਤਰ ਤੋਂ ਮਿਲਿਆ । ਉਸ ਪੱਤਰ ਦੇ ਆਧਾਰ ਤੇ ਪੜਤਾਲ ਕਰਦੇ ਹੋਇਆਂ ਗਿਆਨੀ ਜੀ ਨੂੰ ਇਹ ਚਿੱਠੀ ਸੰਨ 1929 ਈ. ਵਿਚ ਦਿੱਲੀ ਦੇ 'ਪ੍ਰਾਚੀਨ ਕਿਸੇ ਸਿੱਖ ਘਰਾਣੇ' ਤੋਂ ਪ੍ਰਾਪਤ ਹੋਈ ।

ਇਸ ਚਿੱਠੀ ਨੂੰ ਧਿਆਨ ਨਾਲ ਵਾਚਿਆਂ ਇਸ ਦੀ ਪ੍ਰਮਾਣਿਕਤਾ ਬਾਰੇ ਕਈ ਸ਼ੰਕੇ ਪੈਦਾ ਹੁੰਦੇ ਹਨ । ਇਸ ਚਿੱਠੀ ਦੇ ਲਿਖੇ ਜਾਣ ਸਮੇਂ ਚਿੱਠੀਆਂ (ਜਾਂ ਪੋਥੀਆਂ) ਦੇ ਲਿਖਣ ਦਾ ਢੰਗ ਸੰਯੋਗਾਤਮਕ ਹੁੰਦਾ ਸੀ, ਵਿਯੋਗਾਤਮਕ ਨਹੀਂ, ਅਰਥਾਤ ਸ਼ਬਦ ਇਕ ਦੂਜੇ ਨਾਲ ਜੋੜ ਕੇ ਲਿਖੇ ਜਾਂਦੇ ਸਨ, ਸ਼ਬਦਾਂ ਵਿਚਾਲੇ ਅੱਜ-ਕਲ੍ਹ ਵਾਂਗ ਥਾਂ ਨਹੀਂ ਛਡੀ ਜਾਂਦੀ ਸੀ । ਗੁਰੂ ਗੋਬਿੰਦ ਸਿੰਘ, ਬੰਦਾ ਬਹਾਦੁਰ ਆਦਿ ਦੇ ਹੁਕਮਨਾਮਿਆਂ ਅਤੇ ਉਸ ਵੇਲੇ ਦੇ ਹੋਰ ਹੱਥ-ਲਿਖਿਤ ਗ੍ਰੰਥਾਂ ਵਿੱਚ ਲਿਖਣ ਦੀ ਇਸੇ ਵਿਧੀ ਨੂੰ ਅਪਣਾਇਆ ਗਿਆ ਸੀ । ਪਰ ਉਸ ਪਰੰਪਰਾ ਦੇ ਉਲਟ ਇਸ ਚਿੱਠੀ ਵਿਚ ਵਿਯੋਗਾਤਮਕ ਲਿਖਣ-ਵਿਧੀ ਅਪਣਾਈ ਗਈ ਹੈ । ਇਹ ਵਿਧੀ ਇਸ ਚਿੱਠੀ ਦੇ ਪੁਰਾਣਾ ਨਾ ਹੋਣ ਦੀ ਸੂਚਕ ਹੈ । ਇਸ ਤੋਂ ਛੁਟ, ਇਸ ਚਿੱਠੀ ਦੀਆਂ ਪੰਕਤੀਆਂ ਵਿਚ ਉਹ ਸੁਘੜਤਾ ਅਤੇ ਸੁੰਦਰਤਾ ਵੀ ਨਹੀਂ ਮਿਲਦੀ, ਜੋ ਭਾਈ ਮਨੀ ਸਿੰਘ ਵਰਗੇ ਹੰਢੇ ਹੋਏ ਅਤੇ ਅਭਿਆਸੀ ਲਿਖਾਰੀ ਦੀਆਂ ਪੰਕਤੀਆਂ ਅਤੇ ਲਿਖਾਵਟ ਵਿਚ ਹੋਣੀ ਚਾਹੀਦੀ ਹੈ । ਪੰਕਤੀਆਂ ਵਿਚਾਲੇ ਪਰਸਪਰ ਵਿਥ ਸੰਬੰਧੀ ਇਕਸਾਰਤਾ ਦਾ ਅਭਾਵ ਅਤੇ ਹਾਸ਼ੀਏ ਦੀ ਬੇਨੇਮੀ ਵਿਵਸਥਾ ਵੀ ਇਸੇ ਪਾਸੇ ਸੰਕੇਤ ਕਰਦੀ ਪ੍ਰਤੀਤ ਹੁੰਦੀ ਹੈ । ਇਸ ਸੰਬੰਧ ਵਿੱਚ ਇਹ ਧਿਆਨਯੋਗ ਗੱਲ ਹੈ ਕਿ 1867 ਈ. ਵਿਚ ਪ੍ਰਕਾਸ਼ਿਤ ਹੋਣ ਵਾਲੇ ਪਹਿਲੇ ਸਮਾਚਾਰ ਪੱਤਰ 'ਅਖ਼ਬਾਰ ਸ੍ਰੀ ਦਰਬਾਰ ਸਾਹਿਬ' (ਗੁਰਮੁਖੀ ਲਿਪੀ) ਵਿਚ ਵੀ ਸੰਯੋਗਾਤਮਕ ਲਿਖਣ-ਵਿਧੀ ਨੂੰ ਹੀ ਅਪਣਾਇਆ ਗਿਆ ਹੈ । ਇਸ ਤੋਂ ਸਿੱਧ ਹੈ ਕਿ 1867 ਤਕ ਸੰਯੋਗਾਤਮਕ ਲਿਖਣ-ਵਿਧੀ ਦੀ ਪਰੰਪਰਾ ਅਰੁਕ ਰੂਪ ਵਿਚ ਚਲਦੀ ਰਹੀ ਹੈ । ਅਜਿਹੀ ਹਾਲਤ ਵਿਚ ਇਸ ਚਿੱਠੀ

24. ਇਸ ਚਿੱਠੀ ਦੀ ਪ੍ਰਮਾਣਿਕਤਾ ਬਾਰੇ ਵਿਸਤਾਰ ਲਈ ਵੇਖੋ : 'ਦਸਮ ਗ੍ਰੰਥ ਦਾ ਕਰਤ੍ਰਿਤਵ', ਪੰਨੇ 39-45

੧ਓ ਅਕਾਲ ਸਹਾਇ॥

ਪੂਜ ਮਾਤਾ ਜੀ ਜੀ ਦੇ ਚਰਨਾ ਪਰ ਮਨੀ ਸਿੰਘ ਕੀ ਡੰਡਉਤ
ਬੰਦਨਾ॥ ਬਹੁੜੋ ਸਮਾਚਾਰ ਬਾਚਨਾ ਕਿ ਇਥਹ ਅਨਿਕਾਰ ਮਸਾਤਾ
ਭੀਤ ਦਾ ਖਤ੍ਰਾ ਅਧਿਕ ਵਿਕਾਰੀ ਹੋਇ ਗਇਆ ਹੈ॥ ਖਾਲਸਾ ਤ
ਨਾਹੀ ਟਿਕਿਆ॥ ਤੁਰਕ ਕੀ ਕਲਾ ਦੇ ਬਲ ਨਾਹੀ॥ ਪਰ ਮੀਣਿਆਂ ਕੀ
ਸੇਵਾ ਮੇਂ ਕੋਈ ਆਲਸ ਨਾਹੀ॥ ਦੇਸੁ ਵਿਚਿ ਖਾਲਸੇ ਦਾ ਬਲੁ
ਟੂਟਿ ਗਇਆ ਹੈ॥ ਸਿੰਘ ਪਹਾੜਾਂ ਬਨਾਂ ਵਿਚਿ ਜਾਇ ਬਸੇ ਹੈਂ॥
ਮਲੇਛੋਂ ਕੀ ਦੇਸੁ ਮੇ ਦੋਹੀ ਹੈ॥ ਬਸਤੀ ਮੇਂ ਬਾਲਕ ਜਵਾਨ ਇਸਤ੍ਰੀ
ਸਲਾਮਤੁ ਨਾਹੀ॥ ਮੁਠੁ ਮੁਠੁ ਕਰਿ ਮਾਰਦੇ ਹੈਂ॥ ਗੁਰੂ ਦੋਹੀ ਭੀ
ਉਨ ਦੇ ਸੰਗ ਮਿਲਿ ਗਏ ਹੈਂ॥ ਦੇਸਾਂ ਕੀ ਖਿਚੜ ਕਰਿ ਮੁਖਬਰੀ
ਕਰਦੇ ਹੈਂ॥ ਸਭੀ ਚਕੁ ਛੋੜੁ ਗਏ ਹੈਂ॥ ਮਸੰਦੀ ਭੀ ਭਾਗ ਗਏ ਹੈਂ॥
ਮਾਤਾ ਪਰ ਅਸੀ ਤੋ ਅਕਾਲ ਕੀ ਕ੍ਰਿਪਾ ਹੈ॥ ਕਿਸੀ ਕੀ ਪਰਵਾਹ ਨਾਹੀ॥
ਮਾਤਾ ਜੀ ਦੇ ਹੁਕਮ ਅਨੁਸਾਰ ਹੈਂ॥ ਬਿਨੋਦ ਸਿੰਘ ਦੇ ਪੋਤਰੇ ਦਾ ਹੁਕਮ
ਮਤਾ ਹੋਇ ਗਇਆ ਹੈ॥ ਪੋਥੀਆਂ ਜੋ ਭੂਤਾ ਸਿੰਘ ਪਾਸਿ ਭੇਜੀਆਂ ਸੀ॥
ਉਨ ਵਿਚਿ ਸਾਹਿਬਾਂ ਦੇ ੩੦੩ ਚਲਿਤ੍ਰ ਉਪਖਿਆਨਾਂ ਦੀ ਪੋਥੀ
ਜੋ ਹੈ ਸੋ ਸੀਹਾਂ ਸਿੰਘ ਨੂੰ ਮਸੰਦ ਵਿਚਿ ਦੇਣਾ ਜੀ॥ ਨਾਮ ਮਾਲਾ ਕੀ
ਪੋਥੀ ਦੀ ਸੁਧ ਅਸੀ ਲਿਖੀ ਨਾਹੀ॥ ਕ੍ਰਿਸਨਾਵਤਾਰ ਪੂਰ
ਬਾਰਧ ਤੋ ਮਿਲਾ॥ ਉਤਰਾਰਧ ਨਾਹੀ॥ ਜੋ ਮਿਲਾ ਅਸੀ ਭੇਜ ਦੇਵਾਂਗੇ॥
ਦੇਸ ਵਿਚਿ ਰੌਲਾ ਹੈ ਕਿ ਧੀਰ·ਧੀਮਨ ਮੁਕਤਿ ਹੋਇ ਭਾਗ ਗਇਆ ਹੈ॥
ਸਾਹਿਬ ਬਾਣੀ ਕਰਨ ਹੋ॥ ਤੇਗਾ ਪੂ ਸੋਨਾ ਸਾਹਿਬਜਾਦੇ ਕੀ ਪਗੜੀ
ਕੇ ਆਭੂਖਨ ਸਭੀ ਗਹਿ ਕਿਆ ਮੰਡੂਰ ਸੋ ਭੇਜਦੇ ਹੈਂ॥ ੧੭ ਦਸਤਾਰ
ਭੀ ਭੂਤਾ ਸਿੰਘ ਸੋ ਭੇਜਾ ਹੈ॥ ਪੰਜ ਰਜਤਪਨ ਇਸੇ ਤੋਸਾ ਦੀਆ॥
ਇ॥ ਨੂੰ ਖਰਚ ਭੀ ਦੀ ਹੈ॥ ਇਸ ਜੋ ਉਠ ਜਾਵੇ ਤੋ ਅਮਾਨਤ ਰੀਤ
ਤੇ ਹਿਸਾਬ ਨਾਹੀ ਦੀਆ॥ ਜੋ ਦੇਵੇ ਤਾਂ ਬਹੁੜੇ ਸਤਿਗੁਰ ਸੇ ਤੁਮੀ
ਕਲਾਇ ਭੇਜਦੇ॥ ਅਸਾਡੇ ਸਰੀਰ ਦੀ ਰਖਿਆ ਹਈ ਤਾਂ
ਕੁਆਰ ਦੇ ਮਹੀਨੇ ਆਵਾਂਗੇ॥ ਮਿਤੀ ਵੈਸਾਖ ੨੨॥
ਦਸਖਤ ਮਨੀ ਸਿੰਘ॥ ਗੁਰੂ ਚਕ ਚੀਠਾ॥ ਜੁਆਬ ਪੋਥੀ
ਮੇਂ॥

ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਚਿੱਠੀ

ਨੂੰ ਭਾਈ ਮਨੀ ਸਿੰਘ ਦੁਆਰਾ ਲਿਖਿਆ ਸਾਬਤ ਕਰਨ ਲਈ ਗੁਰਮੁਖੀ ਦੀ ਪ੍ਰਾਚੀਨ ਲਿਖਣ-ਵਿਧੀ ਦਾ ਪ੍ਰਤੱਖ ਵਿਰੋਧ ਕਰਨਾ ਹੋਵੇਗਾ ਅਤੇ ਭਾਈ ਮਨੀ ਸਿੰਘ ਨੂੰ ਵੀ ਇਕ ਅਣ-ਅਭਿ-ਆਸੀ ਲਿਖਾਰੀ ਮੰਨ ਲੈਣਾ ਹੋਵੇਗਾ।

ਇਸ ਚਿੱਠੀ ਵਿੱਚ ਅਨੇਕ ਥਾਵਾਂ ਤੇ ਜਿਥੇ ਬਿੰਦੀ ਦੀ ਵਰਤੋਂ ਹੋਈ ਹੈ, ਭਾਈ ਮਨੀ ਸਿੰਘ ਦੇ ਸਮੇਂ ਇਸ ਦੀ ਬਹੁਤ ਘਟ ਵਰਤੋਂ ਹੁੰਦੀ ਸੀ। ਇਸ ਚਿੱਠੀ ਦੀਆਂ ਅਖੀਰਲੀਆਂ ਛੇ ਪੰਕਤੀਆਂ ਪ੍ਰਮਾਣ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਬਿੰਦੀ ਤੋਂ ਇਲਾਵਾ ਇਸ ਵਿਚ ਬਿਸ੍ਰਾਮ ਚਿੰਨ੍ਹਾਂ ਦੀ ਵੀ ਖੁਲ੍ਹ ਕੇ ਵਰਤੋਂ ਹੋਈ ਹੈ। ਇਹ ਪ੍ਰਵਿਰਤੀ ਬੜੀ ਬਾਦ ਦੀ ਹੈ।

ਇਸ ਚਿੱਠੀ ਵਿਚ ਵਰਤੇ ਗਏ ਅੱਖਰਾਂ ਅਤੇ ਮਾਤ੍ਰਾਵਾਂ ਦੇ ਸਰੂਪ ਬਹੁਤ ਨਵੇਂ ਹਨ। ਪੁਰਾਣੀਆਂ ਅਤੇ ਤੱਤਕਾਲੀਨ ਹੱਥ-ਲਿਖਿਤਾਂ ਦੀ ਲਿਖਾਵਟ ਨਾਲ ਮੁਕਾਬਲਾ ਕਰਨ ਤੇ ਇਸ ਚਿੱਠੀ ਵਿਚ ਵਰਤੇ ਅੱਖਰ ਪੁਰਾਤਨ ਅੱਖਰਾਂ ਤੋਂ ਭਿੰਨ ਅਤੇ ਨਵੇਂ ਅੱਖਰਾਂ ਦੇ ਜ਼ਿਆਦਾ ਨੇੜੇ ਹਨ ਅਤੇ ਇਸ ਦੀਆਂ ਮਾਤ੍ਰਾਵਾਂ ਦਾ ਸਰੂਪ ਵੀ ਗੁਰਮੁਖੀ ਲਿਪੀ ਦੇ ਵਰਤਮਾਨ ਸਰੂਪ ਨਾਲ ਦੂਰ ਤਕ ਮੇਲ ਖਾਂਦਾ ਹੈ।[25] ਫਲਸਰੂਪ ਇਹ ਚਿੱਠੀ ਭਾਈ ਮਨੀ ਸਿੰਘ ਦੇ ਸਮੇਂ ਤੋਂ ਬਹੁਤ ਬਾਦ ਦੀ ਪ੍ਰਤੀਤ ਹੁੰਦੀ ਹੈ।

ਇਸ ਚਿੱਠੀ ਵਿਚ '੩੦੩ ਚਰਿਤਰ ਉਪਾਖਿਆਨ ਦੀ ਪੋਥੀ' ਦਾ ਜ਼ਿਕਰ ਹੈ। ਸਪੱਸ਼ਟ ਤੌਰ ਤੇ ਇਹ ਪੋਥੀ 'ਦਸਮ ਗ੍ਰੰਥ' ਦੇ 404 ਚਰਿਤ੍ਰੋਪਾਖਿਆਨ ਨਾਂ ਵਾਲੀ ਰਚਨਾ ਨਾਲ ਸੰਬੰਧਿਤ ਹੈ। ਪਰ ਚਿੱਠੀ ਵਿੱਚ ਦਿੱਤੀ ਗਈ 303 ਚਰਿਤ੍ਰ-ਸੰਖਿਆ ਦਾ ਮੇਲ 'ਦਸਮ ਗ੍ਰੰਥ' ਦੀ 404 ਚਰਿਤ੍ਰ-ਸੰਖਿਆ ਨਾਲ ਨਹੀਂ ਬੈਠਦਾ। 'ਦਸਮ-ਗ੍ਰੰਥ' ਵਿਚ ਚਰਿਤ੍ਰਾਂ ਦੀ ਮੂਲ ਸੰਖਿਆ 404 ਸੀ। 'ਦਸਮ ਗ੍ਰੰਥ' ਦੀਆਂ ਪ੍ਰਾਚੀਨ ਬੀੜਾਂ ਵਿੱਚ ਅਤੇ ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਆਦਿ-ਦਸਮ-ਬੀੜ ਵਿਚ ਵੀ ਚਰਿਤ੍ਰ-ਸੰਖਿਆ 404 ਹੀ ਹੈ। ਇਨ੍ਹਾਂ ਚਰਿਤ੍ਰਾਂ ਦੀਆਂ ਪੁਸ਼ਪਿਕਾਵਾਂ ਵੀ ਇਨ੍ਹਾਂ ਦੀ ਸੰਖਿਆ 404 ਪ੍ਰਮਾਣਿਤ ਕਰਦੀਆਂ ਹਨ। 303 ਚਰਿਤ੍ਰਾਂ ਦਾ ਉਲੇਖ ਸਭ ਤੋਂ ਪਹਿਲਾਂ ਇਸੇ ਚਿੱਠੀ ਵਿਚ ਹੋਇਆ ਹੈ। ਅਸਲ ਵਿੱਚ, ਚਰਿਤ੍ਰਾਂ ਦੀ 404 ਸੰਖਿਆ ਹੀ ਤੱਥਕ ਰੂਪ ਵਿਚ ਸਰਵ-ਪ੍ਰਵਾਨ ਹੈ। 303 ਸੰਖਿਆ ਵਾਲੀ ਅਸੰਗਤ ਅਤੇ ਆਧਾਰਹੀਨ ਗੱਲ ਕੇਵਲ ਕਿਸੇ ਅਪ੍ਰਮਾਣਿਕ ਚਿੱਠੀ ਵਿਚ ਹੀ ਕਹੀ ਜਾ ਸਕਦੀ ਹੈ। ਪਰਵਰਤੀ ਸਿੱਖ-ਇਤਿਹਾਸ ਗ੍ਰੰਥਾਂ ਵਿਚ ਵੀ ਇਹ ਸੰਖਿਆ 404 ਹੀ ਹੈ :

ਚੌਬੀਸ ਅਵਾਤਰ ਕੋ ਭਾਖਾ ਕੀਨਾ
ਚਾਰ ਸੌ ਚਾਰ ਚਿਲਿਤ੍ਰ ਨਵੀਨਾ।

('ਮਹਿਮਾ ਪ੍ਰਕਾਸ਼', ਸਰੂਪ ਦਾਸ ਭੱਲਾ)

ਸਿਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਚਰਿੱਤ੍ਰਾਂ ਦੀ 303 ਗਿਣਤੀ ਪ੍ਰਮਾਣਿਕ ਨਹੀਂ ਹੈ।

ਇਸ ਚਿੱਠੀ ਵਿਚ 'ਕ੍ਰਿਸ਼ਨਾਵਤਾਰ' ਦੀ ਵੰਡ ਪੂਰਬਾਰਧ ਅਤੇ ਉਤਰਾਰਧ ਰੂਪ ਵਿੱਚ ਉਲਿਖਿਤ ਹੈ। 'ਦਸਮ ਗ੍ਰੰਥ' ਦੀਆਂ ਪ੍ਰਾਚੀਨਤਮ ਉਪਲਬਧ ਹੱਥ-ਲਿਖਿਤ ਬੀੜਾਂ ਵਿਚ 'ਕ੍ਰਿਸ਼-ਨਾਵਤਾਰ' ਦੇ ਅਜਿਹੇ ਖੰਡ ਜਾਂ ਭਾਗ ਨਹੀਂ ਮਿਲਦੇ, ਸਾਰੀ ਰਚਨਾ ਇਕ ਇਕਾਈ ਦੇ ਰੂਪ

25. ਵੇਖੋ 'ਦਸਮ ਗ੍ਰੰਥ ਦਾ ਕਰਤ੍ਰਿਤ੍ਵ', ਪੰਨੇ 42-43

ਵਿਚ ਦਰਜ ਹੈ । ਹਾਂ, 'ਦਸਮ ਗ੍ਰੰਥ' ਦੀਆਂ ਪਟਨਾ ਅਤੇ ਸੰਗਰੂਰ ਵਾਲੀਆਂ ਪ੍ਰਾਚੀਨ ਬੀੜਾਂ ਵਿਚ 'ਕ੍ਰਿਸ਼ਨਾਵਤਾਰ' ਦੇ ਚਾਰ ਖੰਡ ਦਿੱਤੇ ਹੋਏ ਹਨ—ਦਸਮ ਕਥਾ, ਰਾਸ ਮੰਡਲ, ਬਿਰਹ ਨਾਟਕ ਅਤੇ ਜੁਧ ਪ੍ਰਬੰਧ । ਪਰ ਇਹ ਵੰਡ ਵੀ ਇਸ ਚਿੱਠੀ ਵਾਲੀ 'ਪੂਰਬਾਰਧ' ਅਤੇ 'ਉਤਰਾਰਧ' ਵਾਲੀ ਵੰਡ ਤੋਂ ਬਿਲਕੁਲ ਵੱਖਰੀ ਹੈ । ਇਸ ਤੋਂ ਇੰਜ ਲਗਦਾ ਹੈ ਕਿ ਇਸ ਚਿੱਠੀ ਦਾ ਲੇਖਕ 'ਕ੍ਰਿਸ਼ਨਾਵਤਾਰ' ਦੇ ਪ੍ਰਮਾਣਿਕ ਪਾਠ-ਕ੍ਰਮ ਅਤੇ ਇਸ ਪ੍ਰਸੰਗ ਦੇ ਇਤਿਹਾਸਿਕ-ਵਿਧਾਨ ਤੋਂ ਬਿਲਕੁਲ ਅਨਜਾਣ ਹੈ । ਭਾਈ ਮਨੀ ਸਿੰਘ ਵਰਗੇ ਸ੍ਰੇਸ਼ਠ ਵਿਦਵਾਨ ਤੋਂ ਅਜਿਹੀ ਭੁਲ ਨਹੀਂ ਹੋ ਸਕਦੀ, ਕਿਉਂਕਿ ਭਾਈ ਮਨੀ ਸਿੰਘ ਦਸਮ ਗੁਰੂ ਜੀ ਦੇ ਨਿਕਟ ਸੰਪਰਕ ਵਿਚ ਰਹੇ ਸਨ ਅਤੇ ਸਿੱਖ ਧਰਮ ਦੇ ਗ੍ਰੰਥਾਂ ਦੀਆ ਪਰੰਪਰਾਵਾਂ ਤੋਂ ਉਹ ਚੰਗੀ ਤਰ੍ਹਾਂ ਜਾਣੂ ਸਨ ।

ਗਿਆਨੀ ਹਰਨਾਮ ਸਿੰਘ **'ਬਲੱਭ'** ਨੇ ਆਪਣੇ ਇਕ ਲੇਖ[26] ਇਤਿਹਾਸਿਕ ਅਤੇ ਪ੍ਰਸਿੱਧ ਹਸਤੀਆਂ ਦੀਆਂ ਚਿੱਠੀਆਂ ਦੇ ਚਿੱਤਰ ਦਰਸ਼ਨ' ਵਿਚ ਇਸ ਚਿੱਠੀ ਵਿੱਚ ਆਏ 'ਪੂਰਬਾਰਧ' ਅਤੇ 'ਉਤਰਾਰਧ' ਸ਼ਬਦਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ :

"9. ਪੂਰਬਾਰਧ—**ਦਸਮ ਗ੍ਰੰਥ** ਦੇ ਪਹਿਲੇ 1900 ਛੰਦਾਂ ਦਾ ਭਾਗ ।
10. ਉਤਰਾਰਧ—1900 ਤੋਂ ਅਗਲਾ ਸਾਰਾ ਭਾਗ ਸਮਾਪਤੀ ਤਕ ।"

(**ਨੋਟ** : ਇਥੇ 'ਦਸਮ ਗ੍ਰੰਥ' ਦੀ ਥਾਂ ਕ੍ਰਿਸ਼ਨਾਵਤਾਰ' ਚਾਹੀਦਾ ਸੀ ।) ਇਹ ਵਿਆ-ਖਿਆ 'ਬਲੱਭ' ਹੋਰਾਂ ਦੁਆਰਾ ਪੂਰਵ ਮਿਥੇ ਵਿਚਾਰਾਂ ਦੇ ਅਨੁਰੂਪ ਹੈ, ਕਿਉਂਕਿ ਛੰਦ ਅੰਕ 1900 ਤੋਂ ਬਾਦ ਨਾ ਤਾਂ ਕੋਈ ਅਜਿਹੀ 'ਇਤੀ' ਸੂਚਕ ਪੁਸ਼ਪਿਕਾ ਮਿਲਦੀ ਹੈ ਜੋ ਇਸ ਥਾਂ ਤੇ 'ਪੂਰਬਾਰਧ' ਦੀ ਸਮਾਪਤੀ ਸੂਚਿਤ ਕਰ ਸਕੇ ਅਤੇ ਨਾ ਹੀ ਕੋਈ 'ਅਥ' ਸੂਚਿਕ ਬਚਨਿਕਾ ਮਿਲਦੀ ਹੈ ਜੋ ਇਥੋਂ 'ਉਤਰਾਰਧ' ਦਾ ਆਰੰਭ ਸਿੱਧ ਕਰ ਸਕੇ, ਜਦ ਕਿ 'ਇਤੀ' ਅਤੇ 'ਅਥ' ਲਿਖਣ ਦੀ ਪ੍ਰਣਾਲੀ ਸਾਰੇ 'ਦਸਮ ਗ੍ਰੰਥ' ਅਤੇ ਖਾਸ ਕਰ 'ਕ੍ਰਿਸ਼ਨਾਵਤਾਰ' ਵਿਚ ਪ੍ਰਵਾਨ ਕੀਤੀ ਗਈ ਹੈ । ਇਸ ਤੋਂ ਇਲਾਵਾ, ਲਗਭਗ 2500 ਛੰਦਾਂ ਦੀ ਇਸ ਰਚਨਾ ਦਾ ਅੱਧ ਛੰਦ ਅੰਕ 1900 ਉਤੇ ਹੋਣਾ ਵੀ ਨਿਆਇ-ਸੰਗਤ ਨਹੀਂ ਹੈ । ਫਲਸਰੂਪ ਗਿਆਨੀ ਜੀ ਦੀ ਇਹ ਵਿਆਖਿਆ ਨਿਰਾਧਾਰ ਹੈ ਅਤੇ ਅਪ੍ਰਮਾਣਿਕ ਚਿੱਠੀ ਨੂੰ ਪ੍ਰਮਾਣਿਕ ਅਤੇ ਤੱਥ-ਅਨੁਸਾਰੀ ਸਿੱਧ ਕਰਨ ਦੀ ਗ਼ਲਤ ਚੇਸ਼ਟਾ ਹੈ ।

ਇਸ ਚਿੱਠੀ ਵਿਚ ਵਰਤੇ ਗਏ ਸ਼ਬਦ-ਜੋੜ ਵੀ ਨਵੇਂ ਹਨ । ਪੰਜਾਬੀ ਦੀਆਂ ਪ੍ਰਾਚੀਨ-ਤਮ ਹੱਥ-ਲਿਖਿਤ ਪੋਥੀਆਂ ਅਤੇ ਬੀੜਾਂ ਦੇ ਸ਼ਬਦ-ਜੋੜਾਂ ਦਾ ਅਧਿਐਨ ਸਾਨੂੰ ਇਸ ਨਿਰਣੇ ਤੇ ਪਹੁੰਚਾਂਦਾ ਹੈ ਕਿ ਇਨ੍ਹਾਂ ਵਿਚ ਸੰਯੁਕਤ ਅਤੇ ਦੁੱਤ ਅੱਖਰਾਂ ਦੀ ਥਾਂ ਤੇ ਸਰਲੀਕਰਣ ਦੀ ਪ੍ਰਕ੍ਰਿਆ ਦੁਆਰਾ ਅਸੰਯੁਕਤ ਅੱਖਰਾਂ ਦੀ ਵਰਤੋਂ ਬਹੁਤ ਪਿਛੋਂ ਹੋਣੀ ਸ਼ੁਰੂ ਹੋਈ ਹੈ । ਫਿਰ ਵੀ 'ਰ', 'ਹ' ਅਤੇ 'ਵ' ਦੇ ਸੰਯੁਕਤ ਰੂਪ ਤਾਂ ਹੁਣ ਵੀ ਪੰਜਾਬੀ ਲਿਖਾਈ ਵਿਚ ਪ੍ਰਵਾਨ ਹਨ । ਪਰ ਇਸ ਚਿੱਠੀ ਦੇ ਨਮੂਨੇ ਵਜੋਂ 'ਕਰਿਸ਼ਨ' ਅਤੇ 'ਚਰਿਤਰ' ਸ਼ਬਦਾਂ ਵਿੱਚ ਵਰਤੇ ਗਏ ਅੱਖਰਾਂ ਦੇ ਅਸੰਯੁਕਤ ਰੂਪ ਇਹ ਕਹਿਣ ਲਈ ਮਜਬੂਰ ਕਰਦੇ ਹਨ ਕਿ ਇਨ੍ਹਾਂ ਦੀ ਪ੍ਰਸਤੁਤ ਅਸੰਯੁਕਤ ਰੂਪ ਵਿਚ ਹੋਈ ਵਰਤੋਂ ਗੁਰਮੁਖੀ ਲਿਪੀ ਦੇ ਸੰਯੁਕਤ ਅੱਖਰਾਂ ਵਾਲੀ ਪਰੰਪਰਾ ਤੋਂ ਬਿਲਕੁਲ

26. 'ਪ੍ਰੀਤਮ', "ਚਿੱਠੀ ਅੰਕ" (ਜੁਲਾਈ 1957), ਪੰਨਾ 15

ਉਲਟ ਅਤੇ ਆਧੁਨਿਕ ਪ੍ਰਵਿਰਤੀ ਅਨੁਸਾਰ ਹੈ। ਫਲਸਰੂਪ ਇਸ ਚਿੱਠੀ ਦੀ ਪ੍ਰਮਾਣਿਕਤਾ ਸੰਦਿਗਧ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਇਹ ਚਿੱਠੀ ਨਾ ਭਾਈ ਮਨੀ ਸਿੰਘ ਦੀ ਲਿਖੀ ਹੈ ਅਤੇ ਨਾ ਹੀ ਇਤਿਹਾਸਿਕ। ਕਿਸੇ ਮੰਤਵ-ਸਿੱਧੀ ਲਈ ਲਿਖੀ ਗਈ ਇਹ ਚਿੱਠੀ ਬੜੀ ਅਰਵਾਚੀਨ ਅਤੇ ਸ਼ਕੀ ਹੈ।

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਮਨੀ ਸਿੰਘ ਦੇ ਨਾਂ ਨਾਲ ਸਾਹਿਤਿਕ ਦ੍ਰਿਸ਼ਟੀ ਤੋਂ ਕੇਵਲ ਦੋ ਰਚਨਾਵਾਂ ਹੀ ਜੋੜੀਆਂ ਜਾ ਸਕਦੀਆਂ ਹਨ—'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ'। ਆਦਿ-ਦਸਮ ਗ੍ਰੰਥ ਵਾਲੀ ਬੀੜ ਵੀ ਉਨ੍ਹਾਂ ਨਾਲ ਸੰਬੰਧਿਤ ਕੀਤੀ ਜਾ ਸਕਦੀ ਹੈ। ਇਨ੍ਹਾਂ ਤੋਂ ਭਿੰਨ ਰਚਨਾਵਾਂ ਦਾ ਸੰਬੰਧ ਭਾਈ ਸਾਹਿਬ ਨਾਲ ਜੋੜਨਾ ਉਚਿਤ ਪ੍ਰਤੀਤ ਨਹੀਂ ਹੁੰਦਾ।

ਪ੍ਰਕਰਣ 3

ਵਾਰਤਕ ਰਚਨਾਵਾਂ ਦਾ ਵਿਸ਼ਾ-ਵਸਤੂ

ਸਾਹਿੱਤ ਰਚਨਾ ਦੇ ਅਧਿਆਇ ਵਿਚ ਸਪੱਸ਼ਟ ਕੀਤਾ ਜਾ ਚੁਕਿਆ ਹੈ ਕਿ ਭਾਈ ਮਨੀ ਸਿੰਘ ਦੀ ਸਾਹਿੱਤ-ਸਾਧਨਾ ਵਿੱਚ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਨੂੰ ਹੀ ਸ਼ਾਮਲ ਕੀਤਾ ਜਾ ਸਕਦਾ ਹੈ ਜਿਨ੍ਹਾਂ ਵਿਚ ਉਹ ਕਥਾ-ਵਾਚਕ ਦੀ ਭੂਮਿਕਾ ਨਿਭਾ ਰਹੇ ਹਨ। ਇਨ੍ਹਾਂ ਦੋਹਾਂ ਰਚਨਾਵਾਂ ਦਾ ਹੀ ਕੁਝ ਸੰਬੰਧ ਭਾਈ ਮਨੀ ਸਿੰਘ ਨਾਲ ਬੈਠ ਸਕਦਾ ਹੈ । ਇਸ ਲਈ ਇਨ੍ਹਾਂ ਰਚਨਾਵਾਂ ਦੀ ਵਿਸ਼ਾ-ਵਸਤੂ ਅਤੇ ਉਸ ਦੇ ਵਿਧਾਨ ਨੂੰ ਪ੍ਰਸਤੁਤ ਅਧਿਆਇ ਵਿਚ ਵਿਚਾਰਿਆ ਜਾਏਗਾ ।

ਗਿਆਨ ਰਤਨਾਵਲੀ

ਵਿਸ਼ਾ-ਵਸਤੂ : ਇਸ ਜਨਮਸਾਖੀ ਦਾ ਵਰਣਿਤ ਵਿਸ਼ਾ ਹੈ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਿਕ ਜੀਵਨ-ਚਰਿਤ ਪੇਸ਼ ਕਰਨਾ, ਪਰ ਇਸ ਦੀ ਵਸਤੂ ਦਾ ਸਰੋਤ ਪੂਰਵ-ਵਰਤੀ ਜਨਮਸਾਖੀਆਂ ਤੋਂ ਕੁਝ ਭਿੰਨ ਹੈ । ਪਹਿਲੀਆਂ ਜਨਮਸਾਖੀਆਂ ਦੀ ਵਾਰਤਕ ਸਾਮਗ੍ਰੀ ਅਧਿਕ-ਤਰ ਗੁਰੂ ਜੀ ਦੇ ਸ਼ਬਦਾਂ/ਪਦਿਆਂ ਦੀ ਉਥਾਨਿਕਾ ਵਜੋਂ ਚਿਤਰੀ ਗਈ ਹੈ, ਜਾਂ ਸ਼ਬਦਾਂ ਦੀ ਭਾਵ-ਸਾਮਗ੍ਰੀ ਨੂੰ ਉਪਦੇਸ਼ਾਤਮਕ ਢੰਗ ਨਾਲ ਜਿਗਿਆਸੂਆਂ ਸਾਹਮਣੇ ਰਖਿਆ ਗਿਆ ਹੈ, ਪਰ ਇਸ ਵਿਚ ਭਾਈ ਗੁਰਦਾਸ ਦੀ ਪਹਿਲੀ ਵਾਰ ਨੂੰ ਆਧਾਰ ਬਣਾ ਕੇ ਗੁਰੂ ਜੀ ਦਾ ਜੀਵਨ-ਬਿਰਤਾਂਤ ਸੰਯੋਜਿਤ ਕੀਤਾ ਗਿਆ ਹੈ । ਫਲਸਰੂਪ ਇਸ ਦਾ ਪੈਟਰਨ ਬਾਕੀਆਂ ਨਾਲੋਂ ਵੱਖ ਅਤੇ ਪੂਰੀ ਤਰ੍ਹਾਂ ਸਪੱਸ਼ਟ ਹੈ । ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿੱਚ ਗੁਰੂ ਜੀ ਦੇ ਆਗਮਨ ਤੋਂ ਪਹਿਲਾਂ ਦੀਆਂ ਸਮਾਜਿਕ, ਅਧਿਆਤਮਿਕ, ਧਾਰਮਿਕ ਅਤੇ ਰਾਜਨੀਤਿਕ ਪਰਿ-ਸਥਿਤੀਆਂ ਦਾ ਉਲੇਖ ਕੀਤਾ ਹੈ ਅਤੇ ਜਗਤ ਦੀ ਸਥਿਤੀ ਨੂੰ ਚਿੱਤਰ ਕੇ ਗੁਰੂ ਨਾਨਕ ਦੇ ਆਗਮਨ ਦੀ ਲੋੜ ਨੂੰ ਨਿਆਇਸ਼ੀਲ ਢੰਗ ਨਾਲ ਦਰਸਾਇਆ ਹੈ । ਇਸ ਪ੍ਰਕਾਰ ਦੇ ਵਰਣਿਤ ਵਿਸ਼ੇ ਵਾਲੀ ਵਾਰ ਨੂੰ ਆਧਾਰ ਬਣਾਉਣ ਨਾਲ ਇਸ ਜਨਮਸਾਖੀ ਵਿਚ ਪੂਰਵ-ਵਰਤੀ ਜਨਮਸਾਖੀਆਂ ਤੋਂ ਹਟ ਕੇ ਕੁਝ ਵਾਧੂ ਸਾਮਗ੍ਰੀ ਦਾ ਆ ਜਾਣਾ ਸੁਭਾਵਿਕ ਹੈ ਜੋ ਉਸ ਵਕਤ ਦੀਆਂ ਇਤਿਹਾਸਿਕ ਗਤੀ-ਵਿਧੀਆਂ ਨੂੰ ਰੂਪਮਾਨ ਕਰਕੇ ਇਸ ਜਨਮਸਾਖੀ ਦੇ ਮਹੱਤਵ ਨੂੰ ਹੋਰ ਵਧਾਂਦੀ ਹੈ ।

ਇਸ ਜਨਮਸਾਖੀ ਦਾ ਮੰਤਵ ਗੁਰੂ ਨਾਨਕ ਦੇਵ ਦੇ ਅਧਿਆਤਮਿਕ ਜੀਵਨ-ਚਿੱਤ੍ਰਣ ਤੋਂ ਇਲਾਵਾ ਸਿੱਖਾਂ ਦੇ ਮਨ ਵਿਚ ਗੁਰੂ ਦੇਵ ਦੀਆਂ ਪੂਰਵ-ਵਰਤੀ ਜਨਮਸਾਖੀਆਂ, ਵਿਸ਼ੇਸ਼ ਕਰਕੇ ਹੰਦਾਲੀਆਂ ਵਾਲੀ ਜਨਮਸਾਖੀ, ਰਾਹੀਂ ਪੈਦਾ ਕੀਤੇ ਗਏ ਸ਼ੰਕਿਆਂ ਦਾ ਸਮਾਧਾਨ ਪੇਸ਼ ਕਰਨਾ ਵੀ ਹੈ । ਇਸ ਲਈ ਕੁਦਰਤੀ ਹੈ ਕਿ ਲੇਖਕ ਨੂੰ ਸਿੱਖਾਂ ਦੇ ਧਾਰਮਿਕ ਸਾਹਿੱਤ ਦੀ ਗੰਭੀਰ ਜਾਣਕਾਰੀ ਪ੍ਰਾਪਤ ਹੋਵੇ ਅਤੇ ਹੋਰਨਾਂ ਮਤਾਂ ਜਾਂ ਸੰਪ੍ਰਦਾਵਾਂ ਸੰਬੰਧੀ ਵੀ ਆਵੱਸ਼ਕ ਗਿਆਨ ਹੋਵੇ। ਫਲਸਰੂਪ ਇਹ ਜਨਮਸਾਖੀ ਸਚੇਤ ਤੌਰ ਤੇ ਤਰਕ-ਸੰਗਤ ਢੰਗ ਨਾਲ ਗੁਰੂ ਨਾਨਕ ਦੇਵ ਜੀ

ਦੇ ਜੀਵਨ ਅਤੇ ਵਿਚਾਰਧਾਰਾ ਨੂੰ ਪੇਸ਼ ਕਰਨ ਦਾ ਇਕ ਬਚਨਬੱਧ ਉੱਦਮ ਹੈ। ਇਸ ਨਾਲ ਸੱਚ ਤੇ ਝੂਠ ਨੂੰ ਨਿਖੇੜਨ ਲਈ ਹੰਸ-ਵਿਵੇਕ ਦੀ ਪ੍ਰਵਿਰਤੀ ਨੂੰ ਜਨਮਸਾਖੀ ਸਾਹਿੱਤ ਵਿੱਚ ਪ੍ਰਵੇਸ਼ ਮਿਲਦਾ ਹੈ। ਇਸ ਵਿੱਚ ਸ਼ੰਕਾ ਪੈਦਾ ਕਰਨ ਵਾਲੀਆਂ ਗੱਲਾਂ ਦਾ ਸਮਾਧਾਨ ਵੀ ਕੀਤਾ ਗਿਆ ਹੈ ਜਿਵੇਂ 'ਪੁਰਾਤਨ ਜਨਮਸਾਖੀ' ਵਿਚ ਗੁਰੂ ਨਾਨਕ ਦੇਵ ਦੀ ਸ਼ੇਖ ਫ਼ਰੀਦ ਅਤੇ ਸ਼ੇਖ ਬ੍ਰਹਮ ਦੋਹਾਂ ਨਾਲ ਮੁਲਾਕਾਤ ਹੋਈ ਲਿਖੀ ਗਈ ਹੈ, ਪਰ ਸ਼ੇਖ ਫ਼ਰੀਦ ਚੂੰਕਿ ਗੁਰੂ ਜੀ ਦਾ ਪੂਰਵ-ਵਰਤੀ ਸੀ, ਇਸ ਲਈ ਇਹ ਮੁਲਾਕਾਤ ਸੰਭਵ ਨਹੀਂ। ਪਰ ਇਸ ਜਨਮਸਾਖੀ ਵਿੱਚ ਦੋਵੇਂ ਮੁਲਾਕਾਤਾਂ ਸ਼ੇਖ ਬ੍ਰਹਮ ਨਾਲ ਵਿਖਾਈਆਂ ਗਈਆਂ ਹਨ ਅਤੇ ਪਹਿਲੀ ਵਿੱਚ ਦਿੱਤੇ ਉਪਦੇਸ਼ ਦੀ ਪਾਲਣਾ ਨੂੰ ਜਾਂਚਣ ਲਈ ਦੂਜੀ ਮੁਲਾਕਾਤ ਦਾ ਵਰਣਨ ਕੀਤਾ ਗਿਆ ਹੈ। ਪਰ ਕੀ ਇਹ ਜਨਮਸਾਖੀ ਸਚਮੁਚ ਆਪਣੇ ਸ਼ੁੱਧਤਾ ਅਤੇ ਸਵੱਛਤਾ ਦੇ ਦਾਵੇ ਨੂੰ ਨਿਭਾਂਦੀ ਹੈ, ਇਹ ਗੱਲ ਪ੍ਰਸ਼ਨ-ਚਿੰਨ੍ਹਿਤ ਹੈ।

ਇਸ ਜਨਮਸਾਖੀ ਵਿਚ ਇਸ ਗੱਲ ਵਲ ਵੀ ਧਿਆਨ ਦਿੱਤਾ ਗਿਆ ਪ੍ਰਤੀਤ ਹੁੰਦਾ ਹੈ ਕਿ ਯਥਾ-ਪ੍ਰਸੰਗ ਗੁਰੂ-ਮੁਖ ਤੋਂ ਉਹੀ ਬਾਣੀ ਉਚਰਵਾਈ ਜਾਏ, ਜੋ ਪ੍ਰਮਾਣਿਕ ਹੈ। ਪੂਰਵ-ਵਰਤੀ ਜਨਮਸਾਖੀਆਂ ਵਿੱਚ ਇਸ ਪੱਖੋਂ ਕੋਈ ਸਾਵਧਾਨੀ ਨਹੀਂ ਵਰਤੀ ਗਈ। ਇਸ ਜਨਮਸਾਖੀ-ਕਾਰ ਨੇ ਧਾਰਮਿਕ ਤੱਥਾਂ ਦੇ ਵਿਸ਼ਲੇਸ਼ਣ ਵੇਲੇ ਵੀ ਗੁਰਮਤਿ ਸਿੱਧਾਂਤਾਂ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਨਾਲ ਵਿਅਰਥ ਦੇ ਵਾਦ-ਵਿਵਾਦ ਦੀ ਗੁੰਜਾਇਸ਼ ਨੂੰ ਖਤਮ ਕਰਨ ਦੀ ਕੋਸ਼ਿਸ਼ਕ ਤੇਤੀ ਗਈ ਹੈ। ਪਰ ਇਹ ਕਹਿਣਾ ਸਰਲ ਨਹੀਂ ਕਿ ਇਸ ਵਿੱਚ ਜੋ ਕੁਝ ਚਿੱਤਰਿਆ ਗਿਆ ਹੈ, ਉਹ ਬਿਲਕੁਲ ਗੁਰਬਾਣੀ ਜਾਂ ਗੁਰਮਤਿ ਅਨੁਕੂਲ ਹੈ। ਪਰ ਫਿਰ ਵੀ ਇਸ ਵਿੱਚ ਗੁਰਮਤਿ ਦੀ ਵਿਆਖਿਆ ਬਾਕੀ ਜਨਮਸਾਖੀਆਂ ਨਾਲੋਂ ਕਿਤੇ ਅਧਿਕ ਹੋਈ ਹੈ। ਕਈ ਥਾਵਾਂ ਤੇ ਧਾਰਮਿਕ ਸਿੱਧਾਂਤਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਵਿੱਚ ਜਿਗਿਆਸੂਆਂ ਨੂੰ ਸਮਝਾਇਆ ਗਿਆ ਹੈ। ਇਸ ਸੰਬੰਧੀ ਦੋ ਉਦਾਹਰਣ ਕਾਫੀ ਹੋਣਗੇ :

(1) ਸੋ ਤਿਸ ਕਾ ਨਾਮ ਸਾਧ ਸੰਗਤ ਹੋਤਾ ਹੈ ਅਤੇ ਜੇ ਤੀਨ ਚਾਰ ਇਕਠੇ ਹੋਤੇ ਹੈ ਤੋ ਪਰਮੇਸਰ ਕੀ ਕਥਾ ਅਰੁ ਕੀਰਤਨ ਹੋਤਾ ਹੈ ਤਾਂ ਓਹ ਗੁਰਮੁਖ ਗੁਰੂ ਕਾ ਰੂਪ ਹੋਤੇ ਹੈ। ਪਰ ਸਨਿਆਸੀ ਏਕਲਾ ਹੀ ਭਲਾ ਹੈ ਅਤੇ ਜੇ ਦੂਸਰਾ ਉਸ ਕਾ ਸਾਥ ਕੋਈ ਹੋਤਾ ਹੈ ਤਾਂ ਉਹ ਗ੍ਰਹਸਤੀ ਕਹੀਦਾ ਹੈ। ਅਰੁ ਸਦਾ ਬ੍ਰਤੀਆਂ ਕੇ ਘਰਾਂ ਕੋ ਸੋਧਤਾ ਹੈ। ਅਰੁ ਜੋ ਤੀਨ ਚਾਰ ਹੋਤੇ ਹੈਂ ਤੋਂ ਕੁਟੰਬੀ ਹੋਤੇ ਹੈਂ। ਸੋ ਖਾਵਨ ਅਰੁ ਪੀਵਨ ਅਰੁ ਪਰਮੇਸਰ ਭੂਲ ਜਾਂਦਾ ਹੈ। ਤਾ ਉਸ ਸਨਿਆਸੀ ਨੇ ਬਚਨ ਸੁਣ ਕਰ ਚਰਨਾ ਤੇ ਮਥਾ ਟੇਕਿਆ।
(ਦੀਪਾਲ ਪੁਰ ਜਾਣ ਦਾ ਪ੍ਰਸੰਗ)

(2) ਭਾਈ ਤੁਸੀਂ ਗੁਰੂ ਕੇ ਸਿਖ ਹੋਵਹੁ ਤਾਂ ਬੇਰ ਤੁਹਾਡੇ ਘਰ ਨਹੀਂ ਸੜਨਗੇ। ਅਰੁ ਜੋ ਸਤਿਨਾਮ ਕਾ ਸਿਮਰਨ ਕਰਹੁਗੇ ਤਾਂ ਤੁਸਾਡੇ ਸਭ ਡਰ ਭੌਂ ਦੂਰ ਹੋ ਜਾਵਣਗੇ ਅਰ ਮਨ ਬਾਂਛਤ ਸੁਖ ਪਾਵਹੁਗੇ ਅਰੁ ਸਾਂਤ ਸੰਤੋਖ ਵਿਚ ਅਪਨੇ ਅਪਨੇ ਘਰਾਂ ਮੇਂ ਬਸਤੇ ਰਹੋਗੇ ਅਜ ਤੋਂ ਲੈ ਕੇ ਅਗੇ ਅਗਨ ਨਹੀਂ ਲਗੇਗੀ। ਪਰ ਇਥੇ ਧਰਮਸਾਲ ਬੜੀ ਸੁੰਦਰ ਬਣਾਵੋਂ ਅਤੇ ਸੰਤੋਂ ਕੀ ਅਰੁ ਆਏ ਅਤਿਥੋਂ ਕੀ ਸੇਵਾ ਹਿਤ ਨਾਲ ਕਰਿਆ ਕਰੋ।
(ਹਾਰੂ ਪੁਰ ਦੇਵ ਪ੍ਰਸੰਗ)

ਉਪਰੋਕਤ ਦੋਹਾਂ ਟੂਕਾਂ ਵਿਚ ਲੇਖਕ ਨੇ ਸਿੱਖ ਸਾਧਨਾ-ਪੱਧਤੀ ਨਾਲ ਸੰਬੰਧਿਤ ਸਾਧ-ਸੰਗਤ, ਕੀਰਤਨ, ਸਿਮਰਨ, ਸੇਵਾ, ਆਦਿ ਕਈ ਪੱਖਾਂ ਉਤੇ ਚਾਨਣਾ ਪਾਇਆ ਹੈ। ਅਸਲ ਵਿੱਚ, ਇਹ ਉੱਦੇਸ਼-ਸਹਿਤ ਰਚਨਾ ਹੈ । ਇਸ ਵਿਚ ਸਾਖੀਕਾਰ ਸਪੱਸ਼ਟ ਤੌਰ ਤੇ ਉਸ ਵਕਤ ਦੇ ਸਿੱਖ ਸਮਾਜ਼ ਦੇ ਭਲੇ ਲਈ ਅਤੇ ਉਨ੍ਹਾਂ ਦੀ ਧਾਰਮਿਕ ਮਰਯਾਦਾ ਨੂੰ ਸਥਿਰ ਰਖਣ ਲਈ ਉਪਦੇਸ਼ ਦਿੰਦਾ ਹੈ। ਇਸ ਤਰ੍ਹਾਂ ਇਸ ਜਨਮਸਾਖੀ ਵਿਚ ਰਹਿਤਨਾਮੇ ਦੀ ਸ਼ਕਲ ਦੇ ਕਈ ਉਪਦੇਸ਼ ਸ਼ਾਮਲ ਹੋ ਗਏ ਹਨ ਅਤੇ ਜਦੋਂ ਇਨ੍ਹਾਂ ਸਾਖੀਆਂ ਦੀ ਰਚਨਾ ਹੋ ਰਹੀ ਸੀ, ਤਾਂ ਉਦੋਂ ਸਿੱਖ ਸੰਕਟ-ਕਾਲ ਵਿਚੋਂ ਲੰਘ ਰਹੇ ਸਨ, ਇਸ ਵਾਸਤੇ ਇਸ ਪ੍ਰਕਾਰ ਦੀ ਰਚਨਾ ਦੀ ਲੋੜ ਅਤੇ ਇਸ ਦਾ ਉਚਿਤ ਪ੍ਰਭਾਵ ਪੈਣਾ ਵੀ ਸੁਭਾਵਿਕ ਸੀ । ਇਸ ਨਾਲ ਸਿੱਖ ਧਰਮ ਦੀਆਂ ਭਾਵਨਾਵਾਂ ਨੂੰ ਵਿਕੇਂਦਰਿਤ ਹੋਣ ਤੋਂ ਬਚਾਇਆ ਜਾ ਸਕਿਆ ਹੈ ।

ਹਠਯੋਗ, ਭਗਤੀ ਯੋਗ : ਸਿੱਖ ਧਰਮ-ਸਾਧਨਾ ਸੰਬੰਧੀ ਉਪਦੇਸ਼ਾਂ ਦੇ ਨਾਲ ਨਾਲ ਇਸ ਜਨਮਸਾਖੀ ਵਿਚ ਹੋਰ ਅਨੇਕ ਪ੍ਰਕਾਰ ਦੀ ਗਿਆਨ ਸਾਮਗ੍ਰੀ ਵੀ ਆਪਣੇ ਆਪ ਲਿਖੀ ਜਾਂਦੀ ਰਹੀ ਹੈ । ਅਜਿਹੇ ਅੰਸ਼ਾਂ ਬਾਰੇ ਵੀ ਕੁਝ ਵਿਚਾਰ ਕਰ ਲੈਣਾ ਆਵੱਸ਼ਕ ਪ੍ਰਤੀਤ ਹੁੰਦਾ ਹੈ । ਜਨਮਸਾਖੀ ਦੇ ਆਖੀਰ ਤੇ ਗੁਰੂ ਅੰਗਦ ਦੇਵ ਨੂੰ ਉਪਦੇਸ਼ ਕਰਦਿਆਂ ਗੁਰੂ ਜੀ ਨੇ ਹਠ-ਯੋਗ ਦੀ ਵਿਆਖਿਆ ਕੀਤੀ ਹੈ ਅਤੇ ਹਠਯੋਗ ਤੋਂ ਸ੍ਰੇਸ਼ਠ ਸਹਿਜ ਯੋਗ ਨੂੰ ਦਸਿਆ ਹੈ। ਸਹਿਜ ਯੋਗ ਅਤੇ ਭਗਤੀ ਯੋਗ ਨੂੰ ਪਰਸਪਰ ਨਾਮਾਂਤਰ ਵਜੋਂ ਪੇਸ਼ ਕੀਤਾ ਹੈ :

—ਤਾਂ ਬਾਬੇ ਕਹਿਆ ਜੋ ਈਸਰ ਦਾ ਨਾਮ ਜਪੇ ਤਾਂ ਇਸ ਦੇ ਮਨ ਦੀ ਹਉਮੈ ਦੀ ਮੈਲ ਨਿਵਰਹ ਹੋਵੇ। ਪਰ ਨਾਮ ਦੇ ਜਪਣੇ ਦੇ ਦੁਇ ਪ੍ਰਕਾਰ ਦੇ ਅਧਿਕਾਰੀ ਹੈਨ। ਇਕ ਭਗਤਿ ਜੋਗ ਕਰ ਜਪਦੇ ਹੈਨ ਸੋ ਜੋ ਉਤਮ ਅਧਿਕਾਰੀ ਹੈ ਅਤੇ ਜਿਨਾਂ ਦਾ ਮਨ ਕੋਮਲ ਹੈ ਸੋ ਪਰਮੇਸਰ ਦੇ ਭਜਨ ਵਲ ਮਨ ਤਿਨਾਂ ਦਾ ਇਕਾਗਰ ਹੋ ਜਾਂਦਾ ਹੈ ਅਤੇ ਜਿਨਾਂ ਦੇ ਮਨ ਦੇ ਸੰਕਲਪ ਠਹਿਰਦੇ ਨਹੀਂ ਉਨ੍ਹਾਂ ਨੂੰ ਹਠ ਜੋਗ ਭੀ ਕੀਤਾ ਚਾਹੀਦਾ ਹੈ। ਜੈਸੇ ਘੋੜਾ ਛੁਟ ਜਾਂਦਾ ਹੈ ਤਾਂ ਤੋਬਰਾ ਯਾ ਹਰੇ ਪਠੇ ਦਿਖਾਇ ਕਰ ਵਸ ਹੋ ਜਾਂਦਾ ਹੈ ਤੇ ਉਸ ਨੂੰ ਪਕੜ ਕੇ ਅਸਵਾਰ ਹੋਂਦਾ ਹੈ ਅਰ ਜੋ ਵਸ ਨਹੀਂ ਹੋਂਦਾ ਤਾਂ ਰਸਤੇ ਚੌਫੇਰੇ ਘੇਰ ਕੇ ਭੀ ਉਸ ਨੂੰ ਪਕੜੀਦਾ ਹੈ ਤੈਸੇ ਮਨ ਦੇ ਭਗਤ ਜੋਗ ਕਰ ਵਸ ਆਵੈ ਤੋਂ ਭਲਾ ਹੈ ਨਹੀਂ ਤਾਂ ਜੋਗ ਕਰ ਭੀ ਪਕੜਿਆ ਲੋੜੀਦਾ ਹੈ ।

—ਤਾਂ ਅੰਗਦ ਕਹਿਆ ਭਗਤ ਜੋਗ ਤੇ ਹਠ ਜੋਗ ਦੋਨੋ ਕਹੇ ਅਤੇ ਅਸੀਂ ਜਿਸ ਅਧਿਕਾਰ ਦੇ ਹਾਂ ਸੋ ਭੀ ਕਿਰਪਾ ਕਰ ਕਹੀਏ ।

—ਤਾਂ ਬਾਬੇ ਕਹਿਆ ਤੁਸੀਂ ਭਗਤ ਜੋਗ ਕੇ ਅਧਿਕਾਰੀ ਹੋ ਅਰ ਅਠ ਅੰਗ ਹਠ ਜੋਗ ਦੇ ਹੈਨ ਜੋ ਯੰਮ ੧, ਨੇਮ 2, ਆਸਨ 3, ਇਕਾਂਤ ਦੇਸ 4, ਪ੍ਰਾਣਾਯਾਮ 5, ਧਾਰਨਾ 6, ਧਿਆਨ 7, ਸਮਾਧ 8 । ਏਹ ਅਠ ਅੰਗ ਜੋਗ ਦੇ ਹਨ ਅਰ ਜੋ ਜੋਗ ਕਰ ਕੇ ਆਪਣਿਆ ਪ੍ਰਾਣਾ ਦੀ ਸੁਚੇਤਗੀ ਰਖਦੇ ਹਨ ਅਤੇ ਪ੍ਰਾਣਾਂ ਦੇ ਆਂਵਦਿਆਂ ਜਾਂਦਿਆਂ ਸੋਹੰ ਦਾ ਜਾਪ ਜਪਦੇ ਹਨ ਉਨਾਂ ਦਾ ਮਨ ਨੀਵਾਂ ਹੁਦਾ ਹੈ ਤੇ ਨਿਰਮਲ ਹੋਂਦਾ ਹੈ ਸੋ ਜਿਸ ਸਮੇਂ ਤ੍ਰਿਕੁਟੀ ਦਾ ਧਿਆਨ ਹੋਵੇ ਤਿਸ ਸਮੇਂ ਅੰਤਰ ਜਾਪ ਜਪਨਾ ਅਰ ਜਿਸ ਸਮੇਂ ਸਮਾਧ ਖੁਲੇ ਬਾਹਰ ਜਾਪ ਜਪਣਾਂ ਏਹ ਸਹਜ ਜੋਗ ਹੈ ਤੇ ਭਗਤ ਜੋਗ ਭੀ ਏਹੋ ਹੈ ।

(ਗੁਰੂ ਅੰਗਦ ਉਪਦੇਸ ਪ੍ਰਸੰਗ)

ਇਸ ਤੋਂ ਇਲਾਵਾ ਹੋਰ ਵੀ ਕਈਆਂ ਥਾਵਾਂ ਤੇ ਵਿਦਵਤਾ ਅਤੇ ਗਿਆਨ-ਪ੍ਰਧਾਨ ਗੱਲਾਂ ਕਹੀਆਂ ਗਈਆਂ ਮਿਲਦੀਆਂ ਹਨ। 23ਵੀਂ ਪਉੜੀ ਦੇ ਅਰਥ ਪ੍ਰਸੰਗ ਵਿੱਚ ਚੌਦਾਂ ਵਿਦਿਆਵਾਂ ਦਾ ਵਿਵਰਣ ਦਿੱਤਾ ਗਿਆ ਹੈ ; ਇਨ੍ਹਾਂ ਚੌਦਾਂ ਵਿਦਿਆਵਾਂ ਦੀ ਗਿਣਤੀ ਇਸ ਪ੍ਰਕਾਰ ਹੈ :

> ਪ੍ਰਿਥਮੇਂ ਸ੍ਰੀ ਅਖਰ ਹੈ ਸ੍ਰੀ ਅਖਰ ਕਹੀਐ ਜੋ ਅਖਰਾਂ ਕਾ ਪਾਠ ਅਰ ਛੰਦ ਬੰਦ ਧਾਰਨਾ ਸੰਜੁਗਤ ਪੜਨਾ ਅਰ ਸਮਝਨਾ। ਦੂਸਰੀ ਵਿਦਿਆ ਜਲ ਨਦੀਆਂ ਕਉਂ ਤਰ ਜਾਣਾ। ਤੀਜੀ ਵਿਦਿਆ ਚਕਿਤਸਾ, ਚਕਿਤਸਾ ਕਹੀਏ ਜੋਗ ਅਰ ਔਖਧ ਕਾ ਸਮਝਣਾ। ਚੌਥੀ ਰਸਾਇਣ ਕਹੀਏ ਪਾਰੇ ਆਦਿ ਧਾਤਾਂ ਕਾ ਮਾਰਨਾ। ਪੰਜਵੀਂ ਜੋਤਕ ਜੋ ਗ੍ਰਹਿ ਨਛਤ੍ਰ ਕੀ ਜੋਤਕਾ ਉਦੇ ਅਸਤ ਜਾਨਨਾ/ਛੇਵੀਂ ਵਿਦਿਆ ਰਾਗ ਜੋ ਖਟ ਰਾਗ ਅਰ ਤੀਸ ਰਾਗਨੀਆਂ ਅਰ ਅਠਤਾਲੀਸ ਉਨ ਕੇ ਬੇਟੇ ਇਤ੍ਯਾਦਿਕ ਗਾਵਨੇ ਅਰ ਸਮਝਣੇ। ਸਪਤ ਕੋਕ ਵਿਦਿਆ ਕੋਕ ਕਹੀਏ ਜੋ ਇਸਤ੍ਰੀ ਪੁਰਖ ਕੇ ਕਾਮ ਬਿਲਾਸ ਆਸਣ ਸਭ ਜਾਣਨੇ। ਅਸਟਮ ਵਿਦਿਆ ਵਿਆਕਰਨ, ਵਿਆਕਰਪ ਕਹੀਏ ਜੋ ਸੰਧਾ ਧਾਤਾਂ ਇਤ੍ਯਾਦਿਕ ਅਖਰਾਂ ਕੀਆਂ ਪਛਾਨਣੀਆਂ ਅਰ ਨੌਮੀ ਵਿਦਿਆ ਜੋ ਸਬ ਵਜੰਤ੍ਰ ਵਜਾਵਨੇ ਅਰ ਸਮਝਣੇ ਅਰ ਦਸਵੀ ਘੋੜੇ ਕਾ ਦਉੜਾਵਨਾ ਅਰ ਠਹਿਰਾਵਣਾ ਅਰ ਵਾਗ ਤੇ ਲਿਆਵਨਾ। ਅਰ ਯਾਰਵੀਂ ਨਟੋਂ ਕੀ ਨਿਰਤ ਕਰਨੀ ਅਰ ਸਮਝਣੀ ਭੀ। ਅਰ ਬਾਰਵੀਂ ਧਨਖਬਾਣ ਆਦਿਕ ਸਸਤ੍ਰੋ ਕਾ ਚਲਾਵਨਾ ਅਰ ਚਾਵਨਾ ਭੀ। ਅਰ ਤੇਰਵੀਂ ਵਿਦਿਆ ਸਾਸਤ੍ਰ ਅਰ ਵੇਦ ਪੁਰਾਣੋਂ ਕਾ ਗਿਆਨ ਕਰਨਾ ਅਰ ਚੌਧਵੀਂ ਸਭ ਕਲਾ ਮੈ ਚਤਰ ਹੋਵਣਾ।

ਇਸ ਪ੍ਰਕਾਰ ਦੇ ਗਿਆਨ-ਵਰਧਕ ਪ੍ਰਸੰਗ ਅਨੇਕ ਸਾਖੀਆਂ ਵਿੱਚ ਮਿਲ ਜਾਂਦੇ ਹਨ, ਜਿਵੇਂ—ਗੀਤਾ ਦੇ ਸੱਤ ਸ਼ਲੋਕਾਂ ਦੀ ਵਿਆਖਿਆ, ਸਤ ਆਕਾਸ਼ਾਂ ਅਤੇ ਸੱਤ ਪਾਤਾਲਾਂ ਦਾ ਵਿਵਰਣ, ਉਦਾਸੀ, ਗ੍ਰਿਹਸਥੀ ਅਤੇ ਸੰਨਿਆਸੀ ਦੀ ਪਰਿਭਾਸ਼ਾ, ਵੇਦਾਂ ਦੇ ਮੂਲ ਅੰਦਰਲੇ ਭਾਵ, ਪੰਜ ਪ੍ਰਕਾਰ ਦੇ ਸਰੋਤੇ, 22 ਸ਼ੁਭ ਗੁਣਾਂ ਦਾ ਵੇਰਵਾ, ਪ੍ਰਮਾਤਮਾ ਦੇ ਛੇ ਗੁਣ, ਮਨੁੱਖ ਦੇ ਛੇ ਲੱਛਣ, ਮਨ ਦੀਆਂ ਅਵਸਥਾਵਾਂ, ਚਾਰ ਪ੍ਰਕਾਰ ਦੇ ਕਰਮ, ਆਦਿ।

ਸੂਫ਼ੀਮਤ ਦੀਆਂ ਮੰਜ਼ਲਾਂ : ਇਸ ਜਨਮਸਾਖੀ-ਕਾਰ ਨੂੰ ਇਸਲਾਮ ਮਤ ਬਾਰੇ ਵੀ ਕਾਫ਼ੀ ਜਾਣਕਾਰੀ ਹੈ। ਕਈਆਂ ਥਾਵਾਂ ਤੇ ਇਸਲਾਮ ਧਰਮ ਦੇ ਸਿੱਧਾਂਤਾਂ ਦਾ ਪ੍ਰਤਿਪਾਦਨ ਹੋਇਆ ਹੈ। ਚਾਰ ਇਮਾਮਾਂ ਨਾਲ ਹੋਈ ਗੋਸ਼ਟਿ ਵਿਚ ਦਸ ਮੁਨਾਜਾਤ ਦਰਜ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਦੀ ਰਚਨਾ ਮੰਨਿਆ ਗਿਆ ਹੈ। ਇਸ ਵਿਚ ਇਸਲਾਮਿਕ ਨੈਤਿਕਤਾ ਦੀ ਚਰਚਾ ਵੀ ਹੋਈ ਹੈ। ਇਸ ਗੋਸ਼ਟਿ ਵਿਚ ਭਾਰਤੀ ਅਤੇ ਇਸਲਾਮੀ ਦੋਹਾਂ ਸਭਿਆਚਾਰਾਂ ਦੇ ਪਰਸਪਰ ਮੇਲ ਜਾਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਦਾ ਬੋਧ ਹੁੰਦਾ ਹੈ। ਇਧ ਤੋਂ ਇਲਾਵਾ ਮਕੇ ਦੀ ਸਾਖੀ ਦੇ ਇਕ ਪ੍ਰਸੰਗ ਵਿੱਚ ਸੂਫ਼ੀਮਤ ਦੀਆਂ ਮੰਜ਼ਿਲਾਂ ਦਾ ਵਿਵਰਣ ਵੀ ਦਿੱਤਾ ਮਿਲ ਜਾਂਦਾ ਹੈ। ਕਾਜ਼ੀ ਗੁਰੂ ਨਾਨਕ ਦੇਵ ਤੋਂ ਇਨ੍ਹਾਂ ਮੰਜ਼ਿਲਾਂ ਬਾਰੇ ਜਾਣਨ ਦੀ ਇੱਛਾ ਰਖਦੇ ਹਨ ਅਤੇ ਗੁਰੂ ਜੀ ਉਨ੍ਹਾਂ ਦੀ ਜੋ ਵਿਆਖਿਆ ਪੇਸ਼ ਕਰਦੇ ਹਨ, ਉਹ ਬੜੀ ਰੋਚਕ ਹੈ :

> —ਤਾਂ ਬਾਬੇ ਕਹਿਆ ਜੈਸੇ ਮਕੇ ਦੀ ਜਿਆਰਤ ਨੂੰ ਚਾਰੋਂ ਤਰਫਾਂ ਤੀ ਹਾਜੀ ਆਂਵਦੇ

ਹਨ ਸੋ ਮਸਰਕ ਦੇ ਹਾਜੀ ਆਪਣੇ ਰਾਹ ਆਂਵਦੇ ਹਨ ਅਰ ਕਈ ਮਗਰਬ ਦੇ ਹਾਜੀ ਆਂਵਦੇ ਹੈਨ ਅਰ ਕਈ ਜਨੂਬ ਦੇ ਹਾਜੀ ਆਂਵਦੇ ਹਨ ਅਰ ਕਈ ਸਮਾਲ ਦੇ ਹਾਜੀ ਆਂਵਦੇ ਹੈਨ ਤਾਂ ਇਬਤਦਾ ਦੇ ਰਾਹ ਜੁਦਾ ਹਨ ਅਤੇ ਇੰਤਹਾ ਸਭਨਾਂ ਰਾਹਾਂ ਦਾ ਇਕੋ ਹੈ ਜੋ ਸਭ ਰਾਹ ਕਾਬੇ ਵਿਚ ਆ ਪਹੁੰਚਦੇ ਹਨ ਤੈਸੇ ਸਰੀਅਤ ਜੋ ਹੈ ਸੋ ਪਰਵਿਰਤਕੀ ਕਰਮ ਹਨ ਅਰ ਆਪਣੇ ਮਜਹਬ ਦੇ ਰਾਹ ਉਪਰ ਖਬਰਦਾਰ ਰਹਿਣਾ ਅਰ ਕਿਸੇ ਦੇ ਭੁਲਾਇਆਂ ਨਾਂ ਭੁਲਣਾ ਅਰ ਆਪਣੇ ਪੈਗੰਬਰ ਨੂੰ ਦਰਖਤਾਂ ਦਾ ਤੁਖਮ ਜਾਣਨਾ ਅਰ ਹੋਰ ਜਿਤਨੇ ਪੀਰ ਫਕੀਰ ਹੈਨ ਓਨਾਂ ਨੂੰ ਬਰ ਤੇ ਬਰਗ ਸਾਖਾਂ ਜਾਣਨਾ ਅਤੇ ਖੁਦਾਇ ਦੇ ਨਾਮ ਨੂੰ ਯਾਦ ਰਖਣਾ ਅਤੇ ਆਪ ਨੂੰ ਬੰਦਾ ਜਾਣਨਾ ਤੇ ਖੁਦਾਇ ਨੂੰ ਸਾਹਿਬ ਜਾਣਨਾ ਅਤੇ ਸਰੀਅਤ ਦਾ ਇਬਤਦਾ ਜੁਦਾ ਹੈ ਅਰ ਇੰਤਹਾ ਖੁਦਾਇ ਨੂੰ ਮਿਲਦਾ ਹੈ ।

—ਅਤੇ ਤਰੀਕਤ ਕਹਦੇ ਹਨ ਜੋ ਨਿਮਾਜਰੋਜਾ ਭੀ ਸਰੀਅਤ ਵਾਲਿਆਂ ਦੀ ਤਰਹਿ ਕਰਨਾ ਅਰ ਬਜੁਰਗਾਂ ਦੀ ਸੁਹਬਤ ਕਰਨੀ ਤੇ ਖਿਦਮਤ ਕਰਨੀ ਅਤੇ ਕਿਸੇ ਦੇ ਦਿਲ ਨੂੰ ਅਜੁਰਦਾ ਨਹੀਂ ਕਰਨਾ ਅਤੇ ਦਮਬਦਮ ਖਦਾਇ ਯਾਦ ਤੋਂ ਬਿਨਾਂ ਨਹੀਂ ਗਵਾਵਣਾ ਅਤੇ ਸਭਨਾਂ ਦੇ ਦਿਲ ਵਿਚ ਖੁਦਾਇ ਦਾ ਪ੍ਰਤਵਾ ਜਾਨਨਾ ਜੈਸੇ ਹੀ ਸੀਸੇ ਦੇ ਵਿਚ ਆਪਣੇ ਰੁਖ ਦਾ ਪਰਤਵਾ ਪਉਦਾ ਹੈ ਤੇ ਰੁਖ ਵਿਚ ਭੀ ਹੁੰਦਾ ਹੈ ਤੇ ਨਿਆਰਾ ਭੀ ਹੁੰਦਾ ਹੈ...ਆਰਸੀ ਦੀ ਨਿਆਈ ਸੰਤਾਂ ਦੀ ਛਾਤੀ ਪ੍ਰੇਮ ਕਰਕੇ ਨਿਰਮਲ ਹੋਈ ਹੈ ਅਰ ਦਿਲ ਦੇ ਅੰਦਰ ਭੀ ਅਰ ਬਾਹਰ ਭੀ ਖੁਦਾਇ ਨੂੰ ਜਾਣਦੇ ਹੈਨ ਅਰ ਤਰੀਕਤ ਏਹ ਕਹੀਦੀ ਹੈ ਸੋ ਤਰੀਕਤ ਦਾ ਰਾਹ ਜੁਦਾ ਹੈ ਅਤੇ ਇੰਤਹਾ ਖੁਦਾਇ ਨਾਲ ਮਿਲਦਾ ਹੈ।

—ਅਰ ਮਾਰਫਤ ਜੋ ਕਹਿੰਦੇ ਹੈਨ ਸੋ ਖੁਦਾਇ ਦਾ ਜਲਵਾ ਸਭਸ ਵਿਚ ਪਛਣਨਾ ਅਰ ਦਮਬਦਮ ਖੁਦਾਇ ਨੂੰ ਯਾਦ ਕਰਨਾ ਅਰ ਹਰ ਦਿਲ ਨੂੰ ਯਾਦ ਰਖਣਾ ਅਰ ਕਿਤਾਬਾਂ ਦਾ ਜੋ ਮਗਜ ਹੈ ਸੋ ਦਿਲ ਵਿਚ ਧਾਰਨਾ । ਸੋ ਏਹ ਮਾਰਫਤ ਕਹਿੰਦੇ ਹੈਨ ਅਰ ਏਸ ਦਾ ਭੀ ਸਿਰਾ ਖੁਦਾਇ ਨਾਲ ਮਿਲਦਾ ਹੈ ।

—ਅਤੇ ਹਕੀਕਤ ਉਸ ਨੂੰ ਕਹਿੰਦੇ ਹਨ ਜੋ ਹਿਕ ਖੁਦਾਇ ਹੀ ਹੈ ਅਰ ਦੂਜਾ ਕੋਈ ਹੋਇਆ ਹੀ ਨਹੀਂ ਅਰ ਜੋ ਕੁਛ ਦੀਦਾਰ ਵਿਚ ਆਂਵਦਾ ਹੈ ਸੋ ਸਭ ਕੁਦਰਤ ਹੈ ਸੋ ਇਸ ਦਾ ਭੀ ਸਿਰਾ ਖੁਦਾਇ ਨਾਲ ਮਿਲਦਾ ਹੈ ।

ਵਸਤੂ-ਵਿਧਾਨ : ਇਸ ਜਨਮਸਾਖੀ ਨੂੰ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਆਮ ਤੌਰ ਤੇ ਟੀਕਾ ਕਿਹਾ ਜਾਂਦਾ ਹੈ । ਕਿਸੇ ਰਚਨਾ ਦਾ ਟੀਕਾ ਕਰਨਾ ਕੋਈ ਸਰਲ ਗੱਲ ਨਹੀਂ । ਇਕ ਟੀਕਾਕਾਰ ਨੂੰ ਆਪਣੀ ਨਿਜਤਾ, ਆਪਣੇ ਵਿਚਾਰ, ਆਪਣੇ ਝੁਕਾ ਆਦਿ ਨੂੰ ਇਕ ਪਾਸੇ ਰਖ ਕੇ ਮੂਲ ਲੇਖਕ ਦੀ ਆਤਮਾ ਵਿਚ ਉਤਰਨਾ ਪੈਂਦਾ ਹੈ । ਇਹ ਤਦ ਹੀ ਸੰਭਵ ਹੈ ਕਿ ਟੀਕਾਕਾਰ ਵੀ ਉਸੇ ਪੱਧਰ ਦਾ ਹੋਵੇ, ਜਿਸ ਪੱਧਰ ਦਾ ਮੂਲ ਲੇਖਕ ਹੈ ਅਤੇ ਸੰਭਵ ਹੋਵੇ ਤਾਂ ਉਸੇ ਵਿਚਾਰ-ਪਰੰਪਰਾ ਵਿੱਚ ਯਕੀਨ ਰਖਦਾ ਹੋਵੇ ਜਿਸ ਵਿਚ ਮੂਲ ਰਚਨਾ ਦਾ ਲੇਖਕ ਰਖਦਾ ਹੈ । ਇਸ ਸੰਬੰਧ ਵਿੱਚ ਬੜੇ ਸੰਤੋਸ਼ ਦੀ ਗੱਲ ਇਹ ਹੈ ਕਿ ਮੂਲ ਲੇਖਕ ਭਾਈ ਗੁਰਦਾਸ ਨੇ ਵਿਦਵੱਤਾ ਅਤੇ ਅਧਿਆਤਮਿਕਤਾ ਦੀ ਜਿਸ ਸਿਖਰ ਨੂੰ ਛੋਹਿਆ ਸੀ, ਭਾਈ ਮਨੀ ਸਿੰਘ ਵੀ ਉਸ ਪੱਧਰ ਤਕ ਪਹੁੰਚੇ ਹੋਏ ਸਨ, ਇਸ ਲਈ ਮੂਲ ਲੇਖਕ ਅਤੇ ਟੀਕਾ-ਕਾਰ ਸਮਾਨ ਪੱਧਰ ਦੇ ਪ੍ਰਮਾਣਿਕ ਅਤੇ ਪ੍ਰਤਿਭਾਵਾਨ ਸਿੱਖ ਸਾਧਕ ਅਤੇ ਵਿਦਵਾਨ ਸਨ ।

ਪਰ ਇਹ ਜ਼ਨਮਸਾਖੀ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਨਿਰਾਪੁਰਾ ਟੀਕਾ ਹੀ ਨਹੀਂ, ਸਗੋਂ ਪੂਰਵ-ਵਰਤੀ ਜਨਮਸਾਖੀਆਂ—ਪੁਰਾਤਨ ਜਨਮਸਾਖੀ, ਮਿਹਰਬਾਨ ਜਨਮਸਾਖੀ, ਬਾਲਾ ਜਨਮਸਾਖੀ—ਤੇ ਆਧਾਰਿਤ ਇਕ ਪੁਨਰ ਸਿਰਜਿਤ ਜਨਮਸਾਖੀ ਹੈ, ਜਿਸ ਵਿੱਚ ਗੁਰੂ ਨਾਨਕ ਦੇਵ ਦੇ ਜੀਵਨ ਨੂੰ ਸਵੱਛ ਢੰਗ ਨਾਲ ਚਿੱਤ੍ਰਣ ਦਾ ਦਾਵਾ ਕੀਤਾ ਗਿਆ ਹੈ। ਅਸਲ ਵਿੱਚ, ਇਹ ਪੂਰਵ-ਵਰਤੀ ਸਾਰੀਆਂ ਜਨਮਸਾਖੀਆਂ ਦਾ ਇਕ ਵਿਵਸਥਿਤ ਅਤੇ ਕ੍ਰਮ-ਬੱਧ ਕੋਸ਼ ਹੈ ਜਿਸ ਵਿੱਚ ਉਨ੍ਹਾਂ ਦੀ ਸਾਰੀ ਕਥਾ-ਸਾਮਗ੍ਰੀ ਨੂੰ ਆਪਣੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਗੱਲ ਦਾ ਥੋੜ੍ਹਾ ਅਧਿਕ ਵਿਸ਼ਲੇਸ਼ਣ ਕਰਨ ਲਈ ਪਹਿਲੀ ਵਾਰ ਦੇ ਤੱਥਾਂ ਨਾਲ ਤੁਲਨਾਤਮਕ ਅਧਿਐਨ ਕਰਨਾ ਉਪਯੋਗੀ ਪ੍ਰਤੀਤ ਹੁੰਦਾ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ ਵਿੱਚ ਕੁਲ 49 ਪਉੜੀਆਂ ਹਨ ਜਿਨ੍ਹਾਂ ਵਿਚੋਂ ਪਹਿਲੀਆਂ 22 ਪਉੜੀਆਂ ਵਿੱਚ ਗੁਰੂ ਨਾਨਕ-ਆਗਮਨ ਦੀ ਆਵੱਸ਼ਕਤਾ ਲਈ ਪਰਿਸਥਿਤੀਆਂ ਦਾ ਚਿੱਤ੍ਰਣ ਕੀਤਾ ਗਿਆ ਹੈ। 23ਵੀਂ ਪਉੜੀ ਤੋਂ 45ਵੀਂ ਪਉੜੀ ਤਕ ਗੁਰੂ ਨਾਨਕ ਦੇਵ ਦੇ ਜੀਵਨ ਦੀਆਂ ਕੁਝ ਘਟਨਾਵਾਂ ਦਾ ਵਿਵਰਣ ਦਿੱਤਾ ਗਿਆ ਹੈ। ਅਖੀਰਲੀਆਂ ਚਾਰ ਪਉੜੀਆਂ ਦਾ ਸੰਬੰਧ ਪਰਵਰਤੀ ਗੁਰੂ ਸਾਹਿਬਾਨ ਨਾਲ ਹੈ। ਇਸ ਲਈ ਉਨ੍ਹਾਂ ਦੇ ਵਿਆਖਿਆ-ਪ੍ਰਸੰਗ ਵਿੱਚ ਕੁਝ ਸਾਖੀਆਂ ਪਰਵਰਤੀ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ।

ਵਿਚਾਰਾਧੀਨ ਜਨਮਸਾਖੀ ਦੇ ਲੇਖਕ ਨੇ ਪਹਿਲੀਆਂ 22 ਪਉੜੀਆਂ ਦਾ ਟੀਕਾ 28 ਸਾਖੀਆਂ ਵਿੱਚ ਕੀਤਾ ਹੈ ਅਤੇ ਮੂਲ ਪਾਠ ਦੇ ਕਾਫੀ ਨੇੜੇ ਹੋ ਕੇ ਵਿਚਰਿਆ ਹੈ। 23ਵੀਂ ਪਉੜੀ ਦੇ ਪ੍ਰਸੰਗ ਵਿੱਚ 33 ਸਾਖੀਆਂ ਲਿਖੀਆਂ ਹਨ ਜਿਨ੍ਹਾਂ ਵਿਚੋਂ 24 ਸਾਖੀਆਂ ਦਾ ਸੰਬੰਧ ਤਲਵੰਡੀ ਦੀਆਂ ਬਾਲ-ਲੀਲਾਵਾਂ ਨਾਲ ਹੈ ਅਤੇ ਨੌਂ ਸੁਲਤਾਨਪੁਰ ਦੇ ਕੌਤਕਾਂ ਨਾਲ ਸੰਬੰਧਿਤ ਹਨ। 23ਵੀਂ ਅਤੇ 25ਵੀਂ ਪਉੜੀਆਂ ਪ੍ਰਤਿ 10 ਸਾਖੀਆਂ ਲਿਖੀਆਂ ਹਨ ਜਿਨ੍ਹਾਂ ਦਾ ਸੰਬੰਧ ਕੁਰੂਕਸ਼ੇਤਰ, ਸ਼ਾਹ ਸ਼ਰਫ, ਦਿੱਲੀ, ਜਮਨਾ ਯਾਤਰਾ ਆਦਿ ਨਾਲ ਹੈ। 26ਵੀਂ ਪਉੜੀ ਪ੍ਰਤਿ 15 ਸਾਖੀਆਂ ਲਿਖੀਆਂ ਹਨ ਜਿਨ੍ਹਾਂ ਵਿੱਚ ਗੰਗਾ ਨਦੀ, ਗੋਰਖਮਤਾ, ਬਨਾਰਸ, ਅਯੁਧਿਆ, ਗਯਾ, ਪਟਨਾ, ਜਗਨ ਨਾਥ, ਜਾਮਾ ਪਟਣ, ਤ੍ਰੀਆ ਰਾਜ ਆਦਿ ਸਥਾਨਾਂ ਤੇ ਗੁਰੂ ਸਾਹਿਬ ਦੇ ਜਾਣ ਦੀਆਂ ਸਾਖੀਆਂ ਤੋਂ ਇਲਾਵਾ ਸਜਣ ਠੱਗ, ਬਘਿਆੜ, ਕਲਯੁਗ, ਮਰਦਾਨਾ, ਕਉਡਾ ਨਾਲ ਸੰਬੰਧਿਤ ਸਾਖੀਆਂ ਵੀ ਸ਼ਾਮਲ ਹਨ। 27ਵੀਂ ਪਉੜੀ ਪ੍ਰਤਿ 55 ਸਾਖੀਆਂ ਲਿਖੀਆਂ ਹਨ ਜਿਨ੍ਹਾਂ ਵਿੱਚ ਗੁਰੂ ਨਾਨਕ ਦੇਵ ਦੀ ਦਿਗ-ਵਿਜੈਯਤਾ ਨੂੰ ਚਿੱਤਰਿਤ ਕੀਤਾ ਗਿਆ ਹੈ। 28ਵੀਂ ਤੋਂ 31ਵੀਂ ਪਉੜੀਆਂ ਪ੍ਰਤਿ 16, 32ਵੀਂ ਤੋਂ 34ਵੀਂ ਪਉੜੀਆਂ ਪ੍ਰਤਿ 4, 35ਵੀਂ ਤੋਂ 36ਵੀਂ ਪਉੜੀਆਂ ਪ੍ਰਤਿ 3, 37ਵੀਂ ਪਉੜੀ ਪ੍ਰਤਿ 4, 38ਵੀਂ ਪਉੜੀ ਪ੍ਰਤਿ 2, 39ਵੀਂ ਤੋਂ 43ਵੀਂ ਪਉੜੀਆਂ ਪ੍ਰਤਿ 8, 44ਵੀਂ ਪਉੜੀ ਪ੍ਰਤਿ 41 ਸਾਖੀਆਂ ਹਨ। ਇਸ ਤਰ੍ਹਾਂ ਇਨ੍ਹਾਂ ਸਾਖੀਆਂ ਦੀ ਗਿਣਤੀ ਕੁਲ 219 ਬਣਦੀ ਹੈ ਅਤੇ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਲਗਭਗ ਸਾਰੀਆਂ ਸਾਖੀਆਂ ਕਿਸੇ ਨਾ ਕਿਸੇ ਰੂਪਾਕਾਰ ਵਿੱਚ ਇਨ੍ਹਾਂ ਸਾਖੀਆਂ ਵਿੱਚ ਸਮੋ ਦਿੱਤੀਆਂ ਗਈਆਂ ਹਨ। ਇਨ੍ਹਾਂ ਦੇ ਮੁਕਾਬਲੇ ਭਾਈ ਗੁਰਦਾਸ ਦੀ ਪਹਿਲੀ ਵਾਰ ਵਿੱਚ ਕੇਵਲ ਜਨਮ, ਸੱਚਖੰਡ ਗਮਨ, ਤੀਰਥ ਯਾਤਰਾ, ਨਾਨਕ ਮਤੇ ਗਮਨ, ਸੁਮੇਰ ਪਰਬਤ ਤੇ ਸਿੱਧਾ ਨਾਲ ਭੇਂਟ, ਮੱਕੇ ਅਤੇ ਬਗ਼ਦਾਦ ਦੀ ਯਾਤਰਾ, ਕਰਤਾਰਪੁਰ ਦਾ ਆਸ਼ਰਮ-ਜੀਵਨ, ਭਾਈ ਲਹਿਣੇ ਦੀ ਆਮਦ, ਅਚਲ ਬਟਾਲੇ ਦੀ ਗੋਸਟਿ, ਮੁਲਤਾਨ ਦੀ ਯਾਤਰਾ ਅਤੇ ਭਾਈ ਲਹਿਣੇ

ਨੂੰ ਉਤਰਾਧਿਕਾਰੀ ਨਿਯੁਕਤ ਕਰਨਾ, ਆਦਿ ਕਥਾ-ਪ੍ਰਸੰਗਾਂ ਦਾ ਅਤਿ ਸੰਖਿਪਤ ਪਰ ਕਾਵਿਕ ਵਰਣਨ ਹੋਇਆ ਹੈ। ਇਸ ਤੋਂ ਸਪੱਸ਼ਟ ਹੈ ਕਿ ਪ੍ਰਸਤੁਤ ਜਨਮਸਾਖੀ ਦੇ ਕਰਤਾ ਦਾ ਉੱਦੇਸ਼ ਸਿਰਫ਼ ਪਹਿਲੀ ਵਾਰ ਦਾ ਟੀਕਾ ਕਰਨਾ ਨਹੀਂ, ਇਕ ਪੂਰੀ ਜਨਮਸਾਖੀ ਲਿਖਣਾ ਹੈ ਅਤੇ ਇਸ ਉੱਦੇਸ਼ ਦੀ ਪੂਰਤੀ ਅਤੇ ਇਸ ਦੇ ਵਰਣਿਤ ਵਿਸ਼ੇ ਪ੍ਰਤਿ ਸਿੱਖਾਂ ਦੇ ਮਨ ਵਿੱਚ ਅਤਿ ਅਧਿਕ ਆਸਥਾ ਕਾਇਮ ਕਰਨ ਦੀ ਦ੍ਰਿਸ਼ਟੀ ਤੋਂ ਸਿੱਖ ਜਗਤ ਵਿੱਚ ਸਥਾਪਿਤ ਮਹੱਤਵ ਵਾਲੀ ਭਾਈ ਗੁਰਦਾਸ ਦੀ ਪਹਿਲੀ ਵਾਰ ਨੂੰ ਮਾਤਰ ਆਧਾਰ ਬਣਾ ਕੇ ਉਸ ਨਾਲ ਇਸ ਦਾ ਸੰਬੰਧ ਜੋੜਿਆ ਗਿਆ ਹੈ। ਉਂਝ ਜੇ ਪਹਿਲੀਆਂ 28 ਸਾਖੀਆਂ ਨੂੰ ਹਟਾ ਦਿੱਤਾ ਜਾਵੇ, ਤਾਂ ਇਹ ਪੂਰੀ ਤਰ੍ਹਾਂ ਇਕ ਸੁਤੰਤਰ ਰਚਨਾ ਪ੍ਰਤੀਤ ਹੁੰਦੀ ਹੈ।

ਇਸ ਵਿੱਚ ਸਿਰਜੀਆਂ ਸਾਖੀਆਂ ਦਾ ਪ੍ਰਾਪਤੀ-ਸਰੋਤ ਲੇਖਕ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਸੁਣੀਆਂ ਸਾਖੀਆਂ ਹਨ, ਪਰ ਇਸ ਜਨਮਸਾਖੀ ਦੇ ਗੰਭੀਰ ਅਧਿਐਨ ਤੋਂ ਪਤਾ ਲਗਦਾ ਹੈ ਕਿ ਸਾਖੀਕਾਰ ਨੇ ਪੂਰਵ-ਵਰਤੀ ਲਗਭਗ ਸਾਰੀਆਂ ਸਾਖੀਆਂ ਤੋਂ ਲਾਭ ਉਠਾਇਆ ਹੈ। ਇਹ ਅਸਲੋਂ ਪੂਰਵ-ਵਰਤੀ ਸਾਰੀਆਂ ਸਾਖੀਆਂ ਦਾ ਇਕ ਸਮੁੱਚਾ ਸਾਖੀ-ਸੰਸਕਰਣ ਹੈ। ਲੇਖਕ ਨੇ ਕਿਤੇ ਕਿਤੇ ਨਵੀਨ ਉਦਭਾਵਨਾਵਾਂ ਵੀ ਕੀਤੀਆਂ ਹਨ। ਇਸ ਸੰਬੰਧ ਵਿੱਚ ਕੁਝ ਘਟਨਾਵਾਂ ਉਲੇਖਯੋਗ ਹਨ—ਗੁਰੂ ਨਾਨਕ ਦਾ ਬਚਪਨ ਵਿਚ ਸਪਤ ਸ਼ਲੋਕੀ ਗੀਤਾ ਦਾ ਅਧਿਐਨ, ਅੱਠ ਵਰ੍ਹੇ ਦੀ ਉਮਰ ਵਿੱਚ ਗੁਰੂ ਜੀ ਦਾ ਪਾਕਪਟਨ ਸ਼ੇਖ ਬ੍ਰਹਮ ਪਾਸ ਜਾਣਾ, ਕੁਰੂਕਸ਼ੇਤਰ ਵਿੱਚ ਸੂਰਜ ਗ੍ਰਹਿਣ ਦੇ ਅਵਸਰ ਤੇ 'ਗਿਆਨ ਪ੍ਰਬੋਧ ਉਦੈ ਚੰਦ੍ਰ ਨਾਟਕ' ਦਾ ਅਨੁਵਾਦ ਕਰਨਾ, ਭਰਥਰੀ ਨੂੰ ਉੱਡਾ ਕੇ ਕਿਸੇ ਅਣਜਾਣੇ ਸਥਾਨ ਤੇ ਲੈ ਜਾਣਾ, ਕੁਝ ਸ਼ੇਰਾਂ ਨੂੰ ਉਪਦੇਸ਼ ਦੇਣਾ, ਮੂਲੇ ਖਤਰੀ ਨੂੰ ਸਪ ਲੜਨ ਦੀ ਘਟਨਾ, ਚੰਨਿਓਟ ਜਾਣਾ, ਆਦਿ। ਇਨ੍ਹਾਂ ਤੋਂ ਇਲਾਵਾ ਕਿਤੇ ਕਿਤੇ ਨਾਵਾਂ ਥਾਵਾਂ ਵਿੱਚ ਅੰਤਰ ਹੈ, ਕਿਤੇ ਮਿਤੀਆਂ ਬਦਲੀਆਂ ਹੋਈਆਂ ਹਨ। ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਦਾ ਪਹਿਲੀਆਂ ਜਨਮ-ਸਾਖੀਆਂ ਦੇ ਉਨ੍ਹਾਂ ਹੀ ਪ੍ਰਸੰਗਾਂ ਨਾਲ ਤਾਲ-ਮੇਲ ਨਹੀਂ ਬੈਠਦਾ। ਪੂਰਵ-ਵਰਤੀ ਜਨਮ-ਸਾਖੀਆਂ ਵਿਚਲੀਆਂ ਵੱਖ ਵੱਖ ਉਦਾਸੀਆਂ ਦਾ ਵਿਵਰਣ ਵੀ ਉਸੇ ਤਰ੍ਹਾਂ ਇਸ ਵਿੱਚ ਨਹੀਂ ਦਿੱਤਾ ਗਿਆ। ਉਂਜ ਇਸ ਜਨਮਸਾਖੀ-ਕਾਰ ਨੇ ਪੂਰਵ-ਵਰਤੀ ਜਨਮਸਾਖੀਆਂ ਤੋਂ ਬਹੁਤ ਅਧਿਕ ਲਾਭ ਉਠਾਇਆ ਹੈ। ਲਾਭ ਦੀ ਇਹ ਸੀਮਾ ਕੇਵਲ ਸਾਖੀ ਪ੍ਰਸੰਗਾਂ ਤੱਕ ਨਹੀਂ ਮੁਕਦੀ, ਸਗੋਂ ਭਾਸ਼ਾ-ਸ਼ੈਲੀ ਦੀਆਂ ਵਿਸ਼ਿਸ਼ਟਤਾਵਾਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਆਉਂਦੀ ਹੈ। ਇਥੇ ਕੇਵਲ ਇਕ ਦੋ ਪ੍ਰਸੰਗਾਂ ਦੀ ਤੁਲਨਾ ਕਰ ਲੈਣ ਨਾਲ ਸਥਿਤੀ ਸਪੱਸ਼ਟ ਹੋ ਜਾਵੇਗੀ :

(1) ਜਨਮ-ਪ੍ਰਸੰਗ

ਪੁਰਾਤਨ ਜਨਮਸਾਖੀ

> ਸੰਮਤੁ ੧੫੨੬ ਬਾਬਾ ਨਾਨਕੁ ਜਨਮਿਆ ਵੈਸਾਖ ਮਾਹਿ ੩ ਤ੍ਰਿਤੀਆ, ਚਾਦਨੀ ਰਾਤਿ, ਅੰਮ੍ਰਿਤ ਵੇਲਾ, ਪਹੁਰ ਰਾਤਿ ਰਹਦੀ ਕਉ ਜਨਮਿਆ। ਅਨਹਦ ਸਬਦ ਪਰਮੇਸੁਰ ਕੇ ਦਰਬਾਰਿ ਵਾਜੇ। ਤੇਤੀਸ ਕਰੋੜੀ ਦੇਵਤਿਆ ਨਮਸਕਾਰੁ ਕੀਆ। ਚਉਸਠਿ ਜੋਗਣੀ ਬਾਵੰਜਹ ਵੀਰਾ ਛਿਆ ਜਤੀਆ, ਚਉਰਾਸੀਆ ਸਿਧਾ, ਨਵਾ ਨਾਥਾ ਨਮਸਕਾਰੁ ਕੀਆ। ਜੋ ਵਡਾ ਭਗਤ ਜਗਤੁ ਨਿਸਤਾਰਣ ਕਉ ਆਇਆ, ਇਸ ਕਉ ਨਮਸਕਾਰੁ ਕੀਜੀਐ ਜੀ।

ਮਿਹਰਬਾਨ ਜਨਮਸਾਖੀ

...ਸੰਮਤ ੧੫੨੬ ਵੈਸਾਖ ਮਾਸਿ ਥਿਤਿ ਤ੍ਰਿਤੀਏ ਚਾਂਨਣੀ ਕੰਉ, ਪਹਰੁ ਰਾਤਿ ਪਿਛਲੀ ਰਹਤੀ ਕੰਉ ਅੰਮ੍ਰਿਤ ਵੇਲਾ ਜਨਮੁ ਲਇਆ, ਕਲਿ ਕੈ ਬਿਖੈ ਆਇ ਅਵਤਰੇ, ਅਨਾਹਦ ਸਬਦ ਵਾਜੇ, ਤ੍ਰੇਤੀਸ ਕਰੋੜੀ ਦੇਵਤਿਆਹੁ ਨਮਸਕਾਰੁ ਕੀਆ, ਨਵਹੁ ਨਾਥਹੁ ਨਮਸਕਾਰ ਕੀਆ, ਛਿਅਹੁ ਜਤੀਅਹੁੰ ਨਮਸਕਾਰੁ ਕੀਆ, ਚਉਰਾਸੀਹੁ ਸਿਧਹੁ ਨਮਸਕਾਰ ਕੀਆ, ਗੁਪਤ ਪਰਗਟਹੁ ਨਮਸਕਾਰੁ ਕੀਆ, ਸਿਧਹੁ ਸਾਧਿਕਹੁ ਨਮਸਕਾਰੁ ਕੀਆ । ਕੋਟ ਕਰੋੜੀ ਬੈਸਨਹੁ ਨਮਸਕਾਰੁ ਕੀਆ ।

ਗਿਆਨ ਰਤਨਾਵਲੀ

...ਸੰਮਤ ੧੫੨੬ ਸੁਭ ਦਿਨ ਵਿਸਾਖੀ ਸੁਕਲ ਤੀਜ ਸਵਾ ਪਹਿਰ ਰਾਤ ਰਹਿੰਦੀ ਸੁਭ ਮਾਸ ਸੁਭ ਨਿਖਤ੍ਰ ਸੁਭ ਸੁਥਿਤ ਸੁਭ ਮਹੂਰਤ ਸੁਭ ਘੜੀ ਮਾਤਾ ਤ੍ਰਿਪਤਾ ਅਰ ਪਿਤਾ ਕਾਲੂ ਕੇ ਗ੍ਰਿਹ ਆਣ ਅਵਤਾਰ ਧਾਰਿਆ । ਅਰੁ ਆਪਣਾ ਚਤੁਰ ਭੁਜ ਰੂਪ ਦਿਖਾਇਆ ਤਾਂ ਮਾਤਾ ਪਿਤਾ ਨੇ ਡੰਡਵਤ ਕਰੀ ਅਰ ਤੇਤੀਸ ਕਰੋੜੀ ਦੇਵਤਿਓ ਨੇ ਭੀ ਆਨ ਨਮਸਕਾਰ ਕੀਆ ਅਰ ਚਉਰਾਸੀਹ ਸਿਧ, ਨੌ ਨਾਥ ਛੇ ਜਤੀ ਬਵੰਜਾ ਬੀਰ ਸਭਨਾਂ ਨੇ ਆਨ ਨਮਸਕਾਰ ਕੀਆ ਅਰ ਰਾਗ ਰਾਗਨੀਆਂ ਨਮਸਕਾਰ ਕੀਆ । ਅਰੁ ਦੇਵ ਦੇਵੀਆਂ ਅਰ ਰਿਖੀਸਰ ਤਪੀਸਰ ਜਿਤਨੇ ਉਤਮ ਪੁਰਖ ਸੇ, ਸਭਨੋ ਆਨ ਨਮਸਕਾਰ ਕੀਆ, ਕਯੋਂਕਿ ਕਲਜੁਗ ਦੇ ਉਧਾਰ ਵਾਸਤੇ ਆਪ ਨਿਰੰਕਾਰ ਆਨ ਅਵਤਾਰ ਲੀਆ ਹੈ ।

(2) ਕਾਜ਼ੀ-ਚਰਚਾ

ਪੁਰਾਤਨ ਜਨਮਸਾਖੀ

ਤਬਿ ਪੇਸੀ ਕੀ ਨਿਵਾਜ ਕਾ ਵਖਤੁ ਹੋਆ । ਸਭੁ ਉਠਿ ਕਰਿ ਨਿਵਾਜ ਗੁਜਾਰਨ ਗਏ ਅਰੁ ਬਾਬਾ ਭੀ ਨਾਲਿ ਗਇਆ । ਤਬਿ ਕਾਜੀ ਸਭ ਤੇ ਅਗੈ ਖੜਾ ਹੋਆ, ਨਿਵਾਜ ਲਗਾ ਕਰਣੁ । ਤਬ ਬਾਬੇ ਕਾਜੀ ਕੀ ਤਰਫ ਦੇਖਿਆ, ਦੇਖਿ ਕਰਿ ਹਸਿਆ । ਤਬ ਕਾਜੀ ਡਿਠਾ ਜੋ ਨਾਨਕੁ ਹਸਦਾ ਹੈ । ਤਬਿ ਨਿਵਾਜ ਕਰਿ ਆਏ । ਤਬਿ ਕਾਜੀ ਕਹਿਆ—ਖਾਨ ਜੀਉ ਸਲਾਮਤਿ, ਡਿਠੋ ਕਿਉ ਜੋ ਮੁਸ-ਲਮਾਨਾ ਕੀ ਤਰਫ ਹਿੰਦੂ ਦੇਖਿ ਦੇਖਿ ਹਸਦਾ ਹੈ, ਤੂ ਜੋ ਆਖਦਾ ਹੈ ਜੋ ਨਾਨਕ ਭਲਾ ਹੈ । ਤਬਿ ਖਾਨਿ ਕਹਿਆ—ਨਾਨਕ, ਕਾਜੀ ਕਿਆ ਕਹਦਾ ਹੈ । ਤਬਿ ਬਾਬੈ ਕਹਿਆ-ਖਾਨ ਜੀ, ਮੈਂ ਕਾਜੀ ਕੀ ਕਿਆ ਪਰਵਾਹ ਪਈ ਹੈ । ਪਰ ਕਾਜੀ ਕੀ ਨਿਵਾਜੁ ਕਬੂਲ ਨਾਹੀ ਪਈ, ਮੈ ਇਤਿ ਵਾਸਤੇ ਹਸਿਆ ਥਾ । ਤਬ ਕਾਜੀ ਕਹਿਆ ਖਾਨ ਜੀ, ਇਨਿ ਕਾਈ ਪਾਈ ਹੈ ਤਾ ਮੇਰੀ ਤਕਸੀਰ ਹਾਜੁਰ ਕਰੇਉ । ਤਬ ਬਾਬੇ ਕਹਿਆ–ਖਾਨ ਜੀ, ਜਾ ਏਹੁ ਨਿਵਾਜ ਉਪਰਿ ਖੜਾ ਥਾ ਤਬਿ ਇਨ ਕਾ ਮਨੁ ਠਉੜ ਨ ਥਾ ।

ਮਿਹਰਬਾਨ ਜਨਮਸਾਖੀ

ਤਬ ਤਾਂ ਤੋੜੀ ਨਿਵਾਜ ਕਾ ਵਖਤ ਹੋਆ, ਪੈਸੀ ਵਖਤੁ ਨੂੰ ਨਿਵਾਜ ਨੀਅਤਿ ਉਜੂ ਸਾਜਿ ਨਿਵਾਜ ਨੀਅਤਿ ਖੜੇ ਹੋਏ, ਅਗੈ ਕਾਜੀ ਹੋਆ, ਪਿਛੈ ਹਥਿ ਬੰਨਿ ਖਾਨਿ ਸਾਥਿ ਹੋਰ ਖੜੇ ਹੋਏ। ਤਬ ਕਾਜੀ ਸਿਜਦਾ ਦਿਤਾ, ਸਭਨਾ ਸਿਜਦਾ। ਨਿਵਾਜ ਦਾ ਹਕੁ ਅਦਬੁ ਏਵੈ ਹੈ, ਜਿ ਕਿਸੈ ਕੰਮੀ ਜਾਜਤਿ ਕਰਣੀਆਂ ਨਾਹੀ। ਤਿਸੁ ਵਿਚਿ ਬਾਬਾ ਨਾਨਕੁ ਕਹ ਕਹ ਹਸਿਆ। ਜਦਿ ਫੇਰਿ ਨਿਵਾਜ ਉਪਰ ਖੜਿਆ ਸਿਜਦਾ ਦਿੱਤਾ ਸਾਂ ਫੇਰਿ ਬਾਬਾ ਨਾਨਕੁ ਹਸਿਆ। .. ਕਾਜੀ ਕਹਿਆ ਜਿ ਖਾਨਿ ਜੀ ਸਲਾਮਤਿ, ਨਿਵਾਜ ਉਪਰਿ ਖੜਿਆਂ ਤੁਸਾਂ ਡਿਠਾ ਜਿ ਨਾਨਕ ਹਸਿਆ, ਕਿਛ ਅਸਾਂ ਵਿਚਿ ਤਕਸੀਰ ਹੈ ਕਿ ਨਿਵਾਜ ਵਿਚ ਤਕਸੀਰ ਹੈ? ਏਹੁ ਬਾਤ ਤੁਮਿ ਨਾਨਕ ਕੰਓ ਪੂਛੀਐ ਜਿ ਏਹੁ ਕਿਉਂ ਹਸਿਆ?...ਤਬ ਖਾਨਿ ਕਹਿਆ ਜਿ ਨਾਨਕ ਜੀ, ਕਾਜੀ ਕਿਆ ਕਹਦਾ ਹੈ? ਏਹੁ ਤਕਸੀਰ ਕਿਸੁ ਵਿਚਿ ਹੈ? ਤਬ ਗੁਰੂ ਬਾਬਾ ਨਾਨਕ ਜੀ ਬੋਲਿਆ ਜਿ ਖਾਨਿ ਜੀ, ਏਹੁ ਤਕਸੀਰ ਕਿਸੀ ਵਿਚਿ ਹੈ, ਹੋਰਸੁ ਕਿਸੇ ਵਿਚਿ ਨਾਹੀ। ਤਬ ਖਾਨਿ ਕਹਿਆ ਜਿ ਫੁਰਮਾਈਐ ਜੀ ਜਿ ਕਾਜੀ ਵਿਚਿ ਕਿਆ ਤਕਸੀਰ ਹੈ? ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜੇ ਕਾਜੀ ਹੀ ਪੂਛੀਐ, ਆਪਣਾ ਐਬੁ ਆਪਣੇ ਮੁਹਿ ਮੰਨੇਗਾ। ...ਤਬ ਗੁਰੂ ਨਾਨਕ ਜੀ ਕਹਿਆ, ਬੋਲਿਆ ਜਿ ਖਾਨਿ ਸਲਾਮਤਿ, ਕਾਜੀ ਦੀ ਨਿਵਾਜ ਥਾਂਇ ਨ ਪਈਆ ਖੁਦਾਇ ਦੀ ਦਰਗਾਹਿ ਵਿਚਿ। ਤਬ ਖਾਨਿ ਨੇ ਕਹਿਆ ਜਿ ਜੀ, ਜਦਿ ਏਹੁ ਨਿਵਾਜ ਉਪਰਿ ਖੜਾ ਹੋਆ ਤਬ ਏਸ ਦਾ ਜੀਉ ਹੋਰ ਥੈ ਗੈਆ, ਘੋੜੀ ਘਰਿ ਸੂਈ ਸਾਸੁ ਜਾ ਨਿਵਾਜ ਉਪਰਿ ਖੜੋਤੇ ਸਿਜਦਾ ਦੇਦੇ ਹੀ ਉਸੁ ਘੋੜੀ ਵਿਚਿ ਜਾਇ ਜੀਉ ਪਇਓਸ, ਏਸ ਗਲਿ ਜੀ ਵਿਚਿ ਧਾਰੇ ਜਿ ਜਾਹਿ ਜਾਂਦੀ, ਏਹੁ ਜਿ ਹਵੇਲੀ ਵਿਚਿ ਖੂਹੁ ਸੀ, ਵਿਚਿ ਘੋੜੀ ਬਾਧੀ ਹੈ, ਪਿਛੇ ਵਛੇਰਟੂ ਹੈ, ਨਾ ਕੋਈ ਘੋੜੀ ਪਾਸਿ ਆਦਮੀ ਬਹਾਲਿਆ ਨਾ ਘੋੜੀ ਹੀ ਵਖਿ ਬਧੀ। ਇਆਣਾ ਵਛੇਰਟੂ ਹੈ ਖੂਹੈ ਵਿਚਿ ਪੈ ਮਰੈਗਾ। ਏਥੇ ਸਿਜਦਾ ਦੇਦੈ ਜੀਉ ਘੋੜੀ ਵਿਚਿ, ਏਤੁ ਤਕਸੀਰ ਕਰਿ ਕੈ ਏਸ ਦੀ ਨਿਵਾਜ ਥਾਇ ਨ ਪਈਆ।

—(ਪੰਨੇ 98-99)

ਬਾਲਾ ਜਨਮਸਾਖੀ

...ਨਬਾਬ ਨਿਮਾਜ ਕਰਿ ਮੁਕਾ ਤਾ ਨਬਾਬ ਨਾਨਕ ਨੂੰ ਕਹਣੇ ਲਗਾ ਅਰੇ ਨਾਨਕ ਤੂੰ ਜੋ ਨਿਵਾਜ ਕਰਨੇ ਆਇਆ ਥਾ ਤੈ ਕਿਉ ਨ ਕੀਈ। ਨਾਨਕ ਕਹਿਆ ਮੈ ਕਿਸ ਸੋ ਨਿਮਾਜ ਕਰੋ। ਨਬਾਬ ਕਹਿਆ ਤੂੰ ਹਮ ਸੋ ਕਰਤਾ। ਨਾਨਕ ਕਹਿਆ ਤੂੰ ਤਾਂ ਕੰਧਾਰ ਘੋੜੇ ਖਰੀਦਨੇ ਗਇਆ ਥਾ।...ਫਿਰਿ ਕਾਜੀ ਚੁਗਲੀ ਕੀਤੀ ਸੁਣਿ ਖਾਂ ਜੀ ਹਮ ਤੋ ਨਾ ਥੇ ਗਏ ਹਮ ਸੇਤੀ ਨਿਮਾਜ ਕਰਤਾ। ਫਿਰਿ ਨਬਾਬ ਕਹਿਆ ਨਾਨਕ ਤੂੰ ਕਾਜੀ ਕੇ ਸਾਥਿ ਕਰਤਾ। ਫਿਰਿ ਨਾਨਕ ਕਹਿਆ ਕਾਜੀ ਤੋ ਵਛੇਰੇ ਘੋਰੀ ਕੇ ਸਾਭਣੇ ਗਇਆ ਥਾ। ਮਤੁ ਵਛੇਰਾ ਖਾਤ੍

ਵਿਚਿ ਪਉਦਾ ਹੋਵੈ । ਤਾਂ ਦੁਹਾਂ ਨੂੰ ਪਰਤੀਤਿ ਆਈ ।

ਗਿਆਨ ਰਤਨਾਵਲੀ

> ...ਤਾਂ ਬਾਬਾ ਆਇਆ ਅਗੇ ਖਾਨ ਤੇ ਕਾਜੀ ਨਿਵਾਜ ਪੜਨ ਲਗੇ ਸੇ ਤਾਂ ਬਾਬਾ ਹਸਿਆ ਅਰ ਕਾਜੀ ਕਹਿਆ ਕਿ ਹੇ ਖਾਨ ਜੀ, ਇਹ ਹਿੰਦੂ ਅਸਾਡੀ ਨਿਵਾਜ ਨੂੰ ਹਸਦਾ ਹੈ ਤਾਂ ਖਾਨ ਪੁਛਿਆ ਜੋ ਬਾਬਾ ਤੂੰ ਅਸਾਡੀ ਨਿਵਾਜ ਨੂੰ ਕਯੋਂ ਹਸਦਾ ਹੈ ਤਾਂ ਬਾਬੇ ਕਹਿਆ ਕਿ ਤੁਆਡੀ ਨਿਵਾਜ ਕਬੂਲ ਨਹੀਂ ਪਈ ਤਾਂ ਖਾਨ ਕਹਿਆ ਕਿਉਂ ਨਹੀਂ ਕਬੂਲ ਪਈ ਤਾਂ ਬਾਬੇ ਕਹਿਆ ਕਿ ਜਦ ਤੁਸੀਂ ਉਜੂ ਕਰਦੇ ਆਹੇ ਤਾਂ ਤੁਸਾਡਾ ਰਿਦਾ ਖੁਦਾਇ ਵਲ ਹੈਸੀ ਅਰ ਜਦ ਤੁਸੀ ਨਿਮਾਜ ਪੜਨ ਲਗੇ ਤਾਂ ਕਾਜੀ ਦਾ ਰਿਦਾ ਖੁਦਾਇ ਵਲੋਂ ਫਿਰ ਕੇ ਮਾਇਆ ਵਲ ਚਲਾ ਗਿਆ ਸੀ ਤਾਂ ਤੇ ਤੁਸਾਡੀ ਨਿਮਾਜ ਕਬੂਲ ਨਾ ਪਈ ਕਯੋਂਕਿ ਜੇ ਵਕਤਿਆਂ ਦਾ ਰਿਦਾ ਠਉੜ ਨਹੀਂ ਹੋਤਾ ਤਾਂ ਸੁੱਤਿਆਂ ਦਾ ਰਿਦਾ ਕਦ ਠਾਊ ਹੋਤਾ ਹੈ । ਕਾਜੀ ਕਹਿਆ ਜੇ ਤੂੰ ਜਾਣਨਾ ਹੈ ਤਾਂ ਦਸ ਮੇਰਾ ਰਿਦਾ ਕਿਥੇ ਗਇਆ ਸੀ । ਤਾਂ ਬਾਬੇ ਕਹਿਆ ਕੇ ਤੇਰੇ ਘਰ ਘੋੜੀ ਸੂਈ ਸੀ ਅਤੇ ਘਰ ਵਿਚ ਖੂਹ ਸੀ । ਸੋ ਤੁਧ ਆਖਿਆ ਕਿ ਮਤੁ ਵਿਛੇਰਾ ਖੂਹ ਵਿਚ ਪੈ ਮਰਦਾ ਹੋਵੇ ਤਾਂ ਸੁਣ ਕਰ ਕਾਜੀ ਸਰਮਿੰਦਾ ਹੋਇ ਗਇਆ ।

ਉਪਰੋਕਤ ਤੁਲਨਾ ਤੋਂ ਸਪੱਸ਼ਟ ਹੈ ਕਿ ਪਹਿਲੇ ਪ੍ਰਸੰਗ ਵਿਚਲਾ 'ਪੁਰਾਤਨ ਜਨਮਸਾਖੀ' ਦਾ ਵਿਵਰਣ ਪਹਿਲਾਂ 'ਮਿਹਰਬਾਨ ਜਨਮਸਾਖੀ' ਵਿੱਚ ਕੁਝ ਬਦਲ ਗਿਆ ਹੈ ਅਤੇ ਫਿਰ ਇਸ ਜਨਮਸਾਖੀ ਵਿੱਚ ਉਸ ਦਾ ਹੋਰ ਵਿਸਥਾਰ ਹੋ ਗਿਆ ਹੈ । ਦੂਜੇ ਪ੍ਰਸੰਗ ਵਿੱਚ 'ਪੁਰਾਤਨ ਜਨਮਸਾਖੀ' ਦਾ ਵਿਵਰਣ 'ਮਿਹਰਬਾਨ ਜਨਮਸਾਖੀ' ਵਿੱਚ ਬਹੁਤ ਵਿਸਤ੍ਰਿਤ ਹੋ ਗਿਆ ਹੈ, 'ਬਾਲਾ ਜਨਮਸਾਖੀ' ਵਿੱਚ ਉਹ ਸੁਤੰਤਰ ਨਾ ਹੋ ਕੇ ਕਿਸੇ ਹੋਰ ਸੰਦਰਭ ਵਿੱਚ ਚਿੱਤਰਿਆ ਗਿਆ ਹੈ ਅਤੇ ਇਸ ਜਨਮਸਾਖੀ ਵਿੱਚ ਇਸ ਨਾਲ ਨਵਾਬ ਦੇ ਵੀ ਕੰਧਾਰ ਵਿੱਚ ਘੋੜੇ ਖਰੀਦਣ ਦੀ ਗੱਲ ਜੋੜ ਦਿੱਤੀ ਗਈ ਹੈ । ਸਭਨਾਂ ਦੇ ਮੂਲ ਵਿੱਚ 'ਪੁਰਾਤਨ ਜਨਮਸਾਖੀ' ਦਾ ਕਥਾ-ਪ੍ਰਸੰਗ ਆਪਣਾ ਅਹਿਸਾਸ ਕਰਾ ਰਿਹਾ ਹੈ ।

'ਪੁਰਾਤਨ ਜਨਮਸਾਖੀ' ਤੋਂ ਇਲਾਵਾ 'ਬਾਲਾ ਜਨਮਸਾਖੀ' ਦਾ ਪ੍ਰਭਾਵ ਵੀ ਪ੍ਰਤੱਖ ਹੈ । 'ਬਾਲਾ ਜਨਮਸਾਖੀ' ਦੀ ਸਰਣੀ ਤੇ ਇਸ ਵਿੱਚ ਪਰਾਸ਼ਰੀਰਿਕ ਸ਼ਕਤੀਆਂ ਅਤੇ ਅਪ੍ਰਾਕ੍ਰਿਤ ਪ੍ਰਸੰਗਾਂ ਦੀ ਭਰਮਾਰ ਹੈ, ਚਮਤਕਾਰ ਪ੍ਰਧਾਨ ਘਟਨਾਵਾਂ, ਅੱਖਾਂ ਮੀਟਣ ਵਾਲੇ ਪ੍ਰਸੰਗਾਂ ਦੀ ਉਚੇਚੀ ਯੋਜਨਾ ਕੀਤੀ ਗਈ ਹੈ । ਮਰਦਾਨੇ ਦੇ ਨਾਲ ਨਾਲ ਬਾਲਾ ਵੀ, ਖਾਸ ਤੌਰ ਤੇ ਜਨਮ-ਸਾਖੀ ਦੇ ਉਤਰਾਰਧ ਵਿੱਚ, ਗੁਰੂ ਨਾਨਕ ਦੇਵ ਦੀਆਂ ਯਾਤਰਾਵਾਂ ਵੇਲੇ ਸਾਥ ਦਿੰਦਾ ਹੈ । ਬਾਲੇ ਦਾ ਉਲੇਖ ਪੁਰਾਤਨ ਅਤੇ ਮਿਹਰਬਾਨ ਜਨਮਸਾਖੀਆ ਵਿੱਚ ਨਹੀਂ ਹੈ । ਇਸ ਤਰ੍ਹਾਂ ਹੋਰ ਵੀ ਕਈ ਪ੍ਰਸੰਗ ਪੇਸ਼ ਕੀਤੇ ਜਾ ਸਕਦੇ ਹਨ । ਡਾ. ਪਿਆਰ ਸਿੰਘ ਅਨੁਸਾਰ "ਆਰੰਭ ਤੋਂ ਲੈ ਕੇ ਬਾਬੇ ਦੀ ਪੂਰਬ ਅਤੇ ਦੱਖਣ ਦੀ ਉਦਾਸੀ ਤਕ, ਜਿਸ ਨੇ ਪੁਸਤਕ ਦਾ ਅੱਧਾ ਕੁ ਮੱਲਿਆ ਹੋਇਆ ਹੈ, ਪੁਰਾਤਨ ਜਨਮਸਾਖੀ ਵਾਲੀਆਂ ਘਟਨਾਵਾਂ ਹੀ ਥੋੜ੍ਹੇ ਬਹੁਤ ਅੰਤਰ ਨਾਲ ਲਿਖੀਆਂ ਹੋਈਆਂ ਹਨ, ਉਹੀ ਸਥਿਤੀ ਹੈ, ਉਹੀ ਗੱਲ-ਬਾਤ, ਇਥੋਂ ਤਕ ਕਿ ਭਾਈ ਬਾਲੇ ਦਾ ਜ਼ਿਕਰ ਤਕ ਨਹੀਂ, ਪਰ ਪੁਸਤਕ ਦੇ ਦੂਜੇ ਅੱਧ ਵਿੱਚ ਜਦੋਂ ਭਾਈ ਬਾਲਾ ਆ

ਜਾਂਦਾ ਹੈ ਤੇ ਉਤਰ ਅਤੇ ਪੱਛਮ ਦੀ ਉਦਾਸੀ ਸ਼ੁਰੂ ਹੋ ਜਾਂਦੀ ਹੈ ਤਾਂ ਸਾਰੀਆਂ ਸਾਖੀਆਂ ਭਾਈ ਬਾਲੇ ਵਾਲੀ ਜਨਮਸਾਖੀ ਦੀਆਂ ਖੰਡਾਂ, ਦੀਪਾਂ, ਆਦਿ ਦੀਆਂ ਆਰੰਭ ਹੋ ਜਾਂਦੀਆਂ ਹਨ। ਸੋ ਸਿੱਧ ਹੈ ਕਿ ਇਸ ਜਨਮਸਾਖੀ ਦੇ ਕਰਤਾ ਨੇ ਪਹਿਲੀਆਂ ਦੋਹਾਂ ਕਿਰਤਾਂ ਤੋਂ ਲਾਭ ਉਠਾਇਆ ਹੈ।"[1]

ਇਨ੍ਹਾਂ ਤੱਥਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਲੇਖਕ ਦੀ ਮਾਨਸਿਕਤਾ ਬਾਲਾ ਜਨਮਸਾਖੀ ਤੋਂ ਅਧਿਕ ਪ੍ਰਭਾਵਿਤ ਹੋਈ ਹੈ। ਪਰ ਗੁਰੂ ਜੀ ਦੀ ਜੀਵਨੀ ਨਾਲ ਸੰਬੰਧਿਤ ਕਥਾ-ਪ੍ਰਸੰਗ 'ਪੁਰਾਤਨ ਜਨਮਸਾਖੀ' ਤੋਂ ਲਏ ਗਏ ਹਨ ਅਤੇ ਵੱਡੇ ਆਕਾਰ ਦੀਆਂ ਬਾਣੀਆਂ ਦਾ ਟੀਕਾ ਕਰਨ ਦੀ ਪ੍ਰਵਿਰਤੀ 'ਮਿਹਰਬਾਨ ਜਨਮਸਾਖੀ' ਤੋਂ ਗ੍ਰਹਿਣ ਕੀਤੀ ਗਈ ਪ੍ਰਤੀਤ ਹੁੰਦੀ ਹੈ। ਇਸ ਤਰ੍ਹਾਂ ਪੂਰਵ-ਵਰਤੀ ਤਿੰਨਾਂ ਜਨਮਸਾਖੀਆਂ ਦਾ ਰਸਾਸੁਆਦਨ, ਕੁਝ ਕੁਝ ਵਿਕਰਿਤ ਰੂਪ ਵਿੱਚ, ਇਸ ਜਨਮਸਾਖੀ ਤੋਂ ਹੋ ਜਾਂਦਾ ਹੈ।

ਇਸ ਜਨਮਸਾਖੀ ਵਿੱਚ ਸਾਖੀ-ਕ੍ਰਮ ਪੂਰਵ-ਵਰਤੀ ਜਨਮਸਾਖੀਆਂ ਨਾਲ ਕਈਆਂ ਥਾਵਾਂ ਤੇ ਮੇਲ ਨਹੀਂ ਖਾਂਦਾ ਅਤੇ ਨਾ ਹੀ ਉਦਾਸੀਆਂ ਦਾ ਵਿਧਾਨ 'ਪੁਰਾਤਨ ਜਨਮਸਾਖੀ' ਜਾਂ ਕਿਸੇ ਹੋਰ ਨਾਲ ਮੇਲ ਖਾਂਦਾ ਹੈ। ਇਸ ਵਿੱਚ ਲੇਖਕ ਦੀ ਮਨਮਰਜ਼ੀ ਹਾਵੀ ਰਹੀ ਹੈ। 'ਸੇਖ ਬ੍ਰਹਮ ਨਾਲ ਗੋਸਟਿ' ਪਹਿਲਾਂ ਦਸੀ ਹੈ ਅਤੇ ਜੰਜੂ ਪਾਣ ਜਾਂ ਪੜ੍ਹਨ ਦੇ ਪ੍ਰਸੰਗ ਬਾਦ ਵਿੱਚ ਆਏ ਹਨ। ਅਸਲ ਵਿੱਚ, ਇਹ ਸਾਰੀਆਂ ਸਾਖੀਆਂ ਗੁਰੂ ਨਾਨਕ ਦੇ ਚਰਿੱਤ੍ਰ ਦੇ-ਆਲੇਦੁ-ਆਲੇ ਘੁਮਦੀਆਂ ਹਨ, ਇਨ੍ਹਾਂ ਵਿਚੋਂ ਕੋਈ ਪਹਿਲਾਂ ਰਖ ਦਿਉ, ਕੋਈ ਬਾਦ ਵਿੱਚ, ਕੋਈ ਖਾਸ ਫ਼ਰਕ ਨਹੀਂ ਪੈਂਦਾ ਕਿਉਂਕਿ ਇਨ੍ਹਾਂ ਵਿੱਚ ਕਿਸੇ ਇਤਿਹਾਸਿਕ ਕ੍ਰਮ ਨੂੰ ਨਿਸਚਿਤ ਨਹੀਂ ਕੀਤਾ ਜਾ ਸਕਦਾ। ਇਥੇ ਉਦਾਸੀਆਂ ਦੇ ਸਰੂਪ ਉਤੇ ਵਿਚਾਰ ਕਰਦਿਆਂ ਸਾਰੀ ਸਥਿਤੀ ਸਪੱਸ਼ਟ ਹੋ ਜਾਂਦੀ ਹੈ ਕਿਉਂਕਿ ਇਸ ਵਿੱਚ ਉਚੇਚੇ ਤੌਰ ਤੇ ਭਿੰਨ ਭਿੰਨ ਉਦਾਸੀਆਂ ਦੇ ਸਿਰਲੇਖ ਨਹੀਂ ਦਿੱਤੇ ਗਏ, ਹਾਂ ਕੁਲ ਮਿਲਾਇਆਂ ਤਿੰਨ ਅਨੁਮਾਨਿਕ ਉਦਾਸੀਆਂ ਜ਼ਰੂਰ ਦ੍ਰਿਸ਼ਟੀਗੋਚਰ ਹੁਦੀਆਂ ਹਨ।

ਉਦਾਸੀਆਂ ਦਾ ਵਿਵਰਣ : ਪੂਰਵ ਦਿਸ਼ਾ ਦੀ ਉਦਾਸੀ ਸੁਲਤਾਨਪੁਰ ਤੋਂ ਸ਼ੁਰੂ ਹੁੰਦੀ ਹੈ। ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਜਦੋਂ ਤਲਵੰਡੀ ਸਨ, ਤਾਂ ਅੱਠ ਵਰ੍ਹੇ ਦੀ ਉਮਰ ਵਿੱਚ ਉਹ ਪਾਕਪਟਨ ਜਾਂਦੇ ਦਸੇ ਗਏ ਹਨ। ਪੂਰਵ ਦੀ ਉਦਾਸੀ ਵੇਲੇ ਗੁਰੂ ਜੀ ਸਭ ਤੋਂ ਪਹਿਲਾਂ ਕੁਰੂਕਸ਼ੇਤਰ ਜਾਂਦੇ ਹਨ। ਇਸ ਤੋਂ ਉਪਰੰਤ ਉਹ ਪਾਨੀਪਤ ਅਤੇ ਦਿੱਲੀ ਜਾਂਦੇ ਹਨ ਅਤੇ ਫਿਰ ਜਮਨਾ ਨਦੀ ਅਤੇ ਗੋਵਰਧਨ ਪਰਬਤ ਤੇ ਜਾਣ ਦਾ ਉਲੇਖ ਹੈ। ਫਿਰ ਗੁਰੂ ਜੀ ਗੰਗਾ ਦੀ ਯਾਤਰਾ ਕਰਦੇ ਬਨਾਰਸ, ਅਯੋਧਿਆ, ਗਯਾ, ਪਟਨਾ ਅਤੇ ਜਗਨਨਾਥਪੁਰੀ ਜਾਂਦੇ ਹਨ। ਗੋਰਖਮਤਾ, ਹਸਤਨਾਪੁਰ, ਬਿਦਰ, ਤਜਾਵਰ, ਜਾਪਾਪਟਣ, ਸੰਗਲਾਦੀਪ, ਹਾਰੂ ਦੇਸ਼, ਬੀਕਾਨੇਰ ਆਦਿ ਥਾਵਾਂ ਤੇ ਜਾਂਦੇ ਹਨ। ਵਾਪਸੀ ਤੇ ਉਹ ਬਿਸੰਬਰਪੁਰ ਵੀ ਜਾਂਦੇ ਹਨ ਅਤੇ ਤਲਵੰਡੀ ਪਹੁੰਚ ਕੇ ਇਸ ਉਦਾਸੀ ਦਾ ਅੰਤ ਹੋ ਜਾਂਦਾ ਹੈ।

ਦੂਜੀ ਯਾਤਰਾ ਵਿੱਚ ਸਭ ਤੋਂ ਪਹਿਲਾਂ ਏਮਨਾਬਾਦ ਜਾਂਦੇ ਹਨ ਅਤੇ ਉਥੋਂ ਫਿਰ ਸਿਆਲਕੋਟ, ਕਸ਼ਮੀਰ, ਪਿਸ਼ਾਵਰ, ਕਾਬਲ, ਕੰਧਾਰ ਅਤੇ ਮਸ਼ਹਦ ਜਾਂਦੇ ਹਨ। ਮਸ਼ਹਦ ਤੋਂ

1. 'ਪੰਜਾਬੀ ਸਾਹਿੱਤ ਦਾ ਇਤਿਹਾਸ', ਭਾਸ਼ਾ ਵਿਭਾਗ, ਭਾਗ 2, ਪੰਨੇ 95-96

ਬਾਦ ਜੁਆਲਾ ਜੀ, ਤਿਲਗਾਚੀ, ਲੰਕਾ ਜਾਂਦੇ ਹਨ। ਫਿਰ ਉਨ੍ਹਾਂ ਦੀ ਪੁਲਾੜ ਯਾਤਰਾ ਸ਼ੁਰੂ ਹੁੰਦੀ ਹੈ। ਫਿਰ ਜੰਮੂ ਤੋਂ ਹੋ ਕੇ ਕਰਤਾਰਪੁਰ ਪਹੁੰਚਦੇ ਹਨ।

ਤੀਜੀ ਉਦਾਸੀ ਵਿੱਚ ਚੰਦਰ ਭਗਾ (ਝਨਾਂ) ਨਦੀ ਤੋਂ ਹੋ ਕੇ ਸਿਆਲਕੋਟ ਜਾਂਦੇ ਹਨ। ਫਿਰ ਸਖਰ, ਭਖਰ ਰੋੜੀ ਤੋਂ ਹੁੰਦੇ ਹੋਏ ਜਹਾਜ਼ ਰਾਹੀਂ ਉਹ ਮੱਕਾ, ਮਦੀਨਾ, ਰੂਮ ਅਤੇ ਬਗ਼ਦਾਦ ਦੇ ਖੇਤਰਾਂ ਦਾ ਦੌਰਾ ਕਰਦੇ ਹਨ। ਵਾਪਸੀ ਵੇਲੇ ਉਹ ਧਰਤੀ ਦੇ ਮਾਰਗ ਰਾਹੀਂ ਸ਼ਿਕਾਰਪੁਰ, ਦੀਪਾਲੂ, ਦਲੇਲਪੁਰ ਆਦਿ ਥਾਵਾਂ ਤੋਂ ਹੋ ਕੇ ਆਉਂਦੇ ਹਨ।

ਇਸ ਪੱਖ ਤੋਂ ਅਧਿਐਨ ਕੀਤਿਆਂ ਪਤਾ ਲਗਦਾ ਹੈ ਕਿ ਸਾਖੀਕਾਰ ਨੂੰ ਭੂਗੋਲਿਕ ਜਾਣਕਾਰੀ ਬਹੁਤ ਘੱਟ ਹੈ। ਉਦਾਸੀਆਂ ਵੇਲੇ ਉਹ ਕਿਸੇ ਇਕ ਦਿਸ਼ਾ ਦੇ ਸਥਾਨਾਂ ਨੂੰ ਹੀ ਕਿਸੇ ਕ੍ਰਮ ਨਾਲ ਨਹੀਂ ਨਿਭਾਂਦਾ, ਸਗੋਂ ਵਿਪਰੀਤ ਦਿਸ਼ਾ ਦੇ ਸਥਾਨਾਂ ਨੂੰ ਵੀ ਸ਼ਾਮਲ ਕਰ ਲੈਂਦਾ ਹੈ ਜਿਨ੍ਹਾਂ ਉਤੇ ਭਾਵੇਂ ਉਹ ਉਸ ਤੋਂ ਪਹਿਲੀ ਕਿਸੇ ਉਦਾਸੀ ਵਿੱਚ ਹੋ ਆਏ ਹੋਣ। ਇਸ ਤਰ੍ਹਾਂ ਉਦਾਸੀਆਂ ਦਾ ਵਿਵਰਣ ਕਿਸੇ ਮਰਯਾਦਿਤ ਵਿਧੀ ਨਾਲ ਨਹੀਂ ਹੋਇਆ, ਵਿਅਰਥ ਦੇ ਭਰਮ ਫੈਲਾਏ ਗਏ ਹਨ। ਅਜਿਹੇ ਵਿਵਰਣ ਵੇਲੇ ਉਹ ਪੂਰਵਵਰਤੀ ਜਨਮਸਾਖੀਆਂ ਤੋਂ ਕੁਝ ਹਟਿਆ ਵੀ ਹੈ। ਖ਼ਾਸ ਕਰਕੇ ਨਵੀਆਂ ਥਾਵਾਂ ਅਤੇ ਨਾਵਾਂ ਸੰਬੰਧੀ ਉਸ ਨੇ ਵਾਧੂ ਚਿੱਤ੍ਰਣ ਕੀਤਾ ਹੈ, ਜਿਵੇਂ ਬਿਦਰ, ਜਾਪਾਪਟਮ, ਹਾਰੂ ਦੇਸ਼, ਸਿਆਲਕੋਟ, ਲੋਹਗੜ੍ਹ, ਮਸ਼ਹਦ, ਈਰਾਨ, ਜੁਆਲਾ ਜੀ, ਤਿਲਗਾਚੀ, ਜੰਮੂ, ਸਖਰ, ਭਖਰ, ਰੋੜੀ, ਸ਼ਿਕਾਰਪੁਰ, ਚਨਿਓਟ, ਸਤਘਰਾ, ਦੀਪਾਲੂ, ਦਲੇਲਪੁਰ ਆਦਿ। ਭਾਈ ਗੁਰਦਾਸ ਦੀ ਵਾਰ ਤੇ ਆਧਾਰਿਤ ਹੋਣ ਕਾਰਣ ਕੁਝ ਕੁ ਨਵੇਂ ਨਾਂ ਇਸ ਜਨਮਸਾਖੀ ਵਿੱਚ ਇਸ ਪ੍ਰਕਾਰ ਵਰਤੇ ਗਏ ਹਨ—ਸ਼ੇਸ਼ਨਾਗ, ਗੌਤਮ, ਜੈਮਨੀ, ਕਪਲਮੁਨੀ, ਕਨਵ ਰਿਖੀ, ਬਾਲਮੀਕਿ, ਕੈਸ਼ਪ, ਸੁਕਰ, ਬ੍ਰਹਸਪਤੀ, ਵਿਆਸ, ਬਿਕ੍ਰਮਜੀਤ, ਕਛ, ਮਛ, ਨਰਸਿੰਘ, ਵਰਾਹ, ਬਾਵਨ, ਪਰਸਰਾਮ ਰਾਮ, ਆਦਿ।

ਪਿਛੇ ਦਸਿਆ ਗਿਆ ਹੈ ਕਿ ਭਾਈ ਗੁਰਦਾਸ ਦੀ ਵਾਰ ਦੀਆਂ ਪਹਿਲੀਆਂ 22 ਪਉੜੀਆਂ ਤਕ ਇਸ ਜਨਮਸਾਖੀ ਦਾ ਲੇਖਕ ਅਧਿਕਤਰ ਮੂਲ-ਪਾਠ ਦੇ ਨੇੜੇ ਹੀ ਰਿਹਾ ਹੈ, ਬਹੁਤ ਵਿਸਤਾਰ ਵਿੱਚ ਨਹੀਂ ਪਿਆ। ਇਥੇ ਇਕ ਵੰਨਗੀ ਦੇ ਦੇਣਾ ਅਸੰਗਤ ਨਹੀਂ ਹੋਵੇਗੀ :

ਪਉੜੀ :

ਚਾਰ ਵਰਨ ਚਾਰ ਮਜਹਬਾਂ ਜਗ ਵਿਚ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕਬਰੀ ਖਿੰਚੋਤਾਣ ਕਰੇਨ ਧਿਙਾਣੈ।
ਗੰਗ ਬਨਾਰਸ ਹਿੰਦੂਆ ਮਕਾ ਕਾਬਾ ਮੁਸਲਮਾਣੈ।
ਸੁੰਨਤ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕ ਨਾਮ ਦੁਇ ਰਾਹੁ ਭੁਲਾਣੈ।
ਬੇਦ ਕਤੇਬ ਭੁਲਾਇਕੇ ਮੋਹੇ ਲਾਲਚ ਦੁਨੀ ਸੈਤਾਣੈ।
ਸਚ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਮਣ ਮਉਲਾਣੇ।
ਸਿਰੋ ਨ ਮਿਟੈ ਆਵਣ ਜਾਣੈ। 21।

ਟੀਕਾ : ਭਾਈ ਜੀ ਕਹੈ ਅਗੇ ਚਾਰ ਵਰਨ ਹਿੰਦੂਆਂ ਕੇ ਹੈਸਨ ਫੇਰ ਚਾਰ ਮਜਬ ਮੁਸਲਮਾਨਾ ਕੇ ਭਏ ਅਰ ਏਕ ਦੂਸਰੇ ਕੇ ਸਾਥ ਬਖੀਲੀ ਕਰਨ ਅਰ ਗਰਬ ਕਰਨ ਅਰ ਆਪੋ ਆਪਣਾ ਤਾਣ ਦਿਖਾਵਣ ਅਰ ਜੋ ਅਗੇ ਹਿੰਦੂ ਗੰਗਾ ਅਰ ਕਾਂਸੀ ਕੋ ਪੂਜਦੇ ਸਨ ਸੋ

ਮੁਸਲਮਾਨ ਕੇ ਮਕੇ ਔਰ ਮਦੀਨੇ ਕੋ ਪੂਜਨ ਲਗੇ ਅਰ ਹਿੰਦੂਆਂ ਕਾ ਧਰਮ ਤਿਲਕ ਜਨੇਊ ਸੀ ਸੋ ਮੁਸਲਮਾਨਾਂ ਕਾ ਧਰਮ ਸੁੰਨਤ ਭਈ ਅਰ ਹਿੰਦੂ ਰਾਮ ਕਹਿਨ ਮੁਸਲਮਾਨ ਰਹੀਮ ਕਹਿਨ ਸੋ ਏਕ ਦੂਸਰੇ ਸਾਥ ਦ੍ਵੈਖ ਰਖਨ ਅਰ ਵੇਦੋਂ ਕਤੇਬੋਂ ਕਾ ਉਪਦੇਸ ਭੂਲ ਗਿਆ ਅਰ ਲਾਲਚ ਮਾਇਆ ਕਾ ਪਸਰ ਪਇਆ ਬ੍ਰਹਮਣ ਅਰੁ ਮੁਲਾ ਆਪਸ ਵਿਚ ਠਹਕ ਠਹਕ ਮਰਨ ਅਰ ਵੇਦ ਕਤੇਬ ਕੇ ਵਚਨ ਕੋਈ ਕਮਾਵੇ ਨਹੀਂ ਸੋ ਸਾਰੇ ਹੀ ਜਗਤ ਮੈ ਪਾਪ ਵਰਤ ਗਿਆ।

ਉਪਰੋਕਤ ਸੰਦਰਭ ਤੋਂ ਸਪੱਸ਼ਟ ਹੈ ਕਿ ਜਨਮਸਾਖੀ-ਕਾਰ ਇਨ੍ਹਾਂ ਪਉੜੀਆਂ ਦਾ ਸਰਲ ਅਰਥ (ਪੈਰਾ-ਫਰੇਜ਼ਿੰਗ) ਕਰ ਕੇ ਸੰਤੁਸ਼ਟ ਹੈ, ਮੂਲ ਤੋਂ ਉਹ ਬਿਲਕੁਲ ਨਹੀਂ ਹਟਿਆ। ਇਹ ਸਥਿਤੀ 22 ਪਉੜੀਆਂ ਤਕ ਚਲੀ ਹੈ। ਉਸ ਪਿਛੋਂ ਲੇਖਕ ਯਥਾ-ਲੋੜ ਵਿਸਤਾਰ ਵਿੱਚ ਪਿਆ ਹੈ ਅਤੇ ਜਿਥੇ ਕਿਸੇ ਲੰਮੀ ਬਾਣੀ ਦਾ ਟੀਕਾ ਆ ਗਿਆ ਹੈ, ਉਥੇ ਵਿਸਤਾਰ ਹੋਰ ਵੀ ਅਧਿਕ ਹੈ ਅਤੇ ਬ੍ਰਿੱਤਾਂਤ ਦਾ ਪ੍ਰਵਾਹ ਰੁਕ ਗਿਆ ਹੈ। ਉਦਾਹਰਣ ਵਜੋਂ 23ਵੀਂ ਪਉੜੀ ਦਾ ਟੀਕਾ (ਸਣੇ ਸਾਖੀਆਂ ਦੇ) 592 ਪੰਨਿਆਂ ਦੇ ਪ੍ਰਕਾਸ਼ਿਤ ਸੰਸਕਰਣ ਵਿੱਚ 42 ਤੋਂ 133 ਪੰਨਿਆਂ ਤਕ ਵਿਆਪਤ ਹੈ। ਇਸ ਤੋਂ ਬਾਦ ਇਹੀ ਸਥਿਤੀ ਚਲਦੀ ਹੈ। ਪਰ ਆਖਰਲੀਆਂ ਚਾਰ ਪਉੜੀਆਂ (46, 47, 48 ਅਤੇ 49) ਵਿੱਚ ਵੀ ਸਾਖੀਕਾਰ ਮੂਲ ਤੋਂ ਬਹੁਤ ਨਹੀਂ ਹਟਿਆ। ਅਸਲ ਵਿੱਚ ਸਾਖੀਕਾਰ ਗੁਰੂ ਜੀ ਦੀ ਜੀਵਨੀ ਲਿਖਣ ਦਾ ਇਛੁਕ ਹੈ, ਪਰ ਉਸ ਨੇ ਆਪਣੀ ਰਚਨਾ ਨੂੰ ਅਧਿਕ ਪ੍ਰਮਾਣਿਕ ਸਿੱਧ ਕਰਨ ਲਈ ਉਸ ਦਾ ਸੰਬੰਧ ਭਾਈ ਗੁਰਦਾਸ ਦੀ ਵਾਰ ਨਾਲ ਜੋੜਨ ਦੀ ਵਿਵਸਥਾ ਕੀਤੀ ਹੈ। ਉਂਜ ਤਾਂ ਉਹ ਵਾਰ ਦੇ ਮੂਲ ਰੂਪ ਦੇ ਨੇੜੇ ਰਹਿੰਦਾ ਹੈ, ਪਰ ਜਦੋਂ ਗੁਰੂ ਜੀ ਦੇ ਜੀਵਨ-ਬ੍ਰਿੱਤਾਂਤ ਨੂੰ ਦਸਣ ਦਾ ਅਵਸਰ ਆਉਂਦਾ ਹੈ, ਉਹ ਆਪਣੇ ਮੰਤਵ ਦੀ ਪੂਰਤੀ ਲਈ ਮੂਲ-ਪਾਠ ਦੇ ਸਭ ਹਦ-ਬੰਨੇ ਛਡ ਕੇ ਵਿਸਤਾਰ ਵਿੱਚ ਪੈ ਜਾਂਦਾ ਹੈ, ਜੋ ਉਸ ਦੇ ਆਸ਼ੇ ਅਨੁਰੂਪ ਹੈ।

ਭਗਤ ਰਤਨਾਵਲੀ

ਵਿਸ਼ਾ-ਵਸਤੂ : 'ਭਗਤ ਰਤਨਾਵਲੀ' ਇਕ ਪ੍ਰਚਾਰਾਤਮਕ ਕ੍ਰਿਤੀ ਹੈ ਜਿਸ ਵਿੱਚ 'ਸਿੱਖੀ' ਦੇ ਸਰੂਪ ਦਾ ਵਿਸ਼ਲੇਸ਼ਣ ਭਾਈ ਗੁਰਦਾਸ ਦੀ ਯਾਰ੍ਹਵੀਂ ਵਾਰ ਦੇ ਪ੍ਰਸੰਗ ਵਿੱਚ ਕੀਤਾ ਗਿਆ ਹੈ। ਇਹ ਸਰੂਪ ਵਿਸ਼ਲੇਸ਼ਣ ਕਿਸੇ ਸ਼ਾਸਤ੍ਰੀ ਢੰਗ ਨਾਲ ਨਹੀਂ ਸਗੋਂ ਸਿੱਖਾਂ ਦੇ ਜੀਵਨ, ਉਨ੍ਹਾਂ ਦੀਆਂ ਜਿਗਿਆਸਾਵਾਂ, ਅਧਿਆਤਮਿਕ ਖੇਤਰ ਵਿੱਚ ਵਾਪਰਨ ਵਾਲੀਆਂ ਸਮੱਸਿਆਵਾਂ ਸੰਬੰਧੀ ਪੁੱਛਾਂ ਦੇ ਸੰਦਰਭ ਵਿੱਚ ਕੀਤਾ ਗਿਆ ਹੈ। ਇਹ ਗੱਲ ਉਥਾਨਿਕਾ ਵਿੱਚ ਲਿਖੇ ਇਸ ਰਚਨਾ ਦੇ ਮੁੱਖ ਮੰਤਵ ਤੋਂ ਹੀ ਸਪੱਸ਼ਟ ਹੋ ਜਾਂਦੀ ਹੈ, ਜਿਸ ਦਾ ਸਾਰਾਂਸ਼ ਇਸ ਪ੍ਰਕਾਰ ਹੈ :

(1) ਸਭ ਦੇਸ਼ਾਂ ਦੇ ਸਿੱਖਾਂ ਦੀਆਂ ਰਹਿਤਾਂ ਤੇ ਕਰਤੂਤਾਂ ਦਸਣੀਆਂ ਤਾਂ ਜੋ ਸਮਕਾਲੀ ਸਿੱਖ ਉਨ੍ਹਾਂ ਦਾ ਅਨੁਕਰਣ ਕਰ ਸਕਣ।

(2) ਇਹ ਕਥਾ-ਪ੍ਰਸੰਗ ਦਸਵੇਂ ਗੁਰੂ ਤੋਂ ਸੁਣ ਕੇ ਕਹੇ ਗਏ ਕਿਉਂਕਿ ਇਨ੍ਹਾਂ ਦੇ ਅਨੁਸਰਣ ਨਾਲ ਸਿੱਖੀ ਦ੍ਰਿੜ ਹੋਵੇਗੀ। ਇਸ ਤਰ੍ਹਾਂ ਸਪੱਸ਼ਟ ਹੈ ਕਿ ਸਿੱਖੀ ਦੀ ਰਹਿਤ ਮਰਯਾਦਾ ਨੂੰ ਪ੍ਰਗਟਾਉਣ ਲਈ ਇਹ ਰਚਨਾ ਹੋਂਦ ਵਿਚ ਆਈ।

ਇਸ ਰਚਨਾ ਦੇ ਪਹਿਲੀਆਂ ਬਾਰ੍ਹਾਂ ਪਉੜੀਆਂ ਵਾਲੇ ਭਾਗ ਵਿਚ ਭਾਈ ਗੁਰਦਾਸ ਦੁਆਰਾ ਦਿੱਤੇ ਸਿੱਖ ਸਿੱਧਾਂਤਾਂ ਦਾ ਵਿਸ਼ਲੇਸ਼ਣ ਹੋਇਆ ਹੈ। ਇਸ ਲਈ ਉਸ ਵਿਚ ਲੇਖਕ

ਦੀ ਮੌਲਿਕ ਪ੍ਰਤਿਭਾ ਨਿਖਰ ਨਹੀਂ ਸਕੀ, ਪਰ ਜਦੋਂ ਉਸ ਨੇ ਸਿੱਖਾਂ ਦੀ ਨਾਮਾਵਲੀ ਵਿੱਚ ਸਿੱਖਾਂ ਦੀਆਂ ਵੱਖ-ਵੱਖ ਸਾਖੀਆਂ ਰਾਹੀਂ ਉਨ੍ਹਾਂ ਦੁਆਰਾ ਅਪਣਾਏ ਜਾਣ ਵਾਲੇ ਨਿਯਮਾਂ ਅਤੇ ਰਹਿਤਾਂ ਦਾ ਕਥਾ-ਪ੍ਰਸੰਗ ਜਾਂ ਗੋਸ਼ਟਿ ਦੁਆਰਾ ਚਿੱਤ੍ਰਣ ਕੀਤਾ ਹੈ, ਉਥੇ ਉਸ ਦੀ ਮੌਲਿਕਤਾ ਉਘੜੀ ਹੈ। ਅਜਿਹੀਆਂ ਸਾਖੀਆਂ ਤੋਂ ਸਿੱਖਾਂ ਦੀ ਰਹਿਣੀ ਦੇ ਅਨੇਕ ਤੱਥ ਸਾਹਮਣੇ ਆਉਂਦੇ ਹਨ—ਧਰਮ ਦੀ ਕਿਰਤ ਕਰਨਾ, ਵੰਡ ਖਾਵਣਾ, ਨਾਮ ਜਪਣਾ, ਮਨ ਨੂੰ ਗ਼ਮ ਦਵੈਸ਼ ਤੋਂ ਸ਼ੁਧ ਕਰਨਾ, ਆਏ ਗਏ ਸਿੱਖ ਦੀ ਸੇਵਾ ਕਰਨਾ, ਭਾਉ-ਭਗਤੀ ਅਤੇ ਪ੍ਰੇਮਾਭਗਤੀ ਕਰਨਾ, ਸ਼ਬਦ ਅਤੇ ਗੁਰੂ ਨੂੰ ਇਕ ਰੂਪ ਜਾਣਨਾ, ਸ੍ਰਵਣ ਮੰਨਣ ਤੇ ਨਿਧਿਆਸਨ ਕਰਨਾ, ਸਾਧਾਂ ਦੀ ਟਹਿਲ ਸੇਵਾ ਕਰਨਾ, ਸੰਤਾਂ ਸਤਿਗੁਰਾਂ ਤੇ ਪਰਮੇਸ਼ਰ ਵਿਚ ਭੇਦ ਨਾ ਜਾਣਨਾ, ਧਰਮਸਾਲਾ ਦੋਵੇਂ ਵੇਲੇ ਤੁਰ ਕੇ ਜਾਣਾ, ਵਾਹਿਗੁਰੂ ਦਾ ਭਜਨ ਕਰਨਾ, ਸਾਧ ਸੰਗਤ ਵਿਚ ਜਾਣਾ, ਸ਼ਬਦ ਅਭਿਆਸ ਕਰਨਾ, ਗੁਰਬਾਣੀ ਦੀ ਕਥਾ ਕਰਨਾ ਅਤੇ ਸੁਣਨਾ, ਕੀਰਤਨ ਕਰਨਾ ਅਤੇ ਸੁਣਨਾ, ਸਿੱਖਾਂ ਦੀ ਸੇਵਾ ਕਰਨਾ ਤੇ ਗੁਰੂ ਦੁਆਰਾ ਸਿੱਖ ਦੀ ਪੈਜ ਰੱਖਣਾ, ਭਗਤੀ-ਯੋਗ ਕਰਨਾ, ਮਨ ਨੀਵਾ ਰੱਖਣਾ, ਪ੍ਰਭਾਤ ਵੇਲੇ ਉਠ ਕੇ ਇਸ਼ਨਾਨ ਕਰਕੇ ਸਾਧ ਸੰਗਤਿ ਵਿੱਚ ਜਾਣਾ ਅਤੇ ਪ੍ਰੀਤ ਕਰਨੀ, ਗੁਰੂ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ, ਦੁਖਿਆਰਿਆਂ ਦੀ ਸਹਾਇਤਾ ਕਰਨੀ, ਜਗਤ ਨੂੰ ਸੁਪਨ ਸਮਾਨ ਸਮਝਣਾ, ਦੇਹ ਦੇ ਦੁੱਖਾਂ ਸੁੱਖਾਂ ਦਾ ਹਰਖ ਸੋਗ ਨਹੀਂ ਕਰਨਾ, ਬਾਣੀ ਨਾਲ ਹਿਤ ਕਰਨਾ, ਪਰਉਪਕਾਰ ਕਰਨਾ, ਗ੍ਰਿਹਸਥ ਵਿੱਚ ਰਹਿ ਕੇ ਭਗਤੀ ਕਰਨਾ, ਆਲਸ ਨਾ ਕਰਨਾ, ਉੱਦਮ ਕਰਨਾ, ਹਉਮੈ ਨੂੰ ਮਾਰਨਾ, ਮਨ ਦਾ ਅਹੰਕਾਰ ਤਿਆਗਣਾ, ਪ੍ਰਸਾਦ ਵਰਤਾ ਕੇ ਛਕਣਾ, ਮਠ ਮੜੀ ਕਬਰ ਟੋਭਰੀ ਨੂੰ ਨਹੀਂ ਸੇਵਣਾ, ਲੋੜਵੰਦੇ ਸਿੱਖ ਦੀ ਮਦਦ ਕਰਨਾ, ਪੁਰਬ ਮੰਨਾਉਣੇ, ਬਾਣੀ ਦੀਆਂ ਪੋਥੀਆਂ ਗੁਰੂ ਦੇ ਲੇਖੇ ਲਿਖ ਦੇਣਾ, ਕੜਾਹ ਪ੍ਰਸਾਦ ਕਰਕੇ ਵੰਡਣਾ, ਸੱਚ ਬੋਲਣਾ, ਦਿਲੋਂ ਸਚਿਆਰ ਰਹਿਣਾ, ਦਸਵੰਧ ਕਢਣਾ, ਪਿੰਡ ਵਿੱਚ ਧਰਮਸ਼ਾਲਾ ਬਣਾਉਣੀ, ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਸਵੇਰੇ ਗ੍ਰੰਥ ਸਾਹਿਬ ਦਾ ਦਰਸ਼ਨ ਕਰਨਾ, ਆਪਣੇ ਪਾਪਾਂ ਦਾ ਧਿਆਨ ਰੱਖਣਾ ਅਤੇ ਵਿਚਾਰਨਾ, ਪੁੰਨ ਦਾਨ ਕਰਨਾ, ਰੁੱਤ ਅਨੁਸਾਰ ਸਿੱਖਾਂ ਨੂੰ ਬਸਤ੍ਰ ਦੇਣਾ, ਕਾਮ ਆਦਿਕ ਵਿਸ਼ਿਆਂ ਵਿੱਚ ਲੀਨ ਨਾ ਹੋਣਾ, ਗੁਰਮੁਖਾਂ ਦਾ ਕਰਮ ਕਰਨਾ ਅਤੇ ਮਨਮੁੱਖਾਂ ਨੂੰ ਤਿਆਗਣਾ, ਮਿੱਠਾ ਬੋਲਣਾ, ਗੁਰੂ ਵਿੱਚ ਨਿਸ਼ਚਾ ਰੱਖਣਾ ਗੁਰੂ ਨਾਲ ਪ੍ਰੀਤ ਕਰਨੀ, ਪਰਾਈ ਨਿੰਦਿਆ ਨਾ ਕਰਨਾ, ਨਿਰਵੈਰ ਹੋਣਾ, ਅੰਮ੍ਰਿਤਸਰ ਦਾ ਦਰਸ਼ਨ ਅਤੇ ਇਸ਼ਨਾਨ ਕਰਨਾ, ਸੰਤੋਖਸਰ, ਬਿਬੇਕਸਰ ਅਤੇ ਰਾਮਸਰ ਵਿੱਚ ਇਸ਼ਨਾਨ ਕਰਨਾ, ਤਰਨਤਾਰਨ ਤੀਰਥ ਵਿੱਚ ਇਸ਼ਨਾਨ ਕਰਨਾ, ਲੂਣ ਖਾ ਕੇ ਬੁਰਾ ਨਾ ਚਿਤਵਣਾ, ਤ੍ਰਿਸ਼ਨਾ ਦਾ ਤਿਆਗ ਕਰਨਾ, ਸ਼ਗਨ ਤਿਥ ਵਾਰ ਗ੍ਰਹਿ ਨਛੱਤ੍ਰ ਵਿੱਚ ਵਿਸ਼ਵਾਸ ਨਾ ਕਰਨਾ, ਆਪਣੇ ਆਪ ਨੂੰ ਗਿਆਨੀ ਨਾ ਮੰਨਣਾ, ਮਾਇਆ ਵਿੱਚ ਲੀਨ ਨਾ ਹੋਣਾ, ਨਿੰਦਕਾਂ ਦੇ ਕਹਿਣ ਤੇ ਨਾਮ ਦਾ ਤਿਆਗ ਨਹੀਂ ਕਰਨਾ, ਸਦਾ ਗਰੀਬੀ ਦਾ ਭਾਵ ਰੱਖਣਾ, ਆਦਿ।

ਮਨੁੱਖ ਦੇ ਪ੍ਰਕਾਰ : ਇਸ ਰਚਨਾ ਵਿੱਚ ਸਮੁੱਚੇ ਤੌਰ ਤੇ ਮਨੁੱਖਾਂ ਨੂੰ ਦੋ ਵਰਗਾਂ ਵਿੱਚ ਵੰਡਿਆ ਗਿਆ ਹੈ—ਸਨਮੁੱਖ ਅਤੇ ਵੇਮੁੱਖ। ਇਨ੍ਹਾਂ ਦੇ ਹੀ ਨਾਮਾਤਰ ਕ੍ਰਮਵਾਰ 'ਗੁਰਮੁੱਖ' ਅਤੇ 'ਮਨਮੁੱਖ' ਹਨ। ਇਨ੍ਹਾਂ ਦਾ ਸਰੂਪ ਅਤੇ ਲੱਛਣ ਸਪੱਸ਼ਟ ਕਰਦਿਆਂ ਗੁਰੂ ਨਾਨਕ ਦੇਵ ਦੇ ਮੁੱਖੋਂ ਅਖਵਾਇਆ ਗਿਆ ਹੈ—"ਜੋ ਪਾਪਾਂ ਨੂੰ ਪਿਠੁ ਦੇਦੇ ਹੈਨਿ ਤੇ ਪੁਨਾਂ ਦੇ ਸਾਹਮਣੇ ਹੋਦੇ ਹੈਨਿ, ਸੋ 'ਸਨਮੁੱਖ' ਹੈਨਿ ਤੇ ਗੁਰੂ ਦੇ ਦਰਸ਼ਨ ਨੂੰ ਸਨਮੁੱਖ ਬੈਠ ਕੇ ਸੁਣੇ, ਸ਼ਬਦ ਨੂੰ

ਸਨਮੁੱਖਿ ਬੈਠਿ ਕੇ ਸੁਣੇ। ਤੇ ਆਪਣੇ ਮਨ ਦੀ ਬ੍ਰਿਤੀ ਦਾ ਸਾਖੀ ਹੋਵੈ। ਚਾਰ ਸਾਖੀਆਂ ਸਨਮੁਖਿ ਦੀਆਂ ਹੈਨ...ਇਕੁ ਮੈਤ੍ਰੀ ਹੈ, ਇਕੁ ਕਰੁਨਾ ਹੈ, ਇਕ ਮੁਦਤਾ ਹੈ, ਇਕ ਓਪੇਖਿਆ ਹੈ।''

(ਪਉੜੀ 13)

''ਚਾਰ ਸਾਖੀਆਂ **ਮਨਮੁਖਾਂ** ਦੀਆਂ ਹੈਨਿ। ਪ੍ਰਿਥਮੇ ਈਰਖਾ, ਤੇ ਦੂਜੀ ਅਕਰਣਾ, ਤੇ ਤੀਜੀ ਨਿੰਦਾ ਤੇ ਚੌਥੀ ਹਠਿ।''

(ਪਉੜੀ 14)

ਇਨ੍ਹਾਂ ਦੋਹਾਂ ਪ੍ਰਕਾਰਾਂ ਬਾਰੇ ਗੁਰੂ ਅਰਜਨ ਦੇਵ ਤੋਂ ਵੀ ਅਖਵਾਇਆ ਗਿਆ ਹੈ ਕਿ ''ਜੋ ਅੰਮ੍ਰਿਤ ਵੇਲੇ ਇਸਨਾਨੁ ਕਰਤੇ ਹੈ ਤੇ ਨਾਮ ਜਪਤੇ ਹੈ ਤੇ ਦਾਨ ਕਰਤੇ ਹੈ ਸੋ ਵਾਹੁਗੁਰੂ ਕੇ 'ਸਨਮੁਖ' ਹੋਵੇਗਾ। ਤੇ ਜੇ ਕਾਮ ਕਿਰੋਧ ਵਿਚ ਆਰਜਾ ਬੀਤਤੀ ਹੈ ਤਾਂ 'ਵੇਖਮੁਖ' ਹੋ ਜਾਈਤਾ ਹੈ।''

(ਪਉੜੀ 18)

ਉਪਰੋਕਤ ਪ੍ਰਸੰਗ ਵਿੱਚ ਹੀ ਗੁਰਮੁੱਖਾਂ ਅਤੇ ਮਨਮੁੱਖਾਂ ਦੇ ਪ੍ਰਕਾਰ ਵੀ ਦੱਸੇ ਗਏ ਹਨ, ਜਿਵੇਂ :

> ਤਿਨ ਪਰਕਾਰ ਦੇ ਗੁਰਮੁਖ ਹੈਨਿ, ਤਿਨ ਪ੍ਰਕਾਰ ਦੇ ਮਨਮੁਖ ਹੈਨਿ। ਇਕ ਗੁਰਮੁਖ ਹੈਨਿ, ਇਕ ਗਰੁਮਖਤਰ ਹੈਨਿ, ਇਕ ਗੁਰਮੁਖਿ-ਤਮ ਹੈਨਿ। **ਗੁਰਮੁਖ** ਕਉਣ ਹੈਨਿ। ਜਿਨਾ ਨੇ ਖੋਟਿਆ ਕਰਮਾ ਵਲੋ ਪਿਠ ਦਿਤੀ ਹੈ ਤੇ ਗੁਰੂ ਦੇ ਵਚਨਾ ਵਲ ਮੁਖ ਕੀਤਾ ਹੈ, ਤੇ ਜੇ ਇਕ ਭੀ ਓਨਾ ਨਾਲਿ ਚੰਗਿਆਈ ਕਰਦਾ ਹੈ ਤਾ ਆਪਣੇ ਵਲੋਂ ਸਦੀਵ ਉਸ ਦੇ ਨਾਲਿ ਚੰਗਿਆਈ ਕਰਦੇ ਰਹਿੰਦੇ ਹੈ ਤਾ ਉਸ ਦੀ ਭਲਿਆਈ ਵਿਸਾਰਦੇ ਨਹੀਂ ਤੇ ਆਪਣੀ ਭਲਿਆਈ ਚਿਤ ਨਹੀਂ ਕਰਦੇ। **ਗੁਰਮੁਖਿ-ਤਰ** ਉਹ ਹੈਨਿ ਜੋ ਬੁਰੇ ਕਰਮ ਓਨਾ ਤਿਆਗ ਦਿਤੇ ਹੈਨਿ, ਤੇ ਭਲਿਆ ਕਰਮਾ ਦੇ ਅੰਗੀਕਾਰੁ ਕੀਤਾ ਹੈ ਤੇ ਜਿਸ ਦਾ ਕੰਮੁ ਓਨਾ ਦੇ ਤੀਕ ਆਂਵਦਾ ਹੈ ਤਾ ਸਭਸੇ ਭਲਾ ਹੀ ਕਰਦੇ ਹੈ, ਭਾਵੇ ਕੋਈ ਭਲਾ ਕਰੇ ਭਾਵੇਂ ਕੋਈ ਬੁਰਾ ਕਰੇ, ਓਹ ਆਪਣੇ ਵਲੋਂ ਭਲਾ ਹੀ ਕਰਦੇ ਹੈਨਿ। ਤੇ **ਗੁਰਮੁਖਿ-ਤਮ** ਓਹ ਹੈਨਿ ਜੋ ਗਿਆਨ ਸੰਪੰਨਿ ਹੈਨਿ। ਭਲਾ ਸਭਸੇ ਨਾਲਿ ਕਰਦੇ ਹੈਨਿ। ਜੇ ਕੋਈ ਓਨਾ ਨੂੰ ਬੁਰਾ ਭੀ ਕਰੇ ਤਾਂ ਓਨਾ ਦੇ ਨਾਲਿ ਭੀ ਭਲਾ ਹੀ ਕਰਦੇ ਹੈਨਿ। ਤੇ **ਮਨਮੁਖ** ਓਹੁ ਹੈਨ ਜੋ ਸਦਾ ਵਿਕਾਰ ਹੀ ਕਰਦੇ ਹੈਨਿ, ਜੋ ਕੋਈ ਓਨਾ ਦੇ ਨਾਲਿ ਭਲਿਆਈ ਕਰੇ ਸੋ ਵਿਸਾਰ ਦੇਂਦੇ ਹੈਨਿ ਜੇ ਬੁਰਿਆਈ ਜੇ ਕੋਈ ਕਰੇ ਤਾਂ ਵਿਸਾਰਦੇ ਨਹੀਂ। ਤੇ **ਮਨਮੁਖ-ਤਰ** ਓਹ ਹੈਨਿ, ਜੋ ਕੋਈ ਭਲਾ ਬੁਰਾ ਹੋਵੇ, ਤਾਂ ਸਭ ਸੇ ਨਾਲਿ ਬੁਰਿਆਈ ਹੀ ਕਰਦੇ ਹੈਨਿ। ਤੇ **ਮਨਮੁਖ-ਤਮ** ਓਹ ਹੈਨਿ ਜੋ ਭਲੇ ਨਾਲਿ ਵੀ ਬੁਰਿਆਈ ਕਰਦੇ ਹੈਨਿ ਅਗਲਾ ਭਲਿਆਈ ਕਰੇ ਤੇ ਓਹਿ ਫੇਰਿ ਬੁਰਿਆਈ ਕਰਨ ਤੇ ਸਬਦ ਬਾਣੀ ਦੀ ਸਮਝ ਕਛੂ ਨਾ ਕਰਨ, ਅਗੋਂ ਕਹਿੰਦੇ ਹੈਨਿ ਜੋ ਸਬਦ ਦਾ ਸੁਣਨਾ ਤੇ ਭਲਿਆਈ ਕਰਨੀ ਅਸਾਨੂ ਨਹੀਂ ਫਲਦਾ ਤੇ ਬੁਰਿਆਈ ਅਸਾਨੂੰ ਫਲ ਦੇਂਦੀ ਹੈ। ਸੋ ਘੋਰ ਨਰਕਾਂ ਵਿਚ ਮਹਾਂ ਦੁਖ ਨੂੰ ਪ੍ਰਾਪਤਿ ਹੋਵਨਿਗੇ।

ਉਨ੍ਹੀਵੀਂ ਪਉੜੀ ਵਿੱਚ ਸਿੱਖਾਂ ਦੇ ਪ੍ਰਕਾਰ ਵੀ ਦੱਸੇ ਗਏ ਹਨ—''ਚਾਰ ਪ੍ਰਕਾਰ ਦੇ

ਸਿਖ ਹੈਨਿ । ਇਕ ਸਹਕਾਮ ਕਰਮੀ ਹੈਨਿ, ਇਕ ਨਿਹਕਾਮ ਕਰਮੀ ਹੈਨਿ, ਇਕ ਉਪਾਸਨਾ ਵਾਲੇ ਹੈਨਿ ਤੇ ਇਕ ਗਿਆਨੀ ਹੈਨਿ ।"

ਅੱਗੇ ਇਨ੍ਹਾਂ ਚੌਹਾਂ ਦਾ ਸਰੂਪ ਵੀ ਸਪੱਸ਼ਟ ਕੀਤਾ ਗਿਆ ਹੈ ।

ਸਿੱਖ-ਸਾਧਨਾਂ ਦਾ ਸਰੂਪ : ਇਸ ਪੁਸਤਕ ਵਿੱਚ ਗੁਰਮੁੱਖਾਂ/ਗੁਰਸਿੱਖਾਂ ਨੇ ਜਿਸ ਸਾਧਨਾ-ਪੱਧਤੀ 'ਭਗਤੀ' ਨੂੰ ਅਪਣਾਣਾ ਹੈ, ਉਸ ਦੇ ਸਰੂਪ ਉੱਤੇ ਸਵਿਸਤਾਰ ਪ੍ਰਕਾਸ਼ ਪਾਇਆ ਗਿਆ ਹੈ ਅਤੇ ਨਾਲ ਨਾਲ ਦੂਜੀਆਂ ਸਾਧਨਾ-ਪੱਧਤੀਆਂ ਦਾ ਉਲੇਖ ਕਰ ਕੇ ਤੁਲਨਾਤਮਕ ਸੰਦਰਭ ਵਿਚ ਭਗਤੀ ਦਾ ਮਹੱਤਵ-ਸਥਾਪਨ ਹੋਇਆ ਹੈ । ਸਿੱਖਾਂ ਦੁਆਰਾ ਗੁਰੂ ਅੰਗਦ ਦੇਵ ਤੋਂ ਪੁੱਛਣ ਤੇ ਭਗਤੀ ਬਾਰੇ ਦਸਿਆ ਗਿਆ ਹੈ :

> ਜਿਤ ਸਮੇ ਮਹਾਰਾਜ ਨੇ ਮਾਇਆ ਉਤਪਤ ਕੀਤੀ ਤੇ ਉਸ ਨੂੰ ਬਚਨੁ ਕੀਤਾ ਤੂੰ ਸਭਨਾਂ ਜੀਆਂ ਨੂੰ ਉਤਪਤਿ ਭੀ ਕਰ ਤੇ ਆਪਣੇ ਅਧੀਨੁ ਕਰਿ ਕੇ ਏਨਾ ਨੂੰ ਭ੍ਰਮਾਓ ਤੇ ਚਾਰ ਦੇਵਤੇ ਭੀ ਆਪਣੇ ਵਾਸਤੇ ਪ੍ਰਾਪਤ ਹੋਵਣ ਵਾਸਤੇ ਕੀਤੇ । ਤਿਨ ਪੁਰਖ ਤੇ ਇਕ ਇਸਤ੍ਰੀ । ਜੋ ਏਨਾ ਚੁ ਵਿਚਹੁ ਇਕ ਦੀ ਭੀ ਸਰਨ ਆਵੇ ਸੋ ਮੈਨੂੰ ਆਇ ਮਿਲੇਗਾ—1 ਇਕ ਬੈਰਾਗੁ, 2 ਦੂਜਾ ਜੋਗ, 3 ਤੀਜਾ ਗਿਆਨੁ, 4 ਚਉਥੀ ਭਗਤੀ । ਪਰ ਵੈਰਾਗ ਤੇ ਜੋਗ ਤੇ ਗਿਆਨ ਏਹੁ ਤੀਨੋ ਪੁਰਖ ਹੈਨਿ । ਉਨ੍ਹਾਂ ਨੂੰ ਕੁਸੰਗ ਦੇ ਬਲ ਤੇ ਮਾਇਆ ਭ੍ਰਮਾਇ ਲੈਂਦੀ ਹੈ । ਪਰ ਭਗਤਿ ਮਹਾਰਾਜ ਦੀ ਪਤਿਬ੍ਰਤਾ ਇਸਤ੍ਰੀ ਹੈ ਤੇ ਮਾਇਆ ਨਟਣੀ ਹੈ, ਸੋ ਭਗਤਾ ਨੂੰ ਮਾਇਆ ਨਹੀਂ ਮੋਹ ਸਕੀ । ਹੋਰਨਾਂ ਕਰਮਾਂ ਨੂੰ ਮੋਹ ਲੈਂਦੀ ਹੈ ।
>
> —(ਪਉੜੀ 15)

ਇਸੇ ਪ੍ਰਸੰਗ ਵਿੱਚ ਅੱਗੇ ਇਹ ਵੀ ਦਸਿਆ ਗਿਆ ਹੈ ਕਿ "ਭਗਤਿ ਏਹ ਹੈ ਜੋ ਵਾਹਿਗੁਰੂ ਨੂੰ ਸੁਵਾਮੀ ਜਾਣਨਾ, ਆਪ ਨੂੰ ਸੇਵਕ ਜਾਣਨਾ, ਤਨੁ ਮਨੁ ਧਨ ਸਭ ਵਾਹਿਗੁਰੂ ਨੂੰ ਸੌਂਪ ਛਡਣਾ" ।

ਇਸ ਤੋਂ ਅਗੇ ਬੈਰਾਗ, ਜੋਗ ਅਤੇ ਗਿਆਨ ਦੇ ਪ੍ਰਕਾਰ ਦੱਸੇ ਗਏ ਹਨ । ਬੈਰਾਗ ਦੋ ਪ੍ਰਕਾਰ ਦਾ ਹੈ—"ਇਕੁ ਏਹੁ ਹੈ ਜੋ ਘਰ ਬਾਰ, ਬਸਤ੍ਰ ਭੋਜਣ ਸਭ ਤਿਆਗੁ ਕਰਨਾ । ਪਰਮੇਸਰ ਦੀ ਪ੍ਰੀਤ ਵਾਸਤੇ ਤੇ ਦੂਜਾ ਬੈਰਾਗ ਏਹੁ ਹੈ, ਸ੍ਰੀ ਸਤਿਗੁਰਾ ਥੀ ਜੋ ਸੁਣਿਆ ਹੈ ਜਗਤੁ ਅਨਿਤ ਹੈ, ਤਾ ਰਿਦੇ ਕਰਿ ਕੇ ਪਦਾਰਥਾਂ ਵਿਚਿ ਲੀਨ ਨਾ ਹੋਵਣਾ ਤੇ ਵਰਤਣ ਮਾਤ ਵਰਤਣ ਕਰੁ ਲੇਵਣੀ" ।

—(ਪਉੜੀ 15)

ਜੋਗ ਵੀ ਦੋ ਕਿਸਮਾਂ ਦਾ ਦਸਿਆ ਗਿਆ ਹੈ–"ਇਕੁ ਤਾਂ ਕਸਟ ਜੋਗ ਹੈ ਜੁ ਅਸਟਾਂਗ ਜੋਗ ਪ੍ਰਾਣਾਯਾਮੁ ਥੀ ਆਦ ਕਰਣਾ । ਦੂਜਾ ਏਹੁ ਜੋਗ ਹੈ ਮਨ ਨੂੰ ਵਾਸਨਾ ਥੀ ਰੋਕ ਕਰਿ ਵਾਹਿਗੁਰੂ ਦੇ ਭਜਨੁ ਨਾਲਿ ਜੋੜਨਾ ।"

—(ਪਉੜੀ 15) ਇਸ ਸੰਬੰਧੀ ਅਧਿਕ ਵਿਸ਼ਲੇਸ਼ਣ ਅਗੇ ਕੀਤਾ ਜਾਵੇਗਾ ।

ਗਿਆਨੁ ਭੀ ਦੁਇ ਪ੍ਰਕਾਰ ਦਾ ਹੈ—"ਇਕੁ ਸਤਿਗੁਰਾਂ ਥੀ ਜੋ ਸਮਝਿਆ ਹੈ ਜੋ ਜਗਤੁ ਝੂਠਾ ਹੈ ਤੇ ਆਤਮਾ ਹੀ ਸਰਬ ਵਿੱਚ ਸਤਿ ਹੈ, ਸੋ ਸਰਬ ਵਿਖੇ ਵਾਹਿਗੁਰੂ ਦਾ ਰੂਪ ਜਾਣ ਕੇ

ਗਮ ਦੁਵੇਖ ਰੂਪੀ ਮੈਲੁ ਰਿਦ ਥੀ ਧੋਵਣੀ। ਦੂਜਾ ਸਰਵਨਿ ਗਿਆਨ ਹੈ, ਜੋ ਸੁਣਨਾ ਅਰੁ ਕਮਾਵਣਾ"।

—(ਪਉੜੀ 15)

ਇਸ ਪਿਛੋਂ ਭਗਤੀ ਦੇ ਤਿੰਨ ਪ੍ਰਕਾਰ ਦਸੇ ਗਏ ਹਨ-ਨੌਧਾ, ਪ੍ਰੇਮਾ ਅਤੇ ਪਰਾ। ਨਵਧਾ ਭਗਤੀ ਦੇ ਨੌਂ ਪ੍ਰਕਾਰ ਹਨ—ਸ਼੍ਰਵਨ, ਕੀਰਤਨ, ਸਿਮਰਨ, ਚਰਨਾਂ ਦਾ ਧਿਆਨ ਅਤੇ ਸੇਵਾ ਟਹਿਲ, ਸੰਤਾਂ ਸਾਧਾਂ ਦੀ ਬਸਤ੍ਰਾਂ ਦੀ ਸੇਵਾ, ਗੁਰੂਆਂ ਅਤੇ ਗੁਰੂ-ਧਾਮਾਂ ਦੀ ਯਾਤਰਾ ਤੇ ਪ੍ਰਦਖਣਾ ਦਾਸ-ਭਾਵ, ਸਾਖ ਭਾਵ, ਆਤਮ-ਸਮਰਪਣ। ਪ੍ਰੇਮਾ ਭਗਤੀ ਕਰਨ ਵਾਲੇ ਦੇ ਲੱਛਣ ਦਸਦਿਆਂ ਕਿਹਾ ਗਿਆ ਹੈ—"ਪ੍ਰਥਮੇ ਰੁਦਨ ਕਰਤੇ ਹੈ ਅਰੁ ਸਾਸ ਲੇਤੇ ਹੈਨਿ, ਤਾਂ ਤੇ ਉਨਕਾ ਮੁਖ ਪਿਥਮੇ ਸਾਵਾ ਹੋਤਾ ਹੈ, ਅਰੁ ਜਿਉ ਪ੍ਰੇਮ ਵਧਤਾ ਹੈ, ਤੋਂ ਅਹਾਰੁ ਘਟਤਾ ਜਾਤਾ ਹੈ। ਤਾਂ ਤੇ ਉਨਕਾ ਮੁਖ ਪੀਲਾ ਹੋਤਾ ਹੈ, ਅਰ ਜਿਉਂ ਜਿਉਂ ਸੰਤਾਂ ਦਾ ਸੰਗੁ ਹੋਤਾ ਹੈ ਤਿਉ ਤਿਉ ਉਨਕਾ ਵਚਨਾ ਦੇ ਸਮਝਣ ਕਰਿ ਮੁਖ ਲਾਲੁ ਹੋਤਾ ਹੈ। ਤਾ ਮਹਾਰਾਜ ਕੀ ਪ੍ਰੀਤ ਰੂਪੀ ਮਿਸਟਾਨ ਓਨ ਕੇ ਬੀਚ ਆਨ ਪ੍ਰਾਪਤਿ ਹੋਤਾ ਹੈ।"

—(ਪਉੜੀ 15)

ਅਤੇ, ਪਰਾ ਭਗਤੀ ਦਾ ਸਰੂਪ ਇਸ ਪ੍ਰਕਾਰ ਹੈ—"ਤੇ ਜੀਓ ਅਰੁ ਈਸਰ ਮੈਂ ਅਭੇਦਤਾ ਦ੍ਰਿਸਟਿ ਆਵਤੀ ਹੈ। ਸੋਈ ਸਤਿ ਚਿਤ ਆਨੰਦ ਤੂਪ ਈਸਰ ਹੈ, ਸੋਈ ਸਤਿ ਚਿਤ ਅਨੰਦ ਰੂਪ ਜੀਵ ਹੈ, ਪਰ ਏਨਾ ਕੁ ਸਹਕਾਮਤਾ ਅਰ ਨਿਹਕਾਮਤਾ ਕਾ। ਜੀਓ ਅਗਿਆਨ ਕਰ ਸਹਕਾਮੀ ਹੈ। ਤਾਂ ਗਿਆਨੁ ਕੀ ਸਮਝ ਉਨ ਕੋ ਹੋਇ ਆਵਦੀ ਹੈ। ਜਿਉ ਜਿਉ ਗਿਆਨ ਕਾ ਅਭਿਆਸ ਕਰਤੇ ਹੈ ਤਿਉ ਤਿਉ ਪਰਾ ਭਗਤਿ ਆਨ ਪ੍ਰਾਪਤਿ ਹੋਤੀ ਹੈ। ਸੋ ਕਾਮਨਾ ਅਰੁ ਨਿਹਕਾਮਨਾ ਦੋਵੇ ਕਲਪਤ ਹੈ। ਈਸਰ ਗਿਆਨ ਕਰ ਨਿਹਕਾਮੀ ਹੈ ਜੋ ਈਸਰੁ ਨਿਹਕਾਮਤਾ ਕੇ ਭੇਦ ਕੋ ਤਿਆਗ ਦੇਵੈ ਅਰੁ ਜੀਓ ਸਹਕਾਮਤਾ ਦੇ ਭੇਦ ਕੋ ਤਿਆਗ ਦੇਵੇ ਤਾਂ ਦੋਨੋ ਬ੍ਰਹਮ ਰੂਪ ਹੈਨਿ।"

—(ਪਉੜੀ 15)

ਉਪਰੋਕਤ ਸੰਦਰਭ ਤੋਂ ਸਪੱਸ਼ਟ ਹੈ ਕਿ ਨਵਧਾ ਭਗਤੀ ਸ਼ੁਰੂ ਦੀ ਅਵਸਥਾ ਹੈ। ਇਸ ਦੇ ਅੰਗਾਂ ਦਾ ਵਰਣਨ 'ਭਾਗਵਤ ਪੁਰਾਣ' ਵਿਚਲੀ ਨਵਧਾ ਭਗਤੀ ਨਾਲ ਮੇਲ ਖਾਂਦਾ ਹੈ ਪਰ ਲੋੜ ਅਨੁਸਾਰ ਲੇਖਕ ਨੇ ਉਦਾਰਤਾ ਵੀ ਵਰਤੀ ਹੈ ਅਤੇ ਇਸ ਨੂੰ ਸਗੁਣ ਉਪਾਸਨਾ ਦੀ ਉਪਚਾਰਿਕਤਾ ਤੋਂ ਬਾਹਰ ਵੀ ਕਢਿਆ ਹੈ।

ਭਗਤੀ ਦੇ ਵਿਸ਼ਲੇਸ਼ਣ ਤੋਂ ਬਾਦ ਜਿਤੇ ਰੰਧਾਵੇ ਦੀ ਸਾਖੀ ਵਿੱਚ ਗੁਰੂ ਨਾਨਕ ਦੇਵ ਤੋਂ ਯੋਗ ਦੀ ਵਿਸਤਾਰ ਸਹਿਤ ਵਿਆਖਿਆ ਕਰਵਾਈ ਗਈ ਹੈ। ਇਸ ਦੀਆਂ ਦੋ ਕਿਸਮਾਂ ਹਨ-ਹਠ-ਯੋਗ (ਕਸ਼ਟ ਯੋਗ) ਅਤੇ ਭਗਤੀ ਯੋਗ। ਕਸ਼ਟ ਯੋਗ ਦੀਆਂ ਅੱਠ ਕਿਸਮਾਂ ਇਸ ਪ੍ਰਕਾਰ ਹਨ "ਪਿਥਮੇ ਯਮ, ਦੂਜੇ ਨੇਮ, ਤੀਜੇ ਇਕਾਂਤ ਦੇਸ, ਚਉਥੇ ਆਸਨ, ਪੰਜਵਾਂ ਪ੍ਰਣਾਯਾਮ, ਛਿਵਾਂ ਧਿਆਨੁ, ਸਤਵਾਂ ਧਾਰਨਾ, ਅਠਵੀਂ ਸਮਾਧੀ"। ਇਸ ਪਿਛੋਂ ਯਮ ਦੇ ਦਸ ਪ੍ਰਕਾਰਾਂ ਉਤੇ ਚਾਨਣਾ ਪਾਇਆ ਗਿਆ ਹੈ। ਉਦਾਹਰਣ ਵਜੋਂ ਯਮ ਦੀ ਚੌਥੀ ਕਿਸਮ ਬ੍ਰਹਮਚਰਜ ਹੈ। ਅੱਠ ਪ੍ਰਕਾਰ ਦੇ ਕਾਮ ਨੂੰ ਜਿਤਣਾ ਬ੍ਰਹਮਚਰਜ ਹੈ। ਅੱਠ ਪ੍ਰਕਾਰ ਦੇ ਕਾਮਾਂ ਦਾ ਵਿਵਰਣ ਇਸ ਪ੍ਰਕਾਰ ਦਿੱਤਾ ਗਿਆ ਹੈ-"ਜੁ ਪ੍ਰਿਥਮੇ ਇਸਤ੍ਰੀਆਂ ਦੀਆਂ ਗੱਲਾਂ ਕਰਨੀਆਂ, ਦੂਜਾ ਗੱਲਾਂ

ਸੁਣਨੀਆਂ, ਤੀਜਾ ਇਕਾਂਤ ਦੇਸ ਇਸਤ੍ਰੀ ਪਾਸ ਬੈਠਣਾ, ਚਉਥਾ ਉਸਦੇ ਨਾਲਿ ਸਪ੍ਰਸ਼ ਕਰਨਾ, ਪੰਜਵਾਂ ਹਿਤ ਨਾਲ ਇਸਤ੍ਰੀਆਂ ਨੂੰ ਦੇਖਣਾ, ਛਠਵਾਂ ਅਲਿੰਗਨੁ ਕਰਨਾ, ਸਤਵਾਂ ਸਿੰਗਾਰੁ ਇਸ-ਤ੍ਰੀਆਂ ਦਾ ਬਣਾਵਣਾ, ਅਠਿਵਾਂ ਇਸਤ੍ਰੀਆਂ ਨਾਲਿ ਭੋਗੁ ਕਰਨਾ । ਏਹ ਅੱਠ ਪ੍ਰਕਾਰ ਦਾ ਕਾਮੁ ਤਿਆਗਣਾ ਬ੍ਰਹਮਚਰਜ ਏਹੁ ਹੈ ।"

ਇਸ ਪਿਛੋਂ ਦਸ ਨੇਮ ਵਿਸਤਾਰ ਨਾਲ ਦਸੇ ਗਏ ਹਨ । ਇਸੇ ਤਰ੍ਹਾਂ ਸਾਰੇ ਅੰਗਾਂ ਦਾ ਲੋੜ ਅਨੁਸਾਰ ਵਿਵਰਣ ਦਿੱਤਾ ਗਿਆ ਹੈ । ਇਸ ਨੂੰ ਹਠ-ਯੋਗ ਦਾ ਨਾਂ ਦਿੱਤਾ ਗਿਆ ਹੈ । ਇਸ ਤੋਂ ਬਾਦ ਯੋਗ ਦੇ ਦੂਜੇ ਭੇਦ 'ਭਗਤੀ ਯੋਗ' ਉਤੇ ਪ੍ਰਕਾਸ਼ ਪਾਇਆ ਗਿਆ ਹੈ । ਭਗਤੀ ਯੋਗ ਦੇ ਵੀ ਅੱਠ ਅੰਗ ਹਨ :

> ਪ੍ਰਿਥਮੇ ਇਹੁ ਯਮੁ ਹੈ ਜੋ ਆਪਣਾ ਮੰਨ ਹੀ ਨੀਵਾ ਰਖਣਾ, ਕਿਸੇ ਗੁਣ ਦੇ ਅਭਿਮਾਨ ਨੂ ਮਨ ਵਿਚਿ ਨਾ ਲਿਆਵਣਾ । ਦੂਸਰਾ ਨੇਮ ਏਹ ਹੈ ਜੋ ਸਾਧ ਸੰਗਤਿ ਬਿਖੇ ਕਥਾ-ਕੀਰਤਨ ਦੇ ਵਿਚਿ ਮਨ ਨੂ ਠਹਿਰਾਵਣਾ, ਤੇ ਜੇ ਪੜਨਿ ਦੀ ਸਕਤਿ ਹੋਵੇ ਤਾਂ ਨੇਮ ਨਾਲਿ ਪੜਨਾ ਜੇ ਸੁਣਨ ਦੀ ਸਕਤਿ ਹੋਵੇ ਤਾ ਨੇਮ ਨਾਲਿ ਸੁਣਨਾ । ਤੀਸਰਾ ਇਕਾਂਤ ਦੇਸ ਏਹੁ ਹੈ ਜੋ ਸ੍ਰਬ ਵਿਖੇ ਇਕੁ ਗੋਬਿੰਦ ਜਾਣਨਾ, ਔਰ ਦੂਸਰਾ ਕੋਈ ਨਾ ਜਾਣਨਾ । ਚੌਥਾ ਆਸੁਣੁ ਇਹੁ ਹੈ, ਜੋ ਗੋਬਿੰਦ ਵਿਖੇ ਬ੍ਰਿਤ ਨੂੰ ਇਸਥਿਤ ਕਰਨਾ । ਪੰਜਵਾ ਪ੍ਰਾਣਾਯਾਮ ਪੂਰਕ, ਕੁਭਕ, ਰੇਚਕ ਤਿਨੁ ਪ੍ਰਕਾਰ ਦਾ ਪ੍ਰਾਣਾਯਾਮ ਹੈ । (ਇਕ ਇਹੁ ਹੈ ਪੂਰਕ ਜੋ ਗੁਰਾਂ ਦੇ ਬਚਨ ਨੂੰ ਸੁਣਕੇ ਮਨ ਵਿਖੇ ਇਕਤ੍ਰ ਸਮਝਣੇ, ਮਨ ਵਿਖੇ ਖੈਚਣਾ । ਦੂਸਰਾ ਕੁੰਭਕ ਇਹ ਹੈ ਜੋ ਗੁਰਾਂ ਦੇ ਬਚਨਾਂ ਨੂੰ ਸੁਣ ਕੇ ਜਿਹੜੀ ਵਸਤੂ ਸਮਝੀ ਹੈ ਸੋ ਰਿਦੇ ਵਿਖੇ ਉਸ ਦੇ ਤਿਆਗ ਨੂੰ ਕਦੇ ਨ ਕਰੇ ਸਦਾ ਉਸਦਾ ਅਭਿਆਸੁ ਕਰਨਾ । ਤੀਸਰਾ ਰੇਚਕ ਜੋ ਗੁਰਾਂ ਦੇ ਬਚਨਾ ਕਰਕੇ ਜੋ ਪਦਾਰਥ ਤਿਆਗਣੇ ਕਹੇ ਹੈਨਿ ਤਿਨਕਾ ਤਿਆਗ ਕਰਨਾ ।) ਛਠਵਾ ਧਿਆਨੁ ਇਹੁ ਹੈ ਜੋ ਗੁਰਾਂ ਦੇ ਬਚਨ ਸੁਣਨ ਪੜਨ ਬੈਠੇ, ਧਿਆਨ ਉਨਾ ਦੇ ਅਰਥ ਵਿਖੇ ਰਖੇ, ਕੋਈ ਸੰਕਲਪ ਮਨੁ ਵਿਚਿ ਫੁਰਨ ਨਾ ਦੇਵੇ । ਸਤਵਾ ਧਾਰਨਾ ਇਹੁ ਹੈ ਜੋ ਮਨਿ ਕਿਸੇ ਸੰਕਲਪ ਵਿਖੇ ਧਾਵੈ ਭੀ ਫਿਰ ਮਨ ਨੂੰ ਆਨ ਕੇ ਜੋੜੇ ਸਬਦਿ ਵਿਖੇ । ਅਸਟਮ ਜਿਤ ਵੇਲੇ ਦੁਇ ਚਾਰ ਘੜੀਆ ਮਨੁ ਸਬਦਿ ਵਿਚਿ ਜਿਤ ਵੇਲੇ ਠਹਿਰਆ, ਤਿਸਕਾ ਨਾਮੁ ਸਮਾਧੁ ਹੈ, ਉਸਿ ਨੂ ਵਧਾਏ । ਤੇ ਜੇ ਅਠੇ ਪਹਿਰ ਮਨ ਸਬਦ ਵਿਖੇ ਜੁੜਿਆ ਰਹੇ ਤਾ ਸਵਿਕਲਪ ਸਮਾਧ ਪੂਰਨ ਹੋਤੀ ਹੈ । ਸਵਿਕਲਪ ਸਮਾਧਿ ਇਹ ਹੈ, ਜੋ ਜਾਣੇ ਮੈ ਸਬਦ ਦੇ ਸੁਣਨੇ ਵਾਲਾ ਹਾ ਤੇ ਸਬਦ ਦੇ ਅਰਥ ਨੂੰ ਭੀ ਸਮਝੀਐ । ਨਿਰਵਿਕਲਪ ਸਮਾਧ ਇਹੁ ਹੈ, ਜੋ ਸਬਦ ਦੇ ਤਾਤਪਰਜ ਵਿਖੇ ਮਨ ਨੂ ਠਹਿਰਾਵੇ । ਤਾਂ ਇਹੁ ਭਗਤਿ ਜੋਗ ਹੈ ।

'ਭਗਤਿ ਯੋਗ' ਦੇ ਉਪਰੋਕਤ ਚਿੱਤ੍ਰਣ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਨੇ ਹਠ-ਯੋਗ (ਕਸ਼ਟ ਯੋਗ) ਦੇ ਅੱਠਾਂ ਅੰਗਾਂ ਨੂੰ ਹੀ ਲੈ ਕੇ ਉਨ੍ਹਾਂ ਦੀ ਆਪਣੇ ਢੰਗ ਨਾਲ ਨਵੀਂ ਅਤੇ ਸਹਿਜ ਵਿਆਖਿਆ ਪੇਸ਼ ਕੀਤੀ ਹੈ ।

ਇਸ਼ਟ ਦਾ ਸਰੂਪ ਅਤੇ ਨਾਮ : ਇਸ ਰਚਨਾ ਵਿੱਚ ਸਿੱਖ ਸਾਧਨਾ ਪੱਧਤੀ 'ਭਗਤੀ' ਦੇ ਸਰੂਪ ਵਿਸ਼ਲੇਸ਼ਣ ਦੇ ਨਾਲ ਨਾਲ ਇਸ਼ਟ ਦੇਵ ਦਾ ਰੂਪ ਵੀ ਸਪੱਸ਼ਟ ਕੀਤਾ ਗਿਆ ਹੈ । 19ਵੀਂ ਪਉੜੀ ਦੇ ਪ੍ਰਸੰਗ ਵਿੱਚ ਸਿੱਖਾਂ ਵਲੋਂ ਗੁਰੂ ਨਾਨਕ ਦੇਵ ਦੇ ਇਸ਼ਟ ਦੇ ਨਿਰਗੁਣ/ਸਗੁਣ

ਸਰੂਪ ਸੰਬੰਧੀ ਪੁਛੇ ਜਾਣ ਤੇ ਗੁਰੂ ਅਰਜਨ ਦੇਵ ਵਲੋਂ ਉੱਤਰ ਦਿਵਾਇਆ ਗਿਆ ਹੈ ਕਿ ਨਿਰਗੁਣ ਅਤੇ ਸਗੁਣ ਵਿੱਚ ਕੋਈ ਭੇਦ ਨਹੀਂ ਹੈ। ਇਹ ਦੋਵੇਂ ਅਸਲੋਂ ਇਕ ਹੀ ਹਨ। ਪਰ ਗੁਰੂ ਨਾਨਕ ਦੇਵ ਨਾਮ ਦੇ ਉਪਾਸਕ ਸਨ, ਕਿਉਂਕਿ :

> ਜਿਸ ਨਾਮ ਕਰਕੇ ਸਰਗੁਣ ਕੀ ਭੀ ਸਹਾਇਤਾ ਕਰਤਾ ਹੈ ਅਰ ਨਿਰਗੁਣ ਕਉ ਭੀ ਗਿਆਨੁ ਪ੍ਰਾਪਤਿ ਹੋਤਾ ਹੈ ਅਰੁ ਸਰਗੁਣ ਨਿਰਗੁਣ ਦੀ ਉਪਾਸਨਾ ਨਾਲੋਂ ਨਾਮ ਕੀ ਉਪਾਸਨਾ ਵਿਸੇਖ ਹੈ। ਜੈਸੇ ਸ੍ਰੀ ਰਾਮ ਜੀ ਸਮੁੰਦਰ ਥੀ ਪਾਰ ਉਤਰਨ ਲਗੇ ਹੈ, ਤਾ ਉਹ ਕਰਨ ਕਾਰਨ ਹੈਸਨ ਜੇ ਚਾਹਨ ਤਾਂ ਸਮੁੰਦ੍ਰ ਸੁਕਾਇ ਲੈਂਦੇ, ਪਰੁ ਉਨਾ ਨੇ ਵਿਚਾਰਿਆ ਜੋ ਅਸਾਨੂ ਕਿਨਾ ਵਿਰਲਿਆ ਮਿਲਣਾ ਹੈ ਅਰੁ ਨਾਮ ਕਰਕੇ ਅਨੇਕਾਂ ਕਾ ਕਲਿਆਣੁ ਹੁੰਦਾ ਤਾ ਤੇ ਨਾਮ ਦਾ ਮਹਾਤਮ ਆਪ ਥੋ ਵਿਸੇਖ ਕੀਤਾ ਹੈ, ਜੋ ਪ੍ਰਥਤਾ ਤੇ ਨਾਮੁ ਲਿਖ ਕੇ ਆਪਿ ਪਾਰਿ ਉਤਰੇ। ਸਰਗੁਣ ਥੋ ਤਾ ਨਾਮ ਇਸ਼ ਪ੍ਰਕਾਰ ਵਿਸੇਖ ਹੈ।
>
> ਬਹੁੜੋ ਨਾਮ ਨਿਰਗੁਣ ਥੀ ਭੀ ਵਿਸੇਖ ਹੈ। ਨਿਰਗੁਣ ਥੀ ਵਿਸੇਖ ਇਸ ਪ੍ਰਕਾਰ ਹੈ ਜੋ ਸਤਿ ਚਿਤਿ ਅਨੰਦ ਰੂਪ ਸਰੀਰਾ ਦੇ ਅੰਤਰਿ ਇਸ ਕਰ ਬਿਆਪਿਆ ਹੂਆ ਹੈ, ਪਰ ਨਾਮ ਕੇ ਉਚਾਰਨ ਬਿਨ ਅੰਤਹਕਰਣ ਸੁਧ ਨਹੀਂ ਹੋਤਾ, ਤਾ ਤੇ ਜੀ ਨਰਕਾ ਨੂੰ ਚਲੇ ਜਾਤੇ ਹੈ। ਜਿਨਾ ਨੇ ਨਾਮ ਕਾ ਉਚਾਰਣੁ ਕੀਆ ਹੈ ਉਨਾ ਕੇ ਅੰਤਰਕਰਣ ਸੁਧ ਹੋਏ ਹਨ। ਗਿਆਨੁ ਭੀ ਪ੍ਰਾਪਤਿ ਹੋਈ ਹੈ। ਇਸ ਕਰਕੇ ਜਨਮ ਮਰਣੁ ਉਨਾ ਕਾ ਕਟਿਆ ਜਾਂਦਾ ਹੈ, ਤਾਂ ਤੇ ਨਿਰਗੁਣ ਸਰਗੁਣ ਥੀ ਨਾਮੁ ਵਿਸੇਖ ਹੈ।

ਇਸ਼ਟ ਦਾ ਨਾਮ 'ਵਾਹਿਗੁਰੂ' ਹੈ ਅਤੇ ਵਾਹਿਗੁਰੂ ਦੇ ਨਾਮ ਜਪਣ ਉਤੇ ਬਲ ਦਿੱਤਾ ਗਿਆ ਹੈ। 14ਵੀਂ ਪਉੜੀ ਦੇ ਪ੍ਰਸੰਗ ਵਿੱਚ 'ਸੀਹਾ ਗਜਣ' ਵਾਲੀ ਸਾਖੀ ਅੰਦਰ 'ਵਾਹਿ-ਗੁਰੂ' ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ :

> ਏਹ ਜੁ 'ਵਾਹਿਗੁਰੂ' ਦਾ ਨਾਮੁ ਹੈ ਇਸ ਦੇ ਜਾਪੁ ਕਰਨ ਤੇ ਚਾਰੇ ਪਦਾਰਥ ਪ੍ਰਾਪਤ ਹੁੰਦੇ ਹੈਨਿ। ਤਾਂ ਉਨਾ ਪੁਛਿਆ ਜੀ 'ਵਾਹਿਗੁਰੂ' ਦਾ ਅਰਥੁ ਕੀ ਹੈ। ਤਾਂ ਬਾਬਾ ਬੋਲਿਆ ਜੁ ਵਵਾ ਵਾਸਦੇਵ, ਹਾਹਾ ਹਰਿ, ਗਗਾ ਗੋਬਿੰਦ, ਰਾਰਾ ਰਾਮੁ। ਇਕ ਵਾਰੀ ਦੇ ਨਾਮੁ ਜਪਣ ਕਰਿ ਚਾਰੋ ਔਤਰਾ ਦਾ ਜਾਪੁ ਹੁੰਦਾ ਹੈ। ਤੇ ਦੂਜਾ ਇਸ ਦਾ ਏਹੁ ਅਰਥ ਹੈ। 'ਵਾਹ' ਨਾਮ ਅਚਰਜ ਕਾ ਹੈ, ਤਿਸ ਦੀ ਸਤਿਆ ਕਰਿਕੇ ਸਭ ਪਦਾਰਥੁ ਜਾਤੇ ਜਾਵਨਿ, ਤੇ ਉਸ ਨੂੰ ਜਾਣ ਨਸ ਕੀਐ। ਤੇ 'ਗੋ' ਨਾਮ ਅੰਧਕਾਰ ਦਾ ਹੈ, ਤੇ 'ਰੋ' ਨਾਮ ਪ੍ਰਕਾਸ ਦਾ ਹੈ, ਜੋ ਐਸੇ ਜੜਿ ਅਨਿਤ ਦੇਹ ਨੂੰ ਜੁ ਪ੍ਰਕਾਰ ਦੇ ਰਹਿਆ ਹੈ ਉਸਦਾ ਨਾਮ ਵਾਹਿਗੁਰੂ ਹੈ, ਉਸਦੇ ਜਪਣੇ ਅਰੁ ਜਾਨਣੇ ਤੇ ਚਾਰੋ ਪਦਾਰਥ ਪ੍ਰਾਪਤਿ ਹੁੰਦੇ ਹੈਨਿ।

ਸਿੱਖ-ਧਰਮ-ਧਾਮ : ਇਸ ਰਚਨਾ ਵਿੱਚ ਸਿੱਖ-ਸਾਧਨਾ ਦਾ ਪ੍ਰਮੁੱਖ ਤੀਰਥ 'ਅੰਮ੍ਰਿਤਸਰ' ਦਸਿਆ ਗਿਆ ਹੈ। ਕਈਆਂ ਸਾਖੀਆਂ ਵਿੱਚ ਅੰਮ੍ਰਿਤਸਰ ਦੇ ਪੌਰਾਣਿਕ ਪਿਛੋਕੜ, ਮਹੱਤਵ ਅਤੇ ਉਸ ਦੇ ਦਰਸ਼ਨ ਇਸ਼ਨਾਨ ਤੋਂ ਹੋਣ ਵਾਲੀਆਂ ਅਦ੍ਰਤੀ ਪ੍ਰਾਪਤੀਆਂ ਦਾ ਉਲੇਖ ਵੀ ਕੀਤਾ ਗਿਆ ਹੈ। ਭਾਈ ਪੈੜੇ ਸੰਘਰ ਦੀ ਸਾਖੀ ਵਿੱਚ ਇਸ ਨੂੰ 'ਆਦਿ ਤੀਰਥ' ਕਿਹਾ ਗਿਆ ਹੈ :

> ਏਹੁ ਅੰਮ੍ਰਿਤਸਰ ਆਦ ਤੀਰਥੁ ਹੈ ਪਰ ਜੁਗਾ ਦੇ ਪ੍ਰਭਾਉ ਕਰ ਲੋਪ ਹੋ ਗਇਆ ਸੀ।—ਅੰਮ੍ਰਿਤਸਰ ਨਾਉ ਰਖਣਾ, ਬਡਾ ਤੀਰਥੁ ਹੋਵੇਗਾ। ਕਾਂਸੀ ਥੀ ਆਦਿ ਲੈਕਰਿ ਸਭੈ ਤੀਰਥ ਇਸ ਦੀ ਸਰਨ ਆਇ ਰਹਿਨਿਗੇ। ਕਲਜੁਗ ਹੋਰ ਕਿਸੇ ਦੀ ਸਤਿਆ

ਛਡੇਗਾ ਨਹੀਂ । ਇਸ ਦੀ ਸਰਨ ਸਭ ਤੀਰਥ ਤੇ ਸਭ ਦੇਹੁਰੇ ਤੇ ਸਭ ਧਰਮੁ ਤੇ ਤਪ ਤੀਰਥ ਸਭ ਏਥੇ ਹੀ ਆਨਿ ਨਿਵਾਸ ਕਰਨਗੇ । ਏਹੀ ਜਗਨ-ਨਾਥ ਹੋਵੇਗਾ । ਜਿਸ ਸਮੇਂ ਗੰਗਾ ਲੋਪੁ ਹੋਵੇਗੀ ਤਿਸ ਸਮੇ ਬਾਰਹਿ ਕੋਸ ਪਰਜੰਤ ਚੌਫੇਰੇ ਇਸ ਦੇ ਰਿਖਾ ਦੇ ਆਸ੍ਰਮ ਹੋਵਨਿਗੇ ।

—(ਪਉੜੀ 22)

'ਭਾਈ ਢੇਸੀ ਜੋਧ' ਦੀ ਸਾਖੀ ਵਿੱਚ ਇਸ ਨੂੰ 'ਨਿਰੰਕਾਰ ਦੀ ਪੁਰੀ' ਕਿਹਾ ਗਿਆ ਹੈ—ਏਹ ਅੰਮ੍ਰਿਤਸਰ ਨਿਰੰਕਾਰ ਦੀ ਪੁਰੀ ਹੈ । ਜਿਥੇ ਬ੍ਰਹਮੇ ਅਰੁ ਵਿਸਨੁ ਅਰੁ ਸਿਵ ਦੀ ਪੁਰੀਆ ਔਰ ਤੀਰਥ ਸਭ ਹੀ ਪਵਿਤ੍ਰ ਹੋਤੇ ਹੈ ।

—(ਪਉੜੀ 23)

'ਭਾਈ ਹਮਜਾ ਜਜਾ' ਦੀ ਸਾਖੀ ਵਿੱਚ ਦੁਖ ਭੰਜਨੀ ਵਾਲੀ ਕਥਾ ਦੇ ਸੰਦਰਭ ਵਿੱਚ ਅੰਮ੍ਰਿਤਸਰ ਦੀ ਵਡਿਆਈ ਇਸ ਤਰ੍ਹਾਂ ਕੀਤੀ ਗਈ ਹੈ :

ਇਸ ਅੰਮ੍ਰਿਤਸਰ ਜੀ ਦੇ ਦੁਆਲੇ ਦਸ ਦੁਇ ਕੋਸ ਪਰਜਤਿ ਸਭ ਤੀਰਥ ਤੀਨ ਲੋਕ ਕੇ ਕਲਜੁਗ ਥੀ ਭੈਮਾਨੁ ਹੋਏ ਆਦਿ ਨਿਵਾਸੁ ਕੀਤਾ ਹੈ । .. ਜਿਸੁ ਅਸਥਾਨੁ ਗੁਰੂ ਰਾਮਦਾਸ ਦਾ ਸਰੀਰ ਹੋਮਿਆ ਹੈ ਉਥੇ ਹੀ ਹਰਿਮੰਦਰੁ ਖੜਾ ਕਰਨਾ । ਗੁਰੂ ਰਾਮਦਾਸ ਜੀ ਵਿਸਨ ਰੂਪੁ ਹੈਨਿ ਤੇ ਵਿਸਨਿ ਕਾ ਨਾਮੁ ਹਰਿ ਭੀ ਕਹਿਦੇ ਹੈਨਿ ਤਾਂ ਤੇ ਇਸ ਦਾ ਨਾਮੁ ਹਰਿਮੰਦਰੁ ਹੈ ।

—(ਪਉੜੀ 23)

'ਸਾਂਈ ਦਿਤਾ ਸੈਦੋ' ਦੀ ਸਾਖੀ ਵਿਚ ਲਿਖਿਆ ਹੈ :

ਇਸ ਦੇ ਦੁਆਲੇ ਜੋ ਅੰਮ੍ਰਿਤਸਰ ਹੋਵੇਗਾ ਤੇ ਲਾਹੌਰ ਤੀਕਰ ਬਜਾਰ ਹੋਵਨਿਗੇ ਤੇ ਸਬਦ ਰੂਪੀ ਅੰਮ੍ਰਿਤ ਵੰਡੀਐਗਾ, ਤਾਂ ਅੰਮ੍ਰਿਤਸਰੁ ਸਿਫਤੀ ਦਾ ਘਰੁ ਹੋਵੇਗਾ ।

—(ਪਉੜੀ 24)

ਅੰਮ੍ਰਿਤਸਰ ਤੋਂ ਇਲਾਵਾ ਤਰਨਤਾਰਨ, ਸੰਤੋਖਸਰ, ਬਿਬੇਕਸਰ, ਟਾਮਸਰ ਦੀ ਮਹਾਨਤਾ ਉਤੇ ਪ੍ਰਕਾਸ਼ ਪਾਇਆ ਗਿਆ ਹੈ । ਗੁਰੂ ਗ੍ਰੰਥ ਸਾਹਿਬ ਦੇ ਮਹੱਤਵ ਨੂੰ ਵੀ ਥਾਂ ਥਾਂ ਦਰਸਾ-ਇਆ ਗਿਆ ਹੈ ਅਤੇ ਸਿੱਖਾਂ ਲਈ ਗ੍ਰੰਥ ਸਾਹਿਬ ਦਾ ਦਰਸ਼ਨ ਕਰਨਾ ਲਾਜ਼ਮੀ ਕਿਹਾ ਗਿਆ ਹੈ । ਇਨ੍ਹਾਂ ਹੀ ਪ੍ਰਸੰਗਾਂ ਵਿੱਚ ਗ੍ਰੰਥ ਸਾਹਿਬ ਦੇ ਸੰਪਾਦਨ-ਕ੍ਰਮ, ਬਾਬੇ ਮੋਹਨ ਤੋਂ ਪੋਥੀਆਂ ਲਿਆਣੀਆਂ, ਭਗਤ ਬਾਣੀ ਨੂੰ ਸ਼ਾਮਲ ਕਰਨਾ ਅਤੇ ਬੀੜ ਤਿਆਰ ਕਰਨਾ, ਆਦਿ ਅਨੇਕ ਪੱਖਾਂ ਦੀ ਚਰਚਾ ਹੋਈ ਹੈ ।

ਉਪਰੋਕਤ ਵਿਸ਼ਿਆਂ ਤੋਂ ਇਲਾਵਾ ਕੁਝ ਪ੍ਰਸੰਗਿਕ ਜਾਂ ਗੌਣ ਵਿਸ਼ਿਆਂ ਦੀ ਵੀ ਇਸ ਕ੍ਰਿਤੀ ਵਿੱਚ ਚਰਚਾ ਹੋਈ ਹੈ, ਜਿਵੇਂ 13ਵੀਂ ਪਉੜੀ ਦੇ ਪ੍ਰਸੰਗ ਦੀ ਮਰਦਾਨੇ ਵਾਲੀ ਸਾਖੀ ਵਿੱਚ ਪੰਜ ਨਮਾਜ਼ਾਂ ਦਾ ਵਿਸ਼ਲੇਸ਼ਣ, ਦੌਲਤ ਖਾਂ ਲੋਦੀ ਵਾਲੀ ਸਾਖੀ ਵਿੱਚ ਖੁਆਜਾ ਖਿਜ਼ਰ ਦੀ ਚਰਚਾ, 14ਵੀਂ ਪਉੜੀ ਦੇ ਪ੍ਰਸੰਗ ਵਿੱਚ ਬੂੜੇ ਬੁਢੇ ਵਾਲੀ ਸਾਖੀ ਅੰਦਰ ਚਾਰ ਬਾਣੀਆਂ ਦੀ ਚਰਚਾ, 15ਵੀਂ ਪਉੜੀ ਦੇ ਪ੍ਰਸੰਗ ਦੀ ਲਾਲੂ ਦੁਰਗਾ ਜੀਵੰਦ ਵਾਲੀ ਸਾਖੀ ਅੰਦਰ ਤਿੰਨ ਪ੍ਰਕਾਰ ਦੇ ਪਰਉਪਕਾਰ ਦਾ ਵਿਵਰਣ, 23ਵੀਂ ਪਉੜੀ ਦੇ ਪ੍ਰਸੰਗ ਦੀ 'ਭਾਈ ਮੰਝ' ਵਾਲੀ ਸਾਖੀ ਵਿੱਚ ਸਖੀ ਸ਼ਰਵਰ ਦੀ ਉਪਾਸਨਾ ਦੀ ਨਿਖੇਧੀ ਅਤੇ 'ਭਾਈ ਹਮਜਾ ਜਜਾ' ਦੀ ਸਾਖੀ ਵਿੱਚ ਪ੍ਰਣਾਮਵਾਦ ਅਤੇ ਵਿਵਰਤਵਾਦ ਦੀ ਚਰਚਾ 29ਵੀਂ ਪਉੜੀ ਦੇ ਪ੍ਰਸੰਗ ਵਿੱਚ 'ਭਾਈ

ਤਖਤ ਧੀਰ' ਵਾਲੀ ਸਾਖੀ ਅੰਦਰ ਕਥਾ–ਵਕਤਾ ਦੇ ਗੁਣ, ਆਦਿ। ਕਿਤੇ ਕਿਤੇ ਸਾਧੂ ਗੁਰੂ ਦੀ ਪਰਿਭਾਸ਼ਾ ਅਤੇ ਭੇਦਾਂ ਤੇ ਪ੍ਰਕਾਸ਼ ਪਾਇਆ ਗਿਆ ਹੈ ਅਤੇ ਕਿਤੇ ਮਾਇਆ ਦੇ ਗੁਣ ਦਸੇ ਗਏ ਹਨ।

ਵਿਸ਼ੇ-ਵਸਤੂ ਸੰਬੰਧੀ ਇਸ ਵਿਸ਼ਲੇਸ਼ਣ ਤੋਂ ਬਾਦ ਭਲੀ ਭਾਂਤ ਸਪੱਸ਼ਟ ਹੈ ਕਿ ਲੇਖਕ ਦਾ ਉੱਦੇਸ਼ ਸਿੱਖੀ ਦੀ ਰਹਿਤ ਮਰਯਾਦਾ ਨੂੰ ਸਪੱਸ਼ਟ ਕਰਨਾ ਸੀ। ਸਿੱਖ ਧਰਮ ਵਿੱਚ ਦੇਹਧਾਰੀ ਗੁਰੂਆਂ ਤੋਂ ਬਾਦ ਜਿਗਿਆਸੂਆਂ ਦੇ ਮਨ ਵਿੱਚ ਪੈਦਾ ਹੋਣ ਵਾਲੇ ਸ਼ੰਕਿਆਂ ਜਾਂ ਨਿੱਤ ਦੀਆਂ ਅਧਿਆਤਮਿਕ ਸਮੱਸਿਆਵਾਂ ਦਾ ਹਲ ਲਭਣਾ ਬੜਾ ਜ਼ਰੂਰੀ ਸੀ। ਇਸੇ ਉਦੇਸ਼ ਤੋਂ ਪਹਿਲਾਂ ਸ਼ੰਕੇ/ਸਮੱਸਿਆਵਾਂ ਪੇਸ਼ ਕਰਕੇ ਦੇਹਧਾਰੀ ਗੁਰੂ ਤੋਂ ਹੀ ਉਨ੍ਹਾਂ ਦੇ ਉੱਤਰ ਦਿਵਾਏ ਗਏ ਹਨ ਤਾਂ ਜੋ ਉਹ ਪ੍ਰਮਾਣਪ੍ਰਸ਼ਟ ਹੋ ਸਕਣ। ਇਸ ਦੇ ਨਾਲ ਹੀ ਦਸਵੇਂ ਗੁਰੂ ਤੋਂ ਬਾਦ ਗੁਰੂ ਪਰੰਪਰਾ ਦੀ ਕੀ ਅਵਸਥਾ ਹੋਵੇਗੀ ਅਤੇ ਕਿਹੜਾ ਕੇਂਦਰੀ ਧਰਮ-ਧਾਮ ਹੋਵੇਗਾ, ਇਸ ਲਈ ਅੰਮ੍ਰਿਤਸਰ ਦੇ ਮਹੱਤਵ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਡਿਆਈ ਨੂੰ ਬੜੀ ਰੁਚੀ ਨਾਲ ਚਿਤਰਿਆ ਗਿਆ ਹੈ। ਇਨ੍ਹਾਂ ਸਾਖੀਆਂ ਦੇ ਅਧਿਐਨ ਅਤੇ ਪਠਨ-ਪਾਠਨ ਨਾਲ ਉਸ ਕਾਲ ਦੇ ਸਿੱਖਾਂ ਉਤੇ ਵਿਸ਼ੇਸ਼ ਪ੍ਰਭਾਵ ਪਿਆ ਹੋਵੇਗਾ, ਇਸ ਵਿੱਚ ਸੰਦੇਹ ਨਹੀਂ। ਸਮੁੱਚੇ ਤੌਰ ਤੇ ਇਹ ਮਨੋਰਥ-ਸਿੱਧ ਰਚਨਾ ਕਹੀ ਜਾ ਸਕਦੀ ਹੈ।

ਵਸਤੂ-ਵਿਧਾਨ : ਜਿਹਾ ਕਿ ਪਿਛੇ ਦਸਿਆ ਜਾ ਚੁੱਕਾ ਹੈ, ਇਹ ਰਚਨਾ ਭਾਈ ਗੁਰਦਾਸ ਦੀ ਯਾਰ੍ਹਵੀਂ ਵਾਰ ਤੇ ਆਧਾਰਿਤ ਹੈ। ਯਾਰ੍ਹਵੀਂ ਵਾਰ ਵਿੱਚ ਕੁਲ 31 ਪਉੜੀਆਂ ਹਨ, ਜਿਨ੍ਹਾਂ ਵਿਚੋਂ ਪਹਿਲੀਆਂ 12 ਪਉੜੀਆਂ ਵਿੱਚ ਗੁਰੂ, ਸਤਿਗੁਰੂ, ਗੁਰਮੁਖ, ਗੁਰਸਿਖ, ਗੁਰ–ਸਿੱਖੀ, ਪ੍ਰੇਮ, ਏਕਤਾ, ਗੁਰੂ-ਸਿੱਖ ਸੰਧੀ ਆਦਿ ਪੱਖਾਂ ਤੇ ਭਾਈ ਗੁਰਦਾਸ ਨੇ ਪ੍ਰਕਾਸ਼ ਪਾਇਆ ਹੈ ਅਤੇ ਟੀਕਾਕਾਰ ਨੇ ਉਨ੍ਹਾਂ ਹੀ ਪੱਖਾਂ ਦਾ ਵਾਰਤਕ ਵਿੱਚ ਵਿਵਰਣ ਦੇ ਦਿੱਤਾ ਹੈ। ਇਸ ਪਿਛੋਂ 13ਵੀਂ ਤੋਂ 31ਵੀਂ ਪਉੜੀ ਤਕ ਪਹਿਲੇ ਤੋਂ ਛੇਵੇਂ ਗੁਰੂ ਤੱਕ ਦੇ ਸਿੱਖਾਂ ਦੀ ਨਾਮਾਵਲੀ ਪੇਸ਼ ਕੀਤੀ ਗਈ ਹੈ। ਪ੍ਰਸਤੁਤ ਰਚਨਾ ਦੇ ਲੇਖਕ ਨੇ ਨਾਮਾਵਲੀ ਵਿਚਲੇ ਹਰ ਇਕ ਸਿੱਖ ਦੇ ਨਾਂ ਨਾਲ ਸਾਖੀ ਦੀ ਯੋਜਨਾ ਕੀਤੀ ਹੈ, ਕਈ ਇਕ ਸਾਖੀਆਂ ਵਿੱਚ ਇਕ ਤੋਂ ਵੱਧ ਸਿੱਖ ਵੀ ਸ਼ਾਮਲ ਹਨ। ਇਨ੍ਹਾਂ ਸਾਖੀਆਂ ਵਿੱਚ ਚਿੱਤਰੇ ਸਿੱਖਾਂ ਦੇ ਜੀਵਨ ਦੇ ਕਿਸੇ ਪੱਖ ਜਾਂ ਮੁੱਖ ਘਟਨਾ ਨੂੰ ਕਿਤੇ ਵੀ ਚਿੱਤਰਿਆ ਨਹੀਂ ਗਿਆ, ਸਗੋਂ ਉਨ੍ਹਾਂ ਵਲੋਂ ਕਿਸੇ ਸ਼ੰਕੇ ਨੂੰ ਪ੍ਰਗਟਾ ਕੇ ਉਸ ਦਾ ਸਮਾਧਾਨ ਗੁਰੂ ਸਾਹਿਬ ਤੋਂ ਕਰਵਾਇਆ ਗਿਆ ਹੈ। ਇਹ ਪੁੱਛਾਂ ਲੇਖਕ ਦੀ ਆਪਣੀ ਰੁਚੀ ਅਨੁਸਾਰ ਹਨ। ਅਜਿਹਾ ਸੱਚਮੁਚ ਸਿੱਖਾਂ ਦੇ ਜੀਵਨ ਵਿੱਚ ਘਟਿਤ ਹੋਇਆ ਹੋਵੇਗਾ, ਇਸ ਦਾ ਪ੍ਰਮਾਣ ਹੁਣ ਉਪਲਬਧ ਨਹੀਂ, ਪਰ ਇਤਨਾ ਜ਼ਰੂਰ ਹੈ ਕਿ ਉਸ ਵੇਲੇ ਤਕ ਪ੍ਰਚਲਿਤ ਸਾਖੀਵਾਰਤਾ ਨੂੰ ਇਸ ਰਚਨਾ ਵਿੱਚ ਸੰਭਾਲ ਲਿਆ ਗਿਆ ਹੈ। ਇਨ੍ਹਾਂ ਸਾਖੀਆਂ ਤੋਂ ਸਿਵਾ ਯਾਰ੍ਹਵੀ ਵਾਰ ਵਿੱਚ ਸੂਚਿਤ ਸਿੱਖਾਂ ਬਾਰੇ ਜਾਣਨ ਦਾ ਹੋਰ ਕੋਈ ਸਰੋਤ ਨਹੀਂ ਹੈ।

ਨਾਮਾਵਲੀ ਵਾਲੀਆਂ ਪਉੜੀਆਂ ਦਾ ਵਿਸ਼ਲੇਸ਼ਣ ਕਰਦਿਆਂ ਪਹਿਲੀ ਪਾਤਸ਼ਾਹੀ ਦੇ 14 ਸਿੱਖਾਂ ਦੀਆਂ ਸਾਖੀਆਂ, ਦੂਜੀ ਦੇ 11, ਤੀਜੀ ਦੇ 1, ਚੌਥੀ ਦੇ 6, ਪੰਜਵੀਂ ਦੇ 67 ਅਤੇ ਛੇਵੀਂ ਦੇ 23 ਸਿੱਖਾਂ ਦੀਆਂ ਸਾਖੀਆਂ ਦਰਜ ਹੋਈਆਂ ਹਨ। ਇਸ ਤਰ੍ਹਾਂ ਇਹ ਸਾਰੀਆਂ ਸਾਖੀਆਂ ਛੇ ਹਿੱਸਿਆਂ ਵਿੱਚ ਵੰਡ ਕੇ ਇਸ ਪੁਸਤਕ ਦਾ ਮੱਧ ਪੂਰਾ ਕਰਦੀਆਂ ਹਨ। ਪਰ ਕੁਝ ਹੱਥ-ਲਿਖਤਾਂ ਵਿੱਚ ਭਾਈ ਗੁਰਦਾਸ ਦੀ ਵਾਰ ਤੋਂ ਹਟ ਕੇ ਅੰਤ ਤੇ ਦਸ ਸਾਖੀਆਂ ਹੋਰ

ਵੀ ਦਿੱਤੀਆਂ ਗਈਆਂ ਹਨ । ਇਨ੍ਹਾਂ ਸਾਖੀਆਂ ਵਿਚੋਂ ਇਕ ਦਾ ਸੰਬੰਧ ਸੱਤਵੀਂ ਪਾਤਸ਼ਾਹੀ ਨਾਲ, ਇਕ ਦਾ ਨੌਵੀਂ ਪਾਤਸ਼ਾਹੀ ਨਾਲ ਅਤੇ ਅੱਠ ਦਾ ਦਸਵੀਂ ਪਾਤਸ਼ਾਹੀ ਨਾਲ ਹੈ । ਅਸਲੋਂ ਇਹ ਵਾਧੂ ਅੰਸ਼ ਪ੍ਰਤੀਤ ਹੁੰਦਾ ਹੈ ਜੋ ਯਾਰ੍ਹਵੀਂ ਵਾਰ ਦੇ ਟੀਕਾ ਕਰਨ ਦੇ ਮੂਲ ਉਦੇਸ਼ ਤੋਂ ਬਾਹਰ ਦੀ ਗੱਲ ਹੈ ।

ਇਨ੍ਹਾਂ ਸਾਖੀਆਂ ਦਾ ਵਿਧਾਨ ਇਸ ਢੰਗ ਨਾਲ ਹੋਇਆ ਹੈ ਕਿ ਹਰ ਸਾਖੀ ਦਾ ਪੁਸਤਕ ਦੇ ਵਿਕਾਸ-ਕ੍ਰਮ ਵਿੱਚ ਵੀ ਮਹੱਤਵ ਹੈ ਅਤੇ ਸੁਤੰਤਰ ਵੀ । ਇਨ੍ਹਾਂ ਸਭ ਦਾ ਸੰਬੰਧ ਸਿੱਖੀ ਦੇ ਸਰੂਪ ਅਤੇ ਮਰਯਾਦਾ ਨਾਲ ਹੈ ਅਤੇ ਇਨ੍ਹਾਂ ਦੀ ਚੋਣ ਆਪਣੇ ਉਦਿਸ਼ਟ ਫਲ ਦੀ ਸਿੱਧੀ ਲਈ ਕੀਤੀ ਗਈ ਹੈ । ਫਲ ਦੀ ਪ੍ਰਾਪਤੀ ਦਾ ਕਾਰਣ ਇਨ੍ਹਾਂ ਵਿੱਚ ਇਕ ਵਿਸ਼ਿਸ਼ਟ ਏਕਤਾ ਹੈ ਕਿਉਂਕਿ ਸਾਰੀਆਂ ਸਾਖੀਆਂ ਮੁੱਖ ਕਾਰਜ ਵਿੱਚ ਸਹਾਇਕ ਹਨ । ਇਸ ਰਚਨਾ ਦਾ ਮੁੱਖ ਕਾਰਜ 'ਸਿੱਖੀ ਦੀ ਮਰਯਾਦਾ' ਜਾਂ 'ਸਿੱਖੀ ਦੀ ਰਹਿਣੀ' ਨੂੰ ਸਪੱਸ਼ਟ ਕਰਨਾ ਹੈ । ਇਸ ਮੁੱਖ ਕਾਰਜ ਵਿੱਚ ਸਾਰੀਆਂ ਸਾਖੀਆਂ ਆਪਣਾ ਸਹਿਯੋਗ ਦਿੰਦੀਆਂ ਹਨ । ਕੋਈ ਵੀ ਸਾਖੀ ਇਸ ਮੰਗਲ-ਸੂਤਰ ਨੂੰ ਤੋੜਦੀ ਪ੍ਰਤੀਤ ਨਹੀਂ ਹੁੰਦੀ । ਹਰ ਸਾਖੀ, ਬਿਨਾ ਆਪਣਾ ਸਾਖੀ-ਦਾਇਰਾ ਛਡ ਕੇ ਦੂਜੀ ਸਾਖੀ ਦੇ ਦਾਇਰੇ ਵਿੱਚ ਪ੍ਰਵੇਸ਼ ਕਰਨ ਤੋਂ, ਫਲਾਗਮ ਦੀ ਸਥਿਤੀ ਪੈਦਾ ਕਰਨ ਵਿੱਚ ਯਥਾ-ਸੰਭਵ ਸਹਾਇਕ ਹੈ । ਪਰ ਇਨ੍ਹਾਂ ਸਾਖੀਆਂ ਵਿੱਚ ਸਮੇਂ ਅਤੇ ਸਥਾਨ ਦੀ ਕੋਈ ਏਕਤਾ ਨਹੀਂ । ਸਮੇਂ ਅਤੇ ਸਥਾਨ ਵਿੱਚ ਵਾਪਰ ਕੇ ਵੀ ਅਧਿਕਾਂਸ਼ ਸਾਖੀਆਂ ਇਨ੍ਹਾਂ ਤੋਂ ਮੁਕਤ ਹਨ । ਉਹ ਇਨ੍ਹਾਂ ਦੀ ਅਧੀਨਗੀ ਵਿੱਚ ਨਹੀਂ ਬਝਦੀਆਂ । ਇਨ੍ਹਾਂ ਵਿਚੋਂ ਭਾਵੇਂ ਕੋਈ ਸਾਖੀ ਕਢ ਲਵੋ ਭਾਵੇਂ ਕੋਈ ਹੋਰ ਪਾ ਦਿਉ, ਜਾਂ ਕਿਸੇ ਦਾ ਸਥਾਨ ਪਰਿਵਰਤਨ ਕਰ ਦਿਉ, ਕੋਈ ਫਰਕ ਨਹੀਂ ਪੈਂਦਾ । ਇਨ੍ਹਾਂ ਦੀ ਚੋਣ 'ਸਿੱਖੀ ਦਾ ਸਰੂਪ' ਨਿਸ਼ਚਿਤ ਕਰਨ ਲਈ ਕੀਤੀ ਗਈ ਹੈ ਅਤੇ ਇਨ੍ਹਾਂ ਦਾ ਪ੍ਰਭਾਵ ਸੁਖਾਵਾਂ ਅਤੇ ਸਫਲ ਹੈ, ਇਸ ਲਈ ਇਨ੍ਹਾਂ ਦੀ ਚੋਣ ਉਦੇਸ਼ ਸਹਿਤ ਅਤੇ ਮੰਤਵ-ਯੁਕਤ ਹੈ ।

ਇਨ੍ਹਾਂ ਸਾਖੀਆਂ ਦਾ ਲਿਖਣ ਢੰਗ ਇਕ ਖਾਸ ਪੈਟਰਨ ਤੇ ਹੋਇਆ ਹੈ । ਹਰ ਸਾਖੀ ਵਿੱਚ ਸਿੱਖ ਜਿਗਿਆਸੂ ਵਲੋਂ ਸ਼ੰਕਾ ਪ੍ਰਗਟਾਈ ਗਈ ਹੈ, ਜਿਵੇਂ :

(1) "ਪਾਰੋ ਜੁਲਕਾ ਗੁਰੂ ਅੰਗਦ ਜੀ ਦੇ ਪਾਸ ਆਇਆ । ਆਇ ਕੈ ਅਰਦਾਸ ਕੀਤੀ ਜੀ ਗਰੀਬ ਨਿਵਾਜ, ਪਰਮਹੰਸ ਕੈਸੇ ਹੋਤੇ ਹੈਨਿ । ਬਚਨ ਹੋਇਆ, ਭਾਈ ਪਾਰੋ, ਤੈਨੂੰ ਅਸੀਂ ਪਰਮਹੰਸਾਂ ਦੀ ਸਾਖੀ ਸੁਣਾਉਂਦੇ ਹਾਂ ।"

(2) "ਭਾਈ ਬੁਲਾ ਤੇ ਭਾਈ ਧਾਵਣੇ ਤੇ ਭਾਈ ਚੰਦੂ ਚਉਝੜ, ਭਾਈ ਰਾਮਦਾਸ ਭੰਡਾਰੀ, ਭਾਈ ਬਾਲਾ ਤੇ ਭਾਈ ਸਾਈ ਦਾਸ ਗੁਰੂ ਜੀ ਦੀ ਸਰਣਿ ਆਏ । ਤਾਂ ਉਨਾਂ ਅਰਦਾਸ ਕੀਤੀ ਜੀ ਗਰੀਬ ਨਿਵਾਜ, ਏਹੁ ਜੋ ਜੀਵ ਕਰਮ ਕਰਦੇ ਹੈਨਿ ਤੇ ਧਰਮ ਰਾਇ ਦੇ ਪਾਸ ਪਾਪਾਂ ਪੁੰਨਾਂ ਦਾ ਲੇਖਾ ਹੁੰਦਾ ਹੈ ਤਾ ਪਾਪਾਂ ਤੇ ਪੁੰਨਾਂ ਦਾ ਨਿਆਰਾ ਨਿਆਰਾ ਫਲ ਹੁੰਦਾ ਹੈ ਕਿ ਲੇਖਾ ਪਾਪਾਂ ਪੁੰਨਾਂ ਕਰ ਕੇ ਜਿਸ ਕੇ ਪੁੰਨ ਵਿਸੇਸ ਹੋਵਨਿ ਤਾ ਪਾਪਾਂ ਘਟ ਹੋਵਨਿ ਤਾ ਪਾਪਾ ਵਿਚੋਂ ਕਟਿਕੈ ਤੇ ਵਸੇਖ ਪੁੰਨਾਂ ਦਾ ਲੇਖਾ ਉਨਾ ਨੂ ਸੁਖ ਮਿਲਦਾ ਹੈ । ਏਹ ਅਸਾਨੂ ਨਿਰਨੇ ਕਰ ਕੇ ਦਸੋ । ਤਾ ਬਚਨੁ ਹੋਇਆ । ਚਾਰ ਪ੍ਰਕਾਰ ਕੇ ਸਿਖ ਹੈਨਿ ।"

ਇਸ ਤਰ੍ਹਾਂ ਪਹਿਲਾਂ ਸਿੱਖ ਗੁਰੂ ਜੀ ਪਾਸ ਆਉਂਦੇ ਹਨ, ਅਰਦਾਸ/ਬੇਨਤੀ ਦੇ ਰੂਪ ਵਿੱਚ ਆਪਣੀ ਜਿਗਿਆਸਾ ਰਖਦੇ ਹਨ ਅਤੇ ਗੁਰੂ ਜੀ ਵਲੋਂ ਉੱਤਰ ਦਿੱਤਾ ਜਾਂਦਾ ਹੈ । ਕਈ

ਵਾਰ ਜ਼ਿਆਦਾ ਸਪੱਸ਼ਟਤਾ ਲਈ ਉੱਤਰ-ਪ੍ਰਤਿ-ਉੱਤਰ ਵੀ ਚਲਦੇ ਹਨ। ਜਿਥੇ ਜਿਗਿਆਸਾ ਸਾਧਾਰਣ ਹੈ ਅਤੇ ਕਿਸੇ ਤਰਕ, ਕਥਾ ਜਾਂ ਵਾਰਤਾ ਦੇ ਪ੍ਰਮਾਣਾਂ ਜਾਂ ਵਿਸ਼ਲੇਸ਼ਣ ਦੀ ਲੋੜ ਨਹੀਂ, ਉਥੇ ਸਾਖੀ ਸੰਖਿਪਤ ਅਤੇ ਸਿੱਧੀ ਹੈ, ਪਰ ਜਿਥੇ ਵਿਸਤਾਰ ਦੀ ਲੋੜ ਹੈ, ਉਥੇ ਕਥਾ-ਪ੍ਰਸੰਗ ਵਧਾਇਆ ਗਿਆ ਹੈ ਅਤੇ ਇਸੇ ਵਿਸਤਾਰ ਵਿੱਚ ਕਈ ਸਿੱਧਾਂਤਿਕ ਅਤੇ ਸਾਧਨਾਤਮਕ ਤੱਥਾਂ ਦਾ ਵਿਸ਼ਲੇਸ਼ਣ ਵੀ ਹੋ ਗਿਆ ਹੈ। ਕਿਤੇ ਕਿਤੇ ਟੂਕਾਂ ਦੇ ਕੇ ਉਨ੍ਹਾਂ ਦੀ ਵਿਆਖਿਆ ਵੀ ਕੀਤੀ ਗਈ ਹੈ।

ਹਰ ਸਾਖੀ ਦਾ ਉਪਸੰਹਾਰ ਜਾਂ ਸਮਾਪਨ ਵੀ ਇਕੋ ਜਿਹੇ ਪੈਟਰਨ ਉਪਰ ਹੋਇਆ ਹੈ। ਗੁਰੂ ਸਾਹਿਬ ਦੇ ਪ੍ਰਵਚਨ ਨੂੰ ਮੰਨਣ ਨਾਲ ਹੀ ਸਿੱਖਾਂ ਦਾ ਉਧਾਰ ਹੋਇਆ ਦਸਿਆ ਗਿਆ ਹੈ। ਲੇਖਕਾਂ ਦਾ ਉੱਦੇਸ਼ ਸਿੱਖੀ ਮਰਯਾਦਾ ਦੀ ਪਾਲਣਾ ਹੈ ਅਤੇ ਕਿਸੇ ਨੁਕਤੇ ਨੂੰ ਸਾਹਮਣੇ ਲਿਆ ਕੇ ਅਤੇ ਉਸ ਦਾ ਅਨੁਸਰਣ ਕਰਾ ਕੇ ਸਿੱਖ ਦਾ ਉਧਾਰ ਹੋਇਆ ਦਸਿਆ ਗਿਆ ਹੈ। ਇਸ ਤਰ੍ਹਾਂ ਇਹ ਨੁਕਤੇ ਅਨੁਕਰਣ ਯੋਗ ਬਣਾਏ ਗਏ ਹਨ। ਹਰ ਸਾਖੀ ਦੇ ਅੰਤ ਵਿੱਚ ਆਉਂਦਾ ਹੈ ਕਿ :

(1) "ਨਾਮੁ ਕੈਸਾ ਹੈ। ਕਲਜੁਗ ਵਿਖੇ ਜਹਾਜੁ ਹੈ। ਏਹੋ ਤੁਸਾਡਾ ਉਧਾਰੁ ਕਰੇਗਾ। ਸੋ ਉਨਾ ਦਾ ਕਲਿਆਣੁ ਇਸੇ ਕਰਿਕੇ ਹੋਆ।"

(2) "ਤਾਂ ਭਾਈ ਜਗਾ ਵਿਚੇ ਗ੍ਰਿਸਤ ਦੇ ਸਿਖਾ ਦੀ ਸੇਵਾ ਟਹਿਲ ਕਰੇ, ਉਸਦਾ ਉਧਾਰੁ ਏਸੇ ਕਰਿ ਹੋਇਆ।"

(3) "ਤਾਂ ਭਾਈ ਬਢੇ ਪੰਜਵੀਂ ਪਾਤਸ਼ਾਹੀ ਤੀਕਰੁ ਆਪਣਾ ਸਰੀਰੁ ਭੀ ਰਖਿਆ ਤੇ ਟਹਿਲ ਭੀ ਕਰਦਾ ਰਹਿਆ। ਉਸ ਦਾ ਇਸੇ ਕਰਿ ਉਧਾਰ ਹੋਆ।"

ਇਸ ਤਰ੍ਹਾਂ ਸਾਖੀਆਂ ਲਿਖਣ ਦਾ ਪੈਟਰਨ ਲਗਭਗ ਇਕ ਸਮਾਨ ਹੈ। ਹਰ ਸਾਖੀ ਦਾ ਆਰੰਭ ਸਿੱਖ ਦੇ ਨਾਂ ਉਪਰੰਤ ਜਿਗਿਆਸਾ ਸੂਚਕ ਹੈ ਅਤੇ ਅੰਤ ਗੁਰੂ ਉਪਦੇਸ਼ (ਸਿੱਖੀ ਮਰ-ਯਾਦਾ) ਦੀ ਪਾਲਣਾ ਨਾਲ ਕਲਿਆਣਕਾਰੀ ਹੈ।

ਇਸ ਰਚਨਾ ਦੀ ਰੋਚਕਤਾ ਆਦਿ ਤੋਂ ਅੰਤ ਤਕ ਸ਼ਰਧਾਲੂ ਪਾਠਕਾਂ ਦੇ ਵਰਗ ਲਈ ਕਾਇਮ ਰਹੀ ਹੈ। ਹਰ ਜਿਗਿਆਸੂ ਦਾ ਪ੍ਰਸ਼ਨ ਬੜਾ ਸੰਜਮ ਭਰਿਆ ਅਤੇ ਆਜਜ਼ੀ ਵਾਲੇ ਭਾਵ ਦਾ ਸੂਚਕ ਹੈ, ਨਿਮਰਤਾ ਨਾਲ ਹਰ ਗੱਲ ਕਹੀ ਗਈ ਹੈ। ਜਿਥੇ ਪਹਿਲੇ ਉੱਤਰ ਨਾਲ ਲੋੜੀਂਦੀ ਸਪੱਸ਼ਟਤਾ ਪ੍ਰਾਪਤ ਨਹੀਂ ਹੁੰਦੀ, ਉਥੇ ਪ੍ਰਸ਼ਨਾਵਲੀ ਨੂੰ ਅੱਗੇ ਤੋਰਿਆ ਗਿਆ ਹੈ। ਥਾਂ ਥਾਂ ਤੇ ਸਿੱਧਾਂਤਿਕ ਤੱਥਾਂ ਰਾਹੀਂ ਗਿਆਨ ਦੀਆਂ ਗੱਲਾਂ ਕਰਕੇ ਵਿਸ਼ੇ ਸੰਬੰਧੀ ਜਾਣਕਾਰੀ ਵਿੱਚ ਵਾਧਾ ਕੀਤਾ ਗਿਆ ਹੈ। ਜਿਥੇ ਦਾਰਸ਼ਨਿਕ ਪ੍ਰਸੰਗਾਂ ਦੇ ਲੰਮੇ ਹੋਣ ਕਰਕੇ ਅਕੇਵਾਂ ਮਹਿਸੂਸ ਹੋਣ ਲਗਦਾ ਹੈ, ਉਥੇ ਗੁਰਬਾਣੀ ਜਾਂ ਹੋਰ ਕੋਈ ਟੂਕ ਦੇ ਕੇ ਵਾਤਾਵਰਣ ਸੁਖਾਵਾਂ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਰੋਚਕਤਾ ਕਾਇਮ ਰਹੀ ਹੈ।

ਸਾਰਾਂਸ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਿੱਖੀ ਦੀ ਨਿਯਮਾਵਲੀ ਨੂੰ ਸ਼ਾਸਤ੍ਰੀ ਵਿਧੀ ਰਾਹੀਂ ਪੇਸ਼ ਨਾ ਕਰ ਕੇ ਲੇਖਕ ਨੇ ਸੁੰਦਰ ਸਾਖੀ-ਵਿਧਾ-ਮਾਰਗ ਤੋਂ ਹਰ ਨਿਯਮ ਨੂੰ ਲੰਘਾ ਕੇ ਅਨੁਕਰਣ ਲਈ ਪ੍ਰੇਰਣਾਤਮਕਤਾ ਪ੍ਰਦਾਨ ਕੀਤੀ ਹੈ। ਨਿਸ਼ਚੇ ਹੀ ਲੇਖਕ ਨੇ ਪ੍ਰਤਿਪਾਦਿਤ ਵਿਸ਼ੇ ਨੂੰ ਬੜੀ ਸੁਚੱਜਤਾ ਨਾਲ ਪੇਸ਼ ਕਰਕੇ ਆਪਣੀ ਰਚਨਾ ਨੂੰ ਸੁੰਦਰ ਅਤੇ ਅਰਥਪੂਰਣ ਕ੍ਰਿਤੀ ਬਣਾਇਆ ਹੈ।

ਪ੍ਰਕਰਣ 4

ਅਭਿਵਿਅਕਤੀ ਦਾ ਸਰੂਪ

ਹਰ ਇਕ ਵਿਅਕਤੀ ਵਿੱਚ ਸੁਭਾ-ਗਤ ਕੁਝ ਨਾ ਕੁਝ ਅੰਤਰ ਹੁੰਦਾ ਹੈ ਅਤੇ ਇਹ ਅੰਤਰ ਉਸ ਦੇ ਕ੍ਰਿਤਾਂ ਜਾਂ ਵਿਵਹਾਰਾਂ ਤੋਂ ਸਦਾ ਪ੍ਰਗਟ ਹੋ ਕੇ ਉਸ ਨੂੰ ਹੋਰਨਾਂ ਨਾਲੋਂ ਨਖੇੜਦਾ ਰਹਿੰਦਾ ਹੈ। ਸਾਹਿੱਤ-ਸਾਧਨਾ ਵੀ ਲੇਖਕ ਦੀ ਵਿਅਕਤੀਗਤ ਭਾਵ-ਅਭਿਵਿਅਕਤੀ ਹੈ। ਇਸ ਵਿੱਚ ਉਸ ਦਾ ਆਪਣਾ ਨਵੇਕਲਾਪਣ ਮੌਜੂਦ ਰਹਿੰਦਾ ਹੈ। ਇਹੀ ਉਸ ਦੀ ਸ਼ੈਲੀ ਹੈ ਜੋ ਹੋਰਨਾਂ ਲੇਖਕਾਂ ਨਾਲੋਂ ਉਸ ਨੂੰ ਨਖੇੜਦੀ ਹੈ। ਲੇਖਕ ਹਰ ਕੋਈ ਨਹੀਂ ਬਣ ਸਕਦਾ, ਸੰਵੇਦਨਸ਼ੀਲਤਾ ਹੀ ਮਨੁੱਖ ਨੂੰ ਇਸ ਪਾਸੇ ਪ੍ਰੇਰਦੀ ਹੈ ਅਤੇ ਜਿਤਨੀ ਕਿਸੇ ਦੀ ਸੰਵੇਦਨਸ਼ੀਲਤਾ ਤੀਬਰ ਹੋਵੇਗੀ, ਉਤਨਾ ਹੀ ਉਸ ਦੀ ਰਚਨਾ ਦਾ ਮਹੱਤਵ ਅਧਿਕ ਹੋਵੇਗਾ ਅਤੇ ਉਸ ਦੇ ਕਹਿਣ ਦੇ ਅੰਦਾਜ਼ ਵਿੱਚ ਵਿਸ਼ਿਸ਼ਟਤਾ ਹੋਵੇਗੀ, ਉਸ ਦਾ ਕਹਿਣ ਢੰਗ ਨਿਆਰਾ ਹੋਵੇਗਾ। ਜਿਸ ਵਿਅਕਤੀ ਪਾਸ ਕੁਝ ਕਹਿਣ ਲਈ ਸੱਚਮੁਚ ਨਿੱਜੀ ਹੈ ਤਾਂ ਉਹ ਉਸ ਨੂੰ ਕਹਿਣ ਲਈ ਆਪਣਾ ਨਿੱਜੀ/ ਵਿਅਕਤੀਗਤ ਰਾਹ ਲਭ ਲੈਂਦਾ ਹੈ। ਦੂਜਿਆਂ ਦੀ ਨਕਲ ਕਰਕੇ ਜਾਂ ਕਥਨ-ਸ਼ਕਤੀ ਨੂੰ ਮਾਂਗਵੇ ਆਧਾਰ ਤੇ ਅਪਣਾ ਕੇ ਸਮਾਂ ਤਾਂ ਬਿਤਾਇਆ ਜਾ ਸਕਦਾ ਹੈ, ਪਰ ਕਥਨ ਵਿੱਚ ਕਿਸੇ ਪ੍ਰਕਾਰ ਦੀ ਵਿਸ਼ਿਸ਼ਟਤਾ ਦੇ ਦਰਸ਼ਨ ਨਹੀਂ ਕਰਵਾਏ ਜਾ ਸਕਦੇ। ਸ਼ੈਲੀ ਆਪ-ਮੁਹਾਰੀ ਕਥਨ-ਸ਼ਕਤੀ ਹੈ ਜੋ ਕਿਸੇ ਪ੍ਰਕਾਰ ਦੇ ਅਭਿਆਸ ਜਾਂ ਸਿਖਲਾਈ ਦੀ ਲੋੜ ਨਹੀਂ ਸਮਝਦੀ। ਉਹ ਆਪਣੇ ਆਪ ਹੀ ਆਪਣੇ ਨਵੇਕਲੇਪਣ ਦੀ ਪਰਿਚਾਇਕ ਹੈ। ਸੱਚ ਤਾਂ ਇਹ ਹੈ ਕਿ ਸ਼ੈਲੀ ਕਿਸੇ ਲੇਖਕ ਦੀ ਅਜਿਹੀ ਸਦੀਵੀ ਸ੍ਰਿਸ਼ਟੀ ਹੈ, ਜਿਸ ਵਿੱਚ ਉਸ ਦੀਆਂ ਵਿਦਿਅਕ ਅਤੇ ਕਲਾਤਮਕ ਪ੍ਰਾਪਤੀਆਂ, ਭਾਵਨਾਵਾਂ, ਸਭਿਆਚਾਰਿਕ ਮਾਨਤਾਵਾਂ ਅਤੇ ਸੰਵੇਦਨਾਵਾਂ ਦਾ ਪ੍ਰਤਿਬਿੰਬ ਮਿਲਦਾ ਹੈ।

'ਗਿਆਨ ਰਤਨਾਵਲੀ' ਦੇ ਲੇਖਕ ਸਾਹਮਣੇ ਗੁਰੂ ਨਾਨਕ ਦੇ ਚਰਿੱਤ੍ਰ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਦੀ ਸਮੱਸਿਆ ਸੀ ਕਿਉਂਕਿ ਸਹੀ ਚਰਿੱਤ੍ਰ-ਬ੍ਰਿੱਤਾਂਤ ਦੇ ਅਭਾਵ ਵਿੱਚ ਗੁਰੂ ਨਾਨਕ ਪ੍ਰਤਿ ਜਿਗਿਆਸੂਆਂ ਦੀ ਸ਼ਰਧਾ ਘਟਣ ਦੀ ਸੰਭਾਵਨਾ ਸੀ। 'ਭਗਤ ਰਤਨਾਵਲੀ' ਦੀ ਵੀ ਇਸ ਨਾਲ ਮਿਲਦੀ ਜੁਲਦੀ ਸਮੱਸਿਆ ਹੈ। ਲੇਖਕ ਸਾਹਮਣੇ ਆਪਣੇ ਸ਼ਰਧਾਲੂਆਂ ਅਤੇ ਸਿੱਖ ਜਿਗਿਆਸੂਆਂ ਨੂੰ ਸਿੱਖ ਧਰਮ ਵਿੱਚ ਅਧਿਕ ਦ੍ਰਿੜ੍ਹ ਕਰਨ ਦੀ ਇਕ ਮਹੱਤਵਪੂਰਣ ਸਮੱਸਿਆ ਸੀ। ਯੁਗ ਦੀਆਂ ਪਰਿਸਥਿਤੀਆਂ ਅਨੁਸਾਰ ਧਾਰਮਿਕ ਸੰਪ੍ਰਦਾਵਾਂ ਵਿੱਚ ਕਈ ਵਾਰ ਵਿਕਾਰ ਵਿਆਪਤ ਹੋ ਜਾਂਦੇ ਹਨ ਅਤੇ ਉਨ੍ਹਾਂ ਵਿਕਾਰਾਂ ਨੂੰ ਦੂਰ ਕਰਨ ਲਈ ਉਸ ਵਕਤ ਦੇ ਧਾਰਮਿਕ ਨੇਤਾ ਆਮ ਤੌਰ ਤੇ ਧਰਮ ਦੇ ਸਹੀ ਰੂਪ, ਮਰਯਾਦਾ ਅਤੇ ਰਹਿਣੀ ਨੂੰ ਦ੍ਰਿੜ੍ਹ ਕਰਾਉਣ ਲਈ ਕਈ ਪ੍ਰਕਾਰ ਦੇ ਯਤਨ ਕਰਦੇ ਹਨ। ਗੁਰੂ ਗੋਬਿੰਦ ਸਿੰਘ ਤੋਂ ਬਾਦ ਸਿੱਖ ਧਰਮ ਦੀ ਮਰਯਾਦਾ ਨੂੰ ਠੀਕ ਬਣਾਈ ਰਖਣ ਲਈ ਭਾਈ ਮਨੀ ਸਿੰਘ ਨੇ ਸ਼੍ਰੇਸ਼ਠ ਸਿੱਖਾਂ ਦੇ ਚਰਿੱਤ੍ਰਾਂ ਦੁਆਰਾ ਆਪਣਾ ਸੰਦੇਸ਼ ਦੇਣ ਦਾ ਯਤਨ ਕੀਤਾ ਹੈ। ਇਸ ਲਈ ਸਿੱਖਾਂ ਦੀ ਨਾਮਾਵਲੀ ਉਨ੍ਹਾਂ ਨੇ

ਭਾਈ ਗੁਰਦਾਸ ਦੀ ਯਾਰ੍ਹਵੀਂ ਵਾਰ ਤੋਂ ਲਈ ਅਤੇ ਉਸ ਨੂੰ ਵਿਵਰਣ ਦੁਆਰਾ ਅਨੁਕਰਣ ਯੋਗ ਬਣਾ ਕੇ ਪੇਸ਼ ਕੀਤਾ।

ਗੋਸ਼ਟਿ ਵਿਧਾ : ਇਨ੍ਹਾਂ ਰਚਨਾਵਾਂ ਦੀ ਅਭਿਵਿਅਕਤੀਗਤ ਪਹਿਲੀ ਵਿਸ਼ੇਸ਼ਤਾ ਹੈ ਗੋਸ਼ਟਾਂ ਰਾਹੀਂ ਅਧਿਆਤਮਿਕ ਚਿੰਤਨ ਦਾ ਰੋਚਕ ਵਿਧੀ ਨਾਲ ਬੋਧ ਕਰਾਉਣਾ। ਸ਼ੈਲੀ ਦੀ ਇਹ ਵਿਧੀ ਬਹੁਤ ਪ੍ਰਾਚੀਨ ਹੈ। ਲਗਭਗ ਸਭ ਭਾਸ਼ਾਵਾਂ ਦੇ ਸਾਹਿੱਤਾਂ ਦਾ ਜਨਮ ਧਾਰਮਿਕ ਅਤੇ ਦਾਰਸ਼ਨਿਕ ਵਿਸ਼ਿਆਂ ਵਾਲੀਆਂ ਪੁਸਤਕਾਂ ਨਾਲ ਹੋਇਆ ਅਤੇ ਵਿਸ਼ੇਗਤ ਤਰਕ-ਵਿਤਰਕ ਨੂੰ ਲਿਪੀ-ਬੱਧ ਰੂਪ ਦੇਣ ਲਈ ਜਾਂ ਜਨ-ਸਾਧਾਰਣ ਦੇ ਸ਼ੰਕਿਆਂ ਨੂੰ ਮੁਖ ਰਖਦੇ ਹੋਇਆਂ ਪਰਸਪਰ ਵਿਰੋਧੀ ਵਿਚਾਰ ਪਰੰਪਰਾਵਾਂ ਦੇ ਕਿਸੇ ਖਾਸ ਨੁਕਤੇ ਤੋਂ ਜਾਣੂ ਕਰਾਉਣ ਲਈ ਜਾਂ ਉਸ ਨੂੰ ਹੋਰ ਸਪੱਸ਼ਟਤਾ ਪ੍ਰਦਾਨ ਕਰਨ ਲਈ ਗੋਸ਼ਟਿ ਦਾ ਸਾਹਿਤਿਕ ਮਾਧਿਅਮ ਵਿਸ਼ੇਸ਼ ਰੂਪ ਵਿੱਚ ਚੁਣਿਆ ਗਿਆ। ਪ੍ਰਾਚੀਨ ਭਾਰਤੀ ਅਤੇ ਯੂਨਾਨੀ ਸਾਹਿੱਤ ਵਿੱਚ ਗੋਸ਼ਟਿ ਸ਼ੈਲੀ ਦੁਆਰਾ ਵਿਸ਼ੇਸ਼ ਸਿੱਧਾਂਤ ਦਾ ਸੂਖਮ ਵਿਸ਼ਲੇਸ਼ਣ ਅਤੇ ਸ਼ੰਕਿਆਂ ਦਾ ਸਮਾਧਾਨ ਕੀਤਾ ਗਿਆ ਮਿਲ ਜਾਂਦਾ ਹੈ। ਹਰ ਨਵੇਂ ਧਾਰਮਿਕ ਜਾਂ ਦਾਰਸ਼ਨਿਕ ਸਿੱਧਾਂਤ ਜਾਂ ਦ੍ਰਿਸ਼ਟੀਕੋਣ ਦੀ ਸਥਾਪਨਾ ਪ੍ਰਾਚੀਨ ਪ੍ਰਚਲਿਤ ਪਰੰਪਰਾਵਾਂ ਦੇ ਵਿਰੋਧ ਜਾਂ ਉਸ ਦੇ ਨਵੀਨੀਕਰਣ ਦੇ ਰੂਪ ਵਿੱਚ ਹੁੰਦੀ ਹੈ। ਅਜਿਹੀ ਅਵਸਥਾ ਵਿੱਚ ਪ੍ਰਾਚੀਨ ਧਰਮ ਜਾਂ ਦਰਸ਼ਨ ਆਪਣੇ ਪਰੰਪਰਾਗਤ ਸਰੂਪ ਦੀ ਰੱਖਿਆ ਲਈ ਯਤਨ ਕਰਦਾ ਹੈ ਅਤੇ ਨਵਾਂ ਮਤ ਪੁਰਾਣੇ ਮਤ ਦੀਆਂ ਦੁਰਬਲਤਾਵਾਂ ਨੂੰ ਉਘਾੜ ਕੇ ਉਨ੍ਹਾਂ ਉਪਰ ਆਪਣੀ ਪ੍ਰਭੁਤਾ ਸਥਾਪਿਤ ਕਰਦਾ ਹੈ।

ਪੰਜਾਬੀ ਸਾਹਿੱਤ ਵਿੱਚ ਇਸ ਸਾਹਿੱਤ ਵਿਧਾ ਦਾ ਜਨਮ ਗੁਰੂ ਨਾਨਕ ਦੇਵ ਦੇ ਆਗਮਨ ਨਾਲ ਹੁੰਦਾ ਹੈ। ਗੁਰੂ ਨਾਨਕ ਦੇਵ ਨੇ ਇਕ ਨਵਾਂ ਦ੍ਰਿਸ਼ਟੀਕੋਣ ਅਤੇ ਇਕ ਨਵੀਂ ਸਾਧਨਾ-ਪੱਧਤੀ ਨੂੰ ਲੋਕਾਂ ਸਾਹਮਣੇ ਰਖਿਆ ਅਤੇ ਉਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਉਸ ਵੇਲੇ ਦੀ ਸਰਵ ਪ੍ਰਮੁਖ ਸਿੱਧਨਾਥ ਪਰੰਪਰਾ ਨਾਲ ਆਪਣਾ ਸੰਵਾਦ ਸ਼ੁਰੂ ਕੀਤਾ ਜੋ 'ਸਿੱਧ ਗੋਸਟਿ' ਦੇ ਰੂਪ ਵਿੱਚ ਮੌਜੂਦ ਹੈ। ਇਹੀ ਪੰਜਾਬੀ ਦੀ ਪਹਿਲੀ ਪੱਦਾਤਮਕ ਗੋਸ਼ਟਿ ਹੈ। ਤਦ ਉਪਰੰਤ ਜਨਮਸਾਖੀ ਸਾਹਿੱਤ ਵਿੱਚ ਗੋਸ਼ਟਿ ਸ਼ੈਲੀ ਦੀ ਭਰਮਾਰ ਹੈ। 'ਮਿਹਰਬਾਨ ਜਨਮਸਾਖੀ' ਤਾਂ ਹੈ ਹੀ ਗੋਸ਼ਟਾਂ ਦਾ ਸੰਗ੍ਰਹਿ। ਜਨਮਸਾਖੀਆਂ ਵਿਚਲੀਆਂ ਗੋਸ਼ਟਾਂ ਵੱਖ ਵੱਖ ਸਮੇਂ ਜਿਗਿਆਸੂਆਂ ਜਾਂ ਮਤ-ਵਿਰੋਧੀਆਂ ਨਾਲ ਹੋਈਆਂ ਹਨ। 'ਗੋਸ਼ਟਾਂ ਮਿਹਰਬਾਨ ਜੀ ਕੀਆਂ' ਇਸ ਪ੍ਰਕਾਰ ਦੀ ਇਕ ਹੋਰ ਮਹੱਤਵਪੂਰਣ ਰਚਨਾ ਹੈ ਜਿਸ ਵਿੱਚ ਮਿਹਰਬਾਨ ਤੋਂ ਉਸ ਦੇ ਪੁੱਤਰ ਹਰਿ ਜੀ ਦੇ ਪੁਛੇ ਹਰ ਪ੍ਰਸ਼ਨ ਜਾਂ ਸ਼ੰਕਾ ਦਾ ਸਮਾਧਾਨ ਕੀਤਾ ਗਿਆ ਹੈ।

'ਗਿਆਨ ਰਤਨਾਵਲੀ' ਵਿੱਚ ਵੀ ਅਨੇਕਾਂ ਗੋਸ਼ਟਾਂ ਸੰਯੋਜਿਤ ਹਨ ਕਿਉਂਕਿ ਗੁਰੂ ਨਾਨਕ ਦੇਵ ਨੂੰ ਆਪਣੀਆਂ ਉਦਾਸੀਆਂ ਦੇ ਦੌਰਾਨ ਕਈ ਧਰਮਾਂ ਦੇ ਆਗੂਆਂ ਜਾਂ ਧਰਮ ਦੇ ਗੱਦੀ-ਦਾਰਾਂ ਨੂੰ ਮਿਲਣਾ ਪਿਆ, ਜਾਂ ਕਈ ਵਾਰ ਹੋਰ ਮਤਾਂ ਵਾਲੇ ਗੁਰੂ ਜੀ ਨਾਲ ਵਿਚਾਰ-ਵਟਾਂਦਰਾ ਕਰਨ ਲਈ ਆ ਜਾਂਦੇ। ਇਸ ਲਈ ਇਸ ਜਨਮਸਾਖੀ ਵਿੱਚ ਗੋਸ਼ਟਾਂ ਦੇ ਰੂਪ ਵਿੱਚ ਵਿਚਾਰਾਂ ਦਾ ਅਭਿਵਿਅਕਤ ਹੋਣਾ ਸੁਭਾਵਿਕ ਸੀ। ਨਮੂਨੇ ਵਜੋਂ ਜਦੋਂ ਗੁਰੂ ਨਾਨਕ ਦੇਵ ਗੋਰਖ ਮਤੇ ਸਿੱਧਾਂ-ਯੋਗੀਆਂ ਨੂੰ ਮਿਲਦੇ ਹਨ, ਤਾਂ ਉਹ ਉਨ੍ਹਾਂ ਨਾਲ ਆਪਣੀ ਸਿੱਧਾਂਤਿਕ ਚਰਚਾ ਛੇੜ ਬੈਠਦੇ ਹਨ। ਇਥੇ ਗੋਸ਼ਟਿ ਦਾ ਬੜਾ ਸੁੰਦਰ ਅਵਸਰ ਪੈਦਾ ਹੋਇਆ ਹੈ :

—ਤਾਂ ਸਿਧਾਂ ਕਹਿਆ ਕਿ ਜੇ ਤੂ ਸਾਡਾ ਜਗਿਆਸੀ ਹੋਵੇਂ ਅਤੇ ਅਸਾਡੇ ਗੋਰਖ ਦੀ

ਸਿਖਿਆ ਲੇਵੈਂ ਤਾਂ ਤੈਨੂੰ ਤੀਨ ਲੋਕਾਂ ਦੀ ਅਤੇ ਤ੍ਰਿਹ ਕਾਲਾਂ ਦੀ ਗੰਮਤਾ ਕਰ ਦੇਈਏ
—ਤਾਂ ਬਾਬੇ ਕਹਿਆ ਅਸਾਨੂੰ ਸਤਿਗੁਰਾਂ ਨੇ ਤੀਨ ਲੋਕ ਅਤੇ ਤੀਨ ਕਾਲ ਹੀ ਝੂ
ਹੀ ਦਿਖਾਏ ਹਨ। ਸੋ ਹੋਰ ਗੰਮਤ ਕਰ ਕੇ ਕੀ ਲੈਣਾ ਹੈ। ਅਰ ਅਸਾਂ ਨੇ ਤੀਨ ਲੋ
ਅਰ ਤੀਨ ਕਾਲ ਏਕ ਵਾਹਿਗੁਰੂ ਕਰ ਜਾਤਾ ਹੈ। ਅਤੇ ਆਪਣਾ ਜੋ ਕੁਛ ਭਿੰਨ ਭਾਸ
ਹੈ ਸੋ ਅਗਯਾਨ ਕਰਕੇ ਹੀ ਸੀ। ਅਰੁ ਅਬ ਅਸਾਡੀ ਸੁਮਾ ਗਈ ਹੈ।

—ਤਾਂ ਭਰਥਰੀ ਨਾਥ ਬੋਲਿਆ ਜੋ ਕਲਜੁਗ ਦੇ ਵਿੱਚ ਗੋਰਖਨਾਥ ਥੀ ਬਿਨਾ ਸਤਿ
ਗੁਰੂ ਹੋਰ ਕੋਈ ਨਾਹੀ ਕਯੋਂਕਿ ਜਿਨ੍ਹਾਂ ਨੇ ਪ੍ਰਾਣਾਂ ਦਾ ਸਾਧਨ ਦੇ ਕੇ ਚੇਲੇ ਚਿਰੰਜੀ
ਕੀਤੇ ਹੈਨ।

—ਤਾਂ ਬਾਬੇ ਕਹਿਆ ਕਿ ਤੇਰੀ ਤਾਂ ਦੁਪੈਹਰ ਦੇ ਸਮੇਂ ਮ੍ਰਿਤ ਹੋਣੀ ਹੈ ਅਤੇ ਜੇ ਗੋਰ
ਤ੍ਰਿਕਾਲਗ ਹੈ ਤਾਂ ਤੇਰਾ ਉਧਾਰ ਕਰੇ। ਪਰ ਸਪਤ ਸਮੁੰਦ੍ਰ ਥੀ ਪਾਰ ਰਾਜਾ ਪਦਮ ਨਾ
ਹੈ ਅਤੇ ਉਸਦੀ ਬੇਟੀ ਪਦਮਾਵਤੀ ਹੈ ਸੋ ਜੇ ਅਜ ਸੰਧਿਆ ਸਮੇਂ ਤੂ ਉਥੇ ਜਾਵੇਂ ਅ
ਉਸ ਨੂੰ ਵਰੇ ਤਾਂ ਤਬ ਤੇਰਾ ਜੀਵਨ ਹੋਵੇਗਾ।...

ਇਥੇ ਸਿੱਧਾਂ ਦੇ ਸਤਿਗੁਰੂ ਸੰਬੰਧੀ ਸਿੱਧਾਂਤ ਨੂੰ ਗੁਰੂ ਜੀ ਨੇ ਨਕਾਰ ਕੇ ਆਪਣੇ ਮਤ ਦ
ਸਥਾਪਨਾ ਕੀਤੀ ਹੈ। ਪਰ ਇਸ ਵਿਚਾਰ-ਵਟਾਂਦਰੇ ਵਿੱਚ ਕੋਈ ਵਿਸ਼ੇਸ਼ ਨਿਖਾਰ ਨਹੀ; ਸਾਦ
ਜਿਹਾ ਵਰਣਨ ਹੈ। ਇਸ ਨੂੰ ਬਸ ਪਰੰਪਰਾ ਦਾ ਅਨੁਸਰਣ ਕਿਹਾ ਜਾ ਸਕਦਾ ਹੈ। ਇ
ਬੀਕਾਨੇਰ ਦੇ ਸਰੇਵੜਿਆਂ ਨਾਲ ਹੋਈ ਗੋਸ਼ਟਿ ਦਾ ਇਕ ਹੋਰ ਨਮੂਨਾ ਵੇਖਣਯੋਗ ਹੈ :

—ਉਥੋਂ ਬਾਬਾ ਬੀਕਾਨੇਰ ਨੂੰ ਆਏ ਤਾਂ ਅਗੇ ਸਰੇਵੜੇ ਉਥੋਂ ਦੇ ਪੂਜ ਸਨ ਅਰ ਰਾ
ਉਥੋਂ ਦਾ ਸੀ ਸੋ ਸਰੇਵੜਿਆਂ ਦਾ ਸਿੱਖ ਸੀ ਤਾਂ ਬਾਬੇ ਕਹਿਆ ਤੁਸੀਂ ਜੋ ਇਸਨਾ
ਨਹੀਂ ਕਰਦੇ ਕੀ ਕਾਰਣ ਹੈ ਕਯੋਂਕਿ ਜੀਵੰਦਿਆਂ ਅਰ ਮੋਇਆਂ ਨੂੰ ਪਵਿਤ੍ਰ ਕਰ
ਵਾਲਾ ਹੈ।

—ਤਾਂ ਉਨਾ ਕਹਿਆ ਜਲ ਦੇ ਇਸਨਾਨ ਕਰ ਕੇ ਜੀਵ ਮਰਦੇ ਹਨ ਅਰ ਅਗ
ਬਾਲਨ ਕਰ ਕੇ ਭੀ ਜੀਵ ਮਰਦੇ ਹਨ।

—ਤਾਂ ਬਚਨ ਹੋਇਆ ਕਿ ਜੀਵਾਂ ਕੇ ਮਾਰਣ ਅਰ ਜੀਵਾਲਣ ਵਾਲਾ ਈਸਰ ਹੈ ਅ
ਜਿਸ ਕਉ ਉਹ ਮਾਰਤਾ ਹੈ ਤਾਂ ਜੀਵਾਲ ਕੋਈ ਨਹੀਂ ਸਕਤਾ ਅਰ ਜਿਸ ਕੋ ਜੀਵਾਵਤ
ਤਿਸ ਕਉ ਮਾਰ ਕੋਈ ਨਹੀਂ ਸਕਤਾ। ਤਾਂ ਬਾਬੇ ਮਾਝ ਦੀ ਵਾਰ ਵਿਚ ਸਲੋਕ ਕਹਿਅ
ਸਲੋਕ ਮ. ੧। ਸਿਰ ਖੋਹਾਇ ਪੀਆਹਿ ਮਲਵਾਣੀ...(ਇਸ ਪਿਛੋਂ ਇਨ੍ਹਾਂ ਪੰਕਤੀਅ
ਦਾ ਪਰਮਾਰਥ ਦਿੱਤਾ ਗਿਆ ਹੈ)।

—ਸੋ ਜਦ ਇਹ ਬਚਨ ਬਾਬੇ ਕਹੇ ਤਾਂ ਹੋਰ ਸਰੇਵੜੇ ਉਠ ਗਏ ਅਰ ਇਕ ਸਰੇਵੜ
ਚਰਨਾ ਤੇ ਡਿਗ ਪਇਆ ਅਰ ਕਹਿਆ ਕਿ ਜੀ ਮੈਂ ਇਸਨਾਨ ਭੀ ਕਰਾਂਗਾ ਅ
ਈਸਰ ਨੂੰ ਭੀ ਮੰਨਾਂਗਾ ਅਰੁ ਸਿਖਾਂ ਦੀ ਟਹਿਲ ਭੀ ਕਰਾਂਗਾ ਪਰ ਬਾਹਰ ਭੇਖ ਉਨ੍
ਦਾ ਰਖਾਂਗਾ।

—ਤਾਂ ਬਚਨ ਹੋਇਆ ਕਿ ਜੇ ਭੇਖ ਉਨ੍ਹਾਂ ਦਾ ਝੂਠਾ ਜਾਣੇਂਗਾ ਅਤੇ ਈਸਰ ਦੇ ਚਰ
ਦਾ ਧਿਆਨ ਕਰੇਗਾ ਤਾਂ ਤੇਰਾ ਭੀ ਉਧਾਰ ਹੋਵੇਗਾ। ਤਾਂ ਬਾਬਾ ਉਥੇ ਉਪਦੇਸ਼ ਦੇ ਕ
ਦਿਪਾਲਪੁਰ ਨੂੰ ਆਇਆ।

ਉਕਤ ਗੋਸ਼ਟਿ ਵਿੱਚ ਨਾ ਪਹਿਲੀਆਂ ਜਨਮਸਾਖੀਆਂ ਵਾਲੀ ਭਾਵ-ਗੰਭੀਰਤਾ ਹੈ ਅਤੇ ਨਾ ਹੀ ਤਰਕ, ਬਸ ਸਾਦੇ ਜਿਹੇ ਢੰਗ ਨਾਲ ਗੱਲ ਮੁਕਾਈ ਗਈ ਹੈ । ਉਪਦੇਸ਼ਾਤਮਕਤਾ ਨੇ ਕਲਾਤਮਕਤਾ ਨੂੰ ਦਬ ਦਿੱਤਾ ਹੈ । ਇਨ੍ਹਾਂ ਪ੍ਰਸੰਗਾਂ ਨੂੰ ਕੁਝ ਵਿਦਵਾਨਾਂ ਨੇ ਪ੍ਰਸ਼ਨੋਤਰੀ ਸ਼ੈਲੀ ਵਾਲੇ ਵੀ ਮੰਨਿਆ ਹੈ, ਪਰ ਇਹ ਵਾਸਤਵਿਕ ਰੂਪ ਵਾਲੀ ਪ੍ਰਸ਼ਨੋਤਰੀ ਸ਼ੈਲੀ ਨਹੀਂ ਹੈ ।

'ਭਗਤ ਰਤਨਾਵਲੀ' ਦੇ ਆਰੰਭ ਵਿੱਚ ਲੇਖਕ ਵਲੋਂ ਆਪ ਇਸ ਨੂੰ 'ਗੋਸਟਿ' ਦਾ ਨਾਂ ਦਿੱਤਾ ਗਿਆ ਹੈ, ਜਿਵੇਂ—ਸਾਹਿਬ ਬਚਨੁ ਕੀਤਾ ਹੈ ਜੇਹਾ ਭਾਈ ਦੀ ਸਾਰੀ ਬਾਣੀ ਸੁਣੇ ਦਾ ਫਲੁ ਹੋਵੇਗਾ ਤੇਹਾ ਇਸ 'ਗੋਸਟਿ' ਸੁਣਨ ਵਾਲੇ ਨੂੰ ਫਲੁ ਹੋਵੇਗਾ ।" ਇਸ ਤਰ੍ਹਾਂ ਇਹ ਸਾਰੀਆਂ ਸਾਖੀਆਂ ਗੋਸ਼ਟਾਂ ਹਨ । ਇਨ੍ਹਾਂ ਵਿੱਚ ਭਾਵੇਂ ਪਰ-ਪੱਖ ਦੇ ਸਿੱਧਾਂਤਿਕ ਵਿਸ਼ਲੇਸ਼ਣ ਵਿੱਚ ਨਹੀਂ ਪਿਆ ਗਿਆ ਕਿਉਂਕਿ ਇਸ ਵਿੱਚ ਪਰ-ਪੱਖ ਤਾਂ ਹੈ ਹੀ ਨਹੀਂ । ਹਾਂ, ਇਸ ਵਿੱਚ ਜਿਗਿਆਸੂ ਦੀ ਸ਼ੰਕਾ-ਨਿਵ੍ਰਿਤੀ ਰਾਹੀਂ ਗੋਸ਼ਟਿ ਦਾ ਵਾਯੂਮੰਡਲ ਪੈਦਾ ਕਰ ਦਿੱਤਾ ਗਿਆ ਹੈ । ਉਦਾਹਰਣ ਵਜੋਂ 18ਵੀਂ ਪਉੜੀ ਨਾਲ ਸੰਬੰਧਿਤ 'ਝੜੂ, ਮੁਕੰਦ, ਕਿਦਾਰਾ' ਦੀ ਸਾਖੀ ਵੇਖੀ ਜਾ ਸਕਦੀ ਹੈ :

> ਝਾਂਝੂ ਤੇ ਮੁਕੰਦਾ ਤੇ ਕਦਾਰਾ ਗੁਰੂ ਅਰਜਨ ਜੀ ਦੇ ਹਜੂਰ ਆਇ । ਗਰੀਬ ਨਿਵਾਜ ਜੀ, ਅਸਾਡਾ ਉਧਾਰੁ ਕਿਉ ਹੋਵੇ ।
>
> ਤਾਂ ਬਚਨੁ ਹੋਇਆ ਤੁਸਾਨੂੰ ਰਾਗਾ ਦੀ ਸਮਝ ਹੈ ਤੇ ਕਲਿਜੁਗ ਦੇ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਤਪ ਨਹੀਂ । ਇਹ ਤਾਂ ਸਾਤਕੀ ਤਪੁ ਹੈ, ਤੁਸੀਂ ਕੀਰਤਨ ਕੀਤਾ ਕਰੋ ।
>
> ਤਾਂ ਉਨਾ ਅਰਦਾਸ ਕੀਤੀ ਜੀ ਬਾਣੀ ਦਾ ਪਾਠ ਏਹੁ ਹੈ ਜੋ ਆਪਣਾ ਖੂਹ ਦੀ ਪੈਲੀ ਪਾਣੀ ਦੇ ਕੇ ਝਬਿਦੇ ਪਕਾਈਦੀ ਹੈ ਤੇ ਘਰ ਲੈ ਆਵੀਦਾ ਹੈ, ਤੈਸੇ ਬਾਣੀ ਦੇ ਪਾਠ ਦਾ ਫਲੁ ਹੋਤਾ ਹੈ । ਪਰ ਖੂਹ ਦਾ ਪਾਣੀ ਦੂਜੇ ਖੂਹਿ ਦੀ ਪੈਲੀ ਨਜੀਕ ਹੋਵੇ ਤਾਂ ਉਸ ਨੂੰ ਭੀ ਪਹੁਚਦਾ ਹੈ, ਪਰੁ ਦੂਰ ਦੀਆ ਪੈਲੀਆਂ ਨੂੰ ਨਹੀਂ ਪਹੁਚਦਾ ਤੇ ਕੀਰਤਨੁ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦੇ ਹੈ, ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹੈਨਿ ।...

ਪਰ ਇਥੇ ਇਕ ਗੱਲ ਧਿਆਨ ਦੇਣ ਵਾਲੀ ਹੈ ਕਿ ਉਪਰੋਕਤ ਉਦਾਹਰਣ ਤੋਂ ਵੀ ਗੋਸ਼ਟਿ ਦੇ ਪਰੰਪਰਾਗਤ ਸਰੂਪ ਦੇ ਦਰਸ਼ਨ ਨਹੀਂ ਹੁੰਦੇ । ਅਸਲ ਵਿੱਚ, ਇਥੇ ਗੋਸ਼ਟਿ ਨੂੰ ਸਾਖੀ ਦਾ ਪ੍ਰਯਾਯ ਹੀ ਬਣਾ ਦਿੱਤਾ ਗਿਆ ਹੈ, ਭਾਵੇਂ ਇਸ ਵਿੱਚ ਕੁਝ ਗਿਆਨ ਚਰਚਾ ਅਵੱਸ਼ ਹੋਈ ਹੈ । ਇਸ ਗੋਸ਼ਟਿ ਵਿਧੀ ਦੀ 'ਗੋਸ਼ਟਾਂ ਮਿਹਰਬਾਨ ਜੀ ਕੀਆਂ' ਵਿਚਲੀਆਂ ਗੋਸ਼ਟਾਂ ਨਾਲ ਕਾਫੀ ਸਮਾਨਤਾ ਹੈ । ਇਸ ਵਾਸਤੇ ਇਸ ਨੂੰ ਸਾਖੀ-ਗੋਸ਼ਟਿ ਵਿਧਾ ਕਹਿਣਾ ਉਚਿਤ ਹੋਵੇਗਾ ।

ਸੰਵਾਦ ਸ਼ੈਲੀ : ਗੋਸ਼ਟਿ ਨਾਲ ਦੂਰ ਤਕ ਮੇਲ ਖਾਣਾ ਵਾਲੀ ਅਭਿਵਿਅਕਤੀਗਤ ਦੂਜੀ ਵਿਸ਼ੇਸ਼ਤਾ ਸੰਵਾਦਾਤਮਕਤਾ ਹੈ । ਇਨ੍ਹਾਂ ਦੋਹਾਂ ਸ਼ੈਲੀਆਂ ਦਾ ਆਧਾਰ ਭਾਵੇਂ ਪਰਸਪਰ ਵਾਰਤਾਲਾਪ ਹੈ, ਪਰ ਦੋਹਾਂ ਵਿੱਚ ਅੰਤਰ ਵੀ ਹੈ । ਗੋਸ਼ਟਿ ਜਿਥੇ ਸਮੁੱਚੀ ਸਾਖੀ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ, ਉਥੇ ਵਾਰਤਾਲਾਪ ਕਿਤੇ ਕਿਤੇ ਪ੍ਰਸੰਗ ਨੂੰ ਨਾਟਕੀਅਤਾ ਪ੍ਰਦਾਨ ਕਰਦਾ ਹੈ ਅਤੇ ਸਾਰੇ ਕਥਨ ਨੂੰ ਸਜੀਵ ਬਣਾਉਂਦਾ ਹੈ । ਦੂਜਾ ਅੰਤਰ ਇਹ ਹੈ ਕਿ ਗੋਸ਼ਟਿ ਵਿੱਚ ਆਮ ਤੌਰ ਤੇ ਕਿਸੇ ਸਿੱਧਾਂਤਿਕ ਚਰਚਾ ਨੂੰ ਛੇੜਿਆ ਜਾਂਦਾ ਹੈ ਅਤੇ ਦੋਹਾਂ ਧਿਰਾਂ ਵਿਚੋਂ ਆਪਣੇ ਮਤ

ਦੀ ਵਿਆਖਿਆ ਰਾਹੀਂ ਉਸ ਦੀ ਸ੍ਰੇਸ਼ਠਤਾ ਸਥਾਪਿਤ ਕੀਤੀ ਜਾਂਦੀ ਹੈ, ਇਸ ਦੇ ਮੁਕਾਬਲੇ ਸੰਵਾਦਾਤਮਕ ਸ਼ੈਲੀ ਰਾਹੀਂ ਕੋਈ ਵੀ ਗੱਲ ਪੁਛੀ ਜਾ ਸਕਦੀ ਹੈ। ਇਸ ਤਰ੍ਹਾਂ ਇਸ ਦਾ ਖੇਤਰ ਬੜਾ ਵਿਆਪਕ ਹੈ।

'ਗਿਆਨ ਰਤਨਾਵਲੀ' ਵਿੱਚ ਅਨੇਕ ਥਾਵਾਂ ਤੇ ਸੰਵਾਦ ਮਿਲ ਜਾਂਦੇ ਹਨ। ਇਨ੍ਹਾਂ ਸੰਵਾਦਾਂ ਵਿੱਚ ਗੱਲ ਦਾ ਵਿਸ਼ਾ ਭਾਵੇਂ ਅਧਿਆਤਮਿਕ ਹੀ ਰਿਹਾ ਹੋਵੇ, ਪਰ ਇਥੇ ਗੋਸ਼ਟਿ ਵਾਲਾ ਵਿਚਾਰ-ਵਟਾਂਦਰਾ ਜਾਂ ਇਕ ਦੂਜੇ ਦੇ ਨੁਕਤੇ ਨੂੰ ਕਟਣ ਵਾਲੀ ਸਥਿਤੀ ਨਹੀਂ, ਸਗੋਂ ਅਧਿਆਤਮਿਕ ਵਿਸ਼ੇ ਬਾਰੇ ਆਮ ਬੋਲਚਾਲ ਹੈ। 'ਸਾਲਸ ਰਾਇ ਨਿਸਤਰਾ' ਦੇ ਪ੍ਰਸੰਗ ਵਿੱਚ ਗੁਰੂ ਨਾਨਕ ਅਤੇ ਮਰਦਾਨੇ ਦਾ ਸੰਵਾਦ ਇਸ ਪ੍ਰਕਾਰ ਹੋਇਆ ਹੈ :

> —ਤਾਂ ਗੁਰੂ ਜੀ ਕਹਿਆ, ਮਰਦਾਨਿਆ ਇਹੁ ਲਾਲ ਨਾਹੀਂ ਇਹੁ ਤਾਂ ਕਰਤਾਰ ਦਾ ਨਾਮ ਹਈ ਅਤੇ ਇਸ ਲਾਲ ਦਾ ਮੁਲ ਉਹ ਜਵਾਹਰੀ ਤਿੰਨ ਪੈਸੇ ਦੇਂਦਾ ਸੀ। ਸੋ ਉਸ ਦੀ ਨਜਰ ਓਹੋ ਜੇਹੀ ਹੈਸੀ ਅਰ ਏਹ ਜਵਾਹਰੀ ਸੌ ਰੁਪਯਾ ਦੇਂਦੇ ਹੈ ਬਿਨਾ ਲੀਤੇ। ਸੋ ਭਾਵੇਂ ਤੂੰ ਵੇਚ ਭਾਵੇਂ ਨਾ ਵੇਚ ਨਹੀਂ ਤਾਂ ਤੂੰ ਜਾਣ ਵੇਚ ਲੈ।
>
> —ਤਾਂ ਮਰਦਾਨੇ ਆਖਿਆ ਗੁਰੂ ਜੀ ਮੈਂ ਇਹੁ ਲਾਲ ਨਹੀਂ ਵੇਚਦਾ।
>
> —ਤਾਂ ਗੁਰੂ ਜੀ ਨੇ ਆਖਿਆ ਮਰਦਾਨਿਆ। ਸੌ ਰੁਪਯਾ ਮੋੜ ਦੇਹ ਉਸ ਦਾ ਅਤੇ ਆਪਣਾ ਲਾਲ ਲੈ ਆਇ।
>
> ਤਾਂ ਮਰਦਾਨੇ ਆਖਿਆ ਭਲਾ ਗੁਰੂ ਜੀ। ਮਰਦਾਨਾ ਉਸ ਜਵਾਹਰੀ ਦੇ ਪਾਸ ਗਇਆ ਅਤੇ ਜਾਇ ਕੇ ਆਖਣ ਲਗਾ ਸ਼ਾਹ ਜੀ, ਇਹ ਆਪਣਾ ਸੌ ਰੁਪਯਾ ਤੁਸੀਂ ਫੇਰ ਲਵੋ ਅਤੇ ਅਸਾਡਾ ਲਾਲ ਤੁਸੀਂ ਸਾਨੂੰ ਦੇਵੋ। ਕਯੋਂਕਿ ਖਾਵੰਦ ਵੇਚਦਾ ਨਹੀਂ ਜੀ।
>
> ਤਾਂ ਜਵਾਹਰੀ ਨੇ ਮਰਦਾਨੇ ਨੂੰ ਲਾਲ ਕਢ ਦਿੱਤਾ। ਤਾਂ ਮਰਦਾਨੇ ਲਾਲ ਜਵਾਹਰੀ ਪਾਸੋਂ ਲੀਤਾ ਅਤੇ ਓਹ ਸੌ ਰੁਪਯਾ ਮਰਦਾਨੇ ਨੇ ਜਵਾਹਰੀ ਨੂੰ ਕਢ ਦਿੱਤਾ ਅਤੇ ਆਖਿਓਸ ਜਵਾਹਰੀ ਜੀ ਏਹ ਰੁਪਏ ਆਪ ਆਪਣੇ ਗਿਣ ਲਵੋ ਜੀ।
>
> —ਤਾਂ ਜਵਾਹਰੀ ਨੇ ਕਹਿਆ ਅਰੇ ਭਾਈ ਇਸ ਲਾਲ ਦੇ ਉਪਰਿ ਲਿਖਿਆ ਹੋਇਆ ਹੈ ਕਿ ਜੋ ਕੋਈ ਇਹੁ ਲਾਲ ਲਿਆਵੇ ਤਿਸ ਨੂੰ ਸੌ ਰੁਪਯਾ ਮਿਹਮਾਨੀ ਦਾ ਦੇਵਣਾ। ਸੋ ਇਹੋ ਸੌ ਰੁਪਯਾ ਤੁਮਾਰਾ ਹੈ ਹਮਾਰਾ ਨਹੀਂ ਭਾਵੇਂ ਤੁਸੀਂ ਇਹੋ ਲਾਲ ਵੇਚੋ ਭਾਵੇਂ ਨਾ ਵੇਚੋ।

'ਭਗਤ ਰਤਨਾਵਲੀ' ਵਿੱਚ ਵੀ ਇਸ ਪ੍ਰਕਾਰ ਦੀ ਸ਼ੈਲੀ ਕਿਤੇ ਕਿਤੇ ਮਿਲ ਜਾਂਦੀ ਹੈ, ਜਿਥੇ ਜਿਗਿਆਸੂ ਵਲੋਂ ਕਿਸੇ ਗੱਲ ਦੀ ਸਪੱਸ਼ਟਤਾ ਲਈ ਕੋਈ ਪੁਛ ਕਰ ਲਈ ਜਾਂਦੀ ਹੈ। ਉਦਾਹਰਣ ਵਜੋਂ ਭਾਈ ਬੂੜੇ ਵਾਲੀ ਸਾਖੀ ਵੇਖੀ ਜਾ ਸਕਦੀ ਹੈ :

> ਤਾ ਇਕ ਦਿਨ ਬਨ ਬਿਖੇ ਭਾਈ ਬੂੜਾ ਗਊਆਂ ਚਾਰਦਾ ਸੀ। ਸਾਹਿਬ ਦਾ ਦੀਦਾਰੁ ਆਨਿ ਕੀਤੋਸੁ ਤੇ ਦੁਧ ਅਗੇ ਆਨ ਰਖਿਓਸੁ ਤੇ ਅਰਦਾਸ ਆਨ ਕੀਤੀ। ਗਰੀਬ ਨਿਵਾਜ, ਤੇਰਾ ਦਰਸਨੁ ਕੀਤਾ ਹੈ, ਮੇਰਾ ਜਨਮੁ ਮਰਨੁ ਕਟੀਐ ਜੀ।
>
> ਤਾ ਬਚਨੁ ਹੋਇਆ ਤੂ ਤਾ ਅਜੇ ਬਾਲਕੁ ਹੈ, ਤੈਨੂੰ ਇਹੇ ਬੁਧ ਕਿਥੋ ਪ੍ਰਾਪਤ ਹੋਈ ਹੈ। ਤਾ ਉਸ ਆਖਿਆ ਜੀ, ਅਸਾਡੇ ਪਿੰਡ ਵਿਚ ਮੁਗਲ ਆਨ ਉਤਰੇ ਸਿਨ, ਨਾਲੇ ਉਨਾਂ ਕਚੀਆਂ ਖੇਤੀਆਂ ਵਢ ਲਈਆਂ ਨਾਲੇ ਪਕੀਆਂ ਨਾਲੇ ਡਡੂਰੀਆਂ। ਤਾ ਮੇਰੇ ਮਨ ਵਿਚ

ਆਈ ਜੋ ਏਨਾ ਡਾਢਿਆ ਦਾ ਹਥ ਕਿਸੇ ਨਹੀਂ ਫੜਿਆ, ਤਾ ਜਮਾਂ ਦਾ ਹਥੁ ਕਿਸ ਫੜਨਾ ਹੈ।

ਤਾ ਬਚਨੁ ਹੋਇਆ ਤੂ ਤਾ ਬਾਲਕੁ ਨਹੀ, ਤੇਰੀ ਤਾ ਬੁਢਿਆਂ ਕੀ ਜੈਸੀ ਮਤਿ ਹੈ, ਤੂ ਤਾ ਬੁਢਾ ਹੈ। ਤੂ ਇਕ ਮਨ ਹੋਇਕੇ ਵਾਹਿਗੁਰੂ ਦਾ ਨਾਮ ਧਿਆਵੇਗਾ ਤਾਂ ਤੇਰਾ ਕਲਿਆਣੁ ਹੋਵੇਗਾ।

ਤਾਂ ਓਸ ਕਹਿਆ ਜੀ, ਬਾਣੀ ਕੋਈ ਡਾਢੀ ਜਪਦੇ ਹੈਨਿ, ਕੋਈ ਕੋਈ ਹੌਲੀ ਜਪਦੇ ਹੈਨਿ, ਮੈਂ ਕਿਸ ਤਰ੍ਹਾਂ ਜਪਾਂ।

ਤਾਂ ਬਚਨ ਹੋਇਆ ਚਾਰਿ ਪ੍ਰਕਾਰ ਕੀਆ ਬਾਣੀਆਂ ਹੈਨਿ। ਇਕ ਪਰਾ ਬਾਣੀ ਹੈ।...

ਇਥੇ ਬੂੜੇ ਦੀਆਂ ਜਿਗਿਆਸਾਵਾਂ/ਪੁੱਛਾਂ ਬੜੀਆਂ ਰੋਚਕ ਅਤੇ ਨਾਟਕੀਅਤਾ ਦਾ ਵਾਤਾਵਰਣ ਪੈਦਾ ਕਰਨ ਵਾਲੀਆਂ ਹਨ।

ਵਿਆਖਿਆ ਸ਼ੈਲੀ : ਅਭਿਵਿਅਕਤੀ ਸੰਬੰਧੀ ਤੀਜੀ ਵਿਸ਼ੇਸ਼ਤਾ ਇਨ੍ਹਾਂ ਰਚਨਾਵਾਂ ਦਾ ਵਿਆਖਿਆਮਈ ਹੋਣਾ ਹੈ। ਲੇਖਕ ਕਈ ਵਾਰ ਕਿਸੇ ਸਿੱਧਾਂਤ ਨੂੰ ਪੇਸ਼ ਕਰਨ ਲਈ ਗੁਰਬਾਣੀ ਦੇ ਕਿਸੇ ਸ਼ਬਦ ਜਾਂ ਸੰਦਰਭ ਦੀ ਸਹਾਇਤਾ ਲੈਂਦਾ ਹੈ ਅਤੇ ਉਸ ਉਧਰਣ ਵਿੱਚ ਦਿੱਤੇ ਵਿਚਾਰ ਨੂੰ ਫਿਰ ਵਾਰਤਕ ਵਿੱਚ ਸਪੱਸ਼ਟ ਕਰਨ ਦਾ ਯਤਨ ਕਰਦਾ ਹੈ। ਗੂੜ ਅਰਥਾਂ ਨੂੰ ਸਰਲ ਭਾਸ਼ਾ ਵਿੱਚ ਪੇਸ਼ ਕਰਨਾ ਇਸ ਵਿਆਖਿਆ ਦਾ ਮੂਲ ਉੱਦੇਸ਼ ਹੈ। ਇਸ ਵਿਆਖਿਆਮਈ ਸ਼ੈਲੀ ਦਾ ਆਰੰਭ ਗੁਰਬਾਣੀ ਦੇ ਰਚਨਾ-ਕਾਲ ਤੋਂ ਹੀ ਸ਼ੁਰੂ ਹੋ ਗਿਆ ਹੋਵੇਗਾ, ਪਰ ਇਸ ਦੇ ਲਿਖਿਤ ਰੂਪ ਦੇ ਦਰਸ਼ਨ ਜਨਮਸਾਖੀਆਂ ਵਿੱਚ ਹੁੰਦੇ ਹਨ।

'ਗਿਆਨ ਰਤਨਾਵਲੀ' ਜਨਮਸਾਖੀ ਵਿੱਚ ਇਸ ਪ੍ਰਕਾਰ ਦੇ ਅਨੇਕ ਉਦਾਹਰਣ ਉਪ-ਲਬਧ ਹਨ, ਜਿਥੇ ਨਾ ਕੇਵਲ ਸ਼ਬਦਾਂ/ਪਦਿਆਂ ਦੀ ਵਿਆਖਿਆ ਹੀ ਕੀਤੀ ਗਈ ਹੈ, ਸਗੋਂ 'ਤਿਸ ਦਾ ਵੀਚਾਰ' ਆਦਿ ਸ਼ਬਦ ਵੀ ਨਾਲ ਲਿਖ ਦਿੱਤੇ ਗਏ ਹਨ। ਇਥੇ ਇਕ ਨਮੂਨਾ ਕਾਫੀ ਹੋਇਗਾ। 'ਮੁਸਲਮਾਨ ਕਹਵਣ ਮੁਸ਼ਕਲ...ਸਬਦਿ ਹਰਿਨਾਮ ਸਮਾਵੈ।' ਸ਼ਬਦ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ :

> ਤਿਸ ਦਾ ਵੀਚਾਰ। ਮੁਸਲਮਾਣ ਭੀ ਕਹਾਵਣ ਮੁਸਕਲ ਹੈ ਕਯੋਂ ਜੇ ਇਤਨੇ ਧਰਮ ਹੋਸ ਤਾਂ ਮੁਸਲਮਾਨ ਕਹਾਵੈ ਜੋ ਪਹਲੇ ਦੀਨ ਨੂੰ ਮਿਲ ਕਰ ਕੇ ਮਾਲ ਧਨ ਮੁਸਲਮਾਨਾ ਨੂੰ ਮੁਸਾਫ਼ੇ ਅਥਵਾ ਬਖਸੇ ਅਤੇ ਆਪਣਾ ਮਾਣ ਭੀ ਘਟਾਵੈ ਅਰ ਆਪਣੇ ਪੈਕੰਬਰ ਦੇ ਦੀਨ ਤੇ ਮੁਹਕਮ ਹੋਵੇ ਅਤੇ ਮਰਣ ਤੇ ਜੰਮਣ ਦਾ ਭਰਮ ਨਾ ਹੋਵੇ ਅਤੇ ਰਬ ਦੀ ਰਜਾਇ ਸਿਰ ਤੇ ਮੰਨੇ ਅਰ ਪਰਮੇਸਰ ਨੂੰ ਮੰਨੇ ਅਤੇ ਆਪਾ ਵਿਚੋਂ ਦੂਰ ਕਰੇ ਅਤੇ ਸਰਬ ਜੀਆ ਵਿਚ ਪਰਮੇਸਰ ਨੂੰ ਰਮਿਆਂ ਜਾਣੇ ਤਾਂ ਤਦ ਮੁਸਲਮਾਨ ਕਹਾਵੇ। ਅਤੇ ਹਿੰਦੂ ਦੇ ਕਰਮ ਏਹ ਹਨ ਕਿ ਕਾਮ ਨੂੰ ਅਰ ਕ੍ਰੋਧ ਨੂੰ ਝੂਠ ਨੂੰ ਅਰ ਨਿੰਦਾ ਨੂੰ ਅਰ ਅਹੰਕਾਰ ਨੂੰ ਚੁਕਾਵੈ ਅਰ ਕਾਮਨੀਆਂ ਨਾਲ ਮੋਹ ਭੀ ਤਜੈ ਤਾਂ ਜਾਗਤ ਵਿਚ ਮਹਾਰਾਜ ਨੂੰ ਪਾਵੈ ਅਰ ਮਾਨ ਭੀ ਤਜੈ ਅਰ ਅਭਿਮਾਨ ਨੂੰ ਤਜੈ ਅਰੁ ਇਸਤ੍ਰੀ ਪੁਤ੍ਰਾਂ ਨਾਲ ਪ੍ਰੀਤ ਤਜੈ ਅਰ ਤ੍ਰਿਸ਼ਨਾਂ ਦੀ ਆਸ ਨੂੰ ਛਡ ਕੇ ਰਾਮ ਨਾਮ ਲਿਵ ਲਾਵੈ। ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੇ ਕਰ ਸਚੁ ਇਸ ਦੇ ਮਨ ਵਸੈ ਤਾਂ ਸਬਦ ਕਰਕੇ ਸਚੇ ਹਰਿਨਾਮ

ਵਿਚ ਸਮਾਵੈ।

'ਭਗਤ ਰਤਨਾਵਲੀ' ਵਿੱਚ ਵੀ ਇਸ ਸ਼ੈਲੀ ਦੀ ਵਰਤੋਂ ਹੋਈ ਹੈ। ਪਹਿਲਾਂ ਗੁਰਮ ਦੇ ਕਿਸੇ ਸਿਧਾਂਤ ਨੂੰ ਪ੍ਰਗਟਾਉਣ ਲਈ ਗੁਰਬਾਣੀ ਦੀ ਟੂਕ ਵਰਤੀ ਗਈ ਹੈ ਅਤੇ ਉਸ ਪਿ ਉਸ ਦੀ ਵਿਆਖਿਆ ਦਿੱਤੀ ਗਈ ਹੈ। ਉਦਾਹਰਣ ਵਜੋਂ 13ਵੀਂ ਪਉੜੀ ਦੇ ਦੌਲਤ ਲੋਦੀ ਦੇ ਪ੍ਰਸੰਗ ਵਿੱਚ :

ਕੋਈ ਆਖੈ ਭੂਤਨਾ ਕੋ ਕਹੇ ਬੇਤਾਲਾ।
ਕੋਈ ਆਖੈ ਆਦਮੀ ਨਾਨਕੁ ਵੇਚਾਰਾ।
ਭਇਆ ਦਿਵਾਨਾ ਸਾਹ ਕਾ ਨਾਨਕ ਬਉਰਾਨਾ।
ਹਉਂ ਹਰਿ ਬਿਨੁ ਅਵਰੁ ਨਾ ਜਾਨਾ।

ਉਕਤ ਟੂਕ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ :

ਬਾਬੇ ਕਹਿਆ ਏਹੁ ਪੰਜਾਂ ਤਤਾਂ ਦਾ ਸਰੀਰ ਹੈ। ਕੋਈ ਇਸ ਨੂੰ ਭੂਤਨ ਕਹਿੰਦਾ ਹੈ ਕੋਈ ਇਸ ਨੂੰ ਬਿਤਾਲਾ ਕਹਿੰਦਾ ਹੈ, ਕੋਈ ਇਸ ਨੂੰ ਆਦਮੀ ਕਹਿਦਾ ਤੇ ਮੈਨੂੰ ਜਦ ਵੀ ਸੰਤਾ ਸੋਝੀ ਦਿਤੀ ਹੈ, ਤਾਂ ਮੈਂ ਆਪਿ ਨੂੰ ਇਸ ਦਾ ਸਾਖੀ ਜਾਣਦ ਹਾਂ ਤੇ ਜੇਹੜਾ ਮਾਤ ਪਿਤਾ ਨੂੰ ਮਿਲ ਕੇ ਤੇ ਮੈਨੂੰ ਦੇਹਿ ਅਭਿਮਾਨੁ ਹੋਇਆ ਸੀ, ਓ ਵਲੋਂ ਮੈ ਬਉਰਾ ਹੋਇ ਗਇਆ ਹਾਂ ਤੇ ਗੁਰਾਂ ਦਾ ਉਪਦੇਸਿ ਮੈ ਦਿੜ੍ਹ ਕੀਤਾ ਹੈ, ਜੋ ਮ ਇਸ ਸਰੀਰ ਦੇ ਪਵਿਤ੍ਰ ਕਰਨ ਵਾਲਾ ਆਤਮਾ ਹਾਂ; ਅੰਗੇ ਆਤਮਾ ਤੇ ਪਰਮਾਤਮ ਵਿਚ ਭੇਦੁ ਕਿਛੁ ਨਹੀਂ। ਜੈਸੇ ਤਰੰਗ ਮਾਹਿ ਜਲੁ ਇਕੁ ਹੈ, ਜੈਸੇ ਘਟਾ ਮੇ ਅਕਾ ਇਕੁ ਹੈ। ਜੈਸੇ ਭੂਖਨਾ ਵਿਚਿ ਕੰਚਨੁ ਇਕੁ ਹੈ ਤੈਸੇ ਸਰੀਰਾਂ ਮੇ ਸਤਿਆ ਪਰਮਾਤਮ ਦੀ ਇਕੁ ਹੀ ਹੈ। ਜਦ ਮੈਂ ਗੁਰਾਂ ਥੀ ਇਹੁ ਗਿਆਨੁ ਦ੍ਰਿੜ੍ਹ ਕੀਤਾ ਹੈ, ਤਾਂ ਮੈਂ ਵਾਹਿ-ਗੁਰੂ ਬਿਨਾ ਦੂਜਾ ਕੁਛ ਨਹੀਂ ਜਾਣਦਾ। ਦੇਹ ਹੀ ਹਿੰਦੂ ਹੈ, ਦੇਹ ਹੀ ਮੁਸਲਮਾਨੁ ਹੈ, ਮੈਂ ਦੇਹ ਦਾ ਸਾਖੀ ਨਿਆਰਾ ਹਾਂ।

ਭਾਵ-ਪ੍ਰਕਾਸ਼ਨੀ ਸ਼ੈਲੀ : ਵਿਆਖਿਆ ਸ਼ੈਲੀ ਦੇ ਨਾਲ ਮੇਲ ਖਾਂਦੀ ਇਕ ਹੋਰ ਸ਼ੈਲੀ ਹੈ ਭਾਵ-ਪ੍ਰਕਾਸ਼ਨੀ ਸ਼ੈਲੀ, ਜਿਸ ਰਾਹੀਂ ਭਾਵ ਨੂੰ ਸਪੱਸ਼ਟ ਕਰਨ ਉਤੇ ਅਧਿਕ ਜੋਰ ਦਿੱਤਾ ਹੈ। ਇਸ ਵਿੱਚ ਸਿੱਧਾਂਤਿਕਤਾ ਦੇ ਪ੍ਰਤਿਪਾਨ ਦੀ ਥਾਂ ਤੇ ਅਰਥ ਦਾ ਬੋਧ ਕਰਾਉਣਾ ਵਿਸ਼ੇਸ਼ ਉਦਿਸ਼ਟ ਕਾਰਜ ਹੈ। ਪ੍ਰਸਤੁਤ ਰਚਨਾਵਾਂ ਵਿੱਚ ਭਾਈ ਗੁਰਦਾਸ ਦੀਆਂ ਵਾਰਾਂ ਦੀਆਂ ਕੁਝ ਕੁ ਮੁੱਢਲੀਆਂ ਪਉੜੀਆਂ ਦਾ ਟੀਕਾ ਜਾਂ ਵਿਸ਼ਲੇਸ਼ਣ ਭਾਵ-ਪ੍ਰਕਾਸ਼ਨੀ ਸ਼ੈਲੀ ਵਿੱਚ ਹੀ ਹੋਇਆ ਹੈ। ਇਸ ਤੋਂ ਇਲਾਵਾ 'ਗਿਆਨ ਰਤਨਾਵਲੀ' ਜਨਮਸਾਖੀ ਵਿੱਚ ਪਰਮਾਰਥ ਅਤੇ ਟੀਕਾ ਦੋਹਾਂ ਸ਼ੈਲੀਆਂ ਦੇ ਦਰਸ਼ਨ ਹੋ ਜਾਂਦੇ ਹਨ। 'ਪਰਮਾਰਥ' ਆਮ ਤੌਰ ਤੇ ਉਥੇ ਦਿੱਤੇ ਗਏ ਹਨ ਜਿਥੇ ਕਿਸੇ ਗੋਸ਼ਟਿ ਜਾਂ ਸਾਖੀ ਵਿੱਚ ਗੁਰੂ ਜੀ ਨੇ ਪਹਿਲਾਂ ਆਪਣਾ ਸ਼ਬਦ ਉਚਾਰਿਆ ਹੈ ਅਤੇ ਪਿਛੋਂ ਉਸ ਦਾ ਪਰਮਾਰਥ ਦਸਿਆ ਹੈ ਜਿਵੇਂ ਕਿ ਉਪਰੋਕਤ 'ਗੋਸ਼ਟਿ' ਪ੍ਰਸੰਗ ਵਿੱਚ। ਟੀਕੇ ਅਨੇਕ ਵੱਡੀਆਂ ਬਾਣੀਆਂ ਦੇ ਉਪਲਬਧ ਹਨ ਜਿਵੇਂ ਆਸਾ ਦੀ ਵਾਰ, ਜਪੁਜੀ, ਸਿਧ ਗੋਸਟਿ ਆਦਿ। ਇਨ੍ਹਾਂ ਟੀਕਿਆਂ ਜਾਂ ਪਰਮਾਰਥਾਂ ਵਿੱਚ 'ਮਿਹਰਬਾਨ ਜਨਮਸਾਖੀ' ਵਾਲੀ ਨਾ ਅਰਥਗਤ ਸੂਖਮਤਾ ਹੈ, ਨਾ ਵਿਦਵੱਤਾ ਅਤੇ ਨਾ ਹੀ ਅਧਿਆਤਮਿਕ ਵਾਤਾਵਰਣ ਸਿਰਜਨ ਦੀ ਸ਼ਿਦਤ, ਬਸ ਬਾਣੀ ਦੇ ਸਰਲ ਅਰਥ (ਪੈਰਾ ਫਰੇਜ਼ਿੰਗ) ਜਿਹੇ ਹੋਏ ਹਨ। ਪਰ ਸੰਤੋਸ਼ ਇਸ ਗੱਲ ਦਾ

ਹੈ ਕਿ ਇਸ ਟੀਕਾਕਾਰੀ ਵਿੱਚ ਗੁਰਬਾਣੀ ਦੀ ਭਾਵ-ਸਾਮਗ੍ਰੀ ਨਾਲ ਵਾਧੂ ਪ੍ਰਸੰਗਾਂ ਅਤੇ ਮਾਨਤਾਵਾਂ ਦਾ ਰਲਾ ਨਹੀਂ ਪਾਇਆ ਗਿਆ। ਕਿਤੇ ਕਿਤੇ ਜ਼ਰੂਰ ਪ੍ਰਸੰਗ ਤੋਂ ਹਟ ਕੇ ਵਿਸ਼ੇਸ਼ ਗਿਆਨ ਭਰਪੂਰ ਗੱਲਾਂ ਕਹੀਆਂ ਗਈਆਂ ਵੀ ਮਿਲਦੀਆਂ ਹਨ। ਇਸ ਗਿਆਨ ਪ੍ਰਧਾਨ ਸਾਮਗ੍ਰੀ ਨਾਲ ਇਸ ਜਨਮਸਾਖੀ ਦਾ ਗੌਰਵ ਵਧਿਆ ਹੈ। ਇਸ ਤਰ੍ਹਾਂ ਪ੍ਰਕਾਰਾਂਤਰ ਨਾਲ ਇਹ ਜਨਮਸਾਖੀ ਅਧਿਆਤਮਿਕ ਗਿਆਨ ਦਾ ਕੋਸ਼ ਸਿੱਧ ਹੁੰਦੀ ਹੈ।

ਉਪਦੇਸ਼ਾਤਮਕ ਸ਼ੈਲੀ : ਉਪਦੇਸ਼ਾਤਮਕਤਾ ਇਨ੍ਹਾਂ ਰਚਨਾਵਾਂ ਦੀ ਅਭਿਵਿਅਕਤੀਗਤ ਪੰਜਵੀਂ ਮਹੱਤਵਪੂਰਣ ਵਿਸ਼ੇਸ਼ਤਾ ਹੈ। ਪਿਛੇ ਦਸ ਆਏ ਹਾਂ ਕਿ 'ਗਿਆਨ ਰਤਨਾਵਲੀ' ਦਾ ਲਿਖਣ ਮੰਤਵ ਗੁਰੂ ਨਾਨਕ ਦੇਵ ਜੀ ਦੀ ਸਹੀ ਜਨਮਸਾਖੀ ਲਿਖਣਾ ਹੈ ਅਤੇ ਜਨਮਸਾਖੀ ਜਿਵੇਂ ਕਿ ਇਸ ਦੀ ਪ੍ਰਕ੍ਰਿਤੀ ਤੋਂ ਸਪੱਸ਼ਟ ਹੈ, ਗੁਰੂ ਨਾਨਕ ਦੇਵ ਦੀ ਸਾਧਾਰਣ ਜੀਵਨੀ ਉਤੇ ਪ੍ਰਕਾਸ਼ ਪਾਣ ਦੀ ਥਾਂ ਤੇ ਉਨ੍ਹਾਂ ਦੇ ਅਧਿਆਤਮਿਕ ਜੀਵਨ ਨੂੰ ਪੇਸ਼ ਕਰਦੀ ਹੈ। ਉਨ੍ਹਾਂ ਦੇ ਅਧਿਆਤਮਿਕ ਜੀਵਨ ਦਾ ਦਰਸ਼ਨ ਮੁੱਖ ਤੌਰ ਤੇ ਉਨ੍ਹਾਂ ਦੀ ਬਾਣੀ ਰਾਹੀਂ ਹੁੰਦਾ ਹੈ, ਜਿਸ ਦੀ ਕਿਤੇ ਕਿਤੇ ਹੋਈ ਵਿਆਖਿਆ ਤੋਂ ਗੁਰੂ ਜੀ ਦਾ ਉਪਦੇਸ਼ ਸਪੱਸ਼ਟ ਹੁੰਦਾ ਹੈ। ਪਰ ਇਸ ਪ੍ਰਕਾਰ ਦੀ ਵਿਆਖਿਆ, ਟੀਕੇ ਜਾਂ ਪਰਮਾਰਥ ਤੋਂ ਇਲਾਵਾ ਇਸ ਜਨਮਸਾਖੀ ਵਿਚ ਸਪੱਸ਼ਟ ਤੌਰ ਤੇ ਗੁਰੂ ਜੀ ਵਲੋਂ ਵਾਰਤਕ ਵਿਚ ਉਪਦੇਸ਼ ਦਿਵਾਏ ਗਏ ਹਨ। ਇਸ ਪ੍ਰਕਾਰ ਦੇ ਉਪਦੇਸ਼ ਦੇਣ ਦੀਆਂ ਵੀ ਦੋ ਵਿਧੀਆਂ ਹਨ। ਇਕ, ਜਿਥੇ ਗੁਰੂ ਸਾਹਿਬ ਕਥਾ-ਪ੍ਰਸੰਗ ਵਿਚ ਆਪਣੇ ਆਪ ਹੀ ਉਪਦੇਸ਼ ਦੇ ਦਿੰਦੇ ਹਨ ਅਤੇ ਦੂਜੀ, ਜਿਥੇ ਗੁਰੂ ਜੀ ਨੂੰ ਉਪਦੇਸ਼ ਦੇਣ ਲਈ ਜਿਗਿਆਸੂਆਂ ਵਲੋਂ ਪ੍ਰਾਰਥਨਾ ਕੀਤੀ ਜਾਂਦੀ ਹੈ :

—ਤਾਂ ਲਹਿਣੇ ਕਹਿਆ ਜੀ ਸਰਦ ਜਗਤ ਕਾ ਤੁਸਾਂ ਕਲਿਆਣ ਕੀਤਾ ਹੈ ਪਰ ਤੁਸਾਡਾ ਮਾਤਾ ਪਿਤਾ ਭੀ ਅਤੇ ਦਾਸ ਭੀ ਅਸੀਂ ਤੁਸਾਡੀ ਰਸਨਾਂ ਤੇ ਵਚਨ ਸੁਣੇ ਚਾਹੁੰਨੇ ਹਾਂ ਜੋ ਅਸਾਡਾ ਅਹੰਕਾਰ ਮਿਟੇ ਅਤੇ ਘਰ ਹੋਂਦੇ ਭੁਖਾ ਕੋਈ ਨਹੀਂ ਮਰਦਾ।

—ਤਾਂ ਬਚਨ ਹੋਇਆ ਤੁਸੀਂ ਮੇਰੇ ਸਨਮੁਖ ਹੋਇ ਬੈਠੋ...

—ਤਾਂ ਬਾਬਾ ਬੋਲਿਆ ਕਿ ਅਹੰਕਾਰ ਬਿਨਾ ਤਾਂ ਦੇਹ ਕੋਈ ਨਹੀਂ ਪਾਲਨਾ ਕਰਦਾ ਜੋ ਸਿਵਾਇ ਅਹੰਕਾਰ ਦੇ ਨਹੀਂ ਹੁੰਦੀ ਪਰ ਅਗਿਆਨੀ ਦਾ ਅਹੰਕਾਰ ਦ੍ਰਿੜ ਹੋਇਆ ਹੈ ਅਰ ਗਿਆਨ ਵਾਨ ਦਾ ਪੋਲਾ ਹੰਕਾਰ ਹੈ ਜੋ ਇਕ ਅਗਿਆਨ ਰੂਪੀ ਬਾਲਕ ਹੈ ਅਤੇ ਉਸ ਨੇ ਆਪਣੇ ਪਰਛਾਵੇਂ ਵਿਖੇ ਬੈਤਾਲ ਰੂਪੀ ਅਹੰਕਾਰ ਕਲਪਿਆ ਹੈ। ਸੋ ਤਿਸ ਨੂੰ ਕਲਪ ਕੇ ਆਪੇ ਦੁਖੀ ਹੋਂਦਾ ਹੈ ਪਰ ਜੇ ਸਤਿਗੁਰੂ ਮਿਲਣ ਤਾਂ ਇਸ ਨੂੰ ਆਪਣਾ ਸਰੂਪ ਦਿਖਾਲਣ ਤਾਂ ਹੰਕਾਰ ਰੂਪੀ ਪ੍ਰੇਤ ਜੋ ਇਸ ਕਲਪਿਆ ਹੈ ਸੋ ਇਸ ਦਾ ਦੂਰ ਹੋ ਜਾਵੇ ਤਾਂ ਫਿਰ ਪਰਛਾਵੇਂ ਦੇਖੇ ਭੀ ਇਸ ਨੂੰ ਬੈਤਾਲ ਨਹੀਂ ਭਾਸਦਾ।

—ਗੁਰੂ ਅੰਗਦ ਜੀ ਕਹਿਆ ਬਾਲਕ ਨੇ ਕਿਸੇ ਥੋਂ ਬੈਤਾਲ ਸੁਣਿਆ ਹੈਂ ਤਾਂ ਇਸ ਨੈ ਬੈਤਾਲ ਕਲਪਿਆ ਹੈ।

—ਬਾਬੇ ਕਹਿਆ ਜਿਸ ਤੇ ਉਸ ਸੁਣਿਆ ਹੈ ਉਸ ਭੀ ਭਰਮ ਕਰ ਪਰਛਾਵੇਂ ਨੂੰ ਹੀ ਬੈਤਾਲ ਜਾਤਾ ਹੈ ਵਾਸਤਵ ਬੈਤਾਲ ਹੋਇਆ ਹੀ ਨਹੀਂ। ਤੈਸੇ ਮਨ ਨੇ ਅਗਿਆਨ ਕਰ ਜਗਤ ਰੂਪੀ ਬੈਤਾਲ ਕਲਪਿਆ ਹੈ ਵਾਸਤਵ ਜਗਤ ਹੀ ਨਹੀਂ ਸਤ ਰੂਪ ਦਾ ਪਰਮਾਦ ਹੋਣਾ ਇਹੀ ਜਗਤ ਹੈ। ਜਿਸ ਵੇਲੇ ਸਤਿਗੁਰਾਂ ਨੂੰ ਮਿਲ ਕੇ ਸਤਿ ਸਰੂਪ ਨੂੰ ਪਛਾਤਾ

ਤਾਂ ਜਗਤ ਭਰਮ ਦੂਰ ਹੋ ਜਾਂਦਾ ਹੈ। ਜੈਸੇ ਸੁਪਨੇ ਕੀ ਸ੍ਰਿਸ਼ਟ ਜਾਗੇ ਹੋਇਆ ਦੂਰ ਹੋ ਜਾਂਦੀ ਹੈ ਤੈਸੇ ਜੋ ਗਿਆਨ ਕਰ ਜਾਗਦੇ ਹਨ, ਜਗਤ ਸੁਪਨਾ ਉਨ੍ਹਾਂ ਦਾ ਦੂਰ ਹੋ ਜਾਂਦਾ ਹੈ...

'ਭਗਤ ਰਤਨਾਵਲੀ' ਦਾ ਲਿਖਣ-ਮਨੋਰਥ ਜਿਵੇਂ ਕਿ ਪਿਛੇ ਸਪੱਸ਼ਟ ਕੀਤਾ ਜਾ ਚੁਕਿਆ ਹੈ, ਸਿੱਖ ਮਰਯਾਦਾ ਅਤੇ ਧਰਮਵਿਧੀ ਦਾ ਉਪਦੇਸ਼ ਦੇਣਾ ਹੈ। ਇਹ ਸਾਰੇ ਕਥਨ ਸਿਖਿਆ-ਮੂਲਕ ਅਤੇ ਪਾਲਣਾ ਕਰਨ ਯੋਗ ਹਨ। ਇਸ ਲਈ ਇਸ ਰਚਨਾ ਦੀ ਅਭਿਵਿਅਕਤੀ ਦਾ ਪ੍ਰਧਾਨ ਸੁਰ ਉਪਦੇਸ਼ਾਤਮਕ ਹੈ। ਹਰ ਗੋਸ਼ਟਿ ਵਿਚੋਂ ਇਹ ਗੱਲ ਉਭਰ ਕੇ ਸਾਹਮਣੇ ਅਉਂਦੀ ਹੈ। ਉਦਾਹਰਣ ਲਈ 15ਵੀਂ ਪਉੜੀ ਦੀ ਭਾਈ ਕਿਦਾਰੀ ਵਾਲੀ ਸਾਖੀ ਦੇਖੀ ਜਾ ਸਕਦੀ ਹੈ :

ਭਾਈ ਕਿਦਾਰੀ ਗੁਰੂ ਅੰਗਦ ਜੀ ਦੀ ਸਰਣ ਗਇਆ ਤੇ ਅਰਦਾਸ ਕੀਤੀ ਸਾਰਾ ਜਗਤ ਕਾਮ ਕਰੋਧ ਵਿਚ ਪਇਆ ਜਲਦਾ ਹੈ, ਕਿਵੇਂ ਮੈਨੂੰ ਤੁਸੀਂ ਰਖ ਲਹੋ। ਤਾ ਬਚਨ ਹੋਇਆ ਜਿਵੇਂ ਬਨ ਨੂ ਅਗਨਿ ਲਗਦੀ ਹੈ ਤੇ ਮਿਰਗ ਬਨ ਸਿਉ ਕੁਦ ਕੇ ਨਦੀ ਵਿਚ ਜਾਇ ਪ੍ਰਵੇਸ ਕਰਦੇ ਹੈਨਿ, ਸੋ ਸਾਖੀ ਹੁੰਦੇ ਹੈਨਿ, ਤੈਸੇ ਜਗਤੁ ਵਿਚ ਕਾਮ ਕਰੋਧ ਵਰਤਿਆ ਹੋਇਆ ਹੈ ਤੇ ਜੋ ਸਾਧ ਸੰਗਤਿ ਵਿਚ ਆਵਦੇ ਹੈਨਿ ਸੋ ਸੀਤਲੁ ਹੋ ਜਾਂਦੇ ਹੈਨਿ। ਤੇ ਜੋ ਸਬਦ ਬਾਣੀ ਦੇ ਸਮਝਣ ਵਿਚ ਟੁਬਕੀ ਲੈਂਦੇ ਹੈ ਕਿ ਤਿਨ ਕਾ ਮਨੁ ਭੀ ਸੀਤਲੁ ਹੋਇ ਆਵਦਾ ਹੈ। ਤੇ ਤੂ ਸਦਾ ਸਾਧ ਸੰਗਤ ਕਰੁ। ਤੇ ਸਿਖਾ ਦੀ ਸੇਵਾ ਟਹਿਲ ਕਰਿਆ ਕਰੁ। ਏਸੇ ਥੀ ਤੈਨੂੰ ਗਿਆਨ ਹੋਵੇਗਾ।

ਵਿਵਰਣਾਤਮਕ ਸ਼ੈਲੀ : ਇਨ੍ਹਾਂ ਰਚਨਾਵਾਂ ਦੀ ਅਭਿਵਿਅਕਤੀਗਤ ਇਕ ਵਿਸ਼ਿਸ਼ਟਤਾ ਇਨ੍ਹਾਂ ਦੀ ਵਿਵਰਣਾਤਮਕਤਾ ਹੈ। ਇਸ ਦੇ ਅੰਤਰਗਤ ਤਿੰਨ ਪ੍ਰਕਾਰ ਦੀਆਂ ਉਪ-ਸ਼ੈਲੀਆਂ ਦਾ ਸਮਾਵੇਸ਼ ਹੋਇਆ ਹੈ, ਜਿਵੇਂ ਵਿਵਰਣਪ੍ਰਧਾਨ, ਵਰਣਨਪ੍ਰਧਾਨ ਅਤੇ ਬ੍ਰਿੱਤਾਂਤਪ੍ਰਧਾਨ। ਇਨ੍ਹਾਂ ਤਿੰਨਾਂ ਸ਼ੈਲੀਆਂ ਦਾ ਸੰਬੰਧ ਵਿਸ਼ੇ-ਵਸਤੂ ਦੇ ਵਿਸਤਾਰ ਨਾਲ ਹੈ। ਜਿਹੋ ਜਿਹੀ ਵਿਸ਼ੇ-ਵਸਤੂ ਦੀ ਸਥਿਤੀ ਹੁੰਦੀ ਹੈ, ਉਸੇ ਤਰ੍ਹਾਂ ਵਿਵਰਣ ਦਾ ਸਰੂਪ ਬਦਲਦਾ ਹੈ। ਜਿਸ ਪ੍ਰਸੰਗ ਵਿਚ ਕਥਨ ਦਾ ਸੰਬੰਧ ਵੇਰਵੇ, ਸੂਚੀ ਜਾਂ ਭੇਦ-ਉਪਭੇਦ ਦੇ ਚਿੱਤ੍ਰਣ ਨਾਲ ਹੈ, ਉਥੇ ਵਿਵਰਣਾਤਮਕ ਸ਼ੈਲੀ ਹੈ। ਜਿਥੇ ਪ੍ਰਸੰਗ ਵਿਚ ਚਿੱਤ੍ਰਣ ਦੀ ਅਧਿਕਤਾ ਹੈ, ਉਥੇ ਸ਼ੈਲੀ ਦਾ ਸਰੂਪ ਵਰਣਨਾਤਮਕ ਹੈ। ਅਤੇ, ਜਿਥੇ ਪ੍ਰਸੰਗ ਵਿਚ ਕਥਾ ਅੰਸ਼ ਜਾਂ ਬ੍ਰਿੱਤਾਂਤ ਦੀ ਅਧਿਕਤਾ ਹੈ, ਉਥੇ ਸ਼ੈਲੀ ਦਾ ਸਰੂਪ ਬ੍ਰਿੱਤਾਂਤਿਕ ਹੈ। ਵਿਚਾਰਾਧੀਨ ਰਚਨਾਵਾਂ ਵਿਚ ਤਿੰਨੋਂ ਤਰ੍ਹਾਂ ਦੀਆਂ ਸ਼ੈਲੀਆਂ ਦੇ ਨਮੂਨੇ ਮਿਲ ਜਾਂਦੇ ਹਨ। ਉਦਾਹਰਣ ਵਜੋਂ :

ਵਿਵਰਣ ਪ੍ਰਧਾਨ

(1) ਤਾਂ ਭਾਈ ਜੀ ਨੇ ਕਹਿਆ ਜੋ ਪਹਿਲਾਂ ਸੁਕ੍ਰਿਤਿ ਨਾਮ ਪੁੰਨਾਂ ਕਾ ਹੈ। ਅਤੇ ਜੋ ਜਪੁ ਤਪੁ ਹੋਮ ਆਦਿਕੋ ਕੇ ਸਭੀ ਪੁੰਨ ਹੋਵੇ ਤਿਸ ਕੋ ਸੁਕ੍ਰਿਤ ਕਹੀਏ ਹੈ। ਅਰ ਦੂਜਾ ਪਰਮਾਨ ਕਹਾ ਹੈ ਸੋ ਮਹਾਰਾਜ ਕੀ ਮਾਇਆ ਕੋ ਅਸਤ ਜਾਣਨਾ ਏਹ ਪ੍ਰਮਾਨ ਹੈ। ਤੀਸਰਾ ਕੁਲ ਸੋ ਉਤਮ ਖਤ੍ਰੀ ਬ੍ਰਹਮਣ ਹੋਵੇ। ਚੌਥਾ ਰੂਪ ਮੰਦਿਰ। ਪੰਜਵਾਂ ਕ੍ਰਿਆ ਸੋ ਵੇਦੋਂ ਅਰੁ ਗੁਰੋਂ ਕੇ ਅਨੁਸਾਰ। ਛਠਵਾਂ ਸਰਬ ਕਾ ਸੁਜਨ। ਸਪਤਵਾਂ ਉਤਮ ਬੁਧ। ਅਸਟਮ ਸਤਵਾਦੀ। ਨੌਵਾਂ ਸੀਲਵਾਨ। ਦਸਵਾਂ ਬ੍ਰਤਾਂ ਕੇ ਧਾਰਨਹਾਰ। ਯਾਰਵਾਂ ਬਿਚਖਣ ਜੋ ਦਿਬ ਦ੍ਰਿਸ਼ੂ ਦੇਖਣ ਵਾਲਾ। ਬਾਰਵਾਂ ਨਿੰਮ੍ਰਤਾਵਾਲਾ। ਤੇਰਵਾਂ ਜਪੁ ਪਾਠ

ਧਰਮ ਅਰਥ ਸਦੀਵ ਕਰਨ ਵਾਲਾ । ਚੌਧਵਾਂ ਗੁਰਾਂ ਕੇ ਵਚਨ ਪਰ ਪ੍ਰਤੀਤ । ਪੰਦ੍ਰਵਾਂ ਸਭਸ ਅਗੇ ਨੀਵਾਂ ਚਲਣਾ । ਸੋਲਵਾਂ ਨਿਰਲੋਭ ਜੋ ਕਿਸੀ ਬਾਰਤਾ ਕਾ ਲੋਭ ਨਾ ਕਰੇ । ਸਤਾਰਵਾਂ ਸਭਸ ਪਰ ਦਇਆ ਰਖਣੀ । ਅਠਾਰਵਾਂ ਜੋ ਆਪਸ ਪਾਸ ਵਿਦ੍ਯਾਧਨ ਮਾਇਆ ਹੋਵੇ ਸੋ ਦਾਨ ਕਰਨਾ । ਉਨੀਸਵਾਂ ਪਰਉਪਕਾਰੀ । ਵੀਹਵਾਂ ਨਿੰਦ੍ਯਾ ਅਲੋਪ ਕਰਨੀ । ਇਕੀਸਵਾਂ ਇੰਦ੍ਰੀਆਂ ਕਾ ਜੀਤ ਰਖਨਾ । ਬਾਈਸਵਾਂ ਸਰੀਰ ਨੂੰ ਜਲ ਮ੍ਰਿਤਕਾ ਕਰ ਪਵਿਤ੍ਰ ਰਖਨਾ ਅਤੇ ਰਿਦੇ ਕੋ ਰਾਗ ਦ੍ਵੈਖ ਕੀ ਮੈਲ ਸੇ ਨਿਆਰਾ ਰਖਣਾ । ਤੇਈ-ਸਵਾਂ ਸੁਭ ਪ੍ਰਕਾਸ ਜੋ ਆਪਨੇ ਅਨਭਉ ਕਰ ਸਭ ਕੁਛ ਸਮਝ ਲੈਣਾ । ਚੌਬੀਸਵਾਂ ਮਹਾ-ਰਾਜ ਕੀ ਭਗਤਿ । ਪਚੀਸਵਾਂ ਮਾਤਾ ਕੀ ਭਗਤਿ । ਛਬੀਸਵਾਂ ਪਿਤਾ ਕੀ ਭਗਤਿ । ਸਤਾਈਸਵਾਂ ਗੁਰਾਂ ਕੀ ਭਗਤਿ । ਅਠਾਈਸਵਾਂ ਵਾਸਨਾਂ ਜੀਤਣ ਕੀ ਬੁਧਿ । ਉਨਤੀਸਵਾਂ ਸਾਸਤ੍ਰ ਵਿਦ੍ਯਾ । ਤੀਸਵਾਂ ਧਰਮ ਕਾ ਗਿਆਤ । ਇਕਤੀਵਾਂ ਸੰਜਮ ਕਾ ਅਹਾਰੀ । ਬਤੀਸਵਾਂ ਕਾਮਨਾ ਕੇ ਬਸ ਕਰਨਹਾਰਾ ਅਤੇ ਸੰਤਾਂ ਸਾਥ ਪ੍ਰੀਤ ਅਰ ਪਿਆਰ ਕਰਨੇ-ਹਾਰਾ । ਸੋ ਇਹ ਬਤੀਸ ਲਖਣ ਸੁਭ ਮਹਾਰਾਜ ਜੀ ਨੇ ਵਿਆਸ ਮੇਂ ਪਾਏ ।...

('ਗਿਆਨ ਰਤਨਾਵਲੀ', ਬਿਆਸ ਉਤਪੱਤੀ ਪ੍ਰਸੰਗ)

(2) ਤਾ ਭਾਈ ਮਨੀ ਸਿੰਘ ਜੀ ਬਚਨੁ ਕੀਤੇ ਖਤ੍ਰੀ, ਬ੍ਰਾਹਮਣ, ਸੂਦ, ਵੈਸ ਚਾਰ ਵਰਣ ਹੈਨ ਤੇ ਬ੍ਰਾਹਮਚਾਰੀ, ਗ੍ਰਿਹਸਤੀ, ਬਾਨਪ੍ਰਸਤੀ, ਸੰਨਿਆਸੀ ਚਾਰ ਆਸਰਮ ਹੈਨ । ਏਹ ਅਸਟਧਾਤਾਂ ਹੈਨਿ ਤੇ ਗੁਰੂ ਕਾ ਸਬਦ ਪਾਰਸੁ । ਜੈਸੇ ਚੰਦਨ ਮਾਫਲ ਸਫਲ ਬਨਾਸਪਤੀ ਵਿਚ ਵਾਸਨਾ ਪ੍ਰਾਪਤਿ ਕਰ ਦੇਤਾ ਹੈ ਤੇ ਪਾਰਸ ਲੋਹਾ ਸੁਇਨਾ ਕਰਦਾ ਹੈ—

('ਭਗਤ ਰਤਨਾਵਲੀ', ਪਉੜੀ 7)

ਵਰਣਨਪ੍ਰਧਾਨ

(1) ਤਾਂ ਫਿਰ ਕਿਤਨੇਕੁ ਦਿਨ ਬੀਤੇ ਜੋ ਇਕ ਦਿਨ ਰਾਇ ਸ਼ਿਕਾਰ ਚੜਿਆ ਸੀ ਅਤੇ ਬਾਬਾ ਜੀ ਇਕ ਵਣ ਦੇ ਹੇਠ ਠੰਡੀ ਛਾਵੇਂ ਸੁਤਾ ਪਿਆ ਸੀ । ਅਰ ਜਬ ਤੀਸਰਾ ਪਹਿਰ ਬੀਤ ਗਇਆ, ਤਾਂ ਰਾਇ ਸ਼ਿਕਾਰ ਖੇਡ ਕੇ ਮੁੜਿਆ । ਅਰ ਤਦੋਂ ਦਰਖਤਾਂ ਦੇ ਛਾਇਆ ਢਲ ਗਈ ਸੀ ਪਰ ਜਿਸ ਵਣ ਦੇ ਹੇਠ ਬਾਬਾ ਸੁਤਾ ਪਿਆ ਸੀ ਉਸ ਦੀ ਛਾਂਵ ਜਿਉ ਕੀ ਤਿਉਂ ਖਲੋਤੀ ਸੀ । ਤਾਂ ਰਾਇ ਬੁਲਾਰ ਨੇ ਆਖਿਆ ਕਿ ਭਾਈ ਅਗੇ ਖੇਤੀ ਦੀ ਗੱਲ ਡਿਠੀ ਸਾ ਜੇ ਅਤੇ ਹੁਣ ਬਿਛ ਦੀ ਛਾਇਆ ਵਲ ਭੀ ਦੇਖੋ ਅਤੇ ਏਹ ਜਦ ਦਾ ਦੇਸ ਮੇਰੇ ਵਿਚ ਪੈਦਾ ਹੋਇਆ ਹੈ ਤਦ ਦਾ ਮੇਰੇ ਘਰ ਮਾਲ ਅਰ ਧਨ ਬਹੁਤ ਹੋਇਆ ਹੈ ।...

('ਗਿਆਨ ਰਤਨਾਵਲੀ', ਬ੍ਰਿਛ ਦੀ ਛਾਇਆ ਪ੍ਰਸੰਗ)

(2) ਬਾਣੀ ਦਾ ਪਾਠ ਏਹੁ ਹੈ ਜੋ ਆਪਣਾ ਖੂਹ ਦੀ ਪੈਲੀ ਪਾਣੀ ਦੇ ਕੇ ਝਬਿਦੇ ਪਕਾਈਦੀ ਹੈ ਤੇ ਘਰ ਲੈ ਆਵੀਦਾ ਹੈ, ਤੈਸੇ ਬਾਣੀ ਦੇ ਪਾਠ ਫਲੁ ਹੋਤਾ ਹੈ । ਪਰ ਖੂਹ ਦਾ ਪਾਣੀ ਦੂਜੇ ਖੂਹਿ ਦੀ ਪੈਲੀ ਨਜੀਕ ਹੋਵੇ ਤਾਂ ਓਸ ਨੂੰ ਭੀ ਪਹੁਚਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁਚਦਾ ਤੇ ਕੀਰਤਨੁ ਐਸਾ ਹੈ ਜੈਸੇ ਮੇਘੁ ਗਰਜ ਕੇ ਬਰਖਾ ਕਰਦੇ ਹੈ, ਤਾਂ ਸਭੇ ਪੈਲੀਆ ਹਰੀਆਂ ਹੁੰਦੀਆਂ ਹੈਨਿ । ਤੇ ਕਥਾ ਦਾ ਏਹੁ ਕਲੁ ਹੈ ਜੈਸੇ ਮੇਘ ਠਹਿਰਿਆ ਹੋਇਆ ਨਿਰਵਾਤ ਝਿੰਮ ਝਿੰਮ ਬਰਖਾ ਕਰਦਾ ਹੈ । ਅਗੇ ਪੈਲੀਆਂ

ਗਹੀਆਂ ਹੋਈਆਂ ਸੁਧਾਰੀਆਂ ਹੋਈਆਂ ਹੋਵਨਿ । ਜੋ ਜੋ ਬੂਦ ਪਵੇ ਵਿਚ ਧਰਤੀ ਦੇ ਸਮਾਵਦੀ ਜਾਵੇ ।

('ਭਗਤ ਰਤਨਾਵਲੀ', ਪਉੜੀ 18)

ਬ੍ਰਿਤਾਂਤਪ੍ਰਧਾਨ

(1) ਜਦ ਬਾਬਾ ਬਰਸਾਂ ਚਹੁਧਾਂ ਕਾ ਹੋਇਆ ਤਾਂ ਲੋਕਾਂ ਆਖਿਆ, ਕਾਲੂ ਤੂੰ ਪੁਤ੍ਰ ਨੂੰ ਕਿਤੇ ਵਿਆਹੁ । ਤਾਂ ਇਕ ਮੂਲਾ ਜਾਤ ਦਾ ਚਹੁਣਾਂ ਖਤ੍ਰੀ ਅਰ ਵਟਾਲੇ ਵਸਦਾ ਸੀ ਸੋ ਉਸ ਦੇ ਘਰ ਸਕਾਈ ਕੀਤੀ । ਅਤੇ ਵੀਆਹ ਦਾ ਆਰੰਭ ਕੀਤਾ । ਤਾਂ ਜੈ ਰਾਮ ਨੇ ਅਰ ਬੀਬੀ ਨੂੰ ਸਦਵਾਇਆ ਤਾਂ ਬੀਬੀ ਨਾਨਕੀ ਆਈ ਅਤੇ ਜੈਰਾਮ ਆਪਣੀ ਚਿਠੀ ਲਿਖੀ ਜੋ ਮੈ ਪਰਾਇਆ ਨੌਕਰ ਹਾਂ । ਤਾਂ ਬਾਬੇ ਦਾ ਵੀਆਹ ਕਾਲੂ ਨੇ ਕੀਆ ਪਰ ਬਾਬਾ ਇਸਤ੍ਰੀ ਨਾਲ ਬਹੁਤਾ ਮੋਹ ਨਾ ਕਰੇ ਅਰ ਫਿਰ ਇਕ ਦਿਨ ਬੀਬੀ ਨਾਨਕੀ ਨੇ ਕਹਿਆ ਕਿ ਮਾਤਾ ਜੀ ਤੁਸੀ ਕਹੋ, ਜੋ ਮੇਰੇ ਘਰ ਪੁਤ੍ਰ ਹੋਵੈ ।...

('ਗਿਆਨ ਰਤਨਾਵਲੀ', ਵਿਆਹ ਪ੍ਰਸੰਗ)

(2) ਇਕੁ ਠਗ ਸੀ ਉਹੁ ਸਬਦੁ ਬਾਣੀ ਬਹੁਤੀ ਕੰਨਿ ਕਰਕੇ ਮੂਲੇ ਦੇ ਘਰਿ ਆਇਆ । ਅਤੇ ਮੂਲੇ ਬਹੁਤੁ ਸੇਵਾ ਟਹਿਲ ਕੀਤੀ । ਤੇ ਰਾਤ ਨੂੰ ਮੂਲੇ ਦੀ ਸਿਖਣੀ ਆਪਣੇ ਭੂਖਣਿ ਲਾਹਿ ਕੇ ਆਲੇ ਦੇ ਵਿਚਿ ਡਬਾ ਭੂਖਣਾ ਦਾ ਰਖਕੇ ਸੋ ਰਹੀ, ਤੇ ਮੂਲਾ ਭੀ ਸੋਇ ਰਹਿਆ । ਤਾਂ ਠਗ ਉਠਿ ਕੇ ਡਬਾ ਭੂਖਣਾ ਦਾ ਲੈ ਕੇ ਉਠਿ ਚਲਿਆ । ਹਵੇਲੀ ਦੇ ਬਾਹਰ ਦਰਵਾਜੇ ਨੂ ਤਾਲਾ ਲਗਾ ਹੋਇਆ ਸੀ ਤੇ ਚਾਬੀ ਮੂਲੇ ਪਾਸ ਹੈਸੀ । ਜੋ ਉਥੇ ਫਿਰਿ ਆਇਆ ਤਾ ਡਬਾ ਬਾਹਰਿ ਹੀ ਛਡਿ ਆਇਆ । ਤਾ ਮੂਲੇ ਨੂ ਕਹਿਆ । ਮੈ ਬਾਹਰ ਰਮਨੇ ਜਾਂਦਾ ਹਾਂ ਮੈਨੂ ਕੁੰਜੀ ਦੇਹੋ । ਤਾ ਮੂਲੇ ਕਹਿਆ ਜੀ ਤੁਸੀਂ ਬਾਹਰ ਨ ਜਾਵਹੁ ਏਥੇ ਹੀ ਰਮਣੇ ਫਿਰੋ । ਮੈਂ ਤੁਹਾਡਾ ਰਮਣਾ ਸੁਟ ਘਤਾਂਗਾ । ਨਾਲੇ ਤੁਹਾਨੂੰ ਇਸਨਾਨ ਕਰਾਵਾਂਗਾ ।

—('ਭਗਤ ਰਤਨਾਵਲੀ', ਪਉੜੀ 13)

ਸੰਕੋਚ ਅਤੇ ਵਿਸਤਾਰ : ਅਭਿਵਿਅਕਤੀ ਦੀ ਇਹ ਵਿਸ਼ੇਸ਼ਤਾ ਵੀ ਹੈ ਕਿ ਰਚੈਤਾ ਨੇ ਲੋੜ ਅਨੁਸਾਰ ਵਿਸਤਾਰ ਅਤੇ ਸੰਕੋਚ ਦੋਹਾਂ ਤਰ੍ਹਾਂ ਦੀਆਂ ਕਥਨ-ਵਿਧੀਆਂ ਨੂੰ ਅਪਣਾਇਆ ਹੈ । 'ਗਿਆਨ ਰਤਨਾਵਲੀ' ਦੀਆਂ ਆਮ ਜੀਵਨ ਦੀਆਂ ਉਦਾਸੀਆਂ ਤੋਂ ਪਹਿਲੀਆਂ ਘਟਨਾਵਾਂ ਨੂੰ ਬਹੁਤ ਸੰਕੋਚ ਵਿੱਚ ਕਿਹਾ ਗਿਆ ਹੈ, ਪਰ ਅਧਿਆਤਮਿਕ ਯਾਤਰਾਵਾਂ ਦੇ ਦੌਰਾਨ ਹੋਰਨਾਂ ਮਤ-ਮਤਾਂਤਰਾਂ ਦੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਜਾਂ ਵਿਵਰਣ ਦਿੰਦਿਆਂ ਜਾਂ ਪੂਰੀਆਂ ਬਾਣੀਆਂ ਦਾ ਟੀਕਾ ਕਰਦਿਆਂ ਗੱਲ ਬੜੀ ਵਿਸਤ੍ਰਿਤ ਹੋ ਗਈ ਹੈ । 'ਭਗਤ ਰਤਨਾਵਲੀ' ਵਿੱਚ ਕਿਸੇ ਪ੍ਰਸੰਗ ਵਿੱਚ ਕਿਸੇ ਸਿੱਖ ਦੀ ਜੀਵਨ ਘਟਨਾ ਨੂੰ ਬੜੇ ਵਿਸ-ਤਾਰ ਨਾਲ ਚਿੱਤਰਿਆ ਹੈ ਅਤੇ ਕਿਤੇ ਬਿਨਾ ਘਟਨਾਗਤ ਸਾਰਾ ਵਿਸਤਾਰ ਦਿੱਤਿਆਂ ਗੱਲ ਨੂੰ ਕੁਝ ਪੰਕਤੀਆਂ ਵਿੱਚ ਹੀ ਮੁਕਾ ਦਿੱਤਾ ਗਿਆ ਹੈ । ਇਥੇ ਕੇਵਲ ਇਕ ਸੰਜਮ ਭਰਪੂਰ ਸਾਖੀ ਦਾ ਨਮੂਨਾ ਪੇਸ਼ ਕੀਤਾ ਜਾਂਦਾ ਹੈ, ਵੱਡੇ ਆਕਾਰ ਦੀ ਸਾਖੀ ਦਾ ਨਮੂਨਾ ਦੇਣ ਦੇ ਵਿਸਤਾਰ-ਭੈ ਕਰ ਕੇ ਲੋੜ ਨਹੀਂ ਹੈ, ਉਂਜ 14ਵੀਂ ਪਉੜੀ ਦੇ ਪ੍ਰਸੰਗ ਵਿੱਚ ਜਿਤੇ ਰੰਧਾਵੇ ਵਾਲੀ ਸਾਖੀ ਵੇਖੀ ਜਾ ਸਕਦੀ ਹੈ । ਉਦਾਹਰਣ ਵਜੋਂ ਸੰਖਿਪਤ ਸਾਖੀ ਦੀ ਵੰਨਗੀ :

ਭਾਈ ਤੀਰਥਾ ਸਭਰਵਾਲ ਆਣ ਕੇ ਗੁਰੂ ਰਾਮਦਾਸ ਜੀ ਦੀ ਸਰਣ ਪਇਆ ਜੀ ਅਸਾਡਾ ਕਿਵੇਂ ਉਧਾਰ ਹੋਵੇ । ਤਾਂ ਬਚਨੁ ਹੋਆ ਸਚ ਦੇ ਸਮਾਨ ਹੋਰੁ ਧਰਮੁ ਕੋਈ ਨਹੀਂ । ਮੁਖੋਂ ਭੀ ਸਚੁ ਬੋਲਣਾ ਤੇ ਰਿਦਿਓ ਭੀ ਸਚਿਆਰ ਰਹਿਣਾ । ਤੇ ਝੂਠ ਜੈਸਾ ਪਾਪ ਕੋਈ ਨਹੀ, ਝੂਠ ਨਹੀਂ ਕਮਾਵਣਾ । ਇਸੇ ਕਰਿ ਕੇ ਭਾਈ ਤੀਰਥੇ ਦਾ ਕਲਿ-ਆਣੁ ਹੋਇਆ ।

—(ਪਉੜੀ 17)

ਅਲੰਕਾਰ : ਅਲੰਕਾਰਾਂ ਰਾਹੀਂ ਵੀ ਲੇਖਕ ਨੇ ਕਥਨ ਵਿੱਚ ਚਮਤਕਾਰ ਲਿਆਂਦਾ ਹੈ । ਇਸ ਨਾਲ ਜਿਥੇ ਕਥਨ ਸਤਰਕ ਅਤੇ ਦਲੀਲ ਭਰਪੂਰ ਹੋਇਆ ਹੈ, ਉਥੇ ਉਪਮਾਨ-ਵਿਧਾਨ ਰਾਹੀਂ ਲੇਖਕ ਨੇ ਆਪਣੇ ਗਿਆਨ ਨੂੰ ਪ੍ਰਗਟਾਉਣ ਅਤੇ ਆਪਣੀ ਗੱਲ ਨੂੰ ਮਨਵਾਉਣ ਲਈ ਪ੍ਰੇਰਨਾ ਵੀ ਦਿੱਤੀ ਹੈ । ਇਹ ਸਹੀ ਹੈ ਕਿ ਜੋ ਗੱਲ ਸਿੱਧੇ ਢੰਗ ਨਾਲ ਕਹੀ ਗਈ ਹੋਵੇ, ਉਹ ਇਤਨੀ ਕਾਰਗਰ ਨਹੀਂ ਹੁੰਦੀ, ਇਸ ਲਈ ਸਾਹਿੱਤਕਾਰ ਨੂੰ ਕਿਸੇ ਨਾ ਕਿਸੇ ਅਜਿਹੀ ਕਥਨ-ਸ਼ਕਤੀ ਦਾ ਪ੍ਰਯੋਗ ਕਰਨਾ ਪੈਂਦਾ ਹੈ ਜਿਸ ਨਾਲ ਪ੍ਰਭਾਵਸ਼ੀਲਤਾ ਵਿੱਚ ਵਾਧਾ ਹੋਵੇ । ਸ਼ਾਸਤ੍ਰ ਅਨੁਸਾਰ ਇਸ ਨੂੰ ਅਲੰਕਾਰ-ਵਿਧਾਨ ਜਾਂ ਅਪ੍ਰਸਤੁਤ-ਵਿਧਾਨ ਦਾ ਨਾਂ ਦਿੱਤਾ ਜਾਂਦਾ ਹੈ । ਵਿਚਾਰਾਧੀਨ ਦੋਹਾਂ ਰਚਨਾਵਾਂ ਵਿੱਚ ਉਪਦੇਸ਼ ਦੀ ਪ੍ਰਧਾਨਤਾ ਕਾਰਨ ਅਲੰਕਾਰਿਕ ਚਮਤਕਾਰ ਵਿਖਾਉਣ ਦਾ ਅਵਸਰ ਘੱਟ ਹੈ । 'ਗਿਆਨ ਰਤਨਾਵਲੀ' ਵਿੱਚ ਤਾਂ ਵਿਵਰਣਾਂ, ਟੀਕਿਆਂ, ਪਰਮਾਰਥਾਂ ਦੀ ਇਤਨੀ ਅਧਿਕਤਾ ਹੈ ਕਿ ਸਾਹਿੱਤ ਦੀ ਸੁਰੁੱਚੀ ਦਬ ਜਿਹੀ ਗਈ ਹੈ, ਕਿਤੇ ਕਿਤੇ ਹੀ ਕੋਈ ਦ੍ਰਿਸ਼ਟਾਂਤ ਜਾਂ ਰੂਪਕ ਵਰਤ ਲਿਆ ਗਿਆ ਹੋਵੇ, ਤਾਂ ਸੰਭਵ ਹੈ, ਪਰ 'ਭਗਤ ਰਤਨਾਵਲੀ' ਵਿੱਚ ਕੁਝ ਭਿੰਨ ਵਿਸ਼ੇ ਹੋਣ ਕਰ ਕੇ ਕਥਨ-ਸ਼ਕਤੀ ਦੇ ਚਮਤਕਾਰ ਨੂੰ ਵਿਖਾਉਣ ਦਾ ਅਵਸਰ ਜ਼ਰੂਰ ਮਿਲਿਆ ਹੈ । ਕੁਝ ਕੁ ਨਮੂਨੇ ਵੇਖਣ-ਯੋਗ ਹਨ :

ਉਪਮਾ : "ਹੋਰ ਸਾਸ ਐਸੇ ਹੈਨਿ ਜੈਸੇ ਠਠਿਆਰਾ ਲੁਹਾਰਾ ਦੀਆਂ ਖਲਾਂ ਹੁੰਦੀਆਂ ਹੈਨਿ ।"

—(ਪਉੜੀ 22)

ਉਪਮਾ/ਰੂਪਕ : "ਮਨ ਆਪਣਾ ਭਵਰ ਕੀ ਨਿਆਈ ਗੁਰਾ ਕੇ ਸਬਦੁ ਰੂਪੀ ਸੰਪਟ ਵਿੱਚ ਰਖਦੇ ਹੈਨਿ ।"

—(ਪਉੜੀ 6)

ਉਤਪ੍ਰੇਖਿਆ : "ਭਾਈ ਜੀ ਦੀ ਬਾਣੀ ਤਾਂ ਮਾਨੋ ਸਬਦ ਦਾ ਟੀਕਾ ਹੈ । ਉਸ ਤੇ ਸਿਖੀ ਪ੍ਰਾਪਤਿ ਹੁੰਦੀ ਹੈ ।"

—(ਪਉੜੀ 27)

ਰੂਪਕ : "ਸਿਖਾਂ ਨੇ ਪੁਛਿਆ ਸੀ ਜੋ ਹਰਿਮੰਦਰਿ ਕੈਸਾ ਰਹੀਐ । ਤਾ ਬਚਨ ਹੋਇਆ ਜੈਸਾ ਜਹਾਜੁ ਹੋਵੇ, ਜੋ ਸਰਧਾ ਕਰਿ ਆਵੇ ਤੇ ਸਬਦ ਸੁਣੇ ਉਸ ਦਾ ਪਾਰ ਉਤਾਰਾ ਹੋਵੇ । ਹਰਿਮੰਦਰੁ ਜੀ ਜਹਾਜੁ ਹੈ ਤੇ ਹਰਿ-ਨਾਮੁ ਮੁਹਾਣਾ ਹੈ ।"

—(ਪਉੜੀ 23)

ਉਦਾਹਰਣ/ਦ੍ਰਿਸ਼ਟਾਂਤ : "ਜੈਸੇ ਪ੍ਰਿਥਮੀ ਪਤਿ ਰਾਜਾ ਇਕ ਪਿੰਡ ਤੇ ਰਾਜੀ ਨਹੀਂ ਹੁੰਦਾ, ਤੇ ਗਰੀਬ ਰਾਜੀ ਹੁੰਦਾ ਹੈ । ਤੈਸੇ ਨਰਕੀ ਜੀਵ ਪਿਤ੍ਰ ਲੋਕ ਤੇ ਰਾਜੀ

ਹੁਦੇ ਹੈਨਿ, ਤੇ ਗੁਰੂ ਕੇ ਸਿਖ ਸੁਰਗ ਦੀ ਭੀ ਚਾਹ ਨਹੀਂ ਕਰਦੇ ।''

—(ਪਉੜੀ 23)

"ਜਿਵੇ ਕਵਲ ਵਿਚ ਜਲੁ ਦੇ ਰਹਿਦਾ ਹੈ ਤੇ ਸੂਰਜੁ ਵਲ ਧਿਆਨ ਰਖਦਾ ਹੈ, ਤੈਸੇ ਗੁਰਮੁਖ ਵਿਚੇ ਗ੍ਰਿਸਤ ਤੇ ਰਹਿਦੇ ਹੈਨਿ, ਤੇ ਗੁਰੂ ਕੇ ਨਮਿਤ ਸੇਵਾ ਕਰਦੇ ਟਹਲ ਕਰਦੇ ਹੈਨਿ ।

—(ਪਉੜੀ 15)

ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਪ੍ਰਸਤੁਤ ਰਚਨਾਵਾਂ ਵਿਚ ਅਧਿਕਤਰ ਉਦਾ-ਹਰਣ/ਦ੍ਰਿਸ਼ਟਾਂਤ ਅਲੰਕਾਰ ਦੀ ਸਹਾਇਤਾ ਨਾਲ ਭਾਵ ਦਾ ਪ੍ਰਕਾਸ਼ਨ ਕੀਤਾ ਗਿਆ ਹੈ ।

ਗੁਰਬਾਣੀ ਟੂਕਾਂ ਦੀ ਵਰਤੋਂ : ਕਾਵਿ-ਸੰਦਰਭ ਜਾਂ ਟੂਕ ਦੇ ਕੇ ਉਸ ਦਾ ਵਿਚਾਰ ਵਿਸ਼ਲੇਸ਼ਣ ਕਰਨਾ ਪੰਜਾਬੀ ਵਾਰਤਕ ਵਿੱਚ 'ਪੁਰਾਤਨ ਜਨਮਸਾਖੀ' ਤੋਂ ਹੋਇਆ ਹੈ । ਇਹ ਵਿਧੀ ਗੁਰਬਾਣੀ ਦੀ ਵਿਆਖਿਆਮਈ ਸ਼ੈਲੀ ਤੋਂ ਭਿੰਨ ਹੈ । ਇਸ ਵਿੱਚ ਟੂਕ ਕਿਤੋਂ ਵੀ ਹੋ ਸਕਦੀ ਹੈ ਅਤੇ ਅਰਥਗਤ ਪਰਮਾਰਥਕਤਾ ਨੂੰ ਸਪੱਸ਼ਟ ਕਰਨਾ ਵੀ ਜ਼ਰੂਰੀ ਨਹੀਂ। ਅਜਿਹੀਆਂ ਟੂਕਾਂ ਨਾਲ ਵਾਰਤਕ ਅੰਸ਼ ਦੀ ਇਕ-ਰਸਤਾ ਘਟਦੀ ਹੈ, ਵਰਣਨ ਵਿੱਚ ਰੋਚਕਤਾ ਦਾ ਸੰਚਾਰ ਹੁੰਦਾ ਹੈ ਅਤੇ ਵਰਣਿਤ ਵਿਸ਼ਾ ਸਪੱਸ਼ਟ ਹੁੰਦਾ ਹੈ । 'ਗਿਆਨ ਰਤਨਾਵਲੀ' ਦਾ ਸੰਬੰਧ ਚੂੰਕਿ ਗੁਰੂ ਸਾਹਿਬ ਦੇ ਸਿੱਧਾਂਤਾਂ ਦੀ ਵਿਆਖਿਆ ਨਾਲ ਹੈ, ਇਸ ਲਈ ਉਥੇ ਟੂਕਾਂ ਦੀ ਭਰਮਾਰ ਹੈ, ਪਰ 'ਭਗਤ ਰਤਨਾਵਲੀ' ਵਿੱਚ ਸਿੱਖਾਂ ਦੇ ਚਰਿੱਤ੍ਰਾਂ ਨੂੰ ਸਪੱਸ਼ਟ ਕਰਨਾ ਰਿਹਾ ਹੈ, ਇਸ ਲਈ ਇਥੇ 'ਗਿਆਨ ਰਤਨਾਵਲੀ' ਨਾਲੋਂ ਪ੍ਰਤਿਪਾਦਿਤ ਵਿਸ਼ੇ ਵਿੱਚ ਫਰਕ ਹੋਣ ਕਾਰਣ ਸ਼ਬਦਾਂ ਅਤੇ ਬਾਣੀਆਂ ਨੂੰ ਘੱਟ ਲਿਆਂਦਾ ਗਿਆ ਹੈ, ਫਿਰ ਵੀ ਕਿਤੇ ਕਿਤੇ ਸਿੱਖਾਂ ਦੇ ਜੀਵਨ ਪ੍ਰਸੰਗਾਂ ਵਿੱਚ ਨਿੱਕੀਆਂ ਵੱਡੀਆਂ ਗੁਰਬਾਣੀ ਦੀਆਂ ਟੂਕਾਂ ਉਪਲਬਧ ਹਨ । ਇਸ ਸੰਬੰਧੀ ਕੁਝ ਨਮੂਨੇ ਇਸ ਪ੍ਰਕਾਰ ਹਨ :

(1) ਤੇ ਗੁਰੂ ਕੇ ਸਿਖ ਸਦਾ ਸੰਜਮ ਨਾਲਿ ਜੋ ਅਹਾਰੁ ਕਰਦੇ ਹੈਨਿ ਸਦਾ ਓਨਾ ਦੇ ਪਾਸ ਬ੍ਰਿਤਿ ਰਹਿਦਾ ਹੈ, ਪਰ ਇਕ ਦਿਨੁ ਜਗਤ ਨੂ ਇਕਾਦਸੀ ਆਵਦੀ ਹੈ, 'ਨਾਮ ਸੰਗਿ ਨਾਮੁ ਦੇਵ ਜਨ ਕਉ ਪ੍ਰਤਗਿਆ ਆਈ । ਏਕਾਦਸੀ ਬ੍ਰਤ ਰਹੇ ਕਾਹੇ ਕੋ ਤੀਰਥ ਜਾਈ ।' ਜਿਨਾ ਨੂ ਮਹਾਰਾਜ ਦੇ ਨਾਮ ਦੀ ਪ੍ਰਤੀਤ ਹੈ ਤਿਨਾ ਨੂ ਸਭ ਤੀਰਥਾਂ ਤੇ ਬ੍ਰਤਾ ਦਾ ਫਲੁ ਪਰਾਪਤਿ ਹੁੰਦਾ ਹੈ ।

—(ਪਉੜੀ 23)

(2) ਲਾਲੂ ਤੇ ਬਾਲੂ ਵਿਜ ਹੰਸਨਿ ਤੇ ਹਰਦਾਸੁ ਤੇ ਪਿਆਰਾ ਗੁਰੁ ਅਰਜਨ ਜੀ ਦੀ ਪੰਜਵੀਂ ਪਾਤਿਸਾਹੀ ਦੀ ਸਰਨ ਆਏ ਤੇ ਅਰਦਾਸ ਕੀਤੀ ਜੋ ਅਸਾਡਾ ਉਧਾਰੁ ਕਿਉਂ ਕਰ ਹੋਵੇ ਤਾਂ ਬਚਨੁ ਹੋਇਆ ਹਰਿ ਕਿਸੇ ਨਾਲਿ ਹਸਿ ਕੇ ਮਿਲਣਾ ਤੇ ਮਿਠਾ ਬੋਲਣਾ, ਤੇ ਵੰਡ ਖਾਵਣਾ ਤੇ ਨਿਵ ਚਲਣਾ । "ਮਿਠਾ ਬੋਲਣ ਨਿਵ ਚਲਣ ਹਥੋਂ ਭੀ ਕਛੁ ਦੇਨਿ । ਰਬੁ ਤਿਨਾਂ ਦੀ ਬੁਕਲੀ ਜੰਗਲਿ ਕਿਆ ਢੂੰਡੇਨਿ ।'' ਤਾਂ ਉਨਾ ਐਸੇ ਹੀ ਵਰਤਣ ਕੀਤੀ ।

—(ਪਉੜੀ 18)

ਇਨ੍ਹਾਂ ਰਚਨਾਵਾਂ ਦਾ ਸਮੁੱਚਾ ਪ੍ਰਭਾਵ ਸ਼ਰਧਾਮਈ ਹੈ । ਕਿਉਂਕਿ ਸਾਰੇ ਕਥਾ ਪ੍ਰਸੰਗ

ਨਿਸ਼ਠਾ ਦੀ ਭਾਵ-ਭੂਮੀ ਉੱਤੇ ਉਸਰੇ ਹਨ, ਯਥਾਰਥਤਾ ਦੀ ਸਪੱਸ਼ਟ ਘਾਟ ਹੈ। ਲੇਖਕ ਦਾ ਮੰਤਵ ਗੁਰੂ ਨਾਨਕ ਦੇਵ ਅਤੇ ਸਿੱਖਾਂ ਦੇ ਜੀਵਨ ਦੇ ਅਧਿਆਤਮਿਕ ਪੱਖ ਨੂੰ ਚਿੱਤਰਨਾ ਹੈ। ਗੁਰੂ ਨਾਨਕ ਦੇਵ ਅਤੇ ਸਿੱਖੀ ਵਿੱਚ ਲੇਖਕ ਦੀ ਪੂਰੀ ਸ਼ਰਧਾ ਹੈ ਅਤੇ ਗੁਰੂ ਜੀ ਅਤੇ ਸਿੱਖਾਂ ਦੇ ਕਰਮ ਨੂੰ ਚਿੱਤਰਨ ਵੇਲੇ ਉਹ ਜਜ਼ਬਾਤੀ ਵੀ ਹੋ ਗਿਆ ਹੈ। ਗੱਲ ਨੂੰ ਸਪੱਸ਼ਟ ਕਰਨ ਲਈ ਤਰਕ ਦੀ ਭਾਵੇਂ ਵਰਤੋਂ ਕੀਤੀ ਗਈ ਹੈ, ਪਰ ਗੱਲ ਵਿਚਲੇ ਤੱਥ ਨੂੰ ਤਰਕ ਦੇ ਆਧਾਰ ਤੇ ਪੇਸ਼ ਨਹੀਂ ਕੀਤਾ ਗਿਆ। ਗੁਰੂ ਨਾਨਕ ਦੇ ਉਪਦੇਸ਼ ਅਤੇ ਸਿੱਖਾਂ ਦੀਆਂ ਸਾਰੀਆਂ ਜੀਵਨ ਸਾਖੀਆਂ ਅਤੇ ਜਿਗਿਆਸਾਵਾਂ ਇਕ ਸਿੱਖ ਸ਼ਰਧਾਲੂ ਪਾਠਕ ਲਈ ਭਾਵੇਂ ਰੋਚਕ ਹੋਣ, ਪਰ ਸਾਧਾਰਣ ਪਾਠਕ ਲਈ ਇਨ੍ਹਾਂ ਵਿੱਚ ਕੋਈ ਰੁਚੀ ਨਹੀਂ ਵੇਖੀ ਜਾ ਸਕਦੀ। ਇਹ ਅਸਲੋਂ ਗੁਰੂ ਨਾਨਕ ਦੇ ਚਰਿੱਤਰ ਦੇ ਸਹੀ ਰੂਪ ਅਤੇ ਸਿੱਖੀ ਦੇ ਦ੍ਰਿੜ੍ਹ ਕਰਾਉਣ ਲਈ ਲਿਖੀਆਂ ਗਈਆਂ ਪ੍ਰਚਾਰਾਤਮਕ ਰਚਨਾਵਾਂ ਹਨ। ਇਨ੍ਹਾਂ ਨੂੰ ਸਰਬ ਭੌਮਿਕ ਸਾਹਿੱਤ ਦੀ ਸੀਮਾ ਵਿੱਚ ਨਹੀਂ ਰਖਿਆ ਜਾ ਸਕਦਾ। ਇਸ ਵਾਸਤੇ ਇਸ ਪ੍ਰਤਿ ਵਰਗ ਵਿਸ਼ੇਸ਼ ਦਾ ਰੁਝਾਨ ਹੋ ਸਕਦਾ ਹੈ, ਸਮੁੱਚੀ ਮਨੁੱਖ ਜਾਤਿ ਦਾ ਨਹੀਂ। ਸ਼ਰਧਾ ਦੀ ਅਧਿਕਤਾ ਕਾਰਣ ਇਹ ਵਾਰਤਕ ਜਜ਼ਬਾਤੀ ਜਿਹੀ ਜਾਂ ਕਾਵਿਮਈ ਹੋ ਗਈ ਹੈ।

ਭਾਸ਼ਾ : ਭਾਸ਼ਾ ਦੇ ਪੱਖ ਤੋਂ ਇਹ ਦੋਵੇਂ ਰਚਨਾਵਾਂ ਪੰਜਾਬੀ ਵਾਰਤਕ ਦੀਆਂ ਮਹੱਤਵ-ਪੂਰਣ ਕ੍ਰਿਤੀਆਂ ਹਨ। ਇਨ੍ਹਾਂ ਤੋਂ ਪਹਿਲਾਂ ਅਤੇ ਬਾਦ ਵਿਚ ਲਿਖੀਆਂ ਗਈਆਂ ਵਾਰਤਕ ਰਚਨਾਵਾਂ ਵਿਚੋਂ ਇਹ ਰਚਨਾਵਾਂ ਨਾ ਕੇਵਲ ਭਾਸ਼ਾ ਦੀ ਦ੍ਰਿਸ਼ਟੀ ਤੋਂ ਅਧਿਕ ਵਿਵਸਥਿਤ ਹੈ, ਸਗੋਂ ਇਨ੍ਹਾਂ ਦੀ ਭਾਸ਼ਾ ਬੜੀ ਪ੍ਰਭਾਵਸ਼ਾਲੀ ਅਤੇ ਪੰਜਾਬੀ ਅਨੁਰੂਪ ਹੈ। ਹਿੰਦਵੀ ਰੰਗ ਇਨ੍ਹਾਂ ਵਿੱਚ ਕਾਫੀ ਹੱਦ ਤੱਕ ਘਟਿਆ ਅਨੁਭਵ ਹੁੰਦਾ ਹੈ। ਇਨ੍ਹਾਂ ਦੀ ਰਚਨਾ ਚੂੰਕਿ ਗੁਰੂ ਨਾਨਕ ਦੇ ਅਧਿਆਤਮਿਕ ਜੀਵਨ-ਚਰਿੱਤਰ ਅਤੇ ਸਿੱਖ ਮਰਯਾਦਾ ਦੀ ਸਥਾਪਨਾ ਲਈ ਹੋਈ ਹੈ, ਇਸ ਲਈ ਇਨ੍ਹਾਂ ਦਾ ਸਰੂਪ ਅਧਿਆਤਮੀ ਹੈ ਅਤੇ ਵਿਆਕਰਣ ਦੇ ਪੱਖ ਤੋਂ ਇਨ੍ਹਾਂ ਵਿਚ ਜਨਮ-ਸਾਖੀ ਪਰੰਪਰਾ ਦੀਆਂ ਅਨੇਕ ਵਿਸ਼ੇਸ਼ਤਾਵਾਂ ਅਤੇ ਪੁਰਾਤਨ ਪੰਜਾਬੀ ਦੀਆਂ ਭਾਸ਼ਾਈ ਪ੍ਰਵ੍ਰਿੱਤੀਆਂ ਦੇ ਦਰਸ਼ਨ ਹੋ ਜਾਂਦੇ ਹਨ। ਇਸ ਲਈ ਇਨ੍ਹਾਂ ਦੀ ਭਾਸ਼ਾ ਦਾ ਅਧਿਐਨ ਪੰਜਾਬੀ ਦੇ ਭਾਸ਼ਾਈ ਵਿਕਾਸ ਵਿੱਚ ਇਤਿਹਾਸਿਕ ਮਹੱਤਵ ਰੱਖਦਾ ਹੈ।

ਸ਼ਬਦਾਵਲੀ ਦੀ ਦ੍ਰਿਸ਼ਟੀ ਤੋਂ ਇਹ ਰਚਨਾਵਾਂ ਅਮੀਰ ਕਹੀਆਂ ਜਾ ਸਕਦੀਆਂ ਹਨ ਕਿਉਂਕਿ ਇਨ੍ਹਾਂ ਦਾ ਸ਼ਬਦ-ਕੋਸ਼ ਕਾਫੀ ਵਿਸ਼ਾਲ ਹੈ, ਜੋ ਇਨ੍ਹਾਂ ਦੇ ਰਚੈਤਾ ਦੇ ਭਾਵ-ਪ੍ਰਕਾਸ਼ਨ ਵਿਚ ਬਹੁਤ ਸਹਾਇਕ ਹੋਇਆ ਹੈ। ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਦੂਜੇ ਤੱਕ ਪਹੁੰਚਾਉਣ ਲਈ ਲੇਖਕ ਸਦਾ ਚੰਗੇ ਅਤੇ ਸਹੀ ਅਰਥ-ਬੋਧ ਕਰਾਉਣ ਵਾਲੇ ਸ਼ਬਦਾਂ ਦੀ ਭਾਲ ਵਿੱਚ ਰਹਿੰਦਾ ਹੈ। ਕਈ ਵਾਰ ਉਸ ਨੂੰ ਇਸ ਭਾਲ ਲਈ ਆਪਣੀ ਭਾਸ਼ਾ ਦੇ ਘੇਰੇ ਤੋਂ ਬਾਹਰ ਨਿਕਲ ਕੇ ਵੀ ਸ਼ਬਦ ਲੱਭਣੇ ਪੈਂਦੇ ਹਨ। ਉਨ੍ਹਾਂ ਸ਼ਬਦਾਂ ਵਿਚੋਂ ਜੋ ਭਾਸ਼ਾ ਦੀ ਪ੍ਰਕ੍ਰਿਤੀ ਦੇ ਅਨੁਰੂਪ ਹੁੰਦੇ ਹਨ, ਉਨ੍ਹਾਂ ਨੂੰ ਇੰਨ-ਬਿੰਨ ਅਪਣਾ ਲਿਆ ਜਾਂਦਾ ਹੈ ਅਤੇ ਜੋ ਉਸ ਭਾਸ਼ਾ ਦੀ ਪ੍ਰਕ੍ਰਿਤੀ ਨਾਲ ਢੁਕਵੇਂ ਨਾ ਹੋਣ, ਉਨ੍ਹਾਂ ਨੂੰ ਕਾਂਟ ਛਾਂਟ ਕੇ ਵਰਤੋਂ ਵਿੱਚ ਲਿਆਇਆ ਜਾਂਦਾ ਹੈ। ਅਜਿਹਾ ਕਰਨ ਨਾਲ ਲੇਖਕ ਦੀ ਭਾਵ-ਪ੍ਰਕਾਸ਼ਨ ਵਿਧੀ ਸੁੰਦਰ ਅਤੇ ਪ੍ਰਭਾਵਸ਼ਾਲੀ ਬਣ ਜਾਂਦੀ ਹੈ। ਬਾਹਰੋਂ ਲਏ ਇਨ੍ਹਾਂ ਸ਼ਬਦਾਂ ਨੂੰ ਕ੍ਰਮਵਾਰ ਤਤਸਮ ਅਤੇ ਤਦਭਵ ਕਿਹਾ ਜਾਂਦਾ ਹੈ। ਜਿਨ੍ਹਾਂ ਸ਼ਬਦਾਂ ਦਾ ਸਰੂਪ ਅਜੇ ਮੂਲ ਤੋਂ ਬਹੁਤ ਹਟਿਆ ਜਾਂ ਵਿਗੜਿਆ ਨਹੀਂ ਹੁੰਦਾ, ਉਨ੍ਹਾਂ

ਨੂੰ ਅਰਧ-ਤਤਸਮ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ।

ਸ਼ਬਦ-ਕੋਸ਼ ਦੀ ਦ੍ਰਿਸ਼ਟੀ ਤੋਂ ਇਹ ਦੋਵੇਂ ਸੰਪੰਨ ਰਚਨਾਵਾਂ ਹਨ । ਸ਼ਬਦਾਵਲੀ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦੀ ਪਹਿਲੀ ਵਿਸ਼ਿਸ਼ਟਤਾ ਇਹ ਹੈ ਕਿ ਇਨ੍ਹਾਂ ਦਾ ਸ਼ਬਦ-ਭੰਡਾਰ ਬਹੁਤ ਵਿਸ਼ਾਲ ਹੈ। ਇਨ੍ਹਾਂ ਵਿੱਚ ਲੋੜ ਅਨੁਸਾਰ ਲੇਖਕ ਨੇ ਭਾਰਤੀ ਕਲਾਸਕੀ ਭਾਸ਼ਾਵਾਂ ਅਤੇ ਵਿਦੇਸ਼ੀ ਭਾਸ਼ਾਵਾਂ ਤੋਂ ਸ਼ਬਦ ਲੈਣੋਂ ਸੰਕੋਚ ਨਹੀਂ ਕੀਤਾ । ਚੂਕਿ ਇਨ੍ਹਾਂ ਦਾ ਲੇਖਕ ਗੁਰੂ ਘਰ ਨ ਲ ਸੰਬੰਧਿਤ ਇਕ ਪ੍ਰਤਿਸ਼ਠਿਤ ਸਿੱਖ ਸਾਧਕ ਹੈ, ਇਸ ਲਈ ਇਨ੍ਹਾਂ ਵਿਚਲੀ ਸ਼ਬਦਾਵਲੀ ਦਾ ਮੁੱਖ ਆਧਾਰ ਭਾਰਤੀ ਵਿਰਸਾ ਹੈ । ਦੂਜੇ, ਇਨ੍ਹਾਂ ਵਿੱਚ ਭਾਰਤੀ ਅਧਿਆਤਮਵਾਦ ਨਾਲ ਸੰਬੰਧਿਤ ਲੋਕਨਾਇਕ ਅਤੇ ਉਸ ਦੀ ਧਰਮ-ਸਾਧਨਾ ਅਤੇ ਮਰਯਾਦਾ ਦਾ ਚਿੱਤਰਣ ਕੀਤਾ ਗਿਆ ਹੈ, ਇਸ ਲਈ ਭਾਰਤੀ ਅਧਿਆਤਮਵਾਦੀ ਸ਼ਬਦਾਵਲੀ ਅਤੇ ਕੁਝ ਹੱਦ ਤੱਕ ਗੁਰਮਤਿ ਸ਼ਬਦਾ-ਵਲੀ ਦੀ ਪ੍ਰਭੁੱਤਾ ਹੈ । ਇਸ ਤਰ੍ਹਾਂ ਲੇਖਕ ਨੇ ਸੰਸਕ੍ਰਿਤ ਅਤੇ ਉਸ ਤੋਂ ਵਿਕਸਿਤ ਹੋਈਆਂ ਭਾਸ਼ਾਵਾਂ ਦੇ ਮਾਰਗ ਤੋਂ ਲੰਘੇ ਹੋਏ ਸ਼ਬਦਾਂ ਦਾ ਅਧਿਕ ਪ੍ਰਯੋਗ ਕੀਤਾ ਹੈ । ਸੰਸਕ੍ਰਿਤ ਦੀ ਉਹ ਸ਼ਬਦਾਵਲੀ ਜਿਸ ਦੀਆਂ ਧੁਨੀਆਂ ਪੰਜਾਬੀ ਵਿੱਚ ਆਮ ਪ੍ਰਚਲਿਤ ਹਨ, ਇੰਨ-ਬਿੰਨ ਜਾਂ ਕੁਝ ਅੰਤਰ ਨਾਲ ਅਪਣਾ ਲਈ ਗਈ ਹੈ, ਪਰ ਜਿਨ੍ਹਾਂ ਸ਼ਬਦਾਂ ਦੀ ਪ੍ਰਕ੍ਰਿਤੀ ਪੰਜਾਬੀ ਦੇ ਸੁਭਾ ਜਾਂ ਉੱਚਾਰਣ ਅਨੁਰੂਪ ਨਹੀਂ ਬੈਠਦੀ, ਉਨ੍ਹਾਂ ਨੂੰ ਤਦਭਵ ਰੂਪ ਵਿੱਚ ਅਪਣਾਇਆ ਗਿਆ ਹੈ । ਇਹ ਤਦਭਵਤਾ ਅਜਨਚੇਤੀ ਘਟਨਾ ਨਹੀਂ, ਇਸ ਵਿੱਚ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਦਾ ਯੋਗਦਾਨ ਵੀ ਰਿਹਾ ਹੈ ਅਤੇ ਅਧਿਆਤਮਿਕ ਵਿਸ਼ੇ ਨਾਲ ਸੰਬੰਧਿਤ ਹੋਣ ਕਾਰਣ ਸਾਧ ਭਾਖਾਈ ਸ਼ਬਦਾਵਲੀ ਦੀ ਆਮ ਵਰਤੋਂ ਸਹਿਜ ਹੀ ਹੋ ਗਈ ਹੈ । ਚੰਕਿ ਇਨ੍ਹਾਂ ਰਚਨਾਵਾਂ ਦੀ ਵਸਤੂ ਅਧਿਆਤਮਿਕ ਹੈ, ਇਸ ਲਈ ਇਨ੍ਹਾਂ ਦੀ ਅਧਿਕਾਂਸ਼ ਸ਼ਬਦਾਵਲੀ ਵਿਸ਼ੇ-ਸੀਮਾ ਕਰਕੇ ਅਧਿ-ਆਤਮੀ ਹੈ । ਫਲਸਰੂਪ ਇਸ ਨੂੰ ਪੰਜਾਬੀ ਸਾਧ-ਭਾਖਾਈ ਸ਼ਬਦਾਵਲੀ ਵੀ ਕਿਹਾ ਜਾ ਸਕਦਾ ਹੈ ।

ਇਨ੍ਹਾਂ ਰਚਨਾਵਾਂ ਵਿੱਚ ਅਰਬੀ ਫ਼ਾਰਸੀ ਦੇ ਵੀ ਕਈ ਸ਼ਬਦ ਤਤਸਮ ਅਤੇ ਤਦਭਵ ਦੋਹਾਂ ਰੂਪਾਂ ਵਿੱਚ ਮਿਲ ਜਾਂਦੇ ਹਨ । ਇਨ੍ਹਾਂ ਪੁਸਤਕਾਂ ਦੇ ਰਚੇ ਜਾਣ ਤੱਕ ਸਾਰੇ ਭਾਰਤ ਅਤੇ ਵਿਸ਼ੇਸ਼ ਕਰ ਕੇ ਪੰਜਾਬ ਵਿੱਚ ਕਈਆਂ ਸਦੀਆਂ ਤੋਂ ਮੁਸਲਮਾਨਾਂ ਦਾ ਰਾਜ-ਅਧਿਕਾਰ ਚਲਿਆ ਆ ਰਿਹਾ ਸੀ । ਭਾਰਤ ਦਾ ਕੀ ਸਾਹਿੱਤ ਅਤੇ ਕੀ ਕਲਾ, ਕੀ ਸਭਿਅਤਾ ਅਤੇ ਕੀ ਸੰਸਕ੍ਰਿਤੀ ਸਭ ਉੱਤੇ ਮੁਸਲਮਾਨੀ ਧਰਮ, ਵਿਚਾਰਧਾਰਾ ਅਤੇ ਸੰਸਕ੍ਰਿਤੀ ਦਾ ਪ੍ਰਭਾਵ ਬੜਾ ਸਪੱਸ਼ਟ ਸੀ । ਫ਼ਾਰਸੀ ਕਈਆਂ ਸਦੀਆਂ ਤੋਂ ਰਾਜ-ਭਾਸ਼ਾ ਚਲੀ ਆ ਰਹੀ ਸੀ । ਇਸ ਲਈ ਭਾਰਤੀ ਭਾਸ਼ਾਵਾਂ ਉੱਤੇ ਅਰਬੀ ਫ਼ਾਰਸੀ ਦਾ ਪ੍ਰਭਾਵ ਪੈਣਾ ਕੁਦਰਤੀ ਸੀ, ਕਿਉਂਕਿ ਭਾਸ਼ਾਵਾਂ ਦੇ ਵਿਕਾਸ ਵਿੱਚ ਆਦਾਨ-ਪ੍ਰਦਾਨ ਦਾ ਨਿਯਮ ਆਪਣਾ ਮਹੱਤਵਪੂਰਣ ਸਥਾਨ ਰੱਖਦਾ ਹੈ, ਇਸ ਲਈ ਉਦੋਂ ਤੱਕ ਇਨ੍ਹਾਂ ਭਾਸ਼ਾਵਾਂ ਦੇ ਅਨੇਕ ਸ਼ਬਦ ਇੱਥੋਂ ਦੇ ਲੋਕਾਂ ਦੀ ਬੋਲਚਾਲ ਵਿੱਚ ਆਮ ਰਚ-ਮਿਚ ਗਏ ਸਨ । ਇਸ ਪਰੰਪਰਾ ਵਿੱਚ ਪ੍ਰਸਤੁਤ ਰਚਨਾਵਾਂ ਵਿੱਚ ਵੀ ਇਨ੍ਹਾਂ ਭਾਸ਼ਾਵਾਂ ਦਾ ਪ੍ਰਭਾਵ ਪਿਆ ਦ੍ਰਿਸ਼ਟੀਗੋਚਰ ਹੁੰਦਾ ਹੈ । ਇਹ ਪ੍ਰਭਾਵ ਸ਼ਬਦਾਵਲੀ ਵਜੋਂ ਹੀ ਹੈ, ਵਿਆਕਰਣ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਰਚਨਾਵਾਂ ਦੀ ਭਾਸ਼ਾ ਨੇ ਕੋਈ ਵਿਸ਼ੇਸ਼ ਜਾਂ ਕਥਨਯੋਗ ਪ੍ਰਭਾਵ ਗ੍ਰਹਿਣ ਨਹੀਂ ਕੀਤਾ । ਇਨ੍ਹਾਂ ਭਾਸ਼ਾਵਾਂ ਤੋਂ ਗ੍ਰਹਿਣ ਕੀਤੇ ਸ਼ਬਦ ਤਤਸਮ ਅਤੇ ਤਦਭਵ ਦੋਹਾਂ ਤਰ੍ਹਾਂ ਦੇ ਹਨ । ਗੁਰਮੁਖੀ ਲਿਪੀ ਦੀਆਂ ਸੀਮਾਵਾਂ ਕਰਕੇ ਕੁਝ ਸ਼ਬਦ ਭਾਵੇਂ ਵਰਤੇ ਤਾਂ ਤਤਸਮ ਰੂਪ

ਵਿੱਚ ਗਏ ਹਨ, ਪਰ ਉਨ੍ਹਾਂ ਦਾ ਲਿਖਿਤ ਸਰੂਪ ਅਰਧ-ਤਤਸਮ ਵਾਲਾ ਹੋ ਗਿਆ ਹੈ।

'ਗਿਆਨ ਰਤਨਾਵਲੀ' ਵਿੱਚ ਗੁਰੂ ਨਾਨਕ ਦੇਵ ਦੀਆਂ ਮੁਸਲਮਾਨ ਕਾਜ਼ੀਆਂ, ਸੂਫੀ ਫ਼ਕੀਰਾਂ ਨਾਲ ਹੋਈਆਂ ਗੋਸ਼ਟਾਂ ਵਿੱਚ ਲੇਖਕ ਨੇ ਨਾ ਕੇਵਲ ਇਸਲਾਮਿਕ ਸੰਸਕ੍ਰਿਤੀ ਸੰਬੰਧੀ ਆਪਣੀ ਜਾਣਕਾਰੀ ਦਾ ਪ੍ਰਦਰਸ਼ਨ ਕੀਤਾ ਹੈ, ਸਗੋਂ ਅਰਬੀ ਫ਼ਾਰਸੀ ਭਾਸ਼ਾ ਦੀ ਵੀ ਬੜੀ ਢੁਕਵੀਂ ਅਤੇ ਮਾਕੂਲ ਵਰਤੋਂ ਕੀਤੀ ਹੈ। ਉਦਾਹਰਣ ਵਜੋਂ ਮੁਲਤਾਨ ਯਾਤਰਾ ਦਾ ਪ੍ਰਸੰਗ ਵੇਖੋ :

> ਤਾਂ ਰੁਕਨਦੀਨ ਪੁਛਿਆ ਕਿ ਬਜੁਰਗਾਂ ਦੇ ਕੀ ਲਛਨ ਹੈਨ ਤਾਂ ਬਾਬੇ ਕਹਿਆ ਕਿ ਪਹਿਲੇ ਤਾਂ ਇਹ ਜੋ ਨੀਯਤ ਸਾਫ ਕਰੇ ਤੇ ਬਜੁਰਗਾਂ ਦੀ ਸੋਹਬਤ ਕਰੇ। ਅਰ ਦੂਸਰਾ ਜੋ ਕਿਸੇ ਦੇ ਗੁਣ ਸੁਣੇ ਤਾਂ ਪ੍ਰਸੰਨ ਹੋਵੈ। ਤੀਸਰਾ ਗੁਣਾਂ ਵਾਲੇ ਦੀ ਖਿਦਮਤ ਕਰੇ। ਅਰ ਚੌਥਾ ਵਡਿਆਈ ਗੁਰ ਪੀਰ ਦੀ ਜਾਣੇ ਜੋ ਜਿਸ ਨੂੰ ਮਿਲ ਕੇ ਗੁਣ ਪ੍ਰਾਪਤਿ ਹੋਵਣ।...ਅਰੁ ਦਸਵਾਂ ਬਦਕਾਰਾਂ ਦੀ ਸੋਹਬਤ ਦਾ ਤਿਆਗ ਕਰਨਾ। ਤਾਂ ਸਭਨਾਂ ਪੀਰਾਂ ਇਹ ਵਚਨ ਸੁਣ ਕੇ ਸਿਜਦਾ ਕੀਤਾ ਅਰ ਕਹਿਆ ਕੁਝ ਅਸਾਨੂੰ ਉਪਦੇਸ਼ ਕਰੋ ਤਾਂ ਬਾਬਾ ਜੀ ਨੇ ਹਾਜਰਨਾਮਾ ਕਹਿਆ ਹਾਜਰਾਂ ਨੂੰ ਮਿਹਰ ਹੈ ਬੇਹਾਜਰਾਂ ਨੂੰ ਬੇਮਿਹਰ ਹੈ। ਈਮਾਨ ਦੋਸਤ ਹੈ ਬੇਈਮਾਨ ਕਾਫਰ ਹੈ ਪਸ ਗੈਬਤ ਕਾ ਮੂਹ ਕਾਲਾ ਹੈ। ਗੁਸਾ ਹਰਾਮ ਹੈ। ਨਫਸ ਸੈਤਾਨ ਹੈ। ਦਰੋਗ ਦੋਜਕ ਹੈ।...

ਤਰ ਇੱਥੇ ਇੱਕ ਗੱਲ ਧਿਆਨ ਰੱਖਣ ਦੀ ਹੈ ਕਿ ਇਸ ਜਨਮਸਾਖੀ ਤੇ ਅਰਬੀ ਫ਼ਾਰਸੀ ਦਾ ਪ੍ਰਭਾਵ 'ਪੁਰਾਤਨ ਜਨਮਸਾਖੀ' ਤੋਂ ਬਹੁਤ ਘੱਟ ਹੈ। 'ਪੁਰਾਤਨ ਜਨਮਸਾਖੀ' ਵਿੱਚ ਜੀਵਨ-ਬ੍ਰਿੱਤਾਂਤ ਅਧਿਕ ਹੋਣ ਕਾਰਣ ਹੀ ਇਹ ਪ੍ਰਭਾਵ ਅਧਿਕ ਹੈ। ਪ੍ਰਸਤੁਤ ਜਨਮਸਾਖੀ ਵਿੱਚ ਧਾਰਮਿਕ ਵਿਸ਼ਲੇਸ਼ਣ ਦੀ ਅਧਿਕਤਾ ਕਰਕੇ ਸ਼ਬਦਾਵਲੀ ਦਾ ਸੰਬੰਧ ਭਾਰਤੀ ਵਿਰਸੇ ਨਾਲ ਜਾ ਜੁੜਿਆ ਹੈ। 'ਭਗਤ ਰਤਨਾਵਲੀ' ਵਿੱਚ ਅਰਬੀ-ਫ਼ਾਰਸੀ ਦਾ ਪ੍ਰਭਾਵ ਸ਼ਬਦਾਂ ਦੀ ਵਰਤੋਂ ਤੱਕ ਸੀਮਿਤ ਹੈ।

ਭਾਸ਼ਾ ਦੇ ਸਰੂਪ ਦਾ ਸਹੀ ਨਿਰਣਾ ਉਸ ਵਿੱਚ ਵਰਤੇ ਗਏ ਵਿਆਕਰਣਿਕ ਨਿਯਮਾਂ ਤੇ ਨਿਰਭਰ ਕਰਦਾ ਹੈ। ਸ਼ਬਦਾਂ ਵਿੱਚ ਪਰਿਵਰਤਨ ਅਤੇ ਵਾਧ-ਘਾਟ ਹੁੰਦੀ ਰਹਿੰਦੀ ਹੈ ਅਤੇ ਸ਼ਬਦ-ਕੋਸ਼ ਨੂੰ ਅਮੀਰ ਬਣਾਉਣ ਲਈ ਅਤੇ ਭਾਸ਼ਾ ਦੀ ਵਿਅੰਜਕਤਾ ਨੂੰ ਵਧਾਉਣ ਲਈ ਭਿੰਨ ਭਿੰਨ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਆਦਾਨ ਪ੍ਰਦਾਨ ਚਲਦਾ ਰਹਿੰਦਾ ਹੈ। ਪਰ ਕਿਸੇ ਭਾਸ਼ਾ ਦਾ ਵਿਆਕਰਣ ਉਸ ਦੇ ਸ਼ਬਦ-ਭੰਡਾਰ ਨਾਲੋਂ ਅਧਿਕ ਸਥਿਰ ਹੁੰਦਾ ਹੈ ਅਤੇ ਜੇ ਇਸ ਵਿੱਚ ਕੋਈ ਪਰਿਵਰਤਨ ਹੁੰਦਾ ਵੀ ਹੈ ਤਾਂ ਬਹੁਤ ਹੀ ਹੌਲੀ। ਇਸ ਲਈ ਵਿਆਕਰਣ ਕਿਸੇ ਭਾਸ਼ਾ ਦੀ ਰੀੜ ਦੀ ਹੱਡੀ ਵਾਂਗ ਉਸ ਦਾ ਸਥਾਈ ਅਤੇ ਦ੍ਰਿੜ੍ਹ ਆਧਾਰ ਹੈ, ਜਿਸ ਦੀ ਸਥਿਰਤਾ ਅਤੇ ਸ਼ੁੱਧੀ ਤੋਂ ਬਿਨਾ ਕੋਈ ਭਾਸ਼ਾ ਨਿਪੁਣ ਅਖਵਾਉਣ ਦੀ ਅਧਿਕਾਰੀ ਨਹੀਂ ਹੋ ਸਕਦੀ। ਵਿਚਾਰਾਧੀਨ ਰਚਨਾਵਾਂ ਦਾ ਵਿਆਕਰਣ ਪੰਜਾਬੀ ਭਾਸ਼ਾ ਦੇ ਅਨੁਰੂਪ ਹੈ। ਇੱਥੇ ਇਹ ਕਹਿਣਾ ਅਸੰਗਤ ਨਹੀਂ ਹੋਵੇਗਾ ਕਿ ਇਨ੍ਹਾਂ ਰਚਨਾਵਾਂ ਦਾ ਵਿਆਕਰਣ ਜਨਮਸਾਖੀ ਸਾਹਿੱਤ ਤੋਂ ਅਧਿਕ ਵਿਵਸਥਿਤ ਅਤੇ ਪੰਜਾਬੀ ਪ੍ਰਾਕ੍ਰਿਤੀ ਦੇ ਅਨੁਰੂਪ ਹੈ। ਇਨ੍ਹਾਂ ਵਿੱਚ ਮੁੱਢਲੀ ਅਵਸਥਾ ਵਾਲੀਆਂ ਬੇਕਾਇਦਗੀਆਂ ਘੱਟ ਜਾਂ ਨਾਂ-ਮਾਤਰ ਹਨ। ਇਨ੍ਹਾਂ ਰਚਨਾਵਾਂ ਤੱਕ ਪਹੁੰਚ ਕੇ ਪੰਜਾਬੀ ਵਾਰਤਕ ਵਿਆਕਰਣ ਦੀ ਦ੍ਰਿਸ਼ਟੀ ਤੋਂ ਆਪਣਾ ਵਿਸ਼ਿਸ਼ਟ ਸਰੂਪ ਉਘਾੜ ਅਤੇ ਨਿਖਾਰ

ਚੁੱਕੀ ਹੈ।

ਇਨ੍ਹਾਂ ਰਚਨਾਵਾਂ ਵਿੱਚ ਗੁਰਬਾਣੀ ਦੀ ਸਰਣੀ ਤੇ ਸ਼ਬਦਾਂਤਿਕ ਸਿਹਾਰੀ ਅਤੇ ਔਂਕੜ ਦੀ ਵਰਤੋਂ ਕੀਤੀ ਗਈ ਹੈ। ਇਹ ਪ੍ਰਯੋਗ ਭਾਵੇਂ ਸੰਸਕ੍ਰਿਤ ਦੀ ਵਿਭਕਤੀ-ਪਰੰਪਰਾ ਦਾ ਅਵਸ਼ੇਸ਼ ਹੈ, ਪਰ ਪ੍ਰਸਤੁਤ ਰਚਨਾਵਾਂ ਵਿੱਚ ਨਾ ਤਾਂ ਇਨ੍ਹਾਂ ਨੂੰ ਸ੍ਵਰ-ਉੱਚਾਰਣ ਵਿੱਚ ਸਥਾਨ ਮਿਲਿਆ ਹੈ ਅਤੇ ਨਾ ਹੀ ਇਹ ਕਾਰਕ-ਰੂਪਾਂ ਨੂੰ ਯੋਗਾਤਮਕ ਢੰਗ ਨਾਲ ਪ੍ਰਗਟਾਉਂਦੀਆਂ ਹਨ। ਇਹ ਕੇਵਲ ਪਰੰਪਰਾ ਦੇ ਪਾਲਣ ਦੀ ਵਿਵਸ਼ਤਾ ਹੈ। ਭਾਵੇਂ 'ਪੁਰਾਤਨ ਜਨਮਸਾਖੀ' ਤੋਂ ਇਨ੍ਹਾਂ ਰਚਨਾਵਾਂ ਵਿੱਚ ਇਹ ਪ੍ਰਵਿਤੀ ਕਾਫ਼ੀ ਘੱਟ ਗਈ ਪ੍ਰਤੀਤ ਹੁੰਦੀ ਹੈ, ਤਾਂ ਵੀ ਸੰਸਕ੍ਰਿਤ ਦੇ ਮੂਲ ਸ਼ਬਦਾਂ ਤੋਂ ਭਿੰਨ ਅਰਬੀ ਫ਼ਾਰਸੀ ਦੇ ਸ਼ਬਦਾਂ ਅਤੇ ਵਿਸ਼ੇਸ਼ਣਾਂ, ਕ੍ਰਿਆਵਾਂ ਅਤੇ ਕ੍ਰਿਆ-ਵਿਸ਼ੇਸ਼ਣਾਂ ਨਾਲ ਵੀ ਵਾਧੂ ਮਾਤਰਾਵਾਂ ਲੱਗੀਆਂ ਮਿਲ ਜਾਂਦੀਆਂ ਹਨ, ਜਿਨ੍ਹਾਂ ਦਾ ਨਾ ਕੋਈ ਅਰਥ ਹੈ ਅਤੇ ਨਾ ਹੀ ਪ੍ਰਯੋਜਨ। ਇਨ੍ਹਾਂ ਰਚਨਾਵਾਂ ਵਿੱਚ ਅਸਲੋਂ ਵਿਭਕਤੀਆਂ ਦੀ ਥਾਂ ਪਰਸਰਗਾਂ ਨੇ ਲੈ ਲਈ ਹੈ। ਇਨ੍ਹਾਂ ਵਿੱਚ ਕਿੱਤੇ ਕਿੱਤੇ ਵਿਆਕਰਣ ਦੇ ਜੋ ਦੋਸ਼ ਮਿਲਦੇ ਹਨ ਤਾਂ ਉਨ੍ਹਾਂ ਦਾ ਪ੍ਰਮੁੱਖ ਕਾਰਣ ਸਹੀ ਪਾਠ ਦਾ ਉਪਲਬਧ ਨਾ ਹੋਣਾ ਹੈ। ਦੂਜੇ ਇਹ ਵਿਕਾਸੋਨ-ਮੁਖ ਭਾਸ਼ਾ ਹੈ। ਇਸ ਵਿਚ ਵਿਕਾਸ ਵਾਲੀ ਅਵਸਥਾ ਦੀਆਂ ਤਰੁੱਟੀਆਂ ਵਿਦਮਾਨ ਹਨ, ਪਰ ਜੋ ਗੱਲ ਵਿਸ਼ੇਸ਼ ਵਰਣਨਯੋਗ ਹੈ ਉਹ ਇਹ ਕਿ ਇਸ ਵਿੱਚ ਵਾਰਤਕ ਦੀ ਨੁਹਾਰ ਸਧੁੱਕੜੀ, ਹਿੰਦਵੀ ਅਤੇ ਬ੍ਰਜ ਤੋਂ ਹੱਟ ਕੇ ਠੇਠ ਪੰਜਾਬੀ ਦੇ ਠਾਠ ਨੂੰ ਪ੍ਰਤਿਸ਼ਠਿਤ ਕਰ ਰਹੀ ਹੈ ਅਤੇ ਜਿੱਥੇ ਕਿਤੇ ਹਿੰਦਵੀ ਦਾ ਪ੍ਰਭਾਵ ਹੈ, ਉਥੇ ਭਾਸ਼ਾ ਦਾ ਸਰੂਪ ਪੰਜਾਬੀ ਸਧੂਕੜੀ ਤੱਕ ਹੀ ਸੀਮਿਤ ਰਿਹਾ ਹੈ, ਬਹੁਤ ਵਿਕ੍ਰਿਤ ਨਹੀਂ ਹੋਇਆ।

'ਗਿਆਨ ਰਤਨਾਵਲੀ' ਦੀ ਭਾਸ਼ਾ ਸੰਬੰਧੀ ਵਿਦਵਾਨਾਂ ਦੀ ਇਹ ਸ਼ਿਕਾਇਤ ਰਹੀ ਹੈ ਕਿ ਇਸ ਵਿਚ ਸਾਵਾਂਪਣ ਨਹੀਂ ਹੈ, ਕਿਧਰੇ ਹਿੰਦਵੀ ਨਾਲ ਅਧਿਕ ਬੋਝਲ ਹੈ ਅਤੇ ਕਿਤੇ ਕਿਤੇ ਠੇਠ ਪੰਜਾਬੀ ਦਾ ਰੂਪ ਨਿਖਰਦਾ ਹੈ। ਸਾਡੇ ਵਿਚਾਰ ਅਨੁਸਾਰ ਇਸ ਅੰਤਰ ਦਾ ਕਾਰਣ ਇਹ ਹੈ ਕਿ ਜਿੱਥੇ ਲੇਖਕ ਨੇ ਕੋਈ ਅਜਿਹਾ ਕਥਾ-ਪ੍ਰਸੰਗ ਲਿਆਂਦਾ ਹੈ ਜੋ ਪੰਜਾਬ ਦੀ ਧਰਤੀ ਤੋਂ ਬਾਹਰ ਵਾਪਰਿਆ ਹੋਵੇ ਜਾਂ ਜਿਸ ਵਿੱਚ ਭਾਰਤੀ-ਪਰੰਪਰਾ ਦੇ ਵਿਅਕਤੀਆਂ ਨਾਲ ਗੱਲ-ਬਾਤ ਹੋ ਰਹੀ ਹੋਵੇ, ਉਥੇ ਭਾਸ਼ਾ ਹਿੰਦਵੀ ਵੱਲ ਝੁਕੀ ਹੋਈ ਹੈ ਅਤੇ ਜਿੱਥੇ ਗੱਲ ਪੰਜਾਬ ਦੇ ਵਾਸੀਆਂ ਨਾਲ ਹੋ ਰਹੀ ਹੋਵੇ, ਜਾਂ ਸਾਖੀ ਪ੍ਰਸੰਗ ਪੰਜਾਬ ਦਾ ਹੋਵੇ, ਉਥੇ ਪੰਜਾਬੀ ਦਾ ਨਿਖਾਰ ਵੇਖਿਆ ਜਾ ਸਕਦਾ ਹੈ। ਇਥੇ ਦੋਹਾਂ ਰੂਪਾਂ ਦੇ ਉਦਾਹਰਣ ਦੇ ਦੇਣਾ ਅਸੰਗਤ ਨਹੀਂ ਹੋਵੇਗਾ :

ਪੰਜਾਬੀ ਰੂਪ (ਤਲਵੰਡੀ ਪਰਤਣ ਦੀ ਸਾਖੀ)

> ਉਥੇ ਸਤਿਨਾਮ ਦਾ ਮੰਤ੍ਰ ਦੇ ਕੇ ਬਾਬਾ ਜੀ ਤਲਵੰਡੀ ਦੇ ਬਨ ਵਿਚ ਆਇ ਬੈਠੇ ਤਾਂ ਮਰਦਾਨੇ ਆਖਿਆ ਜੀ ਮੈਂ ਘਰ ਦੇ ਲੋਕਾਂ ਨੂੰ ਮਿਲ ਆਵਾਂ। ਤਾਂ ਬਚਨ ਹੋਇਆ ਮਰਦਾਨਿਆ, ਅਜੇ ਤੇਰਾ ਮੋਹ ਤੁਟਾ ਨਹੀਂ। ਤਾਂ ਮਰਦਾਨੇ ਆਖਿਆ ਜੀ, ਤੁਸਾਡੀ ਕਿਰਪਾ ਕਰਕੇ ਸਨੇ ਸਨੇ ਮੋਹ ਟੁਟ ਜਾਵੇਗਾ ਤਾਂ ਬਚਨ ਹੋਇਆ ਮਰਦਾਨਿਆਂ ਜਾਹਿ ਪਰ ਸਾਡੇ ਘਰ ਖਬਰ ਨਾ ਕਰੇ ਜੋ ਬਾਬਾ ਬਾਹਰ ਆਇਆ ਹੈ ਤਾਂ ਮਰਦਾਨੇ ਆਖਿਆ ਜੀ ਜੇ ਮੇਰੇ ਪਾਸ ਭੀ ਕੁਝ ਹੋਵੇ ਤਾਂ ਮੈਂ ਉਨ੍ਹਾਂ ਨੂੰ ਖਰਚੀ ਦੇਵਾਂ ਤਾਂ ਬਾਬੇ ਆਖਿਆ ਕਿ ਉਨਾ ਦੀ ਭੀ ਤੇਰੀ ਭੀ ਵਾਹਗੁਰੂ ਪ੍ਰਤਿਪਾਲਾ ਕਰਦਾ ਹੈ। ਤਾਂ ਉਸ

ਆਖਿਆ ਜੀ ਮੇਰੇ ਪਾਸ ਕੁਝ ਹੋਵੇ । ਤਾਂ ਬਚਨ ਹੋਇਆ ਕਿ ਮੁਠ ਰੋੜਾਂ ਦੀ ਪਲੇ ਬੰਨ ਕੇ ਲੈ ਜਾ । ਤਾਂ ਮਰਦਾਨੇ ਰੋੜਾਂ ਦੀ ਮੁਠ ਪਲੇ ਬੰਨ ਲਈ ।

ਇਸ ਪ੍ਰਸੰਗ ਦੀ ਤੁਲਨਾ ਜੇ 'ਪੁਰਾਤਨ ਜਨਮਸਾਖੀ' ਦੇ ਇਸੇ ਪ੍ਰਸੰਗ ਨਾਲ ਕਰੀਏ, ਤਾਂ ਸਥਿਤੀ ਸਪੱਸ਼ਟ ਹੋ ਜਾਏਗੀ :

ਜਬ ਉਦਾਸੀ ਕਰਿ ਕੈ ਆਏ ਬਾਰਹੀ ਵਰਸੀ, ਤਬਿ ਆਇ ਕਰ ਤਲਵੰਡੀ ਤੇ ਕੋਸ ਦੁਇ ਬਾਹਰਿ ਬੈਠੇ, ਉਜਾੜਿ ਵਿਚਿ। ਤਬਿ ਘੜੀ ਇਕ ਸਸਤਾਇ ਕਰ ਮਰਦਾਨੇ ਅਰਜੁ ਕੀਤੀ—ਜੋ ਮੈਨੂ ਹੁਕਮੁ ਹੋਵੈ ਤਾ ਘਰਿ ਜਾਵਾ, ਘਰ ਕੀ ਖਬਰਿ ਲੈ ਆਵਾ । ਦਿਖਾ ਅਸਾਡੇ ਆਦਮੀ ਕਿਵ ਕਰਿ ਹੈਨਿ, ਕੋਈ ਰਹਿਆ ਹੈ ਕਿ ਕੋਈ ਨਾਹੀ ਰਹਿਆ । ਤਬਿ ਬਾਬਾ ਹਸਿਆ, ਹਸਿ ਕਰਿ ਕਹਿਆਸੁ-ਮਰਾਨਿਆ, ਤੇਰੇ ਆਦਮੀ ਮਰਿ ਗਏ, ਤੂ ਸੰਸਾਰੁ ਕਿਉ ਕਰ ਰਖਹਿਗਾ । ਪਰੁ ਤੇਰੈ ਆਤਮੈ ਆਵਦੀ ਹੈ ਤਾ ਤੂ ਜਾਹਿ, ਮਿਲਿ ਆਉ ।

ਇਨ੍ਹਾਂ ਦੋਹਾਂ ਪ੍ਰਸੰਗਾਂ ਦੀ ਭਾਸ਼ਾ ਭਾਵੇਂ ਪੰਜਾਬੀ ਹੈ ਪਰ 'ਪੁਰਾਤਨ ਜਨਮਸਾਖੀ' ਦੀ ਜਬ, ਤਬ ਦੀ ਵਰਤੋਂ 'ਗਿਆਨ ਰਤਨਾਵਲੀ' ਵਿੱਚ ਖਤਮ ਹੋਈ ਦਿਸਦੀ ਹੈ । ਇਸੇ ਤਰ੍ਹਾਂ ਕਰਿ ਕੈ, ਆਇ ਕਰ, ਕੀ, ਕਿਵ ਕਰਿ ਆਦਿ ਸ਼ਬਦਾਂ ਦੀ ਵਰਤੋਂ ਵੀ ਨਹੀਂ ਰਹੀ । ਹਾਂ ਜੋ ਭਾਸ਼ਾ-ਗਤ ਸਰਸਤਾ 'ਪੁਰਾਤਨ ਜਨਮਸਾਖੀ' ਦੇ ਪ੍ਰਸੰਗ ਵਿੱਚ ਹੈ, ਉਹ ਪ੍ਰਸਤੁਤ ਜਨਮਸਾਖੀ ਦੇ ਪ੍ਰਸੰਗ ਵਿੱਚ ਨਹੀਂ ਹੈ ।

ਹਿੰਦਵੀ ਰੂਪ (ਸਪਤ ਸਲੋਕੀ ਗੀਤਾ ਪ੍ਰਸੰਗ)

ਤਾਂ ਗੁਰੂ ਨਾਨਕ ਜੀ ਬਚਨ ਕੀਤਾ ਜੋ ਸ੍ਰੀ ਕ੍ਰਿਸ਼ਨ ਜੀ ਅਰਜਨ ਕੋ ਕਹੇ ਹੈ ਕਿ ਓਅੰਕਾਰ ਜੋ ਏਕ ਅਖਰ ਹੈ ਸੋ ਸਬਦ ਬ੍ਰਹਮ ਹੈ ਜੋ ਇਸ ਕੇ ਉਚਾਰਨ ਕਰਤਾ ਹੈ ਅਰ ਮੇਰਾ ਧਿਆਨ ਕਰਤਾ ਹੈ ਅਰੁ ਜੋ ਇਸ ਪ੍ਰਕਾਰ ਸਰੀਰ ਕੋ ਤਿਆਗਤਾ ਹੈ ਸੋ ਮੁਝ ਪਾਰਬ੍ਰਹਮ ਕੋ ਪ੍ਰਾਪਤ ਹੋਤਾ ਹੈ ਅਰ ਮੈਂ ਜੋ ਹੋਂ ਸੋ ਚੈਤੰਨ ਹੋ ਅਰ ਪੁਰਾਤਨ ਹੋਂ ਅਰ ਸੂਖਮ ਤੇ ਸੂਖਮ ਹੋ ਇਸ ਪ੍ਰਕਾਰ ਸੇ ਮੁਝੇ ਸਿਮਰਤੇ ਹੈ ਅਰ ਸਰਬ ਕਾ ਅਧਾਰ ਹੋਂ ਅਰ ਨਿਸਚਿੰਤ ਰੂਪ ਹੋਂ ਅਰ ਸੂਰਜ ਕੀ ਨਿਆਂਈ ਪ੍ਰਕਾਸ ਰੂਪ ਹੋ ਅਰ ਅਗਿਆਨ ਕੇ ਅੰਧੇਰੇ ਸੇ ਪਰੇ ਹੋਂ । ਜਿਸ ਅਸਥਾਨ ਬਿਖੈ ਮੇਰਾ ਕਥਾ-ਕੀਰਤਨ ਹੋਤਾ ਹੈ ਤਿਸ ਕੀ ਮੈਂ ਰਖਿਆ ਕਰਤਾ ਹੋਂ ਅਰ ਰਾਖਸ ਆਦਿਕ ਉਸ ਸੇ ਭੈਮਾਨ ਹੋ ਕੇ ਭਾਗ ਜਾਤੇ ਹੈਂ ਅਰ ਸਿਧ ਆਦਿਕ ਸਭ ਨਮਸਕਾਰ ਕਰਤੇ ਹੈਂ ।

ਸਥੂਲ ਰੂਪ ਵਿੱਚ ਇਹ ਦੋਵੇਂ ਸੰਦਰਭ ਇਕੋ ਲੇਖਕ ਦੇ ਲਿਖੇ ਪ੍ਰਤੀਤ ਨਹੀਂ ਹੁੰਦੇ, ਪਰ ਪ੍ਰਸੰਗ ਦੇ ਪਿਛੋਕੜ ਦੇ ਬਦਲਣ ਨਾਲ ਪ੍ਰਸਤੁਤ ਹੋਇਆ ਇਹ ਭਾਸ਼ਾਗਤ ਪਰਿਵਰਤਨ ਇਸ ਜਨਮਸਾਖੀ ਦੀ ਭਾਸ਼ਾਗਤ ਵਿਸ਼ਿਸ਼ਟਤਾ ਦਾ ਇਕ ਨਮੂਨਾ ਹੈ। ਦੋਹਾਂ ਭਾਸ਼ਾਵਾਂ ਵਿੱਚ ਲਿਖਣ ਦੇ ਸਮਰਥ ਹੋਣ ਕਾਰਣ ਕਈਆਂ ਥਾਵਾਂ ਤੇ ਲੇਖਕ ਨੇ ਆਪਣੇ ਪੰਜਾਬੀਪਣ ਦੀ ਸ਼ਿਦਤ ਅਗੇ ਸਿਰ ਨਿਵਾਂਦਿਆਂ ਹਿੰਦੀ ਕ੍ਰਿਆ-ਰੂਪਾਂ ਉਤੇ ਪੰਜਾਬੀ ਰੰਗ ਚੜ੍ਹਾ ਦਿੱਤਾ ਹੈ, ਜਿਵੇਂ ਕਰੀਤਾ, ਕਹੀਤੀਆਂ, ਪ੍ਰਕਾਸਤਾ, ਆਦਿ ।

ਪੰਜਾਬੀ ਦੀਆਂ ਉਪਭਾਸ਼ਾਵਾਂ ਵਿੱਚ ਲਹਿੰਦੀ ਦਾ ਰੰਗ ਅਧਿਕ ਉਘੜਿਆ ਹੈ । ਇਸ ਦਾ ਕਾਰਣ ਹੈ, ਕਿਉਂਕਿ ਲੇਖਕ ਆਪ ਚਨਿਓਟ ਦੇ ਇਲਾਕੇ ਦਾ ਹੈ । ਲਹਿੰਦੀ ਸ਼ਬਦਾਂ ਦੀ

ਵਰਤੋਂ ਦਾ ਅਭਾਵ ਹੀ ਚਿੰਤਾ ਦਾ ਕਾਰਣ ਬਣ ਸਕਦਾ ਸੀ ਅਤੇ ਇਸ ਨਾਲ ਸਭ ਤੋਂ ਵੱਡੀ ਆਪੱਤੀ ਗਿਆਨੀ ਸੂਰਤ ਸਿੰਘ ਦੇ ਕਰਤ੍ਰਿਤਵ ਸੰਬੰਧੀ ਪੇਸ਼ ਹੋਣੀ ਸੀ।

ਸੋਹਜ ਦੀ ਦ੍ਰਿਸ਼ਟੀ ਤੋਂ ਬ੍ਰਿੱਤਾਂਤਿਕ ਰਚਨਾਵਾਂ ਹੋਣ ਕਰਕੇ ਸਾਹਿਤਿਕ ਗੁਲਦਸਤੇ ਸਜਾਣ ਦਾ ਇਨ੍ਹਾਂ ਵਿੱਚ ਬਹੁਤ ਘੱਟ ਅਵਸਰ ਮਿਲਿਆ ਹੈ। ਫਿਰ ਵੀ ਕਿਤੇ ਕਿਤੇ ਮੁਹਾਵਰੇ ਜਾਂ ਅਖਾਣ ਆਦਿ ਮਿਲ ਜਾਂਦੇ ਹਨ। ਵਾਕ ਲੰਮੇ ਅਤੇ ਨਿੱਕੇ ਦੋਹਾਂ ਤਰ੍ਹਾਂ ਦੇ ਮਿਲ ਜਾਂਦੇ ਹਨ। ਭਾਸ਼ਾ ਦਾ ਸਰੂਪ ਪਾਤਰਾਂ ਅਨੁਰੂਪ ਕੁਝ ਕੁਝ ਬਦਲਦਾ ਵੀ ਹੈ, ਪਰ ਕੋਈ ਬਹੁਤੀ ਵਿੱਥ ਉਪਸਥਿਤ ਨਹੀਂ ਹੁੰਦੀ।

ਸਾਰਾਂਸ਼ ਇਹ ਕਿ ਇਨ੍ਹਾਂ ਦੋਹਾਂ ਰਚਨਾਵਾਂ ਦੀ ਭਾਸ਼ਾ ਪੁਰਾਤਨ ਵਾਰਤਕ ਦੇ ਹਿੰਦਵੀ ਸਰੂਪ ਨੂੰ ਤਿਆਗ ਕੇ ਪੰਜਾਬੀ ਸਰੂਪ ਦੇ ਬਹੁਤ ਨੇੜੇ ਹੋ ਗਈ ਹੈ ਅਤੇ ਆਧੁਨਿਕ ਪੰਜਾਬੀ ਵਾਰਤਕ ਲਈ ਸਹੀ ਭੂਮੀ ਤਿਆਰ ਕਰ ਰਹੀ ਹੈ ਅਤੇ ਨਾਲ ਹੀ ਪੰਜਾਬੀ ਵਾਰਤਕ ਨੂੰ ਭਾਵ-ਪ੍ਰਕਾਸ਼ਨ ਲਈ ਸੰਪੰਨ ਬਣਾ ਰਹੀ ਹੈ। ਸੱਚਮੁਚ ਇਹ ਆਧੁਨਿਕ ਪੰਜਾਬੀ ਵਾਰਤਕ ਲਈ ਮਾਰਗ ਤਿਆਰ ਕਰ ਰਹੀ ਹੈ।

ਪ੍ਰਕਰਣ 5

ਪੰਜਾਬੀ ਵਾਰਤਕ ਨੂੰ ਦੇਣ

ਭਾਈ ਮਨੀ ਸਿੰਘ ਦੇ ਨਾ ਨਾਲ ਦੋ ਵਾਰਤਕ ਰਚਨਾਵਾਂ — 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ'—ਦਾ ਸੰਬੰਧ ਜੋੜਿਆ ਜਾਂਦਾ ਹੈ ਅਤੇ ਇਹੀ ਦੋ ਰਚਨਾਵਾਂ ਉਨ੍ਹਾਂ ਦੁਆਰਾ ਪੰਜਾਬੀ ਵਾਰਤਕ ਨੂੰ ਦਿੱਤੀ ਦੇਣ ਨੂੰ ਰੂਪਮਾਨ ਕਰਦੀਆਂ ਹਨ। ਵਾਸਤਵਿਕ ਸਥਿਤੀ ਤੋਂ ਜਾਣੂ ਹੋਣ ਲਈ ਇਸ ਦੇਣ ਦਾ ਵਿਵੇਚਨ ਪੁਰਾਤਨ ਪੰਜਾਬੀ ਵਾਰਤਕ ਦੇ ਸੰਦਰਭ ਵਿੱਚ ਕਰਨਾ ਹੀ ਉਚਿਤ ਹੋਵੇਗਾ।

ਵਾਰਤਕ ਪਰੰਪਰਾ : ਆਧੁਨਿਕ ਭਾਰਤੀ ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਦਾ ਮੱਥਾ ਇਸ ਲਈ ਉੱਚਾ ਹੈ ਕਿ ਮੱਧਯੁਗ ਵਿੱਚ ਪੰਜਾਬੀ ਵਾਰਤਕ ਨੇ ਜੋ ਵਿਕਾਸ ਕੀਤਾ ਹੈ, ਉਹੋ ਜਿਹਾ ਹੋਰਨਾਂ ਭਾਸ਼ਾਵਾਂ ਵਿੱਚ ਮਿਲਣਾ ਸਰਲ ਨਹੀਂ ਹੈ। ਇਹ ਸੱਚਮੁਚ ਪੰਜਾਬੀ ਲਈ ਗੌਰਵ ਦੀ ਗੱਲ ਹੈ। ਇਹ ਨਿਰਣਾ ਕਰ ਸਕਣਾ ਭਾਵੇਂ ਔਖਾ ਹੈ ਕਿ ਪੰਜਾਬੀ ਵਾਰਤਕ ਦਾ ਆਰੰਭ ਕਦੋਂ ਹੋਇਆ ਕਿਉਂਕਿ ਇਸ ਬਾਰੇ ਤੱਥ ਆਧਾਰਿਤ ਸਾਮਗ੍ਰੀ ਉਪਲਬਧ ਨਹੀਂ ਹੈ, ਪਰ ਅਨੁਮਾਨ ਦੇ ਆਧਾਰ ਤੇ ਕੁਝ ਵਿਦਵਾਨਾਂ ਨੇ 'ਏਕਦਸ਼ੀ ਮਹਾਤਮ' ਅਤੇ ਕੁਝ ਖੋਜੀਆਂ ਨੇ ਫ਼ਰੀਦ ਦੇ 'ਪਧਤੀਨਾਮਾ' ਆਦਿ ਰਚਨਾਵਾਂ ਦਾ ਉਲੇਖ ਕੀਤਾ ਹੈ ਕਿ ਇਨ੍ਹਾਂ ਦੀ ਰਚਨਾ ਗੁਰੂ ਨਾਨਕ ਕਾਲ ਤੋਂ ਪਹਿਲਾਂ ਹੋ ਚੁੱਕੀ ਸੀ। ਪਰ ਗੰਭੀਰ ਅਧਿਐਨ ਤੋਂ ਇਹ ਗੱਲ ਸਹੀ ਪ੍ਰਤੀਤ ਨਹੀਂ ਹੁੰਦੀ, ਇਸ ਲਈ ਸਾਨੂੰ ਕੁਝ ਹੋਰ ਆਧਾਰ ਨਿਸ਼ਚਿਤ ਕਰਨੇ ਪੈਣਗੇ।

ਸਭ ਤੋਂ ਪਹਿਲੀ ਵਾਰ ਜੋ ਪੰਜਾਬੀ ਵਾਰਤਕ ਲਿਖੀ ਗਈ ਸੀ ਉਹ ਨਿਸ਼ਚੇ ਹੀ ਗੁਰੂ ਨਾਨਕ ਦੇ ਮਹੱਤਵ ਨੂੰ ਸਥਾਪਿਤ ਕਰਨ ਵਾਲੇ ਕਥਾ-ਪ੍ਰਸੰਗਾਂ ਦੇ ਰੂਪ ਵਿੱਚ ਸੀ। ਲੋਕ-ਮੁਖ ਦੀ ਟਕਸਾਲ ਦੇ ਇਹ ਕਥਾ-ਪ੍ਰਸੰਗ ਜਨਮਸਾਖੀਆਂ ਦੇ ਰੂਪ ਵਿੱਚ ਸੰਕਲਿਤ ਮਿਲਦੇ ਹਨ। ਇਨ੍ਹਾਂ ਜਨਮਸਾਖੀਆਂ ਤੋਂ ਟੀਕੇ, ਗੋਸ਼ਟਾਂ, ਵਿਆਖਿਆਵਾਂ, ਬਚਨ ਆਦਿ ਲਿਖਣ ਦੀ ਪਰੰਪਰਾ ਚਲਦੀ ਹੈ। ਪੁਰਾਤਨ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਮਿਹਰਬਾਨ ਅਤੇ ਉਸ ਦੇ ਅਨੁ-ਯਾਈਆਂ ਦੀ ਵੀ ਵਿਸ਼ੇਸ਼ ਦੇਣ ਹੈ। ਸੌਖ ਲਈ ਇਸ ਅਧਿਐਨ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ—ਇਕ 1700 ਤਕ ਦੀ ਵਾਰਤਕ ਅਤੇ ਦੂਜਾ 1700 ਤੋਂ ਲੈ ਕੇ 1800 ਤਕ ਦੀ ਵਾਰਤਕ। ਪਹਿਲੇ ਹਿੱਸੇ ਨੂੰ ਪ੍ਰਾਚੀਨ ਪੰਜਾਬੀ ਵਾਰਤਕ ਨਾਂ ਦਿੱਤਾ ਜਾ ਸਕਦਾ ਹੈ ਅਤੇ ਦੂਜੇ ਨੂੰ ਮੱਧ-ਕਾਲੀਨ ਪੰਜਾਬੀ ਵਾਰਤਕ।

ਪ੍ਰਾਚੀਨ ਪੰਜਾਬੀ ਵਾਰਤਕ : ਇਸ ਕਾਲ ਦੀ ਵਾਰਤਕ ਦਾ ਆਰੰਭ ਜਨਮਸਾਖੀਆਂ ਤੋਂ ਹੁੰਦਾ ਹੈ। ਜਨਮਸਾਖੀ ਤੋਂ ਭਾਵ ਹੈ ਕਿਸੇ ਮਹਾਂਪੁਰਸ਼ ਦੇ ਅਧਿਆਤਮਿਕ ਜੀਵਨ ਦਾ ਬ੍ਰਿਤਾਂਤ। ਚੂੰਕਿ ਇਸ ਪ੍ਰਕਾਰ ਦੇ ਬ੍ਰਿਤਾਂਤ ਲਿਖਣ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਤੋਂ ਚਲਦੀ ਹੈ, ਇਸ ਲਈ ਜਨਮਸਾਖੀ ਤੋਂ ਭਾਵ ਗੁਰੂ ਨਾਨਕ ਦੇਵ ਦੀ ਅਧਿਆਤਮਿਕ ਜੀਵਨੀ

ਹੀ ਲਿਆ ਜਾਂਦਾ ਹੈ। ਇਸ ਵਿੱਚ ਗੁਰੂ ਸਾਹਿਬ ਦੇ ਬਚਨਾਂ ਅਤੇ ਸ਼ਬਦਾਂ ਨੂੰ ਇਸ ਢੰਗ ਨਾਲ ਜੋੜਿਆ ਹੁੰਦਾ ਹੈ ਕਿ ਜਿਗਿਆਸੂ ਦੇ ਨਿੱਤ ਦੇ ਜੀਵਨ ਦੀਆਂ ਨੈਤਿਕ, ਧਾਰਮਿਕ ਅਤੇ ਵਿਵਹਾਰਿਕ ਸਮਸਿਆਵਾਂ ਨੂੰ ਨਜਿੱਠਣ ਲਈ ਸੰਕੇਤ ਜਾਂ ਪ੍ਰਮਾਣ ਮਿਲ ਸਕਣ। ਇਨ੍ਹਾਂ ਸਾਖੀਆਂ ਨੂੰ ਜਨਮਸਾਖੀਆਂ ਵਿੱਚ ਗੁਰੂ ਜੀ ਦੇ ਜੀਵਨ ਦੇ ਵਿਕਾਸ ਕ੍ਰਮ ਵਿੱਚ ਇਸ ਤਰ੍ਹਾਂ ਪਰੋਇਆ ਜਾਂਦਾ ਹੈ ਕਿ ਉਹ ਇਕ ਲੜੀਬੱਧ ਜੀਵਨੀ ਜਿਹੀ ਪ੍ਰਤੀਤ ਹੋਣ। ਗੁਰੂ ਨਾਨਕ ਦੇਵ ਇਕ ਮਹਾਨ ਅਤੇ ਤੇਜਸਵੀ ਸਾਧਕ ਸਨ। ਉਨ੍ਹਾਂ ਦੇ ਜੀਵਨ ਤੋਂ ਬਹੁਤ ਲੋਕ ਪ੍ਰਭਾਵਿਤ ਹੋਏ ਸਨ। ਲੋਕਾਂ ਦੇ ਦਿਲਾਂ ਵਿੱਚ ਗੁਰੂ ਸਾਹਿਬ ਸੰਬੰਧੀ ਅਨੇਕ ਉਪਕਾਰ ਕਥਾਵਾਂ ਘਰ ਕਰ ਚੁੱਕੀਆਂ ਸਨ। ਉਨ੍ਹਾਂ ਸਾਖੀਆਂ ਨੂੰ ਉਹ ਲਿਖਿਤ ਰੂਪ ਦੇਣਾ ਚਾਹੁੰਦੇ ਸਨ। ਉਹੀ ਕਥਾਵਾਂ ਅੰਤ ਵਿੱਚ ਸਾਡੇ ਸਾਹਮਣੇ ਜਨਮਸਾਖੀਆਂ ਦੇ ਰੂਪ ਵਿੱਚ ਸਾਕਾਰ ਹੋਈਆਂ। ਇਹ ਸਾਖੀਆਂ ਪਹਿਲਾਂ ਬਹੁਤ ਘੱਟ, ਮਸਾਂ 20 ਜਾਂ 30 ਰਹੀਆਂ ਹੋਣਗੀਆਂ ਪਰ ਵਿਕਾਸ ਕਰਦਿਆਂ ਕਰਦਿਆਂ ਇਨ੍ਹਾਂ ਦੀ ਗਿਣਤੀ 575 ਤਕ ਪਹੁੰਚ ਗਈ। ਅਨੁਮਾਨ ਦੇ ਆਧਾਰ ਤੇ ਕਈ ਨਵੀਆਂ ਘੜੀਆਂ ਜਾਂਦੀਆਂ ਰਹੀਆਂ ਤੇ ਇਸ ਤਰ੍ਹਾਂ ਇਨ੍ਹਾਂ ਦਾ ਬਹੁਤ ਪ੍ਰਸਾਰ ਹੁੰਦਾ ਗਿਆ। ਸੰਨ 1700 ਤਕ ਇਹ ਜਨਮਸਾਖੀਆਂ ਤਿੰਨ ਧਾਰਾਵਾਂ ਵਿੱਚ ਸਾਡੇ ਸਾਹਮਣੇ ਆਉਂਦੀਆਂ ਹਨ :

(1) ਪੁਰਾਤਨ ਜਨਮਸਾਖੀ ਧਾਰਾ,

(2) ਮਿਹਰਬਾਨ ਜਨਮਸਾਖੀ ਧਾਰਾ, ਅਤੇ

(3) ਬਾਲਾ ਜਨਮਸਾਖੀ ਧਾਰਾ।

'ਪੁਰਾਤਨ ਜਨਮਸਾਖੀ' ਸਭ ਤੋਂ ਪਹਿਲੀ ਵਾਰ 1926 ਈ. ਵਿੱਚ ਭਾਈ ਵੀਰ ਸਿੰਘ ਨੇ ਸੰਪਾਦਿਤ ਕੀਤੀ। ਇਸ ਦੇ ਰਚਨਾ-ਕਾਲ ਅਤੇ ਰਚੈਤਾ ਬਾਰੇ ਕੋਈ ਸਹੀ ਤੱਥ ਸਾਹਮਣੇ ਨਹੀਂ ਆਉਂਦੇ, ਪਰ ਖੋਜੀਆਂ ਨੇ ਇਸ ਦੀ ਰਚਨਾ 1588 ਈ. ਵਿੱਚ ਹੋਈ ਦਸੀ ਹੈ ਅਤੇ ਇਸ ਦੇ ਰਚੈਤਾ ਦਾ ਨਾਂ ਸੇਵਾ ਦਾਸ ਮੰਨਿਆ ਹੈ। ਇਸ ਵਿੱਚ ਕੁਲ 57 ਸਾਖੀਆਂ ਹਨ, ਜਿਨ੍ਹਾਂ ਵਿਚੋਂ ਪਹਿਲੀਆਂ 15 ਦਾ ਸੰਬੰਧ ਗੁਰੂ ਨਾਨਕ ਦੇ ਉਦਾਸੀਆਂ ਤੋਂ ਪਹਿਲੇ ਜੀਵਨ ਨਾਲ ਹੈ, 27 ਸਾਖੀਆਂ ਉਦਾਸੀਆਂ ਨਾਲ ਸੰਬੰਧਿਤ ਹਨ ਅਤੇ ਬਾਕੀ ਦੀਆਂ 5 ਗੁਰੂ ਸਾਹਿਬ ਜੀ ਦੇ ਕਰਤਾਰਪੁਰ ਦੇ ਨਿਵਾਸ ਨਾਲ ਸੰਬੰਧ ਰਖਦੀਆਂ ਹਨ। ਇਸ ਜਨਮਸਾਖੀ ਨੂੰ ਆਧਾਰ ਬਣਾ ਕੇ ਅਤੇ ਕੁਝ ਹੋਰਨਾਂ ਜਨਮਸਾਖੀ-ਧਾਰਾਵਾਂ ਤੋਂ ਸਾਮਗ੍ਰੀ ਲੈ ਕੇ ਕੁਝ ਹੋਰ ਮਿਸ਼ਰਿਤ ਜਨਮਸਾਖੀਆਂ ਦੀਆਂ ਪੋਥੀਆਂ ਵੀ ਲਿਖੀਆਂ ਗਈਆਂ ਜਿਨ੍ਹਾਂ ਵਿਚੋਂ 'ਆਦਿ ਸਾਖੀਆਂ', 'ਪ੍ਰਚੀਨ ਜਨਮਸਾਖੀ', 'ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ—B 40' ਆਦਿ ਵਿਸ਼ੇਸ਼ ਪ੍ਰਸਿੱਧ ਹਨ। ਪਰ ਇਨ੍ਹਾਂ ਦਾ ਕੋਈ ਸੁਤੰਤਰ ਮਹੱਤਵ ਨਹੀਂ ਕਿਉਂਕਿ ਅਸਲੋਂ ਇਹ 'ਪੁਰਾਤਨ ਜਨਮਸਾਖੀ' ਦਾ ਹੀ ਪਰਿਵਰਤਿਤ ਅਤੇ ਪਰਿਵਰਧਿਤ ਸੰਸਕਰਣ ਹਨ। 'ਪੁਰਾਤਨ ਜਨਮਸਾਖੀ' ਦੀ ਭਾਸ਼ਾ ਬੜੀ ਪ੍ਰਭਾਵਸ਼ਾਲੀ, ਅਰਬੀ ਫ਼ਾਰਸੀ ਤੋਂ ਪ੍ਰਭਾਵਿਤ ਅਤੇ ਸਾਧ-ਭਾਖਾਈ ਰੰਗ ਵਾਲੀ ਹੈ। ਇਸ ਦੀ ਸ਼ੈਲੀ ਸਪੱਸ਼ਟ, ਸਰਲ, ਨਾਟਕੀ ਅਤੇ ਪ੍ਰੇਰਣਾਤਮਕ ਹੈ। ਵਾਰਤਕ ਦੀ ਪਹਿਲੀ ਰਚਨਾ ਵਿੱਚ ਵੀ ਇਨ੍ਹਾਂ ਸਾਰੇ ਕਲਾਤਮਕ ਗੁਣਾਂ ਦਾ ਹੋਣਾ ਇਸ ਦੇ ਲੇਖਕ ਲਈ ਸੱਚਮੁੱਚ ਮਾਣ ਦੀ ਗੱਲ ਹੈ।

ਜਨਮਸਾਖੀ ਪਰੰਪਰਾ ਦੀ ਦੂਜੀ ਧਾਰਾ 'ਮਿਹਰਬਾਨ ਜਨਮਸਾਖੀ' ਦੀ ਹੈ। ਇਹ

ਜਨਮਸਾਖੀ ਮੂਲ ਰੂਪ ਵਿੱਚ 6 ਪੋਥੀਆਂ ਵਿੱਚ ਲਿਖੀ ਗਈ ਸੀ ਪਰ ਹੁਣ ਇਸ ਦੀਆਂ ਪਹਿਲੀਆਂ ਤਿੰਨ ਪੋਥੀਆਂ (ਸਚਖੰਡ ਪੋਥੀ, ਹਰਿਜੀ ਪੋਥੀ ਅਤੇ ਚਤਰਭੁਜ ਪੋਥੀ) ਉਪਲਬਧ ਹਨ ਜਿਨ੍ਹਾਂ ਨੂੰ 1962 ਅਤੇ 1969 ਵਿੱਚ ਖਾਲਸਾ ਕਾਲਿਜ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਚੁੱਕਾ ਹੈ। ਇਨ੍ਹਾਂ ਪੋਥੀਆਂ ਦੀ ਅੰਦਰਲੀ ਗਵਾਹੀ ਅਨੁਸਾਰ ਸਚਖੰਡ ਪੋਥੀ ਵਿੱਚ 167, ਹਰਿਜੀ ਪੋਥੀ ਵਿੱਚ 61 ਅਤੇ ਚਤਰਭੁਜ ਪੋਥੀ ਵਿੱਚ 74 ਗੋਸ਼ਟਾਂ ਹਨ। ਇਸ ਤਰ੍ਹਾਂ ਇਨ੍ਹਾਂ ਦੀ ਗਿਣਤੀ 302 ਬਣਦੀ ਹੈ। ਇਸ ਤੋਂ ਇਲਾਵਾ ਵੀ 273 ਗੋਸ਼ਟਾਂ ਹੋਰ ਦੱਸੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਸੰਕਲਨ ਅਗਲੀਆਂ ਤਿੰਨ ਪੋਥੀਆਂ ਵਿੱਚ ਹੋਇਆ ਸੀ। ਪਹਿਲੀ ਸਚਖੰਡ ਪੋਥੀ ਦਾ ਰਚੈਤਾ ਮਿਹਰਬਾਨ ਹੈ ਅਤੇ ਮਿਹਰਬਾਨ ਦੀ ਮ੍ਰਿਤੂ 1639 ਈ. ਵਿੱਚ ਹੋਣ ਕਰਕੇ ਇਸ ਦੀ ਰਚਨਾ ਇਸ ਤੋਂ ਪਹਿਲਾਂ ਹੀ ਮੰਨੀ ਜਾਵੇਗੀ। ਬਾਕੀ ਦੀਆਂ ਦੋ ਪੋਥੀਆਂ ਲਿਖਣ ਦਾ ਕੰਮ ਕ੍ਰਮਵਾਰ ਹਰਿਜੀ ਅਤੇ ਚਤਰਭੁਜ ਨੇ ਕੀਤਾ ਅਤੇ ਇਨ੍ਹਾਂ ਦਾ ਰਚਨਾ-ਕਾਲ 1650 ਅਤੇ 1651 ਈ. ਹੈ। ਇਸ ਜਨਮਸਾਖੀ ਵਿਚਲੀਆਂ ਗੁਰੂ ਨਾਨਕ ਦੇਵ ਜੀ ਦੇ ਬਾਲ-ਕਾਲ ਨਾਲ ਸੰਬੰਧਿਤ ਗੋਸ਼ਟਾਂ ਦੀ 'ਪੁਰਾਤਨ ਜਨਮਸਾਖੀ' ਨਾਲ ਤੁਲਨਾ ਕੀਤਿਆਂ ਪਤਾ ਲਗਦਾ ਹੈ ਕਿ ਮਿਹਰਬਾਨ ਨੇ 'ਪੁਰਾਤਨ ਜਨਮਸਾਖੀ' ਦੀਆਂ ਬੀਜ ਰੂਪ ਕਥਾਵਾਂ ਨੂੰ ਅਧਿਕ ਵਿਸਤਾਰ ਦਿੱਤਾ ਹੈ ਅਤੇ ਸਗੁਣਵਾਦੀ ਪ੍ਰਵ੍ਰਿਤੀ ਦਾ ਸਪੱਸ਼ਟ ਪ੍ਰਭਾਵ ਗ੍ਰਹਿਣ ਕੀਤਾ ਹੈ। ਇਸ ਕਰਕੇ ਇਸ ਵਿੱਚ ਅਨੇਕ ਵਿਰੋਧੀ ਤੱਤ ਮਿਲ ਜਾਂਦੇ ਹਨ। ਇਸ ਜਨਮਸਾਖੀ ਦੀ ਭਾਸ਼ਾ ਅਧਿਕਤਰ ਬ੍ਰਜ ਅਤੇ ਸਾਧ ਭਾਖਾ ਤੋਂ ਪ੍ਰਭਾਵਿਤ ਹੈ। ਇਸ ਵਿੱਚ 'ਪੁਰਾਤਨ ਜਨਮਸਾਖੀ' ਵਾਲੀ ਸਰਲਤਾ ਨਹੀਂ। ਅਧਿਕਤਰ ਜ਼ੋਰ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਉਤੇ ਲਗਾਇਆ ਗਿਆ ਹੈ। ਅਰਬੀ ਫ਼ਾਰਸੀ ਦੀ ਸ਼ਬਦਾਵਲੀ ਮੁਕਾਬਲਤਨ ਘੱਟ ਹੈ।

ਸਭ ਨਾਲੋਂ ਅਧਿਕ ਪ੍ਰਸਿੱਧ ਅਤੇ ਪ੍ਰਚਲਿਤ ਜਨਮਸਾਖੀ ਭਾਈ ਬਾਲੇ ਵਾਲੀ ਹੈ। ਇਸ ਦੇ ਕਈ ਪਾਠ-ਭੇਦਾਂ ਕਾਰਣ ਅਨੇਕ ਸੰਸਕਰਣ ਮਿਲਦੇ ਹਨ। ਇਸ ਦੀ ਸਭ ਤੋਂ ਪੁਰਾਣੀ ਨਕਲ ਪੋਥੀ 1715 ਬਿ. (ਅਰਥਾਤ 1658 ਈ.) ਦੀ ਲਿਖੀ ਮਿਲਦੀ ਹੈ। ਅਨੁਮਾਨ ਹੈ ਕਿ ਇਸ ਦੀ ਰਚਨਾ 1650 ਈ. ਦੇ ਨੇੜੇ ਤੇੜੇ ਹੋ ਗਈ ਹੋਵੇਗੀ। ਇਸ ਜਨਮਸਾਖੀ ਦੇ ਵਿਵਿਧ ਸੰਸਕਰਣਾਂ ਦੇ ਅਧਿਐਨ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਵਿੱਚ 75 ਤੋਂ ਲੈ ਕੇ 100 ਤੱਕ ਸਾਖੀਆਂ ਸ਼ਾਮਿਲ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ 35 ਸਾਖੀਆਂ ਉੱਤੇ 'ਪੁਰਾਤਨ ਜਨਮਸਾਖੀ' ਦੀ ਸਪੱਸ਼ਟ ਛਾਪ ਹੈ। ਕੁਝ ਸਾਖੀਆਂ ਦਾ ਸੰਬੰਧ ਮਿਹਰਬਾਨ ਦੀ ਸਚਖੰਡ ਪੋਥੀ ਨਾਲ ਵੀ ਜੋੜਿਆ ਜਾ ਸਕਦਾ ਹੈ। ਬਾਕੀ ਦੀਆਂ ਸਾਖੀਆਂ ਕਲਪਨਾ-ਪ੍ਰਸੂਤ ਹਨ। ਇਸ ਵਿਚਲੀਆਂ ਸਾਖੀਆਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਇਨ੍ਹਾਂ ਵਿੱਚ ਪੌਰਾਣਿਕ ਪ੍ਰਵ੍ਰਿੱਤੀਆਂ ਦੀ ਭਰਮਾਰ। ਇਸ ਵਿੱਚ ਬਾਕੀਆਂ ਦੇ ਮੁਕਾਬਲੇ ਵਿੱਚ ਇਤਿਹਾਸਿਕ ਸਾਮੱਗ੍ਰੀ ਘੱਟ ਹੈ। ਇਸ ਦੀ ਸ਼ੈਲੀ ਦੀ ਨੁਹਾਰ ਪੌਰਾਣਿਕ ਅਤੇ ਕਥਾਤਮਕ ਹੈ। ਲੇਖਕ ਨੇ ਸਭ ਕੁਝ ਬਾਲੇ ਦੇ ਮੁੱਖ ਤੋਂ ਅਖਵਾ ਕੇ ਇਸ ਜਨਮਸਾਖੀ ਨੂੰ ਪੂਰਣਭਾਂਤ ਪ੍ਰਮਾਣਿਕਤਾ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ, ਪਰ ਵਾਸਤਵਿਕਤਾ ਨੂੰ ਲੁਕਾਇਆ ਨਹੀਂ ਜਾ ਸਕਿਆ। ਇਸ ਵਿੱਚ ਚਮਤਕਾਰ ਪ੍ਰਧਾਨ ਘਟਨਾਵਾਂ ਦੀ ਬਹੁਤਾਤ ਹੈ ਅਤੇ ਭਾਸ਼ਾ ਉੱਤੇ ਲਹਿੰਦੀ ਦਾ ਪ੍ਰਭਾਵ ਅਧਿਕ ਹੈ। ਭਾਵੇਂ ਇਸ ਵਿੱਚ 'ਪੁਰਾਤਨ ਜਨਮਸਾਖੀ' ਵਾਲੀ ਨਾਟਕੀਅਤਾ ਨਹੀਂ, ਪਰ ਇਸ ਵਿੱਚ 'ਮਿਹਰਬਾਨ ਜਨਮ-ਸਾਖੀ' ਵਾਲਾ ਰੁਖਾਪਣ ਵੀ ਨਹੀਂ ਹੈ। ਗੰਭੀਰ ਵਾਤਾਵਰਣ ਦੀ ਥਾਂ ਅਲੌਕਿਕ ਮਾਹੌਲ ਚਿੱਤਰਣ

ਦਾ ਯਤਨ ਕੀਤਾ ਗਿਆ ਹੈ। ਭਾਸ਼ਾ ਸਾਦੀ, ਸਰਲ ਅਤੇ ਸਪੱਸ਼ਟ ਹੈ। ਲੋੜ ਅਨੁਸਾਰ ਅਰਬੀ ਅਤੇ ਫ਼ਾਰਸੀ ਤੋਂ ਵੀ ਸ਼ਬਦ ਲਏ ਗਏ ਹਨ।

ਇਨ੍ਹਾਂ ਜਨਮਸਾਖੀਆਂ ਦੇ ਸਾਹਿਤਿਕ ਮਹੱਤਵ ਬਾਰੇ ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਹ ਉਸ ਅਵਸਥਾ ਦੀ ਵਾਰਤਕ ਦੀਆਂ ਸੂਚਕ ਹਨ ਜਦੋਂ ਉਹ ਕਵਿਤਾ ਨਾਲੋਂ ਆਪਣਾ ਸੰਬੰਧ ਤੋੜ ਰਹੀ ਸੀ। ਇਨ੍ਹਾਂ ਦੀ ਵਾਰਤਕ ਅਧਿਕਾਂਸ਼ ਰੂਪ ਵਿੱਚ ਕਾਵਿ-ਮਈ ਹੈ ਕਿਉਂਕਿ ਇਹ ਕਵਿਤਾ ਵਾਲਾ ਵਾਯੂਮੰਡਲ ਅਜੇ ਕਾਇਮ ਰਖਦੀਆਂ ਹਨ। ਇਨ੍ਹਾਂ ਦੀ ਭਾਸ਼ਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਮੁੱਚੇ ਤੌਰ ਤੇ ਪੰਜਾਬੀ ਭਾਸ਼ਾ ਤੱਕ ਸੀਮਿਤ ਨਹੀਂ ਰਹਿੰਦੀ ਸਗੋਂ ਉਸ ਦੀਆਂ ਸੀਮਾਵਾਂ ਦਾ ਉਲੰਘਣ ਕਰਕੇ ਇਹ ਸਾਰੇ ਭਾਰਤ ਦੀ ਭਾਸ਼ਾ ਨੂੰ ਆਪਣੇ ਵਿਸਤਾਰ ਖੇਤਰ ਦੇ ਅੰਤਰਗਤ ਲੈਂਦੀ ਹੈ। ਇਸ ਵਾਸਤੇ ਇਨ੍ਹਾਂ ਦੀ ਭਾਸ਼ਾ ਨਿਰੀ-ਪੁਰੀ ਪੰਜਾਬੀ ਨਾ ਹੋ ਕੇ ਇਕ ਅਜਿਹੀ ਅਧਿਆਤਮਿਕ ਭਾਸ਼ਾ ਹੈ ਜੋ ਪੰਜਾਬੀ ਦੇ ਨਾਲ ਨਾਲ ਹਿੰਦੀ ਖੇਤਰ ਵਾਲਿਆਂ ਦੀ ਸਮਝ ਵਿੱਚ ਵੀ ਆ ਸਕਦੀ ਹੈ। ਇਸ ਲਈ ਇਸ ਦੇ ਦਾਵੇ-ਦਾਰਾਂ ਦੀ ਘਾਟ ਨਹੀਂ, ਪਰ ਗੁਰਮੁਖੀ ਲਿਪੀ ਵਿੱਚ ਲਿਖੀ ਹੋਣ ਕਰਕੇ ਅਧਿਕਤਰ ਇਹ ਵਾਰਤਕ ਪੰਜਾਬੀ ਸਾਹਿੱਤ ਤਕ ਹੀ ਸੀਮਿਤ ਰਹੀ ਹੈ।

ਇਹ ਜਨਮਸਾਖੀਆਂ ਆਪਣੇ ਆਪ ਵਿੱਚ ਇਕ ਪ੍ਰਕਾਰ ਦਾ ਪੂਰਣ ਸਾਹਿੱਤ ਹਨ, ਕਿਉਂਕਿ ਇਨ੍ਹਾਂ ਵਿੱਚ ਵਾਰਤਕ ਦੇ ਅਨੇਕ ਰੂਪ, ਜਿਵੇਂ ਜੀਵਨੀ, ਟੀਕਾਕਾਰੀ, ਵਿਆਖਿਆ ਆਦਿ, ਮਿਲਦੇ ਹਨ। ਇਨ੍ਹਾਂ ਵਿੱਚ ਨਿੱਕੀ ਕਹਾਣੀ ਦਾ ਅੰਸ਼ ਵੀ ਮਿਲ ਜਾਂਦਾ ਹੈ। ਪੰਜਾਬੀ ਵਾਰਤਕ ਦੀ ਗੋਸ਼ਟਿ ਸ਼ੈਲੀ ਦਾ ਵਿਕਾਸ ਵੀ ਇਨ੍ਹਾਂ ਜਨਮਸਾਖੀਆਂ ਤੋਂ ਹੋਇਆ ਹੈ। ਗੁਰ-ਬਾਣੀ ਦੀ ਵਿਆਖਿਆਕਾਰੀ ਅਤੇ ਟੀਕਾਕਾਰੀ ਸਭ ਤੋਂ ਪਹਿਲੀ ਵਾਰ ਇਨ੍ਹਾਂ ਜਨਮਸਾਖੀਆਂ ਵਿੱਚ ਹੀ ਵੇਖਣ ਨੂੰ ਮਿਲਦੀ ਹੈ। ਇਨ੍ਹਾਂ ਜਨਮਸਾਖੀਆਂ ਦੀ ਭਾਸ਼ਾ ਵਿੱਚ ਅਰਬੀ ਫ਼ਾਰਸੀ ਦੇ ਸ਼ਬਦਾਂ ਦੀ ਵਰਤੋਂ ਵੀ ਹੋਈ ਹੈ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਦੋਂ ਤੱਕ ਆਮ ਜੀਵਨ ਅਤੇ ਗੱਲਬਾਤ ਵਿੱਚ ਬਾਹਰਲੀਆਂ ਭਾਸ਼ਾਵਾਂ ਦਾ ਪ੍ਰਭਾਵ ਪੈ ਚੁਕਿਆ ਸੀ। ਸਾਰਾਂਸ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਵਾਰਤਕ ਦੇ ਆਰੰਭ ਕਾਲ ਵਿੱਚ ਹੀ ਇਹ ਜਨਮਸਾਖੀਆਂ ਬੜੇ ਸੁਲਝੇ ਅਤੇ ਸੰਵਰੇ ਹੋਏ ਗੱਦ ਨੂੰ ਸਾਡੇ ਸਾਹਮਣੇ ਪੇਸ਼ ਕਰਦੀਆਂ ਹਨ।

ਇਨ੍ਹਾਂ ਜਨਮਸਾਖੀਆਂ ਦੇ ਨਾਲ ਮਿਲਦੀ ਜੁਲਦੀ ਇਕ ਹੋਰ ਜਨਮਸਾਖੀ ਸੰਤ ਕਬੀਰ ਦੀ ਵੀ ਮਿਲਦੀ ਹੈ। ਇਸ ਦੇ ਵੱਖਰੇ ਵੱਖਰੇ ਸੰਸਕਰਣਾਂ ਵਿੱਚ 25 ਤੋਂ ਲੈ ਕੇ 133 ਕਥਾਵਾਂ ਹਨ। ਇਨ੍ਹਾਂ ਕਥਾਵਾਂ ਦਾ ਲੇਖਕ ਕੌਣ ਹੈ ਇਸ ਬਾਰੇ ਕੋਈ ਤੱਥ-ਪੂਰਨ ਗੱਲ ਸਾਹਮਣੇ ਨਹੀਂ ਆਉਂਦੀ, ਪਰ ਇਨ੍ਹਾਂ ਦੀ ਬੋਲੀ-ਸ਼ੈਲੀ ਮਿਹਰਬਾਨੀ ਸਕੂਲ ਨਾਲ ਆਪਣਾ ਸੰਬੰਧ ਜੋੜਦੀ ਹੈ। ਇਸ ਜਨਮਸਾਖੀ ਵਿੱਚ ਪੱਛਮੀ ਪੰਜਾਬੀ ਦੀ ਥਾਂ ਤੇ ਪੂਰਬੀ ਪੰਜਾਬੀ ਦਾ ਰੰਗ ਅਧਿਕ ਉਘੜਿਆ ਹੈ।

ਇਸ ਪਰੰਪਰਾ ਦੀ ਇਕ ਹੋਰ ਮਹੱਤਵਪੂਰਣ ਰਚਨਾ ਹੈ 'ਗੋਸ਼ਟਾਂ ਮੇਹਰਵਾਨ ਜੀ ਕੀਆਂ' ਇਸ ਦੀ ਰਚਨਾ 1710 ਬਿ. ਦੇ ਨੇੜੇ ਤੇੜੇ ਮੰਨੀ ਜਾਂਦੀ ਹੈ। ਇਸ ਵਿੱਚ ਕੁਲ 45 ਗੋਸ਼ਟਾਂ ਹਨ ਅਤੇ ਇਹ ਇਕ ਪ੍ਰਕਾਰ ਨਾਲ ਸੋਢੀ ਮਿਹਰਬਾਨ ਦੀ ਜਨਮਸਾਖੀ ਹੈ ਜਿਸ ਦੀ ਰਚਨਾ ਉਸ ਦੇ ਪੁੱਤਰ ਹਰਿਜੀ ਨੇ ਕੀਤੀ ਸੀ। ਇਸ ਰਚਨਾ ਦੀਆਂ ਕੁਝ ਕੁ ਮੁੱਢਲੀਆਂ ਅਤੇ ਅੰਤਲੀਆਂ ਗੋਸ਼ਟਾਂ ਨੂੰ ਛਡ ਕੇ ਬਾਕੀ ਦਾ ਸੰਬੰਧ ਮਿਹਰਬਾਨ ਦੇ ਦੌਰਿਆਂ ਨਾਲ ਹੈ। ਹਰਿਜੀ

ਦੀਆਂ ਜਿਗਿਆਸਾਵਾਂ ਦੇ ਸਮਾਧਾਨ ਰੂਪ ਇਹ ਇਕ ਪ੍ਰਕਾਰ ਦੇ ਪ੍ਰਵਚਨ ਹਨ । ਇਨ੍ਹਾਂ ਵਿੱਚ ਅਧਿਆਤਮਿਕ ਸਾਧਨਾਂ ਸੰਬੰਧੀ ਬੜੇ ਮਹੱਤਵਪੂਰਣ ਪੱਖਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਸਮੁੱਚੇ ਤੌਰ ਤੇ ਲੇਖਕ ਨੇ ਚਰਿੱਤਰ-ਨਾਇਕ ਤੋਂ ਅਦ੍ਵੈਤਵਾਦੀ ਸਿੱਧਾਂਤ, ਭਗਤੀ ਅਤੇ ਯੋਗ ਦਾ ਪ੍ਰਤਿਪਾਦਨ ਕਰਵਾਇਆ ਹੈ ਅਤੇ ਕਿਤੇ ਕਿਤੇ ਸਾਂਖ ਦਰਸ਼ਨ ਦੀਆਂ ਮਾਨਤਾਵਾਂ ਨੂੰ ਵੀ ਅਪਣਾਇਆ ਹੈ । ਪੁਰਾਣਾਂ ਤੋਂ ਵੀ ਲੋੜ ਅਨੁਸਾਰ ਸਾਮਗ੍ਰੀ ਲਈ ਗਈ ਹੈ ਅਤੇ ਗੁਰਬਾਣੀ ਦੀ ਵਿਆਖਿਆ ਦੇ ਪ੍ਰਸੰਗ ਵਿੱਚ ਨਿਰਗੁਣ ਅਤੇ ਸਗੁਣ ਦੇ ਬੇਮੇਲ ਤੱਤਾਂ ਨੂੰ ਮਿਲਾ ਕੇ ਅਜਿਹੀ ਸਮਨਵਿਤ ਸਿੱਧਾਂਤ-ਪੱਧਤੀ ਨੂੰ ਪੇਸ਼ ਕੀਤਾ ਗਿਆ ਹੈ ਜਿਸ ਦੀ ਸਿੱਧਾਂਤਿਕ ਨਿਰਾਧਾਰਤਾ ਨੇ ਇਸ ਨੂੰ ਬਹੁਤ ਹੱਦ ਤਕ ਅਮਾਨ੍ਯ ਬਣਾ ਦਿੱਤਾ ਹੈ । ਇਨ੍ਹਾਂ ਗੋਸ਼ਟਾਂ ਨੂੰ ਲਿਖਣ ਵੇਲੇ ਹਰਿਜੀ 'ਪੁਰਾਤਨ ਜਨਮਸਾਖੀ' ਅਤੇ 'ਮਿਹਰਬਾਨ ਜਨਮਸਾਖੀ' ਤੋਂ ਬਹੁਤ ਹੱਦ ਤਕ ਪ੍ਰਭਾਵਿਤ ਹੋਇਆ ਸੀ । ਕਈਆਂ ਥਾਵਾਂ ਤੇ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਲੇਖਕ ਮੂਲ ਰੂਪ ਵਿੱਚ ਗੁਰੂ ਨਾਨਕ ਦੇ ਹੀ ਕਥਾ-ਪ੍ਰਸੰਗਾਂ ਨੂੰ ਮੋੜ-ਤੋੜ ਕੇ ਅਤੇ ਸਥਾਨ-ਕ੍ਰਮ ਬਦਲ ਕੇ ਮਿਹਰਬਾਨ ਦੇ ਨਾਂ ਤੇ ਆਰੋਪਿਤ ਕਰ ਰਿਹਾ ਹੈ । ਇਸ ਆਰੋਪਣ ਨਾਲ ਤੱਥਾਂ ਦੀ ਆਵੱਸ਼ਕ ਸਤਿਅਤਾ ਖਤਮ ਹੋ ਗਈ ਹੈ । ਇਸ ਰਚਨਾ ਦੀ ਭਾਸ਼ਾ ਵਿੱਚ ਏਕਤਾ ਅਤੇ ਸਮਰੂਪਤਾ ਨਹੀਂ ਹੈ ਜਿਸ ਕਰਕੇ ਇਸ ਨੂੰ ਮਿਸ਼ਰਿਤ ਜਿਹੀ ਭਾਸ਼ਾ ਕਿਹਾ ਜਾ ਸਕਦਾ ਹੈ, ਕਿਉਂਕਿ ਕਿਤੇ ਪੰਜਾਬੀ ਦੀ ਪ੍ਰਧਾਨਤਾ ਹੈ ਅਤੇ ਕਿਤੇ ਹਿੰਦਵੀ ਦੀ ਅਤੇ ਕਿਤੇ ਸਾਧ ਭਾਸ਼ਾ ਦੀ । ਇਸ ਦੇ ਸੰਵਾਦਾਂ ਵਿੱਚ ਪੰਜਾਬੀਪਣ ਅਧਿਕ ਹੈ ਪਰ ਜਿਥੇ ਸਿੱਧਾਂਤਾਂ ਦਾ ਵਿਸ਼ਲੇਸ਼ਣ ਹੋਇਆ ਹੈ ਉਥੇ ਭਾਸ਼ਾ ਦਾ ਰੂਪ ਹਿੰਦਵੀ ਜਾਂ ਸਾਧ ਭਾਸ਼ਾ ਵਾਲਾ ਹੋ ਗਿਆ ਹੈ ।

ਮਿਹਰਵਾਨ ਸੰਪ੍ਰਦਾਇ ਨਾਲ ਸੰਬੰਧਿਤ ਇਕ ਹੋਰ ਰਚਨਾ ਹੈ 'ਸੁਖਮਨੀ ਸਹੰਸ੍ਰਨਾਮ ਪਰਮਾਰਥ' । ਇਸ ਦੀ ਰਚਨਾ 1703 ਬਿ. (1646 ਈ.) ਵਿੱਚ ਹੋਈ ਸੀ ਅਤੇ ਇਸ ਵਿੱਚ ਸੋਢੀ ਮਿਹਰਬਾਨ ਦੁਆਰਾ ਗੁਰੂ ਅਰਜਨ ਦੇਵ ਦੀ ਰਚਨਾ 'ਸੁਖਮਨੀ' ਦੇ ਸਮਾਨਾਂਤਰ ਲਿਖੀ ਗਈ 30 ਅਸ਼ਟਪਦੀਆਂ ਦੀ ਰਚਨਾ 'ਸੁਖਮਨੀ ਸਹੰਸ੍ਰਨਾਮ' ਦੀ ਹਰਿ ਜੀ ਦੁਆਰਾ ਵਾਰਤਕ ਵਿੱਚ ਵਿਸਤਰਿਤ ਵਿਆਖਿਆ ਦਰਜ ਹੈ । ਇਸ ਸਾਰੀ ਵਿਆਖਿਆ ਵਿੱਚ ਉਸ ਨੇ ਸਗੁਣ-ਵਾਦੀ ਪ੍ਰਵਿੱਤੀਆਂ ਨੂੰ ਉਘਾੜ ਕੇ ਪੇਸ਼ ਕੀਤਾ ਹੈ ਅਤੇ 23ਵੀਂ ਅਤੇ 25ਵੀਂ ਅਸ਼ਟਪਦੀਆਂ ਵਿੱਚ ਕ੍ਰਮਵਾਰ ਸ੍ਰੀ ਰਾਮ ਚੰਦਰ ਅਤੇ ਸ੍ਰੀ ਕਿਸ਼ਨ ਦੇ ਅਵਤਾਰ-ਪ੍ਰਸੰਗਾਂ ਨੂੰ ਬੜੇ ਵਿਸਤਾਰ ਨਾਲ ਪ੍ਰਸਤੁਤ ਕੀਤਾ ਹੈ । ਹਰ ਅਸ਼ਟਪਦੀ ਅਤੇ ਆਰੰਭ ਵਿੱਚ ਇਕ ਸ਼ਲੋਕ ਦਿੱਤਾ ਗਿਆ ਹੈ । ਸਾਰੀਆਂ ਅਸ਼ਟਪਦੀਆਂ ਦਾ ਆਰੰਭ ਅਤੇ ਸਮਾਪਨ ਇਕੋ ਪ੍ਰਕਾਰ ਦਾ ਹੈ । ਇਸ ਰਚਨਾ ਦੀ ਭਾਸ਼ਾ ਪੁਰਾਣੀ ਹਿੰਦਵੀ ਜਾਂ ਸਾਧ ਭਾਸ਼ਾ ਹੈ ਪਰ ਚੂੰਕਿ ਇਸ ਦਾ ਲੇਖਕ ਪੰਜਾਬੀ ਹੈ ਇਸ ਵਾਸਤੇ ਕਿਤੇ ਕਿਤੇ ਪੰਜਾਬੀ ਦਾ ਰੰਗ ਵੀ ਉਘੜਦਾ ਪ੍ਰਤੀਤ ਹੁੰਦਾ ਹੈ । ਇਸ ਦਾ ਪੰਜਾਬੀਪਣ ਅਜਿਹਾ ਨਹੀਂ ਜਿਹੜਾ 'ਗੋਸ਼ਟਾਂ ਮਿਹਰਬਾਨ ਜੀ ਕੀਆਂ' ਵਿੱਚ ਹੈ । ਕੁਲ ਮਿਲਾ ਕੇ ਮਿਹਰ-ਬਾਨ ਦੇ ਧਾਰਮਿਕ ਸਿੱਧਾਂਤਾਂ ਨੂੰ ਪੇਸ਼ ਕਰਨ ਵਾਲੀ ਇਹ ਇਕ ਮਹੱਤਵਪੂਰਣ ਰਚਨਾ ਹੈ ਪਰ ਇਸ ਵਿੱਚ ਨਿਰਗੁਣ ਜਾਂ ਸਗੁਣ ਦੀ ਕਿਸੇ ਇਕੋ ਪਰੰਪਰਾ ਨੂੰ ਨਹੀਂ ਅਪਣਾਇਆ ਗਿਆ । ਇਸ ਵਾਸਤੇ ਇਸ ਵਿੱਚ ਅੰਤਰ-ਵਿਰੋਧਤਾ ਸਰਬਤ੍ਰ ਹੈ ਜਿਸ ਦੇ ਫਲਸਰੂਪ ਇਸ ਦਾ ਸਿੱਧਾਂਤਿਕ ਆਧਾਰ ਬੜਾ ਪੇਤਲਾ ਜਿਹਾ ਪ੍ਰਤੀਤ ਹੁੰਦਾ ਹੈ । ਇਸ ਵਿੱਚ ਪੰਜਾਬੀ ਵਾਰਤਕ ਦੀ ਕਥਾਕਾਰੀ ਵਾਲੀ ਸ਼ੈਲੀ ਦਾ ਵਿਕਾਸ ਹੋਇਆ ਹੈ ।

ਪ੍ਰਾਚੀਨ ਪੰਜਾਬੀ ਵਾਰਤਕ ਵਿੱਚ ਟੀਕੇ ਅਤੇ ਪਰਮਾਰਥ ਵੀ ਆਮ ਲਿਖੇ ਗਏ ਹਨ। ਇਨ੍ਹਾਂ ਵਾਰਤਕ ਰੂਪਾਂ ਦਾ ਜਨਮ ਅਤੇ ਵਿਕਾਸ ਵੀ ਜਨਮਸਾਖੀਆਂ ਤੋਂ ਹੀ ਹੁੰਦਾ ਹੈ ਕਿਉਂਕਿ ਜਨਮਸਾਖੀਆਂ ਵਿੱਚ ਜਿਥੇ ਕੋਈ ਸ਼ਬਦ ਜਾਂ ਗੁਰਬਾਨੀ ਦੀ ਟੂਕ ਆਉਂਦੀ ਹੈ ਤਾਂ ਉਸ ਦੀ ਵਿਆਖਿਆ ਕਰ ਦਿੱਤੀ ਜਾਂਦੀ ਹੈ ਜਾਂ ਉਸ ਦੇ ਪਰਮਾਰਥ ਦਸ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ ਕਈ ਵਾਰ ਵੱਡੀਆਂ ਬਾਣੀਆਂ ਦਾ ਟੀਕਾ ਵੀ ਕਰ ਦਿੱਤਾ ਜਾਂਦਾ ਸੀ, ਜਿਵੇਂ ਜਪੁਜੀ, ਸਿਧ ਗੋਸਟਿ, ਪਟੀ, ਆਦਿ। ਇਨ੍ਹਾਂ ਰਚਨਾਵਾਂ ਵਿੱਚ ਟੀਕਾਕਾਰੀ ਦੀ ਕਿਸੇ ਵਿਸ਼ੇਸ਼ ਪੱਧਤੀ ਨੂੰ ਨਹੀਂ ਅਪਣਾਇਆ ਜਾਂਦਾ, ਸਗੋਂ ਬ੍ਰਿਤਾਂਤ ਵਿੱਚ ਵਿਆਖਿਆ ਕਥਾ, ਭਾਸ਼, ਟੀਕਾ ਆਦਿ ਸਭ ਕੁਝ ਸ਼ਾਮਲ ਕਰ ਲਿਆ ਜਾਂਦਾ ਸੀ। ਇਕ ਤੁਕ ਨੂੰ ਲੈ ਕੇ ਪਹਿਲਾਂ ਉਸ ਦਾ ਭਾਵ ਦਸਿਆ ਜਾਂਦਾ ਹੈ ਅਤੇ ਫਿਰ ਉਸ ਭਾਵ ਨੂੰ ਸਪੱਸ਼ਟਤਾ ਦੇਣ ਲਈ ਇਤਿਹਾਸਿਕ, ਪੌਰਾਣਿਕ ਅਤੇ ਲੌਕਿਕ ਸੰਕੇਤ ਅਤੇ ਕਥਾ-ਪ੍ਰਸੰਗ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਭਾਵੇਂ ਇਹ ਸਾਹਿੱਤ-ਵਿਧਾ ਆਪਣੇ ਆਪ ਸੁਤੰਤਰ ਰੂਪ ਵਿੱਚ ਹੋਂਦ ਵਿੱਚ ਨਹੀਂ ਆਉਂਦੀ ਪਰ ਵਿਅਕਤੀ-ਗਤ ਤੌਰ ਤੇ ਇਸ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਭਾਸ਼ਾ ਅਤੇ ਵਾਰਤਕ ਸੈਲੀ ਦੀ ਦ੍ਰਿਸ਼ਟੀ ਤੋਂ ਇਹ ਟੀਕੇ ਜਨਮਸਾਖੀਆਂ ਨਾਲ ਮੇਲ ਖਾਂਦੇ ਹਨ, ਅੰਤਰ ਕੇਵਲ ਉਥੇ ਹੈ ਜਿਥੇ ਦਾਰਸ਼–ਨਿਕ ਤੱਥਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਉਥੇ ਪਰਿਭਾਸ਼ਿਕ ਸ਼ਬਦਾਵਲੀ ਕਰਕੇ ਇਨ੍ਹਾਂ ਟ ਕਿਆਂ ਦੀ ਭਾਸ਼ਾ ਦਾ ਸਰੂਪ ਨੀਰਸ ਜਿਹਾ ਹੋ ਗਿਆ ਹੈ।

ਪੁਰਾਣੀ ਵਾਰਤਕ ਦਾ ਇਕ ਹੋਰ ਰੂਪ ਗੋਸ਼ਟਿ ਹੈ। ਇਹ ਰੂਪ ਵੀ ਜਨਮਸਾਖੀਆਂ ਤੋਂ ਵਿਕਾਸ ਕਰਦਾ ਹੈ ਅਤੇ ਉਸੇ ਧਾਰਾ ਵਿੱਚ ਦ੍ਰਿਸ਼ਟੀਕੋਣਾਂ ਦੀ ਸਥਾਪਨਾ ਕੀਤੀ ਜਾਂਦੀ ਹੈ। ਇਸ ਕਾਲ ਵਿੱਚ ਕੁਝ ਕੁ ਸੁਤੰਤਰ ਗੋਸ਼ਟਾਂ ਵੀ ਮਿਲ ਜਾਂਦੀਆਂ ਹਨ, ਜਿਵੇਂ 'ਮਕੇ ਮਦੀਨੇ ਦੀ ਗੋਸ਼ਟਿ' ਆਦਿ, ਪਰ ਗੰਭੀਰਤਾ ਨਾਲ ਵੇਖਿਆ ਜਾਵੇ ਤਾਂ ਇਹ ਗੋਸ਼ਟਾਂ ਜਨਮਸਾਖੀਆਂ ਦੀ ਸਾਮਗ੍ਰੀ ਵਿੱਚ ਪਰੁਚੀਆਂ ਹੋਈਆਂ ਹਨ, ਵਾਰਤਕ ਦੇ ਇਨ੍ਹਾਂ ਭੇਦਾਂ ਤੋਂ ਇਲਾਵਾ, ਬਚਨ, ਮਸਲੇ, ਨਾਮੇ, ਹੁਕਮਨਾਮੇ ਅਤੇ ਇਸ ਪ੍ਰਕਾਰ ਦੀਆਂ ਹੋਰ ਨਿੱਕੀਆਂ ਨਿੱਕੀਆਂ ਵਾਰਤਕ ਰਚਨਾਵਾਂ ਮਿਲ ਜਾਂਦੀਆਂ ਹਨ। ਕੁਝ ਭਾਰਤੀ ਪਰੰਪਰਾ ਦੇ ਗ੍ਰੰਥਾਂ ਦਾ ਅਨੁਵਾਦ ਵੀ ਇਸ ਯੁਗ ਵਿੱਚ ਹੋਇਆ ਹੈ। ਜਿਵੇਂ ਬਿੰਦੂ ਸਾਰ, ਵੇਦਾਂਤ ਸਾਰ, ਗੀਤਾ ਮਹਾਤਮ ਆਦਿ। ਪਰ ਬੋਲੀ ਅਤੇ ਸ਼ੈਲੀ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੈ। ਨਿਸ਼ਕਰਸ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸੰਨ 1700 ਤੋਂ ਪਹਿਲਾਂ ਦੀ ਵਾਰਤਕ ਜਨਮਸਾਖੀਆਂ ਦੇ ਰੂਪ ਵਿੱਚ ਸਾਡੇ ਸਾਹਮਣੇ ਆਉਂਦੀ ਹੈ ਅਤੇ ਇਸ ਵਿੱਚ ਇੰਨੀ ਸਾਮਗ੍ਰੀ ਸੰਮਿਲਿਤ ਹੈ ਕਿ ਮਾਨ ਸਰੋਵਰ ਵਾਂਗ ਇਸ ਵਿੱਚੋਂ ਵਾਰਤਕ ਦੀਆਂ ਕਈ ਧਾਰਾਵਾਂ ਉਤਪੰਨ ਹੋ ਕੇ ਆਪਣੀ ਸੁਤੰਤਰ ਹੋਂਦ ਦਾ ਪਰਿਚੈ ਦਿੰਦੀਆਂ ਹਨ।

ਮੱਧਕਾਲੀਨ ਵਾਰਤਕ : ਸੰਨ 1700 ਤੋਂ ਬਾਦ ਪੰਜਾਬੀ ਵਾਰਤਕ ਭਾਵੇਂ ਪੁਰਾਣੀਆਂ ਲੀਹਾਂ ਉੱਤੇ ਹੀ ਚਲਦੀ ਹੈ ਪਰ ਇਸ ਦੀਆਂ ਆਪਣੀਆਂ ਕਈ ਵਿਸ਼ੇਸ਼ਤਾਵਾਂ ਵੀ ਹਨ। ਇਸ ਯੁੱਗ ਵਿੱਚ ਆ ਕੇ ਸਿੱਖ ਧਰਮ ਗੁਰੂ-ਪਰੰਪਰਾ ਤੋਂ ਬਾਦ ਵੱਖ ਵੱਖ ਸੰਪ੍ਰਦਾਵਾਂ ਵਿੱਚ ਵੰਡਿਆ ਗਿਆ ਅਤੇ ਇਨ੍ਹਾਂ ਸੰਪ੍ਰਦਾਵਾਂ ਨੇ ਪ੍ਰਚਾਰ ਲਈ ਵਾਰਤਕ ਨੂੰ ਸਾਧਨ ਬਣਾਇਆ। ਇਨ੍ਹਾਂ ਵਿੱਚੋਂ ਪ੍ਰਮੁੱਖ ਗਿਆਨੀ ਸੰਪ੍ਰਦਾਇ ਹੈ ਜਿਸ ਦੇ ਪ੍ਰਮੁੱਖ ਲੇਖਕ ਜਾਂ ਕਥਾਵਾਚਕ ਭਾਈ

ਮਨੀ ਸਿੰਘ ਸਨ। ਦੂਜੀ ਸੰਪ੍ਰਦਾਇ ਉਦਾਸੀਆਂ ਦੀ ਹੈ ਜਿਸ ਦੇ ਪ੍ਰਮੁੱਖ ਲੇਖਕ ਅਤੇ ਟੀਕਾ-ਕਾਰ ਸੁਆਮੀ ਆਨੰਦ ਘਨ ਸਨ। ਤੀਜੀ ਸੰਪ੍ਰਦਾਇ ਸੇਵਾ ਪੰਥੀਆਂ ਦੀ ਹੈ ਜਿਨ੍ਹਾਂ ਨੇ ਅਨੇਕ ਪ੍ਰਕਾਰ ਦੀਆਂ ਸਾਖੀਆਂ ਰਚ ਕੇ ਸਿੱਖਾਂ ਦੀ ਕਰਮਸ਼ੀਲਤਾ ਅਤੇ ਸੇਵਾ ਭਾਵਨਾ ਨੂੰ ਉਘਾੜਿਆ ਹੈ। ਚੌਥੀ ਸੰਪ੍ਰਦਾਇ ਨਿਰਮਲਿਆਂ ਦੀ ਹੈ ਜਿਨ੍ਹਾਂ ਨੇ ਗੁਰਬਾਣੀ ਦੀ ਵਿਦਵੱਤਾਪੂਰਣ ਵਿਆਖਿਆ ਕਰਕੇ ਆਪਣੀ ਧਾਕ ਜਮਾਈ ਹੈ।

ਗਿਆਨੀ ਸੰਪ੍ਰਦਾਇ ਦਾ ਆਰੰਭ ਭਾਈ ਮਨੀ ਸਿੰਘ ਤੋਂ ਹੁੰਦਾ ਹੈ ਅਤੇ ਉਨ੍ਹਾਂ ਦੇ ਨਾਂ ਨਾਲ ਸੰਬੰਧਿਤ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਇਸ ਸੰਪ੍ਰਦਾਇ ਦੀਆਂ ਮਹੱਤਵਪੂਰਣ ਰਚਨਾਵਾਂ ਹਨ, ਜਿਨ੍ਹਾਂ ਦਾ ਵਿਸ਼ਲੇਸ਼ਣ ਇਸ ਪ੍ਰਸੰਗ ਦੇ ਅੰਤ ਤੇ ਕੀਤਾ ਜਾਵੇਗਾ।

ਗਿਆਨੀ ਸੰਪ੍ਰਦਾਇ ਤੋਂ ਬਾਦ ਦੂਜੇ ਨੰਬਰ ਤੇ ਸੇਵਾ ਪੰਥੀ ਸੰਪ੍ਰਦਾਇ ਵਲੋਂ ਪੰਜਾਬੀ ਵਾਰਤਕ ਦੇ ਵਿਕਾਸ ਵਿੱਚ ਦਿੱਤੇ ਗਏ ਯੋਗਦਾਨ ਦਾ ਉਲੇਖ ਕਰਨਾ ਜ਼ਰੂਰੀ ਹੈ। ਸੇਵਾ ਪੰਥੀਆਂ ਨੇ ਆਮ ਤੌਰ ਤੇ ਸਾਖੀਆਂ ਜਾਂ ਪਰਚੀਆਂ ਦੀ ਰਚਨਾ ਕੀਤੀ ਹੈ। 'ਪਰਚੀ ਭਾਈ ਘਨਈਆ ਜੀ' ਸਹਿਜ ਰਾਮ ਸੇਵਾ-ਪੰਥੀ ਦੀ ਰਚਨਾ ਹੈ ਜਿਸ ਵਿੱਚ ਉਸ ਨੇ ਸੇਵਾ ਪੰਥ ਦੇ ਮੋਢੀ ਭਾਈ ਘਨਈਆ ਜੀ ਦਾ ਜੀਵਨ ਚਿੱਤਰਿਆ ਹੈ। 18ਵੀਂ ਸਦੀ ਦੇ ਮੱਧ ਦੀ ਇਸ ਰਚਨਾ ਵਿੱਚ ਭਾਈ ਘਨਈਆ ਜੀ ਦੇ ਜੀਵਨ ਦੇ ਅਧਿਆਤਮਿਕ ਅਤੇ ਸਦਾਚਾਰਿਕ ਪੱਖ ਨੂੰ ਚਿਤਰਿਆ ਗਿਆ ਹੈ। ਭਾਈ ਘਨਈਆ ਜੀ ਦੇ ਜੀਵਨ ਸੰਬੰਧੀ ਘਟਨਾਵਾਂ ਪੇਸ਼ ਕਰਨ ਵੇਲੇ ਲੇਖਕ ਉਨ੍ਹਾਂ ਦੀ ਸੇਵਾ-ਭਾਵਨਾ ਨੂੰ ਉਚੇਚੇ ਤੌਰ ਤੇ ਉਘਾੜਦਾ ਹੈ। ਇਸ ਵਿੱਚ ਲੇਖਕ ਨੇ ਜਨਮਸਾਖੀਆਂ ਦੀ ਪਰੰਪਰਾ ਤੋਂ ਹਟ ਕੇ ਅਤੇ 'ਭਗਤ ਰਤਨਾਵਲੀ' ਦੇ ਨਾਲ ਕੁਝ ਕੁਝ ਮੇਲ ਖਾਂਦੀ ਪਰੰਪਰਾ ਨੂੰ ਅਪਣਾ ਕੇ ਕਿਸੇ ਗੁਰੂ ਜਾਂ ਮਹਾਤਮਾ ਦੀ ਥਾਂ ਤੇ ਇਕ ਸ੍ਰੇਸ਼ਠ ਗੁਰਸਿੱਖ ਨੂੰ ਇਸ ਰਚਨਾ ਦਾ ਮੁੱਖ ਪਾਤਰ ਚੁਣਿਆ ਹੈ। ਇਸ ਲਈ ਇਸ ਬਿਆਨ ਵਿੱਚ ਚਮਤਕਾਰੀ ਅੰਸ਼ ਨਹੀਂ ਆਇਆ। ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਰਚਨਾ ਬੜੀ ਸੰਖਿਪਤ ਹੈ। ਵਿਚਾਰ ਨੂੰ ਸਮਝਾਣ ਲਈ ਲੇਖਕ ਨੇ ਦਲੀਲ ਭਰੀ ਸ਼ੈਲੀ ਵਰਤੀ ਹੈ ਪਰ ਸੇਵਾ-ਭਾਵ ਜਾਂ ਰਹੱਸਵਾਦੀ ਪ੍ਰਸੰਗਾਂ ਵਾਲੀ ਸ਼ੈਲੀ ਜਜ਼ਬਾਤੀ ਹੈ। ਦ੍ਰਿਸ਼-ਚਿੱਤਰਣ ਵਿੱਚ ਲੇਖਕ ਨੇ ਆਪਣਾ ਕਮਾਲ ਵਿਖਾ-ਇਆ ਹੈ। ਇਸ ਰਚਨਾ ਦੀ ਬੋਲੀ ਦਾ ਪਿੰਡਾ ਭਾਵੇਂ ਪੰਜਾਬੀ ਹੈ ਪਰ ਬ੍ਰਜ ਭਾਸ਼ਾ ਅਤੇ ਸਾਧ ਭਾਸ਼ਾ ਦਾ ਪ੍ਰਭਾਵ ਵੀ ਸਪੱਸ਼ਟ ਹੈ।

'ਸਾਖੀਆਂ ਭਾਈ ਅਡਣ ਸ਼ਾਹ ਕੀਆਂ' ਅਠਾਰ੍ਹਵੀਂ ਸਦੀ ਦੀ ਇਕ ਹੋਰ ਮਹੱਤਵਪੂਰਣ ਵਾਰਤਕ ਪ੍ਰਾਪਤੀ ਹੈ। ਇਸ ਪੁਸਤਕ ਦੇ ਨਾਂ ਤੋਂ ਸੰਕੇਤ ਮਿਲਦਾ ਹੈ ਕਿ ਇਸ ਵਿੱਚ ਭਾਈ ਅਡਣ ਸ਼ਾਹ ਦੇ ਵਿਆਖਿਆਨ ਜਾਂ ਕਥਾ-ਵਾਰਤਾ ਨੂੰ ਕਿਸੇ ਸ਼ਰਧਾਲੂ ਸਿੱਖ ਨੇ ਲਿਖਿਤ ਰੂਪ ਦੇ ਕੇ 'ਭਾਈ ਅਡਣ ਸ਼ਾਹ ਦੀਆਂ ਸਾਖੀਆਂ' ਦੇ ਰੂਪ ਵਿੱਚ ਸੰਕਲਿਤ ਕਰ ਦਿੱਤਾ ਹੈ। ਭਾਈ ਅਡਣ ਦੇ ਅਧਿਆਤਮਿਕ ਵਿਚਾਰਾਂ, ਮਹਾਨ ਆਦਰਸ਼ਾਂ ਅਤੇ ਤਿਆਗੀ ਜੀਵਨ ਦੀ ਸੁੰਦਰ ਝਾਕੀ ਇਸ ਰਚਨਾ ਵਿੱਚ ਮਿਲ ਜਾਂਦੀ ਹੈ। ਅਠਾਰ੍ਹਵੀਂ ਸਦੀ ਦੇ ਮੱਧ ਦੀ ਇਸ ਰਚਨਾ ਦੀਆਂ ਸਾਖੀਆਂ ਵਿੱਚ ਕਲਾਤਮਕਤਾ ਦਾ ਪੱਖ ਉਘੜਿਆ ਹੋਇਆ ਨਹੀਂ ਹੈ। ਪੁਰਾਤਨ ਢੰਗ ਨਾਲ ਹੀ ਸਾਰੀ ਗੱਲ ਬੜੀ ਸਾਦਗੀ ਅਤੇ ਸਰਲਤਾ ਨਾਲ ਕਹਿ ਦਿੱਤੀ ਗਈ ਹੈ। ਇਹ ਸਾਖੀਆਂ 'ਬਚਨ' ਦੀ ਸ਼ੈਲੀ ਵਿੱਚ ਲਿਖੀਆਂ ਗਈਆਂ ਹਨ।

'ਪਰਚੀ ਪਾਤਸ਼ਾਹੀ ਦਸਵੀਂ ਕੀ' 18ਵੀਂ ਸਦੀ ਦੀ ਇੱਕ ਹੋਰ ਮਹੱਤਵਪੂਰਣ ਰਚਨਾ ਹੈ। ਇਸ ਵਿੱਚ ਕੁਲ 50 ਸਾਖੀਆਂ ਹਨ ਜਿਨ੍ਹਾਂ ਵਿੱਚੋਂ 8 ਦਾ ਸੰਬੰਧ ਪਹਿਲੇ 8 ਗੁਰੂਆਂ ਨਾਲ ਹੈ, 4 ਨੌਵੇਂ ਪਾਤਸ਼ਾਹ ਨਾਲ ਸੰਬੰਧਿਤ ਹਨ ਅਤੇ ਬਾਕੀ 38 ਸਾਖੀਆਂ 10ਵੇਂ ਗੁਰੂ ਬਾਰੇ ਹਨ। ਇਸ ਰਚਨਾ ਦਾ ਲੇਖਕ ਕੋਈ ਉਦਾਸੀ ਸਾਧ ਪ੍ਰਤੀਤ ਹੁੰਦਾ ਹੈ, ਪਰ ਉਸ ਦੇ ਨਾਂ ਤੋਂ ਬਿਨਾ ਹੋਰ ਕੁਝ ਪਤਾ ਨਹੀਂ ਲਗਦਾ। ਇਨ੍ਹਾਂ ਸਾਖੀਆਂ ਰਾਹੀਂ ਮਨੁੱਖ ਦੇ ਮਨ ਵਿੱਚ ਉਨ੍ਹਾਂ ਮਹਾਨ ਉੱਦੇਸ਼ਾਂ ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰਾਉਣ ਦਾ ਯਤਨ ਕੀਤਾ ਗਿਆ ਹੈ ਜਿਨ੍ਹਾਂ ਲਈ ਸਿੱਖ ਗੁਰੂਆਂ ਨੇ ਜਨਮ ਲਿਆ ਸੀ। ਕਿਉਂਕਿ ਬਹੁਤੀਆਂ ਸਾਖੀਆਂ ਦਸਵੇਂ ਗੁਰੂ ਬਾਰੇ ਹਨ, ਇਸ ਲਈ ਇਸ ਰਚਨਾ ਦਾ ਨਾਂ 'ਪਰਚੀ ਪਾਤਸ਼ਾਹੀ ਦਸਵੇਂ ਕੀ' ਰਖਿਆ ਗਿਆ ਹੈ। ਸਿੱਖ ਸਦਾਚਾਰ ਅਤੇ ਰਹਿਤ-ਮਰਯਾਦਾ ਦੀ ਗੱਲ ਬੜੇ ਵਿਸਤਾਰ ਨਾਲ ਦੱਸੀ ਗਈ ਹੈ। ਲੋੜ ਤੋਂ ਵੱਧ ਧਨ ਨਾ ਸੰਚਣਾ, ਸਤਸੰਗਤ ਦੀ ਵਡਿਆਈ, ਕੀਰਤਨ ਦੀ ਉਤਮਤਾ, ਪੂਜਾ ਦਾ ਧਾਨ ਨਾ ਖਾਣਾ, ਮੋਹ ਦਾ ਤਿਆਗ, ਸੇਵਾ ਦਾ ਮਹੱਤਵ, ਆਦਰਸ਼ ਗ੍ਰਿਹਸਥੀ ਬਣਨ ਦਾ ਉਪਾ ਆਦਿ ਪੱਖਾਂ ਤੇ ਉਚੇਚਾ ਚਾਨਣਾ ਪਾਇਆ ਗਿਆ ਹੈ। ਇਸ ਦੀ ਸ਼ੈਲੀ ਭਾਵੇਂ ਬ੍ਰਿਤਾਂਤਿਕ ਹੈ ਪਰ ਕਈਆਂ ਥਾਵਾਂ ਤੇ ਵਿਆਖਿਆਮਈ ਸ਼ੈਲੀ ਦੇ ਦਰਸ਼ਨ ਹੋ ਜਾਂਦੇ ਹਨ। ਉਂਜ ਇਸ ਸ਼ੈਲੀ ਵਿੱਚ ਨਾਂ ਤਾਂ ਕੋਈ ਰੋਚਕਤਾ ਹੈ ਅਤੇ ਨਾ ਕੋਈ ਖਿੱਚ, ਬੜੇ ਸਾਧਾਰਣ ਢੰਗ ਨਾਲ ਗੱਲ ਕਹੀ ਗਈ ਹੈ। ਇਸ ਰਚਨਾ ਨਾਲ ਪੰਜਾਬੀ ਵਾਰਤਕ ਵਿੱਚ ਕੋਈ ਨਵੀਂ ਪ੍ਰਵਿੱਤੀ ਜਨਮ ਨਹੀਂ ਲੈਂਦੀ। ਇਸ ਦੀ ਭਾਸ਼ਾ ਦਾ ਰੰਗ ਪੰਜਾਬੀ ਵਾਲਾ ਅਧਿਕ ਹੈ ਤੇ ਲੋੜ ਅਨੁਸਾਰ ਲੇਖਕ ਨੇ ਅਰਬੀ ਫ਼ਾਰਸੀ ਦੇ ਸ਼ਬਦ ਵੀ ਵਰਤੇ ਹਨ।

'ਸੌ ਸਾਖੀ' ਇਸ ਕਾਲ ਦੀ ਇਕ ਹੋਰ ਉਲੇਖਯੋਗ ਰਚਨਾ ਹੈ। ਇਸ ਨੂੰ 'ਗੁਰ ਰਤਨ-ਮਾਲ' ਵੀ ਕਿਹਾ ਜਾਂਦਾ ਹੈ। ਇਸ ਵਿੱਚ ਦਸਵੇਂ ਗੁਰੂ ਦੇ ਜੀਵਨ ਅਤੇ ਉੱਦੇਸ਼ਾਂ ਨੂੰ ਲਗਭਗ 100 ਸਾਖੀਆਂ ਵਿੱਚ ਵਰਣਿਤ ਕੀਤਾ ਗਿਆ ਹੈ। ਆਮ ਵਿਸ਼ਵਾਸ ਹੈ ਕਿ ਇਸ ਵਿੱਚ ਗੁਰੂ ਜੀ ਦੀ ਭਵਿਸ਼-ਬਾਣੀ ਦਰਜ ਹੈ ਪਰ ਇਤਿਹਾਸਕ ਊਣਤਾਈਆਂ ਦੇ ਪ੍ਰਕਾਸ਼ ਵਿੱਚ ਅਜਿਹਾ ਮੰਨਣਾ ਠੀਕ ਨਹੀਂ ਹੈ। ਇਸ ਨੂੰ ਉਂਜ ਤਾਂ 1734 ਈ. ਦੀ ਰਚਨਾ ਮੰਨਿਆ ਜਾਂਦਾ ਹੈ, ਪਰ ਇਸ ਵਿੱਚਲੇ ਕਈ ਤੱਥ ਇਸ ਸਥਾਪਨਾ ਦੇ ਉਲਟ ਜਾਂਦੇ ਹਨ। ਇਸ ਦੀ ਸ਼ੈਲੀ ਬ੍ਰਿਤਾਂ-ਤਿਕ ਹੈ ਪਰ ਕੋਈ ਉਚੇਚਾ ਸੋਹਜ ਕਿਤੇ ਨਹੀਂ ਮਿਲਦਾ, ਬੜਾ ਸਾਦ-ਮੁਰਾਦਾ ਜਿਹਾ ਬਿਆਨ ਹੈ। ਕਲਾਤਮਕ ਗੁਣਾਂ ਤੋਂ ਇਹ ਰਚਨਾ ਸੱਖਣੀ ਹੈ। ਕਿਤੇ ਕਿਤੇ ਕਵਿਤਾਨੁਮਾ ਤੁਕਬੰਦੀ ਵੀ ਮਿਲ ਜਾਂਦੀ ਹੈ। ਬੋਲੀ ਦਾ ਸਰੂਪ ਬੜਾ ਸਾਧਾਰਣ ਹੈ, ਕਈਆਂ ਥਾਵਾਂ ਤੇ ਵਾਕਾਂ ਵਿੱਚ ਅਸਪੱਸ਼ਟਤਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਇਸ ਯੁੱਗ ਵਿੱਚ ਟੀਕਿਆਂ ਦੀ ਵਿਸ਼ੇਸ਼ ਰਚਨਾ ਹੋਈ ਹੈ। ਟੀਕਿਆਂ ਦਾ ਆਰੰਭ ਭਾਵੇਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ, ਪਰ ਉਦੋਂ ਟੀਕੇ ਜਨਮਸਾਖੀਆਂ ਦੇ ਕ੍ਰਮ ਵਿੱਚ ਯਥਾ-ਪ੍ਰਸੰਗ ਲਿਖੇ ਜਾਂਦੇ ਸਨ ਅਤੇ ਇਹ ਪ੍ਰਵਿੱਤੀ ਭਾਈ ਮਨੀ ਸਿੰਘ ਦੀਆਂ ਰਚਨਾਵਾਂ ਤੱਕ ਜਾਰੀ ਰਹੀ ਹੈ। ਇਸ ਕਾਲ ਵਿੱਚ ਆ ਕੇ ਵਿਦਵਾਨਾਂ ਨੇ ਸੁਤੰਤਰ ਰੂਪ ਵਿੱਚ ਪ੍ਰਮੁੱਖ ਬਾਣੀਆਂ ਦੇ ਟੀਕੇ ਲਿਖਣ ਦਾ ਯਤਨ ਕੀਤਾ ਹੈ। ਇਨ੍ਹਾਂ ਟੀਕਿਆਂ ਵਿੱਚ ਟੀਕਾਕਾਰੀ ਦੀਆਂ ਸਾਰੀਆਂ ਵਿਧੀਆਂ ਨੂੰ ਆਪਸ ਵਿੱਚ ਮਿਲਾ ਕੇ ਇਕ ਨਵੀਂ ਜਿਹੀ ਵਿਧੀ ਨੂੰ ਜਨਮ ਦਿੱਤਾ ਗਿਆ ਹੈ। ਇਸ ਕਾਲ ਦਾ ਸੁਤੰਤਰ ਤੌਰ ਤੇ ਟੀਕੇ ਰੱਚਣ ਵਾਲਾ ਪ੍ਰਮੁੱਖ ਲੇਖਕ

ਸਵਾਮੀ ਆਨੰਦਘਨ ਹੈ। ਇਸ ਦਾ ਸੰਬੰਧ ਉਦਾਸੀ ਸੰਪ੍ਰਦਾਇ ਨਾਲ ਹੈ। ਇਸ ਨੇ ਕੁਲ 6 ਟੀਕਿਆਂ ਦੀ ਰਚਨਾ ਕੀਤੀ—ਜਪੁਜੀ, ਆਰਤੀ, ਓਅੰਕਾਰ, ਆਸਾ ਦੀ ਵਾਰ, ਅਨੰਦ ਅਤੇ ਸਿਧ ਗੋਸਟਿ। ਇਹ ਸੰਸਕ੍ਰਿਤ ਦਾ ਚੰਗਾ ਵਿਦਵਾਨ ਸੀ ਅਤੇ ਇਸ ਨੇ ਸ਼ਾਸਤ੍ਰੀ ਵਿਧੀ ਨਾਲ ਅਤੇ ਕਲਾਸਕੀ ਵਿਦਿਆ ਦੇ ਆਧਾਰ ਤੇ ਟੀਕਿਆਂ ਦਾ ਨਿਰਮਾਣ ਕੀਤਾ। ਆਪਣੀ ਕਥਨ ਸ਼ੈਲੀ ਅਤੇ ਪ੍ਰਤਿਪਾਦਿਤ ਵਿਸ਼ੇ ਬਾਰੇ ਦ੍ਰਿੜ੍ਹ ਵਿਸ਼ਵਾਸ ਹੋਣ ਕਾਰਣ ਇਸ ਨੇ ਆਪਣੀ ਗੱਲ ਨੂੰ ਪਾਠਕਾਂ ਉੱਤੇ ਠੋਸਣ ਦਾ ਯਤਨ ਕੀਤਾ ਹੈ। ਟੀਕਿਆਂ ਦੀ ਭਾਸ਼ਾ ਦਾ ਸਰੂਪ ਲਗਭਗ ਭਾਰਤੀ ਪਰੰਪਰਾ ਵਾਲਾ ਹੈ, ਕਿਤੇ ਕਿਤੇ ਕੋਈ ਕੋਈ ਸ਼ਬਦ ਅਰਬੀ ਫ਼ਾਰਸੀ ਦਾ ਵੀ ਮਿਲਦਾ ਹੈ। ਇਸ ਦੀ ਸ਼ੈਲੀ ਦੀ ਪ੍ਰਮੁੱਖ ਵਿਸ਼ੇਸ਼ਤਾ ਖੰਡਨ-ਮੰਡਲ ਹੈ।

ਇਸ ਕਾਲ ਵਿੱਚ ਵਾਰਤਕ ਦੀ ਇਕ ਹੋਰ ਵਿਧਾ ਸਾਹਮਣੇ ਆਉਂਦੀ ਹੈ ਅਤੇ ਉਹ ਹੈ 'ਉਥਾਨਿਕਾ'। ਇਸ ਦਾ ਭਾਵ ਹੈ ਉਹ ਪ੍ਰਸਤਾਵਨਾ ਜਿਸ ਵਿੱਚ ਸੰਬੰਧਿਤ ਬਾਣੀ ਜਾਂ ਸ਼ਬਦ ਦੇ ਉੱਚਾਰਣ ਦੇ ਪਿਛੋਕੜ ਦਾ ਚਿੱਤਰਣ ਕੀਤਾ ਜਾਵੇ। ਉਂਜ ਤਾਂ ਜਨਮਸਾਖੀਆਂ ਵਿੱਚ ਹੀ ਗੁਰੂ ਨਾਨਕ ਦੇਵ ਨੇ ਜੋ ਸ਼ਬਦ ਉਚਾਰੇ ਹਨ, ਉਨ੍ਹਾਂ ਲਈ ਸਾਖੀਆਂ ਇਕ ਪ੍ਰਕਾਰ ਦੀਆਂ ਉਥਾਨਿਕਾਵਾਂ ਹੀ ਹਨ, ਪਰ ਇਥੇ ਜਿਨ੍ਹਾਂ ਉਥਾਨਿਕਾਵਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਅਸਲ ਵਿੱਚ ਜਨਮਸਾਖੀਆਂ ਵਾਲੀਆਂ ਨਹੀਂ ਹਨ। ਇਨ੍ਹਾਂ ਰਚਨਾਵਾਂ ਵਿੱਚ ਸੁਤੰਤਰਤਾ-ਪੂਰਵਕ ਬੜੇ ਵਿਸਤਾਰ ਅਤੇ ਨਵੇਂ ਢੰਗ ਨਾਲ ਪਿਛੋਕੜ ਨੂੰ ਪੇਸ਼ ਕੀਤਾ ਗਿਆ ਹੈ। ਇਹ ਕੁਲ ਦੋ ਹਨ ਅਤੇ ਇਹ ਦੋਵੇਂ ਅਜੇ ਅਣਪ੍ਰਕਾਸ਼ਿਤ ਹਨ ਅਤੇ 'ਉਥਾਨਿਕਾ ਗੁਰੂ ਗ੍ਰੰਥ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹਨ। ਜਿਵੇਂ ਕਿ ਪਿੱਛੇ ਦਸਿਆ ਜਾ ਚੁੱਕਾ ਹੈ, ਇਨ੍ਹਾਂ ਨੂੰ ਵੀ ਵਿਅਰਥ ਵਿੱਚ ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਸੰਖਿਪਤ ਬ੍ਰਿੱਤਾਂਤਿਕ ਅਤੇ ਨਾਟਕੀ ਰੰਗ ਵਾਲੀਆਂ ਰਚਨਾਵਾਂ ਹਨ। ਇਨ੍ਹਾਂ ਦੀ ਬੋਲੀ ਪੰਜਾਬੀ ਸਾਧ ਭਾਸ਼ਾ ਹੈ। ਫ਼ਾਰਸੀ ਦੇ ਵੀ ਕਿਤੇ ਕਿਤੇ ਸ਼ਬਦ ਮਿਲ ਜਾਂਦੇ ਹਨ।

ਉਪਰੋਕਤ ਰਚਨਾਵਾਂ ਤੋਂ ਇਲਾਵਾ ਇਸ ਕਾਲ ਵਿੱਚ ਦੋ ਜਾਂ ਤਿਨ ਹੋਰ ਵਾਰਤਕ ਰੂਪਾਂ ਦੇ ਦਰਸ਼ਨ ਵੀ ਹੁੰਦੇ ਹਨ। ਇਨ੍ਹਾਂ ਵਿੱਚੋਂ ਇਕ ਰੂਪ ਰਹਿਤਨਾਮਿਆਂ ਵਾਲਾ ਹੈ, ਜਿਸ ਵਿੱਚ ਸਿੱਖ ਮਰਯਾਦਾ ਅਤੇ ਰਹਿਣੀ ਬਹਿਣੀ ਦਾ ਵਿਵਰਣ ਦਿੱਤਾ ਹੁੰਦਾ ਹੈ। ਦੂਜਾ ਰੂਪ ਹੁਕਮਨਾਮਿਆਂ ਵਾਲਾ ਹੈ, ਜਿਸ ਵਿੱਚ ਗੁਰੂ ਸਾਹਿਬਾਨ ਵੱਲੋਂ ਆਪਣੇ ਸਿੱਖਾਂ ਨੂੰ ਭੇਜੇ ਗਏ ਆਦੇਸ਼ ਅੰਕਿਤ ਹਨ। ਅਤੇ, ਤੀਜਾ ਰੂਪ ਅਨੁਵਾਦ ਵਾਲਾ ਹੈ, ਜਿਸ ਵਿੱਚ ਸੰਸਕ੍ਰਿਤ ਜਾਂ ਫ਼ਾਰਸੀ ਸਾਹਿੱਤ ਦੀਆਂ ਵਿਸ਼ੇਸ਼ ਤੌਰ ਤੇ ਅਧਿਆਤਮਿਕ ਰਚਨਾਵਾਂ ਦਾ ਅਨੁਵਾਦ ਹੁੰਦਾ ਹੈ। ਇਨ੍ਹਾਂ ਤਿੰਨ ਪ੍ਰਕਾਰ ਦੀਆਂ ਰਚਨਾਵਾਂ ਵਿੱਚ ਵੀ ਕਿਸੇ ਵਿਸ਼ੇਸ਼ ਭਾਸ਼ਾ ਜਾਂ ਸ਼ੈਲੀਗਤ ਗੌਰਵ ਦੇ ਦਰਸ਼ਨ ਨਹੀਂ ਹੁੰਦੇ। ਇਥੇ ਵਾਰਤਕ ਕੇਵਲ ਅਭਿਵਿਅਕਤੀ ਦਾ ਮਾਧਿਅਮ ਹੈ, ਕਲਾ-ਤਮਕ ਸੋਹਜ ਦੀ ਲਖਾਇਕ ਨਹੀਂ। ਇਸ ਲਈ ਇਨ੍ਹਾਂ ਸਾਰੀਆਂ ਰਚਨਾਵਾਂ ਦੀ ਪੱਧਰ ਸਾਧਾਰਣ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ 18ਵੀਂ ਸਦੀ ਦੀ ਵਾਰਤਕ ਮੁੱਖ ਤੌਰ ਤੇ ਵੱਖ ਵੱਖ ਸੰਪ੍ਰਦਾਈ ਸਾਧਕਾਂ ਦੀ ਦੇਣ ਹੈ। ਇਸ ਵਿੱਚ ਮੁਸਲਮਾਨ ਲੇਖਕਾਂ ਦਾ ਹਿੱਸਾ ਨਾਂ-ਮਾਤਰ ਹੈ। ਇਸ ਕਾਲ ਦੀ ਵਾਰਤਕ ਦਾ ਵਰਣਿਤ ਵਿਸ਼ਾ ਲਗਭਗ ਅਧਿਆਤਮਿਕ ਹੀ ਰਿਹਾ ਹੈ ਅਤੇ ਵਾਰਤਕ ਰੂਪ ਪਿਛਲੇ ਕਾਲ ਵਾਲੇ ਹੀ ਜਾਰੀ ਰਹੇ ਹਨ। ਪਰ ਇਸ ਕਾਲ ਵਿੱਚ ਜਿਸ ਗੱਲ

ਦੇ ਉਚੇਚੇ ਉਲੇਖ ਦੀ ਲੋੜ ਹੈ, ਉਹ ਇਹ ਕਿ ਇਸ ਕਾਲ ਦੀ ਵਾਰਤਕ ਵਿੱਚ 17ਵੀਂ ਸਦੀ ਨਾਲੋਂ ਜ਼ਿਆਦਾ ਸਪੱਸ਼ਟਤਾ ਆਉਂਦੀ ਗਈ ਹੈ। ਬੋਲੀ ਵੀ ਬ੍ਰਜ ਭਾਸ਼ਾ ਤੋਂ ਇਤਨੀ ਪ੍ਰਭਾਵਿਤ ਨਹੀਂ ਹੈ ਅਤੇ ਅਰਬੀ ਫ਼ਾਰਸੀ ਦਾ ਕੋਈ ਖ਼ਾਸ ਪ੍ਰਭਾਵ ਨਹੀਂ ਹੈ।

ਭਾਈ ਮਨੀ ਸਿੰਘ ਦੀ ਵਾਰਤਕ : ਭਾਈ ਮਨੀ ਸਿੰਘ ਪੰਜਾਬੀ ਵਾਰਤਕ ਗਗਨ ਦਾ ਉਹ ਜੋਤੀਮਾਨ ਸਿਤਾਰਾ ਹੈ ਜੋ ਅਠਾਰ੍ਹਵੀਂ ਸਦੀ ਦੇ ਆਰੰਭ-ਕਾਲ ਵਿੱਚ ਆਪਣੇ ਗਿਆਨ-ਪ੍ਰਕਾਸ਼ ਨਾਲ ਸਿੱਖ ਧਰਮ ਦੀਆਂ ਅਨੇਕ ਸਮੱਸਿਆਵਾਂ ਦਾ ਸਮਾਧਾਨ ਕਰਨ ਨਿਮਿਤ ਜਿਸ ਵਾਰਤਕ ਸਾਖੀ-ਸਾਹਿੱਤ ਦਾ ਨਿਰਮਾਣ ਕਰਦਾ ਹੈ, ਉਹ ਵਿਵੇਕਸ਼ੀਲ ਵਾਰਤਕ ਪੂਰਵ-ਵਰਤੀ ਵਾਰਤਕ ਦਾ ਅਨੁਸਰਣ ਕਰਦੀ ਹੋਈ ਵੀ ਆਪਣਾ ਨਵੇਕਲਾ ਸਰੂਪ ਦਰਸਾਂਦੀ ਹੈ।

ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਪਹਿਲੀ ਰਚਨਾ 'ਗਿਆਨ ਰਤਨਾਵਲੀ' ਹੈ। ਇਹ 18ਵੀਂ ਸਦੀ ਦੀ ਪ੍ਰਮੁੱਖ ਜਨਮਸਾਖੀ ਹੈ ਜਿਸ ਵਿੱਚ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਤੋਂ ਕੁਝ ਕਥਾ-ਸੂਤਰ ਲਏ ਗਏ ਹਨ, ਕਿਉਂਕਿ ਵਾਰ ਵਿੱਚ ਵਰਣਿਤ ਘਟਨਾਵਾਂ ਤੋਂ ਹੱਟ ਕੇ ਵੀ ਇਸ ਰਚਨਾ ਵਿੱਚ ਬਹੁਤ ਕੁਝ ਹੋਰ ਦਰਜ ਹੈ। ਇਸ ਵਿੱਚ ਕੁਲ 225 ਸਾਖੀਆਂ ਹਨ ਜਿਨ੍ਹਾਂ ਵਿਚੋਂ 7 ਦਾ ਸੰਬੰਧ ਗੁਰੂ ਨਾਨਕ ਦੇਵ ਤੋਂ ਬਾਦ ਦੇ ਗੁਰੂਆਂ ਨਾਲ ਹੈ। ਇਸ ਵਿਚਲੀਆਂ ਸਾਖੀਆਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਮੁੱਖ ਤੌਰ ਤੇ ਭਾਈ ਬਾਲੇ ਵਾਲੀ ਜਨਮਸਾਖੀ ਨੂੰ ਆਧਾਰ ਬਣਾਇਆ ਗਿਆ ਹੈ। ਪਰ ਲੋੜ ਅਨੁਸਾਰ ਲੇਖਕ ਨੇ 'ਪੁਰਾਤਨ ਜਨਮਸਾਖੀ' ਅਤੇ ਸੋਢੀ ਮਿਹਰਬਾਨ ਦੀ ਲਿਖੀ ਜਨਮਸਾਖੀ ਤੋਂ ਵੀ ਲਾਭ ਉਠਾਇਆ ਹੈ। ਵਾਰ ਦੀਆਂ ਪਹਿਲੀਆਂ 22 ਪਉੜੀਆਂ ਵਿੱਚ ਦਿੱਤੇ ਵੱਖ ਵੱਖ ਧਰਮਾਂ ਅਤੇ ਸੰਪ੍ਰਦਾਵਾਂ ਦੇ ਪਿਛੋਕੜ ਦੇ ਪ੍ਰਸੰਗ ਵਿੱਚ ਦੂਜੇ ਧਰਮਾਂ ਬਾਰੇ ਬੜੇ ਵਿਸਤਾਰ ਨਾਲ ਲਿਖਿਆ ਗਿਆ ਹੈ ਅਤੇ ਹੋਰਨਾਂ ਕਈ ਪ੍ਰਸੰਗਾਂ ਵਿੱਚ ਵੀ ਅਧਿਆਤਮਿਕ ਗਿਆਨ ਦੇ ਕਿਸੇ ਨਾ ਕਿਸੇ ਪੱਖ ਦੀ ਚਰਚਾ ਹੋਈ ਹੈ। ਇਸ ਤਰ੍ਹਾਂ ਇਹ ਰਚਨਾ ਇਕ ਅਧਿਆਤਮਿਕ ਗਿਆਨ ਕੋਸ਼ ਜਿਹਾ ਪ੍ਰਤੀਤ ਹੁੰਦੀ ਹੈ ਕਿਉਂਕਿ ਪੂਰਵ-ਵਰਤੀ ਜਨਮਸਾਖੀਆਂ ਵਿੱਚ ਅਧਿਕ ਬਲ ਸਾਖੀ ਕਹਿਣ ਜਾਂ ਬਾਣੀ ਦਾ ਪਰਮਾਰਥ ਦੱਸਣ ਉੱਤੇ ਦਿੱਤਾ ਗਿਆ ਹੈ, ਪਰ ਇਸ ਜਨਮਸਾਖੀ ਵਿੱਚ ਕਥਾ-ਪ੍ਰਸੰਗ ਜਾਂ ਬਾਣੀ ਦੇ ਵਿਸ਼ਲੇਸ਼ਣ ਦੇ ਨਾਲ ਨਾਲ ਪਾਠਕਾਂ/ਸਰੋਤਿਆਂ ਨੂੰ ਅਧਿਆਤਮਿਕ ਗਿਆਨ ਦੇ ਕੁਝ ਜ਼ਰੂਰੀ ਤੱਥ ਸਮਝਾਣ ਦਾ ਯਤਨ ਵੀ ਕੀਤਾ ਗਿਆ ਹੈ। ਅਜਿਹਾ ਯਤਨ ਕਰਨ ਵੇਲੇ ਸਾਖੀ-ਕਾਰ ਜਿਥੇ ਭਾਰਤੀ ਦਰਸ਼ਨ ਤੋਂ ਸਾਮ੍ਗੀ ਲੈਂਦਾ ਹੈ, ਉਥੇ ਨਾਲ ਨਾਲ ਸਾਮੀ ਦਰਸ਼ਨ ਦੀਆਂ ਗੱਲਾਂ ਨੂੰ ਵੀ ਸਪੱਸ਼ਟ ਕਰਦਾ ਹੈ। ਇਸ ਨਾਲ ਜਿਥੇ ਲੇਖਕ ਦੀ ਵਿਦਵੱਤਾ ਦਾ ਪਰਿਚਯ ਮਿਲਦਾ ਹੈ, ਉਥੇ ਨਾਲ ਹੀ ਪਾਠਕ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ। ਇਥੇ ਮਹੱਤਵ ਦਾ ਧੁਰਾ ਗੁਰੂ ਦੀ ਸਾਖੀ ਜਾਂ ਕਥਾ ਤੋਂ ਹੱਟ ਕੇ ਗੁਰਮਤਿ ਸਿੱਧਾਂਤ ਦੀ ਵਿਆਖਿਆ ਤੇ ਆ ਟਿਕਿਆ ਹੈ।

ਇਸ ਜਨਮਸਾਖੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਥਾਂ ਪਟ ਥਾਂ ਸਿੱਖਾਂ ਵਲੋਂ ਪ੍ਰਸ਼ਨ ਕਰਵਾਏ ਗਏ ਹਨ ਅਤੇ ਗੁਰੂ ਨਾਨਕ ਦੇਵ ਜੀ ਵਲੋਂ ਉਨ੍ਹਾਂ ਦੀਆਂ ਸ਼ੰਕਾਵਾਂ ਦਾ ਨਿਵਾ-ਰਣ ਕਰਵਾਇਆ ਗਿਆ ਹੈ। ਅਜਿਹਾ ਕਰਨ ਦੀ ਪ੍ਰਕ੍ਰਿਆ ਰਾਹੀਂ ਸੁਤੇ-ਸਿਧ ਰਹਿਤਨਾਮਾ-ਨੁਮਾ ਵਾਰਤਕ ਦਾ ਨਿਰਮਾਣ ਹੁੰਦਾ ਗਿਆ ਹੈ। ਇਥੇ ਪੂਰਵ-ਵਰਤੀ ਜਨਮਸਾਖੀਆਂ ਵਾਲੇ ਲੋਕ-ਨਾਇਕ ਗੁਰੂ ਨਾਨਕ ਦੇਵ ਸੰਸਥਾਤਮਕ ਪ੍ਰਵਿਤੀਆਂ ਅਧੀਨ ਇਕ ਸੰਸਥਾ-ਨਾਇਕ ਦੇ

ਰੂਪ ਵਿੱਚ ਪੇਸ਼ ਹੋਏ ਹਨ। ਅਜਿਹੇ ਚਿੱਤਟਣ ਨਾਲ ਇਹ ਗੱਲ ਸਪੱਸ਼ਟ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਉਦੋਂ ਤਕ ਸਿੱਖ ਧਰਮ ਇਕ ਧਰਮ-ਵਿਸ਼ੇਸ਼ ਦਾ ਰੂਪ ਧਾਰਨ ਕਰ ਚੁਕਿਆ ਸੀ ਅਤੇ ਉਸ ਵਿੱਚ ਆਪਣੀ ਵੱਖਰੀ ਹੋਂਦ ਬਣਾਈ ਰਖਣ ਦਾ ਅਹਿਸਾਸ ਪੈਦਾ ਹੋ ਗਿਆ ਸੀ। ਫਲਸਰੂਪ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤਿ ਸਮਾਣ ਤੋਂ ਬਾਦ ਦੇ ਜਨਮਸਾਖੀਕਾਰ ਦਾ ਉਦੇਸ਼ ਅਤੇ ਨਜ਼ਰੀਆ ਪੂਰਵ-ਵਰਤੀ ਜਨਮਸਾਖੀਆਂ ਵਾਲੇ ਉੱਦੇਸ਼ ਅਤੇ ਮੰਤਵ ਤੋਂ ਵੱਖ ਜਿਹਾ ਹੋ ਗਿਆ ਹੈ। ਇਸ ਲਈ ਜਿਥੇ ਇਤਿਹਾਸਿਕ ਪਰਿਸਥਿਤੀਆਂ ਜ਼ਿੰਮੇਵਾਰ ਹਨ, ਉਥੇ ਸਿੱਖ ਧਰਮ ਦਾ ਸੰਸਥਾਗਤ ਸੰਗਠਨ ਵੀ ਆਪਣੀ ਭੂਮਿਕਾ ਨਿਭਾ ਰਿਹਾ ਹੈ।

ਧਿਆਨਯੋਗ ਗੱਲ ਇਹ ਹੈ ਕਿ ਜੇ ਗੁਰੂ ਅਮਰਦਾਸ ਵੇਲੇ ਗੁਰਬਾਣੀ ਦੇ ਸ਼ੁੱਧ ਸਰੂਪ ਨੂੰ ਕਾਇਮ ਰਖਣ ਦੀ ਚੇਤਨਾ, ਗੁਰੂ ਅਰਜਨ ਤਕ ਪਹੁੰਚ ਕੇ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਵਿੱਚ ਰੂਪਮਾਨ ਹੋਈ ਸੀ ਤਾਂ ਸਿੱਖਾਂ ਦੇ ਧਰਮ-ਸਾਹਿੱਤ ਵਿੱਚ ਮੀਣਿਆਂ ਦੁਆਰਾ ਪਾਏ ਰਲਿਆਂ ਪ੍ਰਤਿ ਚੇਤਨਾ ਦੀ ਭਾਵਨਾ ਭਾਈ ਮਨੀ ਸਿੰਘ ਦੇ ਉੱਦਮਾਂ ਨਾਲ ਇਸ ਜਨਮਸਾਖੀ ਵਿੱਚ ਰੂਪਾਕਾਰ ਧਾਰਣ ਕਰਦੀ ਹੈ। ਇਸ ਨਾਲ ਸਿੱਖ ਧਰਮ-ਸਾਹਿੱਤ ਦੇ ਸਰੂਪ ਨੂੰ ਸ਼ੁੱਧ ਬਣਾਈ ਰਖਣ ਦੀ ਪੁਣਛਾਣ ਦੀ ਪ੍ਰਵਿੱਤੀ ਦਾ ਵਿਕਾਸ ਹੁੰਦਾ ਹੈ ਜੋ ਇਸ ਰਚਨਾ ਦੀ ਸਿਰਜਨਾ ਪਿਛੇ ਕੰਮ ਕਰ ਰਹੀ ਚੇਤਨਾ ਤੇ ਆਧਾਰਿਤ ਹੈ। ਆਪਣੀ ਗੱਲ ਨੂੰ ਦੂਜਿਆਂ ਦੁਆਰਾ ਅਪਣਾਉਣ ਯੋਗ ਸਿੱਧ ਕਰਨ ਲਈ ਲੇਖਕ ਇਨ੍ਹਾਂ ਦਾ ਸੰਬੰਧ ਦਸਮ ਗੁਰੂ ਅਤੇ ਉਨ੍ਹਾਂ ਦੇ ਦਰਬਾਰ ਨਾਲ ਜੋੜਦਾ ਹੈ। ਇਸ ਤਰ੍ਹਾਂ ਬੌਧਿਕ ਤੌਰ ਤੇ ਸਪੱਸ਼ਟ ਹੋ ਕੇ ਲੇਖਕ ਇਸ ਜਨਮਸਾਖੀ ਦੀ ਰਚਨਾ-ਪ੍ਰਕ੍ਰਿਆ ਦਾ ਆਰੰਭ ਕਰਦਾ ਹੈ। ਇਹੀ ਕਾਰਣ ਹੈ ਕਿ ਇਸ ਜਨਮਸਾਖੀ ਵਿੱਚ ਘੱਟ ਤੋਂ ਘੱਟ ਅਪ੍ਰਮਾਣਿਕ ਬਾਣੀ ਦੇ ਸੰਦਰਭ ਸ਼ਾਮਲ ਹੋਏ ਹਨ ਅਤੇ ਗੁਰਬਾਣੀ ਦੀਆਂ ਟੂਕਾਂ ਦੀ ਵਿਆਖਿਆ ਕਰਨ ਵੇਲੇ ਵੀ ਗੁਰਮਤਿ ਸਿੱਧਾਂਤਾਂ ਦੇ ਮੂਲ ਬਿੰਦੂਆਂ ਤੋਂ ਬਹੁਤ ਹਟਿਆ ਨਹੀਂ ਗਿਆ ਅਤੇ ਨਾ ਹੀ ਭਾਰਤੀ ਅਧਿਆਤਮਵਾਦ ਸੰਬੰਧੀ ਗ੍ਰੰਥਾਂ ਦੇ ਸੰਦਰਭਾਂ ਵਿੱਚ ਗੁਰਬਾਣੀ ਨੂੰ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਸ਼ਾਮਲ ਕੀਤੇ ਗਏ ਵੱਡੀਆਂ ਬਾਣੀਆਂ ਦੇ ਟੀਕੇ ਜਾਂ ਵੱਖਰੇ ਸ਼ਬਦਾਂ ਦੇ ਟੀਕਿਆਂ ਵਿੱਚ 'ਮਿਹਰਬਾਨ ਜਨਮਸਾਖੀ' ਵਾਲੇ ਟੀਕਿਆਂ ਜਿਤਨੀ ਵਿਦਵੱਤਾ ਦੇ ਦਰਸ਼ਨ ਭਾਵੇਂ ਨਹੀਂ ਹੁੰਦੇ, ਪਰ ਵਿਅਰਥ ਦੇ ਦਾਰਸ਼ਨਿਕ ਖਿਲਵਾੜ ਜਾਂ ਅਧਿਆਤਮਿਕ ਦਰੂਹਤਾ ਤੋਂ ਵੀ ਬਚਿਆ ਗਿਆ ਹੈ। ਗੱਲ ਨੂੰ ਪਾਠਕ/ਸਰੋਤਾ ਦੇ ਹਿਰਦੇ ਵਿੱਚ ਉਤਾਰਨਾ ਲੇਖਕ ਦਾ ਮੁੱਖ ਉੱਦੇਸ਼ ਹੈ। ਬੜੇ ਸੰਤੋਸ਼ ਦੀ ਗੱਲ ਹੈ ਕਿ ਲੇਖਕ ਇਸ ਜਨਮਸਾਖੀ ਦੇ ਰਚਨਾ-ਉੱਦੇਸ਼ ਨੂੰ ਕਾਫ਼ੀ ਹੱਦ ਤਕ ਸਫਲਤਾ ਨਾਲ ਨਿਭਾ ਸਕਿਆ ਹੈ।

ਇਸ ਜਨਮਸਾਖੀ ਵਿੱਚ ਗੁਰੂ ਨਾਨਕ ਦੇਵ ਦਾ ਚਰਿੱਤਰ-ਗਤ ਨਾਰਾਇਣਤਵ ਸਪੱਸ਼ਟ ਹੈ। ਪਹਿਲੀਆਂ ਜਨਮਸਾਖੀਆਂ ਦੁਆਰਾ ਸਥਾਪਿਤ ਗੁਰੂ ਨਾਨਕ ਦੇ ਸਰੂਪ ਨੂੰ ਹੀ ਅਗੇ ਤੋਰਿਆ ਗਿਆ ਹੈ, ਉਸ ਵਿੱਚ ਕੋਈ ਵਿਸ਼ੇਸ਼ ਸੁਧਾਰ ਜਾਂ ਨਿਖਾਰ ਨਹੀਂ ਲਿਆਂਦਾ ਗਿਆ।

ਉਦਾਸੀਆਂ ਦੀ ਵੀ ਕੋਈ ਵਿਸ਼ੇਸ਼ ਵੰਡ ਹੋਈ ਪ੍ਰਤੀਤ ਨਹੀਂ ਹੁੰਦੀ। ਲੇਖਕ ਯੁਗ-ਚਿੱਤਰਣ ਵੀ ਕਰਦਾ ਹੈ ਪਰ ਮਾਤਰ ਲਕੀਰ ਦੀ ਫਕੀਰੀ ਹੀ ਹੈ, ਕੋਈ ਤੱਥਕ ਸਾਮਗ੍ਰੀ ਪੇਸ਼ ਨਹੀਂ ਹੋ ਸਕੀ। ਕੁਲ ਮਿਲਾ ਕੇ ਇਹ ਰਚਨਾ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਵਾਰਤਕ ਜਨਮਸਾਖੀ ਪਰੰਪਰਾ ਦੀ ਅੰਤਿਮ ਕੜੀ ਪੂਰਦੀ ਹੋਈ ਨਵੀਨ ਵਾਰਤਕ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਦੀ ਹੈ।

ਇਸ ਦੀ ਵਾਰਤਕ ਦਾ ਸਰੂਪ ਸਤਾਰ੍ਹਵੀਂ ਸਦੀ ਤਕ ਪ੍ਰਚਲਿਤ ਜਨਮਸਾਖੀ ਸਾਹਿੱਤ ਵਾਲਾ ਹੀ ਰਿਹਾ ਹੈ ਅਤੇ ਸਾਰੀ ਗੱਲ ਭਾਵਨਮਈ ਢੰਗ ਵਿੱਚ ਸ਼ਰਧਾ ਸਹਿਤ ਚਿੱਤਰੀ ਗਈ ਹੈ। ਇਹ ਰੁੱਚੀ ਉਥੇ ਸਿਖਰ ਉਤੇ ਪਹੁੰਚੀ ਲਗਦੀ ਹੈ ਜਿਥੇ ਉਹ ਗੁਰੂ ਜੀ ਦੇ ਸਰੂਪ ਦਾ ਸਿੱਧਾ ਵਿਵਰਣ ਦਿੰਦਾ ਹੈ। ਪਰ ਜਿਥੇ ਉਹ ਗੁਰਮਤਿ ਸਿੱਧਾਂਤਾਂ ਦੀ ਵਿਆਖਿਆ ਵਿੱਚ ਪੈਂਦਾ ਹੈ, ਉਥੇ ਉਹ ਸਪੱਸ਼ਟ ਤੌਰ ਤੇ ਬੌਧਿਕ ਵਾਤਾਵਰਣ ਉਸਾਰਨ ਦਾ ਯਤਨ ਕਰਦਾ ਹੈ। ਇਸ ਨਾਲ ਦੋਹਾਂ ਤਰ੍ਹਾਂ ਦੀਆਂ ਵਾਰਤਕ ਵਿਧੀਆਂ ਵਿੱਚ ਸਰੂਪ-ਗਤ ਸਪੱਸ਼ਟ ਨਿਖੇੜ ਦਿਸ ਪੈਂਦਾ ਹੈ। ਇਸ ਵਿੱਚ ਸੰਦੇਹ ਨਹੀਂ ਕਿ ਇਸ ਜਨਮਸਾਖੀ ਦੀ ਵਾਰਤਕ ਵਿੱਚ ਪੂਰਵ-ਵਰਤੀ ਜਨਮ-ਸਾਖੀਆਂ ਦੀ ਵਾਰਤਕ ਵਾਲਾ ਨਾ ਨਾਟਕੀ ਅੰਸ਼ ਹੈ, ਨਾ ਸਰਸਤਾ ਹੈ, ਨਾ ਕਾਵਿਮਇਤਾ ਅਤੇ ਨਾ ਹੀ ਵਾਕ-ਵਿਧਾਨ ਦੀ ਚੁਸਤੀ, ਪਰ ਇਸ ਦਾ ਸਰਲ, ਸਹਿਜ ਅਤੇ ਸਪੱਸ਼ਟ ਹੋਣਾ ਇਸ ਦੇ ਗੌਰਵ ਨੂੰ ਵਧਾਂਦਾ ਹੈ। ਵਾਰਤਕ ਦਾ ਇਹ ਸਰੂਪ ਆਧੁਨਿਕ ਵਾਰਤਕ ਦਾ ਮਾਰਗ ਮੋਕਲਾ ਕਰਦਾ ਹੈ, ਬੌਧਿਕ ਵਿਚਾਰ-ਵਿਸ਼ਲੇਸ਼ਣ ਲਈ ਵਾਰਤਕ ਦੇ ਸੁਭਾ ਨੂੰ ਤਿਆਰ ਕਰਦਾ ਹੈ ਅਤੇ ਸੁਬੋਧ ਵਾਰਤਕ ਲਿਖਣ ਲਈ ਪ੍ਰੇਰਣਾ ਦਿੰਦਾ ਹੈ।

ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਦੂਜੀ ਰਚਨਾ 'ਭਗਤ ਰਤਨਾਵਲੀ' ਹੈ। ਇਹ ਇਕ ਅਜਿਹੀ ਰਚਨਾ ਹੈ ਜਿਹੜੀ ਨਾ ਜਨਮਸਾਖੀ ਵਾਲੀ ਵਾਰਤਕ ਵਿੱਚ ਰਖੀ ਜਾ ਸਕਦੀ ਹੈ ਅਤੇ ਨਾ ਹੀ ਕਥਾ-ਸ਼ੈਲੀ ਵਾਲੀ ਵਾਰਤਕ ਵਿੱਚ। ਪਰ ਇਸ ਨੂੰ ਅਸੀਂ 'ਗੋਸ਼ਟਾਂ ਮਿਹਰਬਾਨ ਜੀ ਕੀਆਂ' ਰਚਨਾ ਦੇ ਸਰੂਪ ਵਿਧਾਨ ਦੇ ਕੁਝ ਨੇੜੇ ਰਖ ਸਕਦੇ ਹਾਂ। ਭਾਈ ਗੁਰਦਾਸ ਦੀ 11ਵੀਂ ਵਾਰ ਉਤੇ ਆਧਾਰਿਤ ਹੋਣ ਕਰਕੇ ਇਸ ਵਿੱਚ ਸਮੇਂ ਸਮੇਂ ਹੋਏ ਗੁਰੂ ਸਾਹਿਬਾਨ ਦੇ ਸਿੱਖਾਂ ਦੀ ਸੂਚੀ ਵਿਚੋਂ ਇਕ ਇਕ ਸਿੱਖ ਨੂੰ ਲੈ ਕੇ ਉਸ ਦੇ ਅਧਿਆਤਮਿਕ ਜੀਵਨ ਦੇ ਕਿਸੇ ਨਾ ਕਿਸੇ ਪੱਖ ਨੂੰ ਚਿੱਤਰਿਆ ਗਿਆ ਹੈ। ਅਜਿਹਾ ਕਰਨ ਲਈ ਭਾਈ ਮਨੀ ਸਿੰਘ ਨੇ ਜੋ ਵਿਧੀ ਵਰਤੀ ਹੈ ਉਹ ਹੈ ਸਿੱਖਾਂ ਦੀ ਮਹਾਨਤਾ ਜਾਂ ਗੁਰੂ ਦਰਬਾਰ ਵਿੱਚ ਉਚੇਚਾ ਸਥਾਨ ਪ੍ਰਾਪਤ ਕਰਨ ਦੇ ਕਾਰਣ ਨੂੰ ਸਪੱਸ਼ਟ ਕਰਨਾ। ਗੁਰੂ ਸਾਹਿਬਾਨ ਦੇ ਅਤਿ ਨਿਕਟ ਸਿੱਖਾਂ ਦੇ ਕੇਵਲ ਨਾਂ ਹੀ ਇਸ ਵਾਰ ਵਿੱਚ ਲਿਖੇ ਗਏ ਹਨ ਅਤੇ ਭਾਈ ਮਨੀ ਸਿੰਘ ਇਕ ਜਾਂ ਇਕ ਤੋਂ ਅਧਿਕ ਸਿੱਖਾਂ ਨੂੰ ਇਕ ਇਕ ਗੋਸ਼ਟਿ ਜਾਂ ਸਾਖੀ ਵਿੱਚ ਪੇਸ਼ ਕਰਦੇ ਹਨ। ਉਹ ਗੁਰੂ ਦਰਬਾਰ ਵਿੱਚ ਆ ਕੇ ਆਪਣੀ ਸ਼ੰਕਾ ਪੇਸ਼ ਕਰਦੇ ਹਨ ਅਤੇ ਗੁਰੂ ਜੀ ਉਸ ਸ਼ੰਕਾ ਦਾ ਨਿਵਾਰਣ ਕਰਦੇ ਹਨ। 'ਗੋਸ਼ਟਾਂ ਮਿਹਰਬਾਨ ਜੀ ਕੀਆਂ' ਵਿੱਚ ਪ੍ਰਸ਼ਨ ਕਰਨ ਵਾਲਾ ਇਕੋ ਇਕ ਵਿਅਕਤੀ ਹਰਿਜੀ ਹੈ ਅਤੇ ਉੱਤਰ ਦੇਣ ਵਾਲਾ ਵਿਅਕਤੀ ਕੇਵਲ ਮਿਹਰਬਾਨ ਹੀ ਹੈ। ਪਰ ਇਸ ਰਚਨਾ ਵਿੱਚ ਪ੍ਰਸ਼ਨ ਕਰਨ ਵਾਲੇ ਵਿਅਕਤੀ ਹਰ ਸਾਖੀ ਵਿੱਚ ਬਦਲਦੇ ਹਨ ਅਤੇ ਉੱਤਰ ਦੇਣ ਵਾਲੇ ਗੁਰੂ ਵੀ ਕੁਝ ਸਾਖੀਆਂ ਨਾਲ ਹੀ ਸੰਬੰਧਿਤ ਹਨ। ਇਸ ਤਰ੍ਹਾਂ ਇਸ ਦੇ ਪੈਟਰਨ ਦੀ ਕੁਝ ਕੁਝ ਹਰਿਜੀ ਦੀ ਰਚਨਾ ਨਾਲ ਸਮਾਨਤਾ ਹੈ। ਇਸ ਰਚਨਾ ਵਿੱਚ ਸ਼ੰਕਾ-ਸਮਾਧਾਨ ਕਰਨ ਵੇਲੇ ਕੁਝ ਕੁ ਦਾਰਸ਼ਨਿਕ ਤੱਤ, ਖਾਸ ਤੌਰ ਤੇ ਯੋਗ, ਭਗਤੀ, ਗਿਆਨ, ਬੈਰਾਗ, ਵਿਵਰਤ-ਵਾਦ, ਪ੍ਰਮਾਣਵਾਦ ਆਦਿ ਪੱਖਾਂ ਤੇ ਚਾਨਣਾ ਪਾਇਆ ਗਿਆ ਹੈ। ਇਸ ਤਰ੍ਹਾਂ ਇਸ ਰਚਨਾ ਵਿੱਚ ਦਰਸ਼ਨ ਅਤੇ ਧਰਮ ਦੀ ਗੱਲ ਚਲਾਈ ਗਈ ਹੈ ਪਰ ਅਧਿਕ ਗੱਲ ਸਿੱਖਾਂ ਦੇ ਨਿੱਤ ਦੇ ਜੀਵਨ ਅਤੇ ਅਧਿਆਤਮਿਕ ਰਹਿਣੀ ਬਹਿਣੀ ਨੂੰ ਸਪੱਸ਼ਟ ਕਰਨ ਲਈ ਕੀਤੀ ਗਈ ਹੈ। ਇਹ ਪਾਠਕ/ਸਰੋਤਾ ਨੂੰ ਧਰਮ ਦੇ ਇਕ ਨਿਸਚਿਤ ਬਿੰਦੂ ਤੇ ਕੇਂਦ੍ਰਿਤ ਕਰਦੀ ਹੈ ਅਤੇ ਗੁਰੂ-ਭਗਤ-

ਸੰਗਤ ਨੂੰ ਇਕ ਇਕਾਈ ਵਿੱਚ ਪੇਸ਼ ਕਰਦੀ ਹੈ। ਇਥੇ ਗੁਰਬਾਣੀ ਦੇ ਸਤਿ ਨੂੰ ਭਗਤ ਦੀ ਸਾਖੀ ਦੇ ਸੰਦਰਭ ਵਿੱਚ ਉਘਾੜਿਆ ਗਿਆ ਹੈ । ਇਸ ਪੱਖੋਂ ਇਹ ਬੜੀ ਮਹੱਤਵਪੂਰਣ ਰਚਨਾ ਹੈ। ਸੇਵਾ ਪੰਥੀਆਂ ਵਲੋਂ ਲਿਖੀ ਗਈ ਪਰਵਰਤੀ ਵਾਰਤਕ ਇਸ ਤੋਂ ਕਾਫੀ ਪ੍ਰਭਾਵਿਤ ਹੈ।

ਭਗਤ ਲੋਕਾਂ ਦੇ ਜੀਵਨ ਉਤੇ ਪ੍ਰਕਾਸ਼ ਪਾਉਣ ਵਾਲੀਆਂ ਕਥਾਵਾਂ ਜਾ ਵਾਰਤਾਵਾਂ ਨੂੰ ਚਿੱਤਰਣ ਦੀ ਇਕ ਲੰਮੀ ਪਰੰਪਰਾ ਹੈ । ਭਗਤ ਸਾਧਕ ਜੀਵਨ ਵਿੱਚ ਅਜਿਹੇ ਉੱਤਮ ਅਤੇ ਸ਼੍ਰੇਸ਼ਠ ਕਰਮ ਕਰਦੇ ਹਨ ਜਿਨ੍ਹਾਂ ਦਾ ਅਧਿਆਤਮਿਕ ਮਹੱਤਵ ਬਹੁਤ ਅਧਿਕ ਹੁੰਦਾ ਹੈ। ਇਸ ਅਧਿਆਤਮਿਕ ਮਹੱਤਵ ਦੇ ਆਧਾਰ ਤੇ ਉਹ ਜਿਗਿਆਸੂਆਂ ਵਿੱਚ ਬਹੁਤ ਪ੍ਰਤਿਸ਼ਠਿਤ ਹੁੰਦੇ ਹਨ। ਲੋਕ ਉਨ੍ਹਾਂ ਦੀ ਪੂਜਾ ਤਕ ਕਰਦੇ ਹਨ ਅਤੇ ਉਨ੍ਹਾਂ ਦੇ ਚਰਿੱਤਰਾਂ ਨੂੰ ਵੇਖ ਕੇ ਆਪਣੇ ਆਪ ਨੂੰ ਅਧਿਆਤਮਿਕ ਖੇਤਰ ਵਿੱਚ ਉਨ੍ਹਾਂ ਵਾਂਗ ਢਾਲਣ ਦਾ ਯਤਨ ਕਰਦੇ ਹਨ। ਇਸ ਲਈ ਭਗਤ ਸਾਧਕਾਂ ਦੀਆਂ ਜੀਵਨੀਆਂ ਜਿਗਿਆਸੂਆਂ ਲਈ ਬੜੀਆਂ ਉਪਯੋਗੀ ਅਤੇ ਲਾਭ-ਦਾਇਕ ਹੁੰਦੀਆਂ ਹਨ । ਇਨ੍ਹਾਂ ਦਾ ਅਨੁਕਰਣ ਕਰਕੇ ਉਹ ਆਪਣੇ ਜੀਵਨ ਨੂੰ ਸਫਲ ਬਣਾਉਂਦੇ ਹਨ। ਇਸ ਉੱਦੇਸ਼ ਨਿਮਿਤ ਮੱਧ ਯੁਗ ਵਿੱਚ ਬਹੁਤ ਸਾਰੇ ਸੰਤਾਂ ਸਾਧਕਾਂ ਦੇ ਚਰਿੱਤਰਾਂ ਸੰਬੰਧੀ ਰਚਨਾਵਾਂ ਤਿਆਰ ਕੀਤੀਆਂ ਜਾਣ ਲੱਗੀਆਂ। ਨਾਭਾ ਦਾਸ ਦੀ ਭਗਤਮਾਲ ਅਤੇ ਵੈਸ਼ਣਵਾਂ ਦੀਆਂ ਵਾਰਤਾਵਾਂ ਇਸੇ ਪ੍ਰਕਾਰ ਦੀਆਂ ਮਹੱਤਵਪੂਰਣ ਰਚਨਾਵਾਂ ਹਨ।

ਪੰਜਾਬ ਵਿੱਚ ਸਿੱਖ ਭਗਤੀ ਅੰਦੋਲਨ ਦੇ ਚਲ ਪੈਣ ਨਾਲ ਅਤੇ ਗੁਰੂ ਸਾਹਿਬਾਨ ਦੇ ਸਮੇਂ ਵਿੱਚ ਕਈ ਮਹਾਨ ਸਿੱਖ ਸਾਧਕਾਂ ਦੇ ਪੈਦਾ ਹੋ ਜਾਣ ਨਾਲ ਇਥੋਂ ਦੇ ਲੋਕਾਂ ਦੇ ਮਨ ਵਿੱਚ ਉਨ੍ਹਾਂ ਦੇ ਉਪਕਾਰਾਂ ਨੂੰ ਸਾਂਭਣ ਦੀ ਰੀਝ ਉਤਪੰਨ ਹੋਈ। ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਬਾਦ ਜਦੋਂ ਕੋਈ ਸ਼ਰੀਰੀ ਗੁਰੂ ਨਾ ਰਿਹਾ ਤਾਂ ਉਸ ਵਕਤ ਦੇ ਧਰਮ ਆਗੂਆਂ ਨੇ ਸਿੱਖਾਂ ਦੀ ਅਗਵਾਈ ਲਈ ਪਹਿਲਾਂ ਹੋ ਚੁੱਕੇ ਸਿੱਖਾਂ ਦੇ ਚਰਿੱਤਰ ਪੇਸ਼ ਕਰਨੇ ਸ਼ੁਰੂ ਕੀਤੇ ਅਤੇ ਨਿੱਤ ਦੀਆਂ ਸਮਸਿਆਵਾਂ ਦਾ ਹੱਲ ਲੱਭਣ ਲਈ ਅਜਿਹੇ ਸਾਧਕਾਂ ਦੇ ਜੀਵਨ ਵਿੱਚ ਵਾਪਰੀਆਂ ਘਟਨਾਵਾਂ ਦਾ ਅਨੁਕਰਣ ਕਰਨ ਦਾ ਸੰਕੇਤ ਕੀਤਾ। ਕਈ ਵਾਰ ਇਹ ਸਾਖੀਆਂ ਯਥਾਰਥ ਨਾ ਹੋ ਕੇ ਅਨੁਮਾਨ ਦੇ ਆਧਾਰ ਤੇ ਵੀ ਘੜ ਲਈਆਂ ਜਾਂਦੀਆਂ ਸਨ ਤਾਂ ਜੋ ਉਨ੍ਹਾਂ ਤੋਂ ਸਿੱਖ ਪ੍ਰਭਾਵਿਤ ਹੋਣ। ਜਿਸ ਸਮਸਿਆ ਦਾ ਹੱਲ ਪਹਿਲਾਂ ਕਿਸੇ ਗੁਰੂ ਜਾਂ ਸਿੱਖ ਦੇ ਜੀਵਨ ਤੋਂ ਉਪਲਬਧ ਨਾ ਹੁੰਦਾ, ਉਸ ਸਮਸਿਆ ਨੂੰ ਕਿਸੇ ਗੁਰੂ ਦੇ ਸਿੱਖ ਨਾਲ ਅਨੁਮਾਨਿਤ ਤੌਰ ਤੇ ਜੋੜ ਕੇ ਇਕ ਚਰਿੱਤਰ-ਕਥਾ ਪੇਸ਼ ਕਰ ਦਿੱਤੀ ਜਾਂਦੀ, ਤਾਂ ਜੋ ਉਸ ਸਮਸਿਆ ਦਾ ਸਮਾਧਾਨ ਅਤੀਤ ਵਿੱਚੋਂ ਲੱਭਿਆ ਜਾ ਸਕੇ। 'ਭਗਤ ਰਤਨਾਵਲੀ' ਬਿਲਕੁਲ ਇਸੇ ਪ੍ਰਕਾਰ ਦੀ ਰਚਨਾ ਹੈ ਜਿਸ ਵਿੱਚ ਹੋ ਚੁੱਕੇ ਸਿੱਖਾਂ ਦੀ ਰਹਿਣੀ, ਉਨ੍ਹਾਂ ਦੇ ਕਰਤੂਤਾਂ ਬਾਰੇ ਪ੍ਰਕਾਸ਼ ਪਾਇਆ ਜਾ ਸਕੇ। ਇਹ ਗੱਲ ਲੇਖਕ ਨੇ ਆਪਣੀ ਰਚਨਾ ਦੀ ਭੂਮਿਕਾ ਵਿੱਚ ਸਪੱਸ਼ਟ ਕਰ ਦਿੱਤੀ ਹੈ। ਇਸ ਰਚਨਾ ਦਾ ਉੱਦੇਸ਼ ਬੜਾ ਸਪੱਸ਼ਟ ਹੈ ਕਿ ਵਰਤਮਾਨ ਸਿੱਖਾਂ ਨੂੰ ਪੇਸ਼ ਹੋਣ ਵਾਲੀਆਂ ਅਧਿਆਤਮਿਕ ਸਮਸਿਆਵਾਂ ਦੇ ਹੱਲ ਸੰਬੰਧੀ ਸੰਕੇਤ ਅਤੀਤ ਵਿੱਚ ਹੋ ਚੁੱਕੇ ਸਿੱਖਾਂ ਦੇ ਚਰਿੱਤਰਾਂ ਦੁਆਰਾ ਦਿੱਤੇ ਹੋਣ। ਇਸ ਰਚਨਾ ਲਈ ਲੇਖਕ ਨੇ ਭਾਈ ਗੁਰਦਾਸ ਦੀ 11ਵੀਂ ਵਾਰ ਨੂੰ ਆਧਾਰ ਬਣਾਇਆ ਹੈ। ਉਸ ਵਾਰ ਵਿੱਚ ਅਨੇਕ ਸਿੱਖਾਂ ਦੇ ਨਾਵਾਂ ਦਾ ਸੰਕੇਤ ਕੀਤਾ ਗਿਆ ਹੈ ਜੋ ਵੱਖ ਵੱਖ ਸਮਿਆਂ ਵਿੱਚ ਵੱਖ ਵੱਖ ਗੁਰੂ ਸਾਹਿਬਾਨ ਨਾਲ ਵਿਸ਼ੇਸ਼ ਤੌਰ ਤੇ ਜੁੜੇ ਹੋਏ

ਹਨ। ਉਨ੍ਹਾਂ ਸਿੱਖਾਂ ਦੇ ਨਾਵਾਂ ਨੂੰ ਹੀ ਲੈ ਕੇ ਉਨ੍ਹਾਂ ਨਾਲ ਅਜਿਹੀਆਂ ਕਥਾਵਾਂ ਜੋੜ ਦਿੱਤੀਆਂ ਗਈਆਂ ਹਨ ਜਿਨ੍ਹਾਂ ਰਾਹੀਂ ਕਿਸੇ ਅਧਿਆਤਮਕ ਸਮੱਸਿਆ ਦਾ ਹੱਲ ਪੇਸ਼ ਕੀਤਾ ਗਿਆ ਹੈ। ਇਥੇ 11ਵੀਂ ਵਾਰ ਕਥਾ-ਪ੍ਰਸੰਗ ਉਸਾਰਨ ਲਈ ਟੋਹਣੀ ਮਾਤਰ ਹੈ, ਬਾਕੀ ਸਭ ਕੁੱਝ ਲੇਖਕ ਦੀ ਕਲਪਨਾ ਦੇ ਵਿਲਾਸ ਦਾ ਫਲ ਹੈ। ਇਸ ਤਰ੍ਹਾਂ ਇਹ ਸਾਖੀਆਂ ਇਕ ਮਿਥਿਕ ਸੰਰਚਨਾ ਵਿਧੀ ਨਾਲ ਨਿਰਮਿਤ ਹੋਈਆਂ ਹਨ। ਫਲਸਰੂਪ ਇਹ ਕਹਿਣਾ ਸੰਭਵ ਨਹੀਂ ਕਿ ਸੱਚਮੁੱਚ ਇਹ ਸਾਰੀਆਂ ਘਟਨਾਵਾਂ ਇਸ ਤਰ੍ਹਾਂ ਹੀ ਵਾਪਰੀਆਂ ਹੋਣਗੀਆਂ। ਅਸਲੋਂ ਇਹ ਸਾਰੀਆਂ ਸਿੱਖ ਲੋਕ-ਯਾਨ ਦੀ ਟਕਸਾਲ ਦੇ ਖਰੇ ਸਿੱਕੇ ਹਨ, ਜਿਨ੍ਹਾਂ ਦੇ ਨਿਰਮਾਣ ਵਿੱਚ ਲੋਕ ਕਥਾਨਕ ਰੂੜ੍ਹੀਆਂ ਕਾਫੀ ਹੱਦ ਤੱਕ ਸਹਾਇਕ ਹੋਈਆਂ ਹਨ।

ਇਸ ਰਚਨਾ ਦਾ ਇਤਿਹਾਸਿਕ ਮਹੱਤਵ ਵੀ ਬਹੁਤ ਅਧਿਕ ਹੈ, ਕਿਉਂਕਿ ਇਸ ਰਾਹੀਂ ਸਾਨੂੰ ਗੁਰੂ ਸਾਹਿਬਾਂ ਦੇ ਨਿਕਟ-ਵਰਤੀ ਸਿੱਖਾਂ ਬਾਰੇ ਜਾਣਕਾਰੀ ਮਿਲਦੀ ਹੈ। ਇਤਿਹਾਸ ਇਨ੍ਹਾਂ ਸਿੱਖਾਂ ਬਾਰੇ ਚੁਪ ਹੈ। ਭਾਈ ਗੁਰਦਾਸ ਦੀ 11ਵੀਂ ਵਾਰ ਵਿਚ ਕੇਵਲ ਨਾਂ ਦਿੱਤੇ ਹੋਏ ਹਨ, ਇਸ ਲਈ ਪੁਰਾਣੇ ਸ੍ਰੇਸ਼ਠ ਸਿੱਖਾਂ ਦੇ ਅਧਿਆਤਮਿਕ ਜੀਵਨ ਦੀਆਂ ਕੁਝ ਕੁ ਝਾਕੀਆਂ ਜਾਂ ਹੋਰ ਵਿਵਰਣ ਜੇ ਕਿਤੋਂ ਮਿਲ ਸਕਦਾ ਹੈ ਤਾਂ ਉਹ ਕੇਵਲ ਇਸੇ ਪੁਸਤਕ ਤੋਂ। ਇਸ ਪੱਖੋਂ ਇਹ ਗੁਰੂ-ਕਾਲੀਨ ਸਿਦਕੀ ਸਿੱਖਾਂ ਦਾ ਇਕ ਪ੍ਰਕਾਰ ਦਾ Who's who (ਪਰਿਚਯ ਕੋਸ਼) ਹੈ। ਇਸ ਤੋਂ ਇਲਾਵਾ ਇਸ ਵਿਚ ਉਸ ਕਾਲ ਦੀਆਂ ਧਾਰਮਿਕ, ਸਮਾਜਿਕ ਅਤੇ ਆਰਥਿਕ ਪਰਿ-ਸਥਿਤੀਆਂ ਦਾ ਚਿੱਤਰਣ ਹੋਇਆ ਹੈ। ਧਾਰਮਿਕ ਪੱਖ ਤੋਂ ਇਸ ਵਿਚੋਂ ਸਿੱਖ ਧਰਮ ਦੇ ਵਿਕਾਸ ਦਾ ਬੋਧ ਹੁੰਦਾ ਹੈ। ਨਵੀਂ ਪੀੜ੍ਹੀ ਚਲਾਣ ਲਈ ਪੁਰਾਤਨ ਸਿੱਖਾਂ ਦੇ ਜੀਵਨ ਅਤੇ ਆਚਾਰ ਬਾਰੇ ਇਸ ਵਿਚ ਗੰਭੀਰ ਜਾਣਕਾਰੀ ਮਿਲਦੀ ਹੈ। ਇਹ ਵੀ ਪਤਾ ਲਗਦਾ ਹੈ ਕਿ ਉਸ ਵਕਤ ਦੇ ਹੋਰਨਾਂ ਧਰਮਾਂ ਵਾਲੇ ਕੀ ਕੀ ਵਿਧੀਆਂ ਅਪਣਾਉਂਦੇ ਸਨ ਅਤੇ ਧਰਮ ਦੇ ਨਾਂ ਤੇ ਕਈਆਂ ਥਾਵਾਂ ਤੇ ਪਾਖੰਡ-ਪੂਰਣ ਪ੍ਰਚਾਰ ਵੀ ਹੋ ਰਹੇ ਸਨ। ਸਮਾਜਿਕ ਪੱਖ ਤੋਂ ਇਸ ਵਿਚੋਂ—ਉਦੋਂ ਜੀਵਨ ਦੀ ਕੀ ਸਥਿਤੀ ਹੈ? ਧਰਮ ਨਾਲ ਜੀਵਨ ਦਾ ਕੀ ਸੰਬੰਧ ਸੀ? ਵੱਖ ਵੱਖ ਜਾਤੀਆਂ ਤੋਂ ਸਿੱਖ ਧਰਮ ਵਿੱਚ ਕਿਵੇਂ ਲੋਕੀ ਪ੍ਰਵੇਸ਼ ਕਰ ਰਹੇ ਸਨ? ਉਸ ਵਕਤ, ਆਮ ਹਿੰਦੂਆਂ ਦੀਆਂ ਕਿਹੜੀਆਂ ਕਿਹੜੀਆਂ ਜਾਤੀਆਂ ਸਨ? ਅਤੇ ਉਸ ਵਕਤ ਦੇ ਵਿਅਕਤੀਆਂ ਦੇ ਨਾਂ ਕਿਤੇ ਅਪੂਰਣ ਅਤੇ ਕਿਤਨੇ ਸਾਧਾਰਣਹੁੰਦੇ ਸਨ?—ਇਨ੍ਹਾਂ ਸਭ ਪੁੱਛਾਂ ਬਾਰੇ ਜਾਣਕਾਰੀ ਮਿਲਦੀ ਹੈ। ਆਰਥਿਕ ਤੌਰ ਤੇ ਸਿੱਖ ਸਾਧਕ ਆਪ ਕਮਾਈ ਕਰਕੇ ਬਿਨਾ ਕਿਸੇ ਉਤੇ ਨਿਰਭਰ ਹੋਏ ਜੀਵਨ ਬਤੀਤ ਕਰਦੇ ਸਨ, ਉਨ੍ਹਾਂ ਦੇ ਮਨ ਵਿਚ ਕਿਸੇ ਪ੍ਰਕਾਰ ਦਾ ਕੋਈ ਆਰਥਿਕ ਤਣਾਉ ਨਹੀਂ ਹੁੰਦਾ ਸੀ। ਇਸੇ ਤਰ੍ਹਾਂ ਦੇ ਕਈ ਹੋਰ ਤੱਥ ਵੀ ਉਪਲਬਧ ਹਨ ਜਿਨ੍ਹਾਂ ਤੋਂ ਉਸ ਵਕਤ ਦੇ ਯੁਗ ਦਾ ਬੋਧ ਹੁੰਦਾ ਹੈ। ਇਨ੍ਹਾਂ ਤੱਥਾਂ ਨਾਲ ਇਸ ਰਚਨਾ ਦੀ ਇਤਿਹਾਸਿਕ ਮਹੱਤਾ ਬੜੀ ਉਘੜ ਕੇ ਸਾਹਮਣੇ ਆਉਂਦੀ ਹੈ।

'ਭਗਤ ਰਤਨਾਵਲੀ' ਦੀ ਕਿਸੇ ਵੀ ਸਾਖੀ ਵਿਚ ਕਿਸੇ ਸਿੱਖ ਦੇ ਜੀਵਨ ਨਾਲ ਸੰਬੰਧਿਤ ਕਿਸੇ ਮੁੱਖ ਘਟਨਾ ਉਤੇ ਪ੍ਰਕਾਸ਼ ਨਹੀਂ ਪਾਇਆ ਗਿਆ, ਕੇਵਲ ਉਸ ਦੀਆਂ ਸ਼ੰਕਾਵਾਂ ਦਾ ਸਮਾਧਾਨ ਪੇਸ਼ ਕੀਤਾ ਗਿਆ ਹੈ ਅਤੇ ਇਹ ਸ਼ੰਕਾਵਾਂ ਯਥਾਰਥ ਘੱਟ ਅਤੇ ਲੇਖਕ ਦੀ ਰੁੱਚੀ ਅਨੁਸਾਰ ਕਲਪਿਤ ਅਧਿਕ ਹਨ। ਇਨ੍ਹਾਂ ਸਾਖੀਆਂ ਦਾ ਵਿਧਾਨ ਲੇਖਕ ਨੇ ਇਸ ਢੰਗ ਨਾਲ ਕੀਤਾ ਹੈ ਕਿ ਹਰ ਸਾਖੀ ਪੂਰੀ ਰਚਨਾ ਦੇ ਵਿਕਾਸ-ਕ੍ਰਮ ਵਿਚ ਆਪਣਾ ਸਥਾਨ ਰਖੇ ਅਤੇ ਸਿੱਖੀ ਦੀ

ਮਰਯਾਦਾ ਨੂੰ ਸਪੱਸ਼ਟ ਕਰਨ ਵਿਚ ਆਪਣਾ ਯੋਗਦਾਨ ਵੀ ਦੇਵੇ। ਇਹ ਇਸ ਰਚਨਾ ਦਾ ਮੁੱਖ ਕਾਰਜ ਹੈ ਅਤੇ ਇਸ ਮੁੱਖ ਕਾਰਜ ਵਿੱਚ ਸਾਰੀਆਂ ਸਾਖੀਆਂ ਆਪਣਾ ਮਿਲਵਰਤਨ ਦਿੰਦੀਆਂ ਹਨ। ਪਰ ਹਰ ਇਕ ਸਾਖੀ ਦਾ ਆਪਣਾ ਦਾਇਰਾ ਹੈ, ਉਹ ਆਪਣੇ ਦਾਇਰੇ ਵਿਚ ਹੀ ਰਹਿ ਕੇ ਕਾਰਜ ਨਿਭਾਉਂਦੀ ਹੈ, ਦੂਜੀਆਂ ਸਾਖੀਆਂ ਦੇ ਦਾਇਰਿਆਂ ਵਿਚ ਪ੍ਰਵੇਸ਼ ਨਹੀਂ ਕਰਦੀ। ਇਨ੍ਹਾਂ ਵਿਚੋਂ ਹਰ ਇਕ ਸਾਖੀ ਦਾ ਆਪਣਾ ਉਦਘਾਟਨੀ ਢੰਗ ਹੈ। ਇਕ ਜਾਂ ਇਕ ਤੋਂ ਵੱਧ ਸਿੱਖ ਗੁਰੂ ਦਰਬਾਰ ਵਿੱਚ ਆਉਂਦੇ ਹਨ, ਆਪਣੀ ਸ਼ੰਕਾ ਗੁਰੂ ਜੀ ਅੱਗੇ ਰਖਦੇ ਹਨ ਅਤੇ ਗੁਰੂ ਜੀ ਉਸ ਸ਼ੰਕਾ ਦਾ ਸਮਾਧਾਨ ਕਰਦੇ ਹਨ। ਇਨ੍ਹਾਂ ਸਾਖੀਆਂ ਦਾ ਸਮਾਪਨ ਵੀ ਇਕੋ ਢੰਗ ਦਾ ਹੈ, ਜਦੋਂ ਗੁਰੂ ਸਾਹਿਬ ਆਪਣੇ ਪ੍ਰਵਚਨ ਦੇ ਚੁਕਦੇ ਹਨ ਤਾਂ ਸਿੱਖ ਉਸ ਪ੍ਰਵਚਨ ਦਾ ਅਨੁਕਰਣ ਕਰਕੇ ਆਪਣਾ ਅਧਿਆਤਮਿਕ ਜੀਵਨ ਸੁਧਾਰਦੇ ਹਨ। ਇਸ ਰਚਨਾ ਦੀ ਰੋਚਕਤਾ ਆਦਿ ਤੋਂ ਅੰਤ ਤਕ ਬਣੀ ਰਹਿੰਦੀ ਹੈ। ਹਰ ਜਿਗਿਆਸੂ ਦਾ ਪ੍ਰਸ਼ਨ ਬੜਾ ਸੰਜਮ ਭਰਿਆ ਹੈ ਤੇ ਕਿਤੇ ਕਿਤੇ ਲੋੜ ਪੈਣ ਤੇ ਸੰਵਾਦ ਨੂੰ ਵਧਾਇਆ ਵੀ ਗਿਆ ਹੈ। ਗੁਰਬਾਣੀ ਦੀਆਂ ਤੁਕਾਂ ਥਾਂ ਥਾਂ ਤੇ ਦੇ ਕੇ ਵਿਵਰਣ ਦੀ ਨੀਰਸਤਾ ਨੂੰ ਵੀ ਖਤਮ ਕੀਤਾ ਗਿਆ ਹੈ। 'ਗਿਆਨ ਰਤਨਾਵਲੀ' ਵਾਂਗ ਹੀ ਇਸ ਰਚਨਾ ਰਾਹੀਂ ਵੀ ਗੂੜ੍ਹ ਅਧਿਆਤਮਿਕ ਵਿਸ਼ਿਆਂ ਨੂੰ ਬੜੀ ਸਰਲਤਾ ਨਾਲ ਚਿੱਤਰ ਕੇ ਗਹਿਣ ਕਰਨ-ਯੋਗ ਬਣਾਇਆ ਗਿਆ ਹੈ।

ਕਲਾਤਮਕ ਦ੍ਰਿਸ਼ਟੀ ਤੋਂ ਇਹ ਰਚਨਾਵਾਂ ਵਿਸ਼ੇਸ਼ ਅਰਥ-ਪੂਰਣ ਹਨ। ਇਨਾਂ ਰਚਨਾਵਾਂ ਵਿਚ ਲੇਖਕ ਸਾਹਮਣੇ ਇਕ ਮਹੱਤਵਪੂਰਣ ਸਮਸਿਆ ਹੈ ਕਿ ਯੁਗ ਦੀਆਂ ਪਰਿਸਥਿਤੀਆਂ ਅਨੁਸਾਰ ਧਾਰਮਿਕ ਸੰਪ੍ਰਦਾਵਾਂ/ਧਰਮ ਪ੍ਰਣਾਲੀਆਂ ਵਿਚ ਕਈ ਵਾਰ ਕੁਝ ਵਿਕਾਰ ਪੈਦਾ ਹੋ ਜਾਂਦੇ ਹਨ। ਸਿੱਖ ਧਰਮ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਾਦ ਇਸ ਪ੍ਰਕਾਰ ਦੀ ਸਥਿਤੀ ਪੈਦਾ ਹੋ ਗਈ ਸੀ। ਸਿੱਖਾਂ ਨੂੰ ਆਪਣੇ ਧਰਮ ਵਿਚ ਦ੍ਰਿੜਤਾ ਰੱਖਣ ਲਈ ਪ੍ਰੇਰਿਤ ਕਰਨ ਨਿਮਿਤ ਇਨ੍ਹਾਂ ਕ੍ਰਿਤੀਆਂ ਦਾ ਮਹੱਤਵਪੂਰਣ ਆਯੋਜਨ ਹੋਇਆ ਹੈ। ਇਨ੍ਹਾਂ ਵਿਚ ਅਧਿਆਤਮਿਕ ਚਿੰਤਨ ਨੂੰ ਗੋਸ਼ਟਿ ਵਿਧੀ ਰਾਹੀਂ ਬੜੇ ਰੋਚਕ ਅਤੇ ਭਾਵ-ਪੂਰਣ ਢੰਗ ਨਾਲ ਚਿੱਤਰਿਆ ਗਿਆ ਹੈ। ਗੰਭੀਰ ਤੋਂ ਗੰਭੀਰ ਦਾਰਸ਼ਨਿਕ ਗੱਲ ਨੂੰ ਬੜੇ ਸਿੱਧੇ ਸਾਦੇ ਢੰਗ ਨਾਲ ਸਪੱਸ਼ਟ ਕਰਕੇ ਹਰ ਪ੍ਰਕਾਰ ਦੀਆਂ ਸ਼ੰਕਾਵਾਂ ਦਾ ਨਿਵਾਰਣ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸੰਵਾਦਾਤਮਕ ਸ਼ੈਲੀ ਨੂੰ ਵੀ ਵਰਤਿਆ ਗਿਆ ਹੈ, ਇਸ ਵਿਚ ਗੱਲ ਨੂੰ ਸਪੱਸ਼ਟ ਕਰਨ ਲਈ ਬਾਰ ਬਾਰ ਜਿਗਿਆਸਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਉਸ ਦਾ ਉੱਤਰ ਦਿੱਤਾ ਜਾਂਦਾ ਹੈ। ਇਸ ਵਾਰਤਾਲਾਪੀ ਢੰਗ ਨਾਲ ਇਕ ਪਾਸੇ ਤਾਂ ਗੱਲ ਸਪੱਸ਼ਟ ਹੁੰਦੀ ਹੈ ਅਤੇ ਨਾਲ ਹੀ ਰਚਨਾ ਦੀ ਰੋਚਕਤਾ ਵਧਦੀ ਹੈ ਤੇ ਕਥਨ ਵਿਚ ਨਾਟਕੀਅਤਾ ਆਉਂਦੀ ਹੈ। ਕਈਆਂ ਥਾਵਾਂ ਤੇ ਇਨ੍ਹਾਂ ਰਚਨਾਵਾਂ ਵਿਚ ਵਿਆਖਿਆ ਵਿਧੀ ਨੂੰ ਵੀ ਆਪਣਾਇਆ ਗਿਆ ਹੈ। ਇਹ ਵਿਆਖਿਆ ਆਮ ਤੌਰ ਤੇ ਉਥੇ ਵੇਖਣ ਨੂੰ ਮਿਲਦੀ ਹੈ ਜਿਥੇ ਗੁਰਬਾਣੀ ਦੀ ਕਿਸੇ ਟੂਕ ਜਾਂ ਸ਼ਬਦ ਨੂੰ ਪੁਸ਼ਟੀ ਵਜੋਂ ਵਰਤ ਕੇ ਫਿਰ ਉਸ ਦੀ ਵਿਸਤਾਰ ਨਾਲ ਵਿਆਖਿਆ ਕੀਤੀ ਗਈ ਹੋਵੇ। ਇਸ ਨਾਲ ਗੁਰਬਾਣੀ ਦੇ ਗੂੜ੍ਹ ਅਰਥ ਬੜੇ ਸਪੱਸ਼ਟ ਢੰਗ ਨਾਲ ਸਾਹਮਣੇ ਆਉਂਦੇ ਹਨ। ਵਿਆਖਿਆ ਦੇ ਨਾਲ ਨਾਲ ਰਲਦੀ ਮਿਲਦੀ ਇਕ ਹੋਰ ਸ਼ੈਲੀ ਹੈ ਭਾਵ ਪ੍ਰਕਾਸ਼ਨੀ ਸ਼ੈਲੀ। ਇਸ ਸ਼ੈਲੀ ਦੇ ਦਰਸ਼ਨ ਸਾਨੂੰ ਭਾਈ ਗੁਰਦਾਸ ਦੀਆਂ ਵਾਰਾਂ ਦੀਆਂ ਕੁਝ ਕੁ ਮੁੱਢਲੀਆਂ ਪਉੜੀਆਂ ਦੀ ਵਿਆਖਿਆ ਵਿਚ ਹੁੰਦੇ ਹਨ।

ਲੇਖਕ ਦੀ ਰੁਚੀ ਉਪਦੇਸ਼ਆਤਮਕ ਹੈ, ਉਹ ਇਨ੍ਹਾਂ ਰਚਨਾਵਾਂ ਦੇ ਮੰਤਵ ਸੰਬੰਧੀ ਸਪੱਸ਼ਟ ਹੈ। ਜਦੋਂ ਵੀ ਗੱਲ ਕਰਦਾ ਹੈ, ਉਸ ਦੇ ਸਾਹਮਣੇ ਉਸ ਦਾ ਉੱਦੇਸ਼ ਸਪੱਸ਼ਟ ਹੁੰਦਾ ਹੈ ਅਤੇ ਉਸ ਉੱਦੇਸ਼ ਦੀ ਪੂਰਤੀ ਲਈ ਗੁਰੂ ਸਾਹਿਬ ਤੋਂ ਉਪਦੇਸ਼ ਦਿਵਾਉਂਦਾ ਹੈ। ਅਜਿਹੇ ਪ੍ਰਸੰਗਾਂ ਵਿਚ ਕਈਆਂ ਥਾਵਾਂ ਤੇ ਵਿਵਰਣਾਤਮਕਤਾ ਵੀ ਮਿਲਦੀ ਹੈ। ਵਿਵਰਣਾਤਮਕਤਾ ਕਿਤੇ ਵਰਣਨ ਪ੍ਰਧਾਨ ਹੈ; ਕਿਤੇ ਬ੍ਰਿੱਤਾਂਤਿਕ ਹੈ ਅਤੇ ਕਿਤੇ ਕਥਾਮਈ ਹੈ। ਇਸ ਦੇ ਨਾਲ ਹੀ ਲੇਖਕ ਨੇ ਸੰਕੋਚ ਅਤੇ ਵਿਸਥਾਰ ਦੋਹਾਂ ਤਰ੍ਹਾਂ ਦੀਆਂ ਕਥਨ-ਵਿਧੀਆਂ ਨੂੰ ਅਪਣਾਇਆ ਹੈ। ਇਸ ਨਾਲ ਉਸ ਦੀ ਕਲਾਤਮਕਤਾ ਨਿਖਰ ਕੇ ਸਾਹਮਣੇ ਆਉਂਦੀ ਹੈ। ਜਿਹੋ ਜਿਹਾ ਪ੍ਰਸੰਗ ਅਤੇ ਜਿਹੋ ਜਿਹੀ ਉਸ ਦੀ ਮਹੱਤਾ ਹੈ, ਉਸੇ ਤਰ੍ਹਾਂ ਲੇਖਕ ਨੇ ਉਸ ਨੂੰ ਚਿੱਤਰਿਆ ਹੈ, ਇਹ ਨਹੀਂ ਕਿ ਕਿਤੇ ਬਿਨਾ ਲੋੜ ਦੇ ਵਿਸਤਾਰ ਦਿੱਤਾ ਗਿਆ ਹੋਵੇ ਅਤੇ ਕਿਤੇ ਲੋੜ ਹੋਣ ਤੇ ਵੀ ਗੱਲ ਨੂੰ ਪੂਰਾ ਵਿਸਤਾਰ ਨਾਲ ਨਾ ਕਿਹਾ ਗਿਆ ਹੋਵੇ। ਇਸ ਲੇਖਕ ਨੇ ਆਪਣੀ ਗੱਲ ਨੂੰ ਵਧੇਰੇ ਸਪੱਸ਼ਟ ਕਰਨ ਲਈ ਅਨੇਕ ਥਾਵਾਂ ਤੇ ਉਪਮਾ, ਉਤਪ੍ਰੇਖਿਆ, ਰੂਪਕ, ਦ੍ਰਿਸ਼ਟਾਂਤ/ਉਦਾਹਰਣ ਆਦਿ ਅਲੰਕਾਰਾਂ ਦੀ ਵਰਤੋਂ ਕੀਤੀ ਹੈ, ਪਰ ਅਧਿਕਤਰ ਦ੍ਰਿਸ਼ਟਾਤਾਂ/ਉਦਾਹਰਣਾਂ ਦੀ ਪ੍ਰਧਾਨਤਾ ਹੈ, ਇਸ ਪ੍ਰਯੋਗ ਨਾਲ ਵਰਣਿਤ ਸਾਖੀ/ਘਟਨਾ ਦੇ ਸਮਾਨਾਂਤਰ ਉਹੋ ਜਿਹੀ ਘਟਨਾ ਪੇਸ਼ ਕਰਕੇ ਭਾਵ ਨੂੰ ਅਧਿਕ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਸਮੁੱਚੇ ਤੌਰ ਤੇ ਇਨ੍ਹਾਂ ਰਚਨਾਵਾਂ ਦੀ ਸ਼ੈਲੀ ਸ਼ਰਧਾਮਈ ਹੈ। ਇਨ੍ਹਾਂ ਵਿਚ ਯਥਾਰਥਤਾ ਘੱਟ ਹੈ, ਨਿਸ਼ਠਾ ਅਧਿਕ ਹੈ। ਇਸ ਲਈ ਲੇਖਕ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਆਦਰਸ਼ ਵਲ ਮੋੜ ਦਿੰਦਾ ਹੈ। ਲੇਖਕ ਪਾਸ ਇਕ ਨਵਾਂ ਉੱਦੇਸ਼ ਹੈ ਅਤੇ ਨਵੀਂ ਹੀ ਉਸ ਲਈ ਸਾਮਗ੍ਰੀ ਹੈ, ਇਸ ਵਾਸਤੇ ਇਸ ਨੇ ਸਾਰੀ ਗੱਲ ਇਤਨੇ ਆਤਮ-ਵਿਸ਼ਵਾਸ ਨਾਲ ਕਹੀ ਹੈ ਕਿ ਦੋਵੇਂ ਰਚਨਾਵਾਂ ਬੜੀਆਂ ਪ੍ਰਭਾਵਸ਼ਾਲੀ ਅਤੇ ਪ੍ਰੇਰਣਾਦਾਇਕ ਹੋ ਗਈਆਂ ਹਨ। ਇਸ ਦ੍ਰਿਸ਼ਟੀ ਤੋਂ ਇਨ੍ਹਾਂ ਰਚਨਾਵਾਂ ਵਿਚ ਬਚਨਾਂ ਅਤੇ ਸੁਖਨਾਂ ਦੇ ਅੰਸ਼ ਵੀ ਵੇਖੇ ਜਾ ਸਕਦੇ ਹਨ। ਉਪਦੇਸ਼ਾਂ ਦੇ ਨਾਲ ਨਾਲ ਕਹਾਣੀ ਰਸ ਵੀ ਕਾਇਮ ਰਖਿਆ ਗਿਆ ਹੈ।

ਇਨ੍ਹਾਂ ਵਿੱਚ ਹੋਰਨਾਂ ਪੰਜਾਬੀ ਵਾਰਤਕ ਵਿਧੀਆਂ ਨਾਲੋਂ ਪੰਜਾਬੀਪਣ ਜ਼ਿਆਦਾ ਹੈ, ਨਾਲੇ ਇਨ੍ਹਾਂ ਦਾ ਸ਼ਬਦ-ਕੋਸ਼ ਬੜਾ ਵਿਸ਼ਾਲ ਹੈ। ਲੇਖਕ ਨੇ ਸੰਸਕ੍ਰਿਤ ਤੋਂ ਤਤਸਮ ਅਤੇ ਤਦਭਵ ਦੋਹਾਂ ਰੂਪਾਂ ਵਿੱਚ ਸ਼ਬਦ ਲਏ ਹਨ ਅਤੇ ਨਾਲ ਨਾਲ ਸਾਧ ਭਾਸ਼ਾ ਵਿੱਚ ਪ੍ਰਚਲਿਤ ਅਧਿਆਤਮਿਕ ਸ਼ਬਦਾਵਲੀ ਨੂੰ ਵੀ ਲਾਗੂ ਕੀਤਾ ਹੈ। ਉਦੋਂ ਤਕ ਫ਼ਾਰਸੀ ਭਾਸ਼ਾ ਚੰਗੀ ਤਰ੍ਹਾਂ ਨਾਲ ਪੰਜਾਬ ਦੇ ਜਨ-ਜੀਵਨ ਵਿੱਚ ਰਚ-ਮਿਚ ਗਈ ਸੀ। ਇਸ ਵਾਸਤੇ ਜਿੱਥੇ ਕਿੱਥੇ ਵੀ ਲੋੜ ਪਈ ਹੈ, ਲੇਖਕ ਨੇ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਵਰਤੀ ਹੈ ਪਰ ਸਮੁੱਚੇ ਤੌਰ ਤੇ ਇਨ੍ਹਾਂ ਰਚਨਾਵਾਂ ਦੀ ਭਾਸ਼ਾ ਅਧਿਆਤਮੀ ਹੈ ਅਤੇ ਇਸ ਅਧਿਆਤਮਵਾਦ ਦਾ ਸੰਬੰਧ ਭਾਰਤੀ ਪਰੰਪਰਾ ਨਾਲ ਹੈ। ਫਲਸਰੂਪ ਸ਼ਬਦਾਵਲੀ ਦਾ ਭੰਡਾਰ ਅਧਿਕਤਰ ਭਾਰਤੀ ਵਿਰਸੇ ਨਾਲ ਸੰਬੰਧਿਤ ਹੈ। ਜਿੱਥੋਂ ਤਕ ਇਨ੍ਹਾਂ ਦੇ ਵਿਆਕਰਣ ਦਾ ਪ੍ਰਸ਼ਨ ਹੈ ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਪੰਜਾਬੀ ਵਾਲਾ ਹੈ, ਪਰ ਉਸ ਵੇਲੇ ਕਿਉਂਕਿ ਸਾਧ ਭਾਸ਼ਾਈ ਅਸਰ ਪੰਜਾਬੀ ਉੱਤੇ ਆਮ ਸੀ ਅਤੇ ਸਾਧ ਭਾਸ਼ਾ ਉਸ ਵੇਲੇ ਦੀ ਧਾਰਮਿਕ ਭਾਸ਼ਾ ਬਣ ਚੁੱਕੀ ਸੀ, ਇਸ ਲਈ ਲੇਖਕ ਤੋਂ ਬੇਬਸ ਕਈਆਂ ਥਾਵਾਂ ਤੇ ਉਸ ਦੇ ਵਿਆਕਰਣ ਦੀਆਂ ਕੁਝ ਵਿਸ਼ੇਸ਼ਤਾਵਾਂ ਅਪਣਾ ਲਈਆਂ ਗਈਆਂ ਹਨ ਅਤੇ ਇਸ ਦੇ ਅਪਨਾਉਣ ਨਾਲ ਕਿਤੇ ਕਿਤੇ ਪੰਜਾਬੀਪਣ ਨੂੰ ਠੇਸ ਵੀ ਪਹੁੰਚੀ

ਹੈ। ਇਨ੍ਹਾਂ ਵਿੱਚ ਗੁਰਬਾਣੀ ਵਾਲੀਆਂ ਵਿਭਕਤੀਆਂ ਵਰਤੀਆਂ ਮਿਲ ਜਾਂਦੀਆਂ ਹਨ, ਪਰ ਇਨ੍ਹਾਂ ਦੀ ਵਰਤੋਂ ਦਾ ਕੋਈ ਅਰਥ ਨਹੀਂ, ਕਿਉਂਕਿ ਕਈਆਂ ਥਾਵਾਂ ਤੇ ਨਾਵਾਂ ਤੋਂ ਭਿੰਨ ਸ਼ਬਦਾਂ ਨੂੰ ਜਾਂ ਵਿਦੇਸ਼ੀ ਸ਼ਬਦਾਵਲੀ ਨੂੰ ਵੀ ਇਹ ਵਿਭਕਤੀਆਂ ਲਗਾ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਇਕ ਹੋਰ ਗੱਲ ਜੋ ਸਪੱਸ਼ਟ ਹੁੰਦੀ ਹੈ, ਉਹ ਇਹ ਕਿ ਵਿਭਕਤੀਆਂ ਦੀ ਥਾਂ ਤੇ ਪ੍ਰਸਰਗਾਂ ਦੀ ਵਰਤੋਂ ਹੋਣੀ ਸ਼ੁਰੂ ਹੋ ਗਈ ਸੀ। ਇਸ ਨਾਲ ਪੰਜਾਬੀ ਭਾਸ਼ਾ ਵਿੱਚ ਵਿਯੋਗਾਤਮਕ ਪ੍ਰਵਿੱਤੀਆਂ ਉੱਘੜ ਕੇ ਸਾਹਮਣੇ ਆਉਣ ਲੱਗ ਗਈਆਂ ਪ੍ਰਤੀਤ ਹੁੰਦੀਆਂ ਹਨ। ਲੇਖਕ ਨੇ ਭਾਸ਼ਾ ਦੇ ਸੋਹਜ ਨੂੰ ਵਧਾਉਣ ਲਈ ਕਈਆਂ ਥਾਵਾਂ ਤੇ ਮੁਹਾਵਰਿਆਂ ਦੀ ਵਰਤੋਂ ਵੀ ਕੀਤੀ ਹੈ, ਕਈਆਂ ਥਾਵਾਂ ਤੇ ਭਾਸ਼ਾ ਨੂੰ ਭਾਵ ਤੇ ਪ੍ਰਸੰਗ ਅਨੁਕੂਲ ਢਾਲਣ ਦਾ ਯਤਨ ਕੀਤਾ ਹੈ, ਕਿਉਂਕਿ ਕਿਸੇ ਭਾਸ਼ਾ ਦੀ ਸਫਲਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਸ ਵਿੱਚ ਅਭਿਵਿਅਕਤੀ ਦੀ ਕਿਤਨੀ ਕੁ ਸ਼ਕਤੀ ਹੈ। ਇਹ ਸ਼ਕਤੀ ਮੁਹਾਵਰਿਆਂ ਅਤੇ ਵਿਸ਼ੇ ਦੀ ਭਾਵ-ਪ੍ਰਸੰਗ-ਪਾਤਰ ਅਨੁਕੂਲਤਾ ਤੇ ਵਾਕ ਵਿਧਾਨ ਦੁਆਰਾ ਸਾਹਮਣੇ ਆਉਂਦੀ ਹੈ। ਇਨ੍ਹਾਂ ਰਚਨਾਵਾਂ ਦੀ ਭਾਸ਼ਾ ਵਿੱਚ ਇਹ ਸਾਰੇ ਗੁਣ ਮੌਜੂਦ ਹਨ। ਇਹ ਇਕ ਅਜਿਹੇ ਯੁੱਗ ਦੀਆਂ ਰਚਨਾਵਾਂ ਹਨ ਜਿਸ ਵਿੱਚ ਪੰਜਾਬੀ ਭਾਸ਼ਾ ਆਪਣੇ ਵਿਕਾਸ ਦੀਆਂ ਮੰਜ਼ਿਲਾਂ ਪਾਰ ਕਰ ਰਹੀ ਸੀ। ਇਸ ਅਵਸਥਾ ਦੀ ਭਾਸ਼ਾ ਵਿੱਚ ਕੁੱਝ ਤਰੁੱਟੀਆਂ ਵੀ ਹੋ ਸਕਦੀਆਂ ਹਨ ਪਰ ਸਮੁੱਚੇ ਤੌਰ ਤੇ ਇਹ ਭਾਸ਼ਾ ਉਸ ਵੇਲੇ ਦੀ ਸ਼ੁੱਧ ਪੰਜਾਬੀ ਹੈ ਅਤੇ 19ਵੀਂ ਤੇ 20ਵੀਂ ਸਦੀਆਂ ਵਿਚ ਲਿਖੀ ਜਾਣ ਵਾਲੀ ਵਾਰਤਕ ਦਾ ਇਕ ਮਹੱਤਵਪੂਰਣ ਪਿਛੋਕੜ ਪ੍ਰਸਤੁਤ ਕਰਦੀ ਹੋਈ ਉਸ ਦਾ ਰਾਹ ਮੋਕਲਾ ਕਰਦੀ ਹੈ।

ਸੰਖੇਪ ਵਿਚ ਇਹ ਦੋਵੇਂ ਰਚਨਾਵਾਂ ਸਿੱਖ ਜਿਗਿਆਸੂਆਂ ਨੂੰ ਅਧਿਆਤਮਿਕ ਤ੍ਰਿਪਤੀ ਪ੍ਰਦਾਨ ਕਰਦੀਆਂ ਹਨ ਅਤੇ ਸਾਹਿੱਤ ਰਸੀਆਂ ਨੂੰ ਸਾਹਿੱਤ ਆਨੰਦ ਦਾ ਸੁਆਦ ਦਿੰਦੀਆਂ ਹਨ

ਅੰਤਿਕਾ—1

ਚੋਣਵੀਆਂ ਵਾਰਤਕ ਵੰਨਗੀਆਂ

ਗਿਆਨ ਰਤਨਾਵਲੀ

ਸਾਖੀ (ਸੁਲਤਾਨਪੁਰ ਪਹੁੰਚਣਾ)

ਅਰ ਬਾਬੇ ਨੇ ਮਰਦਾਨੇ ਨੂੰ ਕਹਿਆ ਕਿ ਅਸੀਂ ਸੁਲਤਾਨਪੁਰ ਜੈ ਰਾਮ ਪਾਸ ਜਾਂਦੇ ਹਾਂ। ਸੋ ਜਿਸ ਵੇਲੇ ਤੂੰ ਵਿਵਾਹ ਤੋਂ ਵੇਹਲਾ ਹੋ ਕੇ ਆਵੇਂਗਾ ਤਦ ਅਸੀਂ ਤੀਰਥਾਂ ਨੂੰ ਜਾਵਾਂਗੇ। ਤਾਂ ਦੂਸਰੇ ਦਿਨ ਚਿਠੀ ਕਾਲੂ ਨੂੰ ਜੈ ਰਾਮ ਦੀ ਆਇ ਪਹੁਤੀ ਜੋ ਬਾਬੇ ਨਾਨਕ ਦਾ ਦਰਸਨ ਅਸੀਂ ਕੀਤਾ ਚਾਹੁੰਨੇ ਹਾਂ ਅਤੇ ਜੇ ਇਥੇ ਆਵੈਗਾ ਤਾਂ ਅਸੀਂ ਕਿਸੇ ਕਿਰਤ ਕਾਰ ਭੀ ਲਾਇ ਦੇਵਾਂਗੇ। ਤਾਂ ਕਾਲੂ ਆਖਿਆ ਬਚਾ ਨਾਨਕ ਜੀ ਤੈਨੂੰ ਜੈ ਰਾਮ ਸਦ ਘਲਿਆ ਹੈ। ਤਾਂ ਬਾਬੇ ਆਖਿਆ ਭਲਾ ਜੀ ਜੋ ਤੁਸਾਡੀ ਰਜਾਇ ਹੋਵੈ। ਤਾਂ ਬਾਬੇ ਸੁਲਤਾਨਪੁਰ ਦੇ ਜਾਵਣੇ ਦੀ ਤਿਆਰੀ ਕੀਤੀ ਤਾਂ ਇਸਤ੍ਰੀ ਕਹਿਆ ਕਿ ਜੇ ਤੁਸੀਂ ਇਥੇ ਰਹਿੰਦੇ ਸੇ ਤਾ ਸਾਡੇ ਭਾਣੇ ਰਾਜ ਸੀ ਸਾਰੇ ਜਗਤ ਦਾ ਅਰ ਜੇ ਤੁਸੀਂ ਚਲਦੇ ਹੋ ਤਾਂ ਮੈਨੂੰ ਵੀ ਲੈ ਚਲੋ। ਤਾਂ ਬਚਨ ਹੋਇਆ ਅਸੀਂ ਝਬਦੇ ਆਵਾਂਗੇ ਅਤੇ ਤੇਰਾ ਰਾਜ ਦਿਨੋ ਦਿਨ ਵਧਦਾ ਜਾਵੇਗਾ, ਸੋ ਤੂੰ ਖਾਤਰ ਜਮਾ ਹੋਹੁ। ਤਬ ਬਾਬਾ ਉਠ ਤੁਰਿਆ। ਸੋ ਕਿਤਨਿਆਂ ਦਿਨਾਂ ਨੋ ਸੁਲਤਾਨਪੁਰ ਜਾਇ ਵੜੇ। ਤਾਂ ਅਗੋਂ ਜੈ ਰਾਮ ਆਇ ਮਿਲਿਆ ਅਰ ਗਲ ਲਗ ਕੇ ਮਿਲੇ ਤੇ ਘਰ ਲੈ ਗਿਆ। ਤਾਂ ਦੂਜੇ ਦਿਨ ਜੈ ਰਾਮ ਪਰਸਾਦ ਲੈ ਕੇ ਦੌਲਤ ਖਾਨ ਨੂੰ ਜਾਇ ਮਿਲਿਆ। ਤਾਂ ਦੌਲਤ ਖਾਨ ਬਹੁਤ ਪ੍ਰਸੰਨ ਹੋਇਆ ਅਰ ਕਹਯਾ ਕਿ ਇਹ ਭਲਾ ਦਿਆਨਤ-ਦਾਰ ਨਜ਼ਰ ਆਵਤਾ ਹੈ, ਤਾਂਤੇ ਤੁਸੀਂ ਸਾਡਾ ਕੰਮ ਉਠਾਓ। ਤਾਂ ਬਾਬੇ ਕਹਿਆ, ਤੁਸਾਡਾ ਕੰਮ ਨਹੀਂ ਉਠਾਵਤੇ ਕਯੋਂ ਜੋ ਤੁਸੀਂ ਰਾਜੇ ਲੋਕ ਹੋ ਅਰ ਵਿਚਾਰ ਨਹੀਂ ਕਰਦੇ ਅਰ ਲੋਕਾਂ ਦੀਆਂ ਚੁਗਲੀਆਂ ਬਹੁਤ ਸੁਣਦੇ ਹੋ। ਤਾਂ ਖਾਨ ਆਖਿਆ ਹੇ ਨਾਨਕ, ਤੇਰੇ ਉਤੇ ਅਸੀਂ ਚੁਗਲੀਆਂ ਨਹੀਂ ਸੁਣਾਂਗੇ ਤਾਂ ਇਕ ਦੇਵਦਤ ਖਾਨ ਦਾ ਦੀਵਾਨ ਹੈਸੀ ਅਤੇ ਬ੍ਰਹਮਣਾ ਦਾ ਸਿਖ ਸੀ, ਸੋ ਉਸ ਨੂੰ ਸਦ ਕੇ ਆਖਿਆ ਕੇ ਮੇਰੇ ਘਰ ਦਾ ਕੰਮ ਏਸ ਨੂੰ ਸੌਂਪਦੇ ਹੋ। ਤਾਂ ਬਾਬੇ ਆਖਿਆ ਕਿ ਹੋਰ ਕੰਮ ਮੈਂ ਨਹੀਂ ਲੈਂਦਾ, ਪਰ ਜੇੜਾ ਜੈ ਰਾਮ ਮੋਦੀਖਾਨਾ ਲਾਇਆ ਹੈ ਮੈਂ ਓਸ ਨਾਲ ਕੰਮ ਕਰਾਂਗਾ।

ਸਾਖੀ (ਵੇਈਂ ਨਦੀ ਵਿਚ ਪ੍ਰਵੇਸ਼)

ਤਾਂ ਦੂਜੇ ਦਿਨ ਬਾਬੇ ਕਹਿਆ ਅਜਾਡੇ ਨਾਲ ਤੁਸੀਂ ਮੋਦੀਖਾਨੇ ਦਾ ਲੇਖਾ ਕਰੋ। ਤਾਂ ਦੀਵਾਨ ਦੇ ਨਾਲ ਲੇਖਾ ਕੀਤਾ ਤਾਂ ਪਰਗਣੇ ਦੀ ਆਮਦਣੀ ਭੀ ਪੂਰੀ ਕਰ ਦਿਤੀ ਅਰ ਪੰਜ ਹਜਾਰ ਰੁਪਯਾ ਭੀ ਦੀਵਾਨ ਵਲਿ ਵਧੀਕ ਕਢਿਆ। ਤਾਂ ਫੇਰ ਬਾਬੇ ਨੇ ਜੈ ਰਾਮ ਨੂੰ ਆਇ ਕੇ ਹਟੀ ਵਿਖਾਲ ਦਿੱਤੀ ਜੋ ਸਭ ਪਦਾਰਥਾਂ ਕਰਕੇ ਭਰਪੂਰ ਹੈ। ਤਾਂ ਬਾਬਾ ਜੀ ਆਖਿਆ, ਹੁਣ ਤੁਸੀਂ ਆਪਣਾ ਕੰਮ ਸੰਭਾਲੋ ਅਰ ਮੈਂ ਤੁਸਾਡਾ ਕੰਮ ਨਹੀਂ ਕਰਦਾ। ਤਾਂ ਜੈ

ਰਾਮ ਮਿੰਨਤ ਕੀਤੀ ਜੋ ਜੀ ਮੇਰੇ ਵਿਚ ਤਾਂ ਦੋਸ ਕੋਈ ਨਹੀਂ । ਤਾਂ ਫਿਰ ਖਾਨ ਨੂੰ ਖਬਰ ਹੋਈ ਸੋ ਦੂਜੇ ਦਿਨ ਦਿਵਾਨ ਲੈ ਕੇ ਚੜ ਕੇ ਬਾਬੇ ਦੇ ਡੇਰੇ ਆਇਆ । ਅਤੇ ਬਾਬਾ ਝਲਾਂਘੇ ਹੀ ਨਾਲ ਟਹਿਲਏ ਨੂੰ ਲੈ ਕੇ ਵੇਈਂ ਤੇ ਇਸਨਾਨ ਕਰਨ ਆਇਆ ਅਰ ਬਸਤ੍ਰ ਉਤਾਰ ਕਰ, ਟਹਿਲਏ ਨੂੰ ਦਿਤੇ ਅਤੇ ਆਪ ਟੁਬੀ ਮਾਰੀ ਤਾਂ ਵਿਚੇ ਹੀ ਨਿਰੰਕਾਰ ਦੇ ਦੇਸ ਨੂੰ ਚਲਿਆ ਗਿਆ, ਤਾਂ ਦੁਇ ਪਹਰ ਤੀਕ ਬੈਠ ਬੈਠ ਕਰ ਟਹਿਲੀਆ ਬਸਤ੍ਰ ਘਰ ਲੈ ਆਇਆ । ਤਾਂ ਉਸ ਨੇ ਆਖਿਆ ਕੇ ਬਾਬਾ ਵਿਚ ਵੇਈਂ ਦੇ ਇਸਨਾਨ ਕਰਨ ਨੂੰ ਵੜਿਆ ਸੀ ਅਰ ਫੇਰ ਨਹੀਂ ਨਿਕਲਿਆ । ਤਾਂ ਖਾਨ ਉਥੇ ਮਹਾਜਲ ਲੈ ਕੇ ਗਇਆ ਅਰ ਸਾਰੇ ਸੋਧ ਸਾਧ ਕੇ ਰਾਤ ਨੂੰ ਘਰ ਆਇਆ, ਤਾਂ ਫਿਰ ਸਭੇ ਲਗੇ ਅਫਸੋਸ ਕਰਨ । ਤਾਂ ਅਠਵੇਂ ਦਿਨ ਬਾਬਾ ਫੇਰ ਉਸੇ ਹੀ ਘਾਟੋਂ ਨਿਕਲਿਆ ਅਰ ਵਿਚ ਨਿਰੰਕਾਰ ਨਾਲ ਸੋਦਰ ਦੀ ਗੋਸਟ ਕਰ ਆਇਆ । ਅਰ ਨਿਰੰਕਾਰ ਤੋਂ ਪੁਛਿਆ ਕਿ ਤੇਰਾ ਸੋ ਦਰੁ ਕੇਹੜਾ ਹੈ ਅਰ ਘਰ ਕੇਹੜਾ ਹੈ ਜਿਥੇ ਤੂੰ ਬਹਿ ਕੇ ਸਭਸੇ ਨੂੰ ਸਮਾਲਨਾ ਹੈਂ । ਤਾਂ ਨਿਰੰਕਾਰ ਕਹਿਆ ਕੇ ਜਹਾਂ ਮੇਰਾ ਕਥਾ ਕੀਰਤਨ ਹੋਤਾ ਹੈ ਤਹਾਂ ਮੇਰਾ ਦਰ ਹੈ, ਅਰ ਤਹਾਂ ਹੀ ਮੇਰਾ ਘਰ ਹੈ । ਤਾਂ ਬਾਬੇ ਨੂੰ ਆਗਿਆ ਹੋਈ ਤੁਸੀਂ ਜਾਓ, ਅਰ ਤੀਰਥਾਂ ਪਰ ਜਾਇਕੇ ਸਤਨਾਮ ਦਾ ਚਕਰ ਫਿਰਾਓ । ਤਬ ਬਾਬਾ ਵੇਈਂ ਤੋਂ ਬਾਹਰ ਆਇਆ ਅਰ ਏਹੋ ਕਹਦਾ ਹੈ, ਕਿ ਨਾ ਕੋਈ ਹਿੰਦੂ ਹੈ ਨ ਮੁਸਲਮਾਨ ਹੈ ।

ਸਾਖੀ (ਸੱਜਣ ਠੱਗ ਨਾਲ ਗੋਸਟਿ)

ਤਾਂ ਬਾਬਾ ਤੇ ਮਾਰਦਾਨਾ ਰਮਤੇ ਰਮਤੇ ਹਸਤਨਾਪੁਰ ਅਰ ਦਰਵਾਜੇ ਕੇ ਬਾਹਰ ਜਾ ਬੈਠੇ । ਤਾਂ ਅਗੋਂ ਇਕ ਭਾਈ ਸਜਣ ਆਇਆ ਅਤੇ ਉਸ ਬਹੁਤ ਆਦਰ ਭਾਉ ਕੀਤਾ ਅਤੇ ਕਹਿਆ ਕਿ ਸਾਡੇ ਠਾਕਰ ਦੁਆਰੇ ਚਲ ਕੇ ਡੇਰਾ ਕਰੋ । ਤਾਂ ਇਕ ਜਗਿਆਸੀ ਨੇ ਬਾਬਾ ਜੀ ਨੂੰ ਅਕੱਲਿਆਂ ਹੋ ਕੇ ਸਮਝਾਇਆ ਕਿ ਇਹ ਬੜਾ ਠਗ ਹੈ ਅਤੇ ਇਹ ਦਿਨੇ ਆਏ ਗਏ ਦੀ ਸੇਵਾ ਕਰਦਾ ਹੈ ਅਰ ਰਾਤ ਨੂੰ ਉਨ੍ਹਾਂ ਨੂੰ ਮਾਰ ਕੇ ਉਥੇ ਹੀ ਦਬ ਦਿੰਦਾ ਹੈ ਅਤੇ ਜੋ ਕੁਛ ਉਨ੍ਹਾਂ ਦਾ ਪਦਾਰਥ ਹੁੰਦਾ ਹੈ ਸੋ ਲੈ ਕੇ ਅਧਾ ਰਾਜੇ ਨੂੰ ਦੇਂਦਾ ਹੈ ਅਤੇ ਅਧਾ ਆਪ ਰਖਦਾ ਹੈ । ਅਰ ਤੁਸੀਂ ਉਤਮ ਪੁਰਖ ਦ੍ਰਿਸ਼ਟਿ ਆਂਵਦੇ ਹੋ । ਸੋ ਤੁਸਾਂ ਇਸਦੇ ਠਾਕਰ ਦੁਆਰੇ ਡੇਰਾ ਨਹੀਂ ਕਰਨਾ । ਤਾਂ ਬਾਬਾ ਬੋਲਿਆ ਕਿ ਅਸੀਂ ਜੋ ਇਥੇ ਆਏ ਹਾਂ ਸੋ ਠਗਾਂ ਤੇ ਚੋਰਾਂ ਦਾ ਉਧਾਰ ਕਰਨ ਆਏ ਹਾਂ ਤਾਂ ਤੇ ਸਾਨੂੰ ਕੁਛ ਡਰ ਨਹੀਂ । ਤਾਂ ਫਿਰ ਬਾਬੇ ਕਹਿਆ ਕਿ ਚਲ ਮਰਦਾਨਿਆਂ ਭਾਈ ਸਜਣ ਦੇ ਘਰ ਡੇਰਾ ਕਰੀਏ । ਤਾਂ ਮਰਦਾਨਾ ਬੋਲਿਆ ਕਿ ਤੁਸੀਂ ਤਾਂ ਮਹਾਂਪੁਰਖ ਹੋ । ਪਰ ਜੇ ਮੈਨੂੰ ਮਾਰ ਸੁਟੇਗਾ ਤਾਂ ਪਿਛਲੇ ਮੇਰੇ ਕੀ ਆਖਣਗੇ । ਤਾਂ ਬਾਬਾ ਬੋਲਿਆ, ਕਿ ਮਰਦਾਨਿਆਂ ਜੇ ਲਗ ਪ੍ਰਿਥਵੀ ਤੇ ਕਾਲ ਅਰ ਕਾਰਨ ਇਹ ਤਿੰਨੇ ਵਸਤੂ ਇਕਠੀਆਂ ਨਹੀਂ ਹੁੰਦੀਆਂ ਤੋ ਤਕ ਇਹ ਸਰੀਰ ਗਿੜਦਾ ਨਹੀਂ । ਕਿਯੋਂ ਜੋ ਜਦ ਸਵਾਸਾਂ ਦਾ ਸਮਾਂ ਪੂਰਾ ਹੁੰਦਾ ਹੈ ਅਰ ਜਿਸ ਜਗਾ ਸਰੀਰੁ ਗਿੜਨਾ ਹੋਵੇ ਸੋ ਜਗਾ ਭੀ ਹੋਵੇ ਅਰ ਜਿਸ ਸਸਤ੍ਰ ਯਾ ਜਿਸ ਦੁਖ ਨਾਲ ਸਰੀਰ ਛੁਟਣਾ ਹੋਵੇ ਸੋ ਜਦ ਓਹ ਸਭ ਸਬਬ ਬਣਦਾ ਹੈ । ਤਾਂ ਸਰੀਰ ਛੁਟਦਾ ਹੈ । ਤਾਂ ਤੇ ਤੂੰ ਸੰਸਾ ਨਾ ਕਰ ਅਤੇ ਫਿਰ ਜੇ ਅਸੀਂ ਤੈਨੂੰ ਮਰਾਇ ਲੈ ਜਾਵਾਂਗੇ ਤਾਂ ਸੰਗੀ ਕੇਹੜਾ ਕਰਾਂਗੇ । ਸੋ ਇਹ ਕਹਿ ਕੇ ਬਾਬੇ ਅਤੇ ਮਰਦਾਨੇ ਨੇ ਸਜਣ ਦੇ ਠਾਕਰ ਦੁਆਰੇ ਡੇਰਾ ਜਾਇ ਕੀਤਾ ਤਾਂ ਫਿਰ ਬਾਬੇ ਆਖਿਆ ਮਰਦਾਨਿਆ, ਸੂਹੀ ਰਾਗ ਵਿਚ ਸਬਦ ਗਾਉ—

ਸੂਹੀ ਮਹਲਾ ੧
ਉਜਲ ਕੈਹਾ ਚਿਲਕਣਾ ਘੋਟਮ ਕਾਲੜੀ ਮਸੁ ।...
ਨਾਨਕ ਨਾਮ ਸਮਾਲ ਤੂੰ ਬਧਾ ਛੁਟੈ ਜਿਤੁ ।

ਤਿਸ ਕਾ ਪਰਮਾਰਥ । ਅਰ ਬਾਬੇ ਨੇ ਸਜਣ ਨੂੰ ਸੁਨਾਇ ਕੇ ਏਹ ਸਬਦ ਪੜਿਆ ਜੋ ਕਾਂਸੀ ਕਾ ਬਾਸਣ ਉਜਲ ਹੋਤਾ ਹੈ ਅਤੇ ਰੁਪੇ ਕੀ ਨਿਆਈ ਲਿਸਕਤਾ ਹੈ ਪਰ ਜੇ ਉਸ ਨੂੰ ਘੋਟੀਦਾ ਹੈ ਤਾਂ ਕਾਲਖ ਨਿਕਲਦੀ ਹੈ ਕਯੋਂ ਜੋ ਉਸ ਕੇ ਅੰਗ ਮੇਂ ਕਾਲਖ ਰਚੀ ਹੋਈ ਹੈ ਸੋ ਉਤਰਤੀ ਨਹੀਂ ਅਤੇ ਜਿਨਾਂ ਆਪਣਿਆਂ ਸਨਬੰਧੀਆਂ ਨੂੰ ਮਿਤ੍ਰ ਜਾਣੀਤਾ ਹੈ ਅਤੇ ਰਾਜੇ ਆਪਣੇ ਸਹਾਇਕ ਜਾਣੀਦੇ ਹਨ ਸੋ ਸਭਨਾ ਇਥੇ ਹੀ ਰਹਣਾ ਹੈ ਅਤੇ ਆਪਣੇ ਕਰਮਾਂ ਭਲਿਆਂ ਬੁਰਿਆਂ ਨੇ ਨਾਲ ਜਾਣਾ ਹੈ ਤਾਂ ਤੇ ਭਲੇ ਕਰਮ ਹੀ ਇਸ ਦੇ ਮਿਤਰ ਹੈਨਿ ਅਰ ਜਿਥੇ ਧਰਮ ਰਾਇ ਦੇ ਲੇਖਾ ਦੇਣਾ ਹੈ ਓਥੈ ਭਲੇ ਕਰਮਾ ਹੀ ਸਹਾਇਤਾ ਕਰਨੀ ਹੈ ਅਰ ਕੋਠੇ ਅਰ ਮੰਡਪ ਅਰ ਮਾੜੀਆਂ ਉਤੇ ਜੋ ਧਨ ਲਾਈਤਾ ਹੈ ਅਰ ਚਿਤ੍ਰਸਾਲ ਪਈਆਂ ਕਰੀਦੀਆਂ ਹੈਨ ਅਰ ਜਿਨ੍ਹਾਂ ਜੀਆਂ ਨੂੰ ਮਾਰ ਕੇ ਪਦਾਰਥ ਲਈਦੇ ਹਨ ਸੋ ਓਹ ਕੋਠੇ ਭੀ ਤੇ ਸਰੀਰ ਭੀ ਸਭ ਗਿਰ ਪਵਨਗੇ ਅਤੇ ਪਾਪਾਂ ਦਾ ਲੇਖਾ ਸਿਰ ਤੇ ਰਹਿ ਜਾਵੇਗਾ ਅਰ ਜੋ ਬਗਾਂ ਦੀ ਨਿਆਈ ਸਾਧ ਅਰ ਉਜਲ ਬਸਤ੍ਰ ਪਹਿਰ ਕੇ ਬੈਠੀਦਾ ਹੈ ਅਰ ਤੀਰਥ ਉਤੇ ਨਿਵਾਸ ਕਰੀਦਾ ਹੈ ਅਰ ਜੀਆਂ ਨੂੰ ਮਾਰ ਮਾਰ ਉਨਾਂ ਦੇ ਪਦਾਰਥ ਲਈਦੇ ਹੈਨ ਤਾਂ ਤੇ ਅਸਾਡੇ ਸਰੀਰ ਜੋ ਹਨ ਸੋ ਸਿੰਮਲ ਰੁਖ ਦੀ ਨਿਆਈ ਹਨ ਕਯੋਂ ਕਿ ਸਿੰਮਲ ਨੂੰ ਤੋਤੇ ਉਚਾ ਅਤੇ ਫਲਾਂ ਫੁਲਾਂ ਵਾਲਾ ਦੇਖ ਕੇ ਆਇ ਬੈਠਤੇ ਹਨ ਅਰ ਫਲ ਉਨ ਕੇ ਫਿਕੇ ਅਰ ਬਕਬਕੇ ਹੋਂਦੇ ਹਨ ਅਰ ਓਰ ਦੇਖ ਕੇ ਪਛੋਤਾਂਵਦੇ ਹਨ ਤੈਸੇ ਅਸਾਡਾ ਹਾਲ ਹੈ ਕਯੋਂ ਕਿ ਦੂਰੋ ਲੋਕ ਸਾਧ ਜਾਣ ਕੇ ਡੇਰਾ ਆਣ ਕਰਦੇ ਅਤੇ ਹਮ ਉਨ ਕੋ ਮਾਰ ਕਰ ਦਬ ਦੇਨੇ ਹਾਂ ਤਾਂ ਤੇ ਸਾਨੂੰ ਧਰਮ ਰਾਇ ਦੀਆਂ ਸਜਾਈ ਹੋਵਨ ਗਾਆ ਅਤੇ ਇਹ ਜੋ ਅੰਧਾ ਅਸਾਡਾ ਜੀਉ ਹੈ ਸੋ ਪਾਪਾਂ ਦਾ ਭਾਰ ਉਠਾਉਣ ਜਾਂਦਾ ਹੈ ਅਰ ਗਿਆਨ ਅਰ ਭਗਤ ਕੇ ਜੋ ਦੋਇ ਨੇਤ੍ਰ ਹਨ ਪਰ ਜਿਨੋ ਨੇ ਨੇਤ੍ਰੋਂ ਕਰ ਪਰਮੇਸਰ ਕੋ ਪਛਾਨਣਾ ਹੈ ਅਤੇ ਭੋਜਲ ਸੇ ਤਰ ਜਾਵਨਾ ਹੈ ਸੋ ਸੰਤਾਂ ਦੇ ਸੰਗਿ ਬਿਨਾ ਪ੍ਰਾਪਤ ਨਹੀਂ ਹੋਂਦੇ ਪਰ ਜੈਸੇ ਚਾਕਰ ਸੁਆਮੀ ਕੀ ਆਗਿਆ ਤਤਕਾਲ ਮੰਨ ਕੇ ਕਾਰਜ ਕਰਤਾ ਹੈ ਤੈਸੇ ਜੋ ਸੰਤਾਂ ਕੇ ਵਚਨ ਸੁਣ ਕੇ ਕਮਾਵਤੇ ਹੈ ਸੋ ਭਲਿਆਈ ਕੋ ਪ੍ਰਾਪਤ ਹੋਤੇ ਹੈਂ ਅਤੇ ਹੋਰ ਸਿਆਣਪ ਕੰਮ ਨਹੀਂ ਆਵਤੀ ਪਰ ਜੋ ਪਿਛਲੇ ਪਾਪਾਂ ਨੂੰ ਛਡ ਕੇ ਅਗੋਂ ਪਰਮੇਸਰ ਕਾ ਨਾਮ ਧਿਆਵਹਿਗੇ ਸੋ ਅਗਿਆਨ ਤੇ ਛੂਟਹਿਗੇ ਅਰ ਗਿਆਨ ਕੋ ਪ੍ਰਾਪਤ ਹੋਵਹਿਗੇ । ੬ ।

ਸੋ ਜਾਂ ਇਤਨੇ ਵਚਨ ਬਾਬੇ ਕਹੇ ਤਾਂ ਸਜਣ ਆਇ ਚਰਨੀ ਲਗਾ ਤਾਂ ਉਨਕੋ ਸਤਿਨਾਮ ਕਾ ਉਪਦੇਸ ਬਾਬੇ ਦ੍ਰਿੜਾਇਆ । ਤਾਂ ਫਿਰ ਬਾਬੇ ਕਹਿਆ ਮਰਦਾਨਿਆਂ ਇਹ ਸੱਜਣ ਜੋ ਆਂਣ ਚਰਨੀ ਲਗਾ ਹੈ ਸੋ ਏਸ ਬਡੇ ਪਾਪ ਕੀਤੇ ਹਨ ਪਰ ਜੈਸਾ ਇਹ ਪਾਪੀ ਹੈ ਤੈਸਾ ਪਰਮੇਸਰ ਕਾ ਨਾਮ ਬਡਾ ਦਾਤਾਰ ਹੈ ਕਯੋਂ ਕਿ ਨਾਮ ਤੇ ਅਜਾਮਲ ਆਦਿਕ ਪਾਪੀ ਕਈ ਉਧਾਰੇ ਹਨ ਤਾਂ ਤੂੰ ਭੀ ਜੇ ਪਾਪ ਅਗੋਂ ਛਡ ਦੇਵੇਂਗਾ ਤਾਂ ਤੇਰਾ ਭੀ ਉਧਾਰ ਹੋਵੇਗਾ । ਤਾਂ ਸਜਣ ਪੈਰਾਂ ਤੇ ਡਿਗ ਪਿਆ ਅਰ ਕਹਯਾ ਕਿ ਜੇ ਪਿਛਲੇ ਪਾਪ ਮੇਰੇ ਬਖਸੀਅਨ ਤਾਂ ਫਿਰ ਅਗੋਂ ਨਾਰਾਇਨ ਦਾ ਮੈਂ ਭਜਨ ਕਰਾਂਗਾ ਅਤੇ ਸੰਤਾਂ ਦੀ ਸੇਵਾ ਕਰਾਂਗਾ । ਤਾਂ ਬਚਨ ਹੋਇਆ ਕਿ ਨਾਰਾਇਣ ਦਾ ਨਾਮ ਐਸਾ ਹੈ ਜੋ ਪਿਛਲੇ ਪਾਪਾਂ ਨੂੰ ਨਾਸ ਕਰਦਾ ਹੈ ਅਤੇ

ਅਗੋਂ ਉਪਜਣੇ ਨਹੀਂ ਦੇਂਦਾ । ਸੋ ਤੁਸਾਂ ਨਾਮ ਭੀ ਜਪਣਾ ਤੇ ਬਾਣੀ ਵੀ ਪੜਣੀ ।

ਸਾਖੀ (ਇਕ ਜੈਨੀ ਸਰੇਵੜੇ ਨਾਲ ਗੋਸਟਿ)

ਤਾਂ ਮਰਦਾਨੇ ਆਖਿਆ ਜੀ ਅਸਾਂ ਮਾਨਸਰੋਵਰ ਨਹੀਂ ਡਿਠਾ । ਤਾਂ ਬਚਨ ਹੋਇਆ ਤੂੰ ਰਬਾਬ ਉਤੇ ਅਸਵਾਰ ਹੋਹੁ ਅਤੇ ਅਸੀਂ ਖੜਾਊਂ ਉਤੇ ਅਸਵਾਰ ਹੋਂਦੇ ਹਾਂ । ਅਤੇ ਤੂੰ ਸਾਡੇ ਪਿਛੇ ਚਲਿਆ ਆਵੈ ਅਤੇ ਵਾਹਗੁਰੂ ਵਾਹਗੁਰੂ ਆਖਦਾ ਆਵੇਂ । ਤਾਂ ਮਰਦਾਨਾ ਵਾਹਗੁਰੂ ਵਾਹਗੁਰੂ ਆਖਦਾ ਆਵੈ ਅਰ ਬਾਬੇ ਜੀ ਤੇ ਮਰਦਾਨਾ ਦੋਨੋਂ ਸਮੁੰਦ੍ਰ ਉਤੇ ਟੁਰੇ ਜਾਵਣ । ਤਾਂ ਮਰਦਾਨੇ ਦਿਲ ਵਿਚ ਵਿਚਾਰਿਆ ਕਿ ਮੈਂ ਵੇਖਾ ਖਾਂ ਬਾਬੇ ਨਾਨਕ ਜੀ ਕੀ ਆਖਦੇ ਹਨ । ਤਾਂ ਬਾਬਾ ਨਾਨਕ ਜੀ ਸੋਹੰ ਸੋਹੰ ਕਾ ਜਾਪ ਕਰੇ ਜਾਂਦੇ ਹੈਸਨ । ਤਾਂ ਮਰਦਾਨਾ ਭੀ ਲਗਾ ਸੋਹੰ ਜਪਣ । ਤਾਂ ਫਿਰ ਮਰਦਾਨਾ ਲਗਾ ਗੋਤੇ ਖਾਵਣ । ਤਾਂ ਬਾਬੇ ਦੇਖਿਆ ਅਤੇ ਕਹਿਆ ਕਿ —

ਗੁਰ ਕਹਿਆ ਸਾ ਕਾਰੁ ਕਮਾਵਹੁ । ਗੁਰ ਕੀ ਕਰਨੀ ਕਾਹੇ ਧਾਵਹੁ ।

ਤਾਂ ਫਿਰ ਮਰਦਾਨਾ ਲਗਾ ਵਾਹਗੁਰੂ ਵਾਹਗੁਰੂ ਜਪਣ ਅਰ ਸਮੁੰਦ੍ਰ ਤੇ ਭੀ ਟੁਰਨ ਲਗਾ । ਤਾਂ ਫਿਰ ਬਚਨ ਹੋਇਆ ਮਰਦਾਨਿਆ ਅਖੀਆਂ ਮੀਟ । ਸੋ ਜਾਂ ਉਸ ਅਖੀਆਂ ਮੀਟੀਆਂ ਤਾਂ ਮਰਦਾਨਾ ਕਿਆ ਦੇਖੇ ਕਿ ਹਾਰੂ ਸਹਿਰ ਵਿਚ ਬੈਠੇ ਹਾਂ । ਸੋ ਉਥੋਂ ਦਾ ਰਾਜਾ ਜੋਗੀ ਦਾ ਸਿਖ ਸੀ ਜੋ ਅਨੀਸਰਵਾਦੀ ਸਰੇਵੜਾ ਸੀ । ਅਰ ਓਹ ਆਪ ਨੂੰ ਪਰਮੇਸਰ ਕਹਾਂਵਦਾ ਸੀ ਅਰ ਜਦ ਉਸ ਦੇਸ ਮੀਂਹ ਨਹੀਂ ਵਸਦਾ ਸੀ, ਤਾਂ ਉਸ ਸਰੇਵੜੇ ਪਾਸ ਰਾਜਾ ਪਰਜਾ ਸਮੇਤ ਆਂਵਦਾ ਸੀ । ਅਰ ਉਹ ਜੰਤ੍ਰ ਮੰਤ੍ਰ ਕਰ ਮੀਂਹ ਵਰਸਾਂਵਦਾ ਸੀ । ਅਤੇ ਹੋਰ ਜੇ ਕੋਈ ਪੁਤ੍ਰ ਕਾਮਨਾ ਅਥਵਾ ਹੋਰ ਕੋਈ ਕਾਮਨਾ ਕਰ ਉਸ ਪਾਸ ਜਾਵੇ ਤਾਂ ਜੰਤ੍ਰ ਮੰਤ੍ਰ ਕਰ ਕੇ ਓਹ ਉਨਾਂ ਦੀ ਕਾਮਨਾ ਪੂਰੀ ਕਰ ਦੇਂਦਾ ਸੀ । ਤਾਂ ਤੇ ਸਭੇ ਲੋਕ ਉਸੇ ਦਾ ਸਿਮਰਨ ਕਰਨ ਅਰ ਪਰਮੇਸਰ ਨੂੰ ਕੋਈ ਨਾ ਜਾਣੈ ਅਤੇ ਬਾਬਾ ਜੀ ਤੇ ਮਰਦਾਨਾ ਓਥੇ ਬੈਠ ਕੇ ਪਰਮੇਸਰ ਦੀ ਉਪਮਾ ਗਾਵਣ ਲਗੇ ਤਾਂ ਰਾਜਾ ਅਤੇ ਪਰਜਾ ਨੇ ਆਇ ਬਾਬੇ ਜੀ ਪਾਸ ਮਥਾ ਟੇਕਯਾ । ਤਬ ਬਾਬੇ ਪੁਛਿਆ ਤੁਸੀ ਪਰਮੇਸਰ ਦਾ ਨਾਮ ਕਯੋਂ ਨਹੀਂ ਜਪਦੇ । ਤਾਂ ਉਨ੍ਹਾਂ ਕਹਿਆ, ਕਿ ਅਸਾਡਾ ਗੁਰੂ ਕਹਿੰਦਾ ਹੈ ਜੋ ਪਰਮੇਸਰ ਹੋਰ ਕੋਈ ਨਹੀਂ ਕਯੋਂ ਕਿ ਜੈਸੇ ਬ੍ਰਿਛ ਕੇ ਬੀਜ ਸੇ ਬ੍ਰਿਛ ਹੋਤਾ ਹੈ ਅਰ ਜੈਸਾ ਹੀ ਬੀਜ ਹੋਤਾ ਹੈ ਤੈਸਾ ਹੀ ਬ੍ਰਿਖ ਹੋਤਾ ਹੈ ਸੋ ਤੈਸੇ ਹੀ ਮਨੁਖ ਸੇ ਮਨੁਖ ਹੋਤਾ ਹੈ । ਔਰ ਹੋਰ ਕੋਈ ਪਰਮੇਸਰ ਨਹੀਂ ਹੈ । ਤਾਂ ਹੀ ਤੇ ਅਸੀਂ ਪੂਜਾ ਜੋਗੀ ਦੀ ਕਰਦੇ ਹਾਂ ਅਤੇ ਜੋ ਕੋਈ ਕਾਮਨਾ ਹੋਤੀ ਹੈ ਸੇ ਓਹ ਜੋਗੀ ਸਾਨੂੰ ਦੇਂਦਾ ਹੈ । ਤਾਂ ਬਾਬੇ ਨੇ ਉਸ ਦੀ ਕਲਾ ਖਿਚ ਲਈ ਅਰ ਮੀਂਹ ਬਰਸਣ ਥੋਂ ਰਹਿ ਗਿਆ ਅਰ ਖੂਹ ਉਥੇ ਹੈ ਨਹੀਂ ਸਨ ਅਤੇ ਮੀਹਾਂ ਦੇ ਹੀ ਪਾਣੀ ਨੂੰ ਲੋਕ ਵਰਤਦੇ ਸਨ । ਸੋ ਜਦ ਮੀਂਹ ਨਾ ਵਰਸਿਆ, ਤਾਂ ਲੋਕ ਬਹੁਤ ਦੁਖੀ ਹੋਏ । ਅਰ ਰਾਜਾ ਬੀ ਅਰ ਪਰਜਾ ਭੀ ਸਭ ਜੋਗੀ ਪਾਸ ਗਏ ਅਰ ਕਹਿਆ, ਕਿ ਮੀਂਹ ਬਿਨਾਂ ਅਸੀਂ ਮਰਦੇ ਹਾਂ । ਤਾਂ ਓਹ ਜੋਗੀ ਆਪਣੇ ਜੰਤਰ ਮੰਤਰ ਕਰ ਰਹਿਆ ਪਰ ਮੀਂਹ ਨਾ ਬਰਸਿਆ । ਤਾਂ ਸਭ ਜੋਗੀ ਥੋਂ ਨਿਰਾਸ ਹੋਇਕੇ ਬਾਬੇ ਜੀ ਪਾਸ ਆਏ । ਤਾਂ ਬਾਬੇ ਕਹਿਆ, ਕਿ ਮੀਂਹ ਤਦ ਬਰਸੇ ਜੇ ਤੁਸੀਂ ਸਤਿਨਾਮੁ ਕਾ ਜਾਪੁ ਕਰੋ ਅਰ ਗੁਰੂ ਕਾ ਕੜਾਹ ਕਰੋ ਅਤੇ ਜੋਗੀ ਨੂੰ ਨਾ ਮੰਨੋ । ਤਾਂ ਉਨਾਂ ਆਖਿਆ, ਜੀ ਭਲੀ ਬਾਤ । ਤਾਂ ਉਨਾਂ ਸਭਨਾਂ ਨੇ ਇਕਠੇ ਹੋਇਕੇ ਕੜਾਹ ਕੀਤਾ ਤੇ ਸਤਿਨਾਮ ਕਾ ਮੰਤ੍ਰ ਪੜਿਆ

ਅਰ ਹਥ ਜੋੜ ਕੇ ਅਰਦਾਸ ਕੀਤੀ ਤਾਂ ਬੜੀ ਮੇਘਾਂ ਦੀ ਬਰਖਾ ਹੋਈ । ਤਾਂ ਫਿਰ ਜੋਗੀ ਸਰਮਿੰਦਾ ਹੋਇਕੇ ਗੁਰੂ ਨਾਨਕ ਜੀ ਦੀ ਚਰਨੀ ਆਇ ਲਗਾ । ਤਾਂ ਬਾਬਾ ਜੀ ਨੇ ਉਸ ਨੂੰ ਭੀ ਸਤਿਨਾਮ ਕਾ ਮੰਤ੍ਰ ਦ੍ਰਿੜਾਇਆ ਅਰ ਸਭੇ ਸਿਖ ਹੋਏ । ਤਾਂ ਉਨਾਂ ਅਰਦਾਸ ਕੀਤੀ, ਜੀ ਗਰੀਬ ਨਿਵਾਜ ਤੁਸੀਂ ਏਥੇ ਸਦੀਵ ਵਸੋ । ਬਚਨ ਹੋਇਆ ਕਿ ਅਸਾਡਾ ਸਰੀਰ ਸਰਗੁਨ ਰੂਪ ਹੈ ਅਰ ਬਾਣੀ ਨਿਰਗੁਣ ਰੂਪ ਹੈ । ਸੋ ਮੇਰੀ ਬਾਣੀ ਦਾ ਤੁਸਾਂ ਅਭਿਆਸ ਸਦੀਵ ਕਰਣਾ । ਅਤੇ ਜਦ ਤੁਸਾਨੂੰ ਕਾਮਨਾ ਹੋਵੇ ਤਦ ਕੜਾਹ ਕਰਕੇ ਅਰਦਾਸ ਕਰਨੀਂ ਅਰ ਸ਼ਬਦ ਪੜਨਾ ਤਦ ਤੁਸਾਡੀ ਕਾਮਨਾ ਵਾਹਗੁਰੂ ਪੂਰਨ ਕਰੇਗਾ । ਸੋ ਇਹ ਉਪਦੇਸ ਦੇਇ ਕਰ ਬਾਬਾ ਜੀ ਟੁਰਨ ਲਗੇ । ਤਾਂ ਰਾਜੇ ਨੇ ਆਖਿਆ ਜੋ, ਜੀ ਤੁਸੀਂ ਕੁਝ ਭੇਟ ਲਹੋ, ਸੋ ਮੋਤੀ ਅਰ ਜਵਾਹਰ ਦਾ ਢੇਰ ਅਗੇ ਆਣ ਕੀਤਾ । ਤਾਂ ਬਚਨ ਹੋਇਆ ਕਿ ਅਸਾਡੇ ਪਾਸ ਨਾਮ ਰੂਪੀ ਜਵਾਹਰ ਹੈਨ ਅਤੇ ਏਹ ਅਸਾਨੂੰ ਨਹੀਂ ਚਾਹੀਤਾ । ਤਾਂ ਮਰਦਾਨੇ ਕਹਿਆ, ਹੇ ਗਰੀਬ ਨਿਵਾਜ ਜੀ ਕੋਈ ਤਾਂ ਲੈ ਲਈਏ । ਤਾਂ ਬਚਨ ਹੋਇਆ ਕਿ ਮਰਦਾਨਿਆ ਇਹ ਮੋਤੀ ਜਿਤਨੇ ਹੈਨ ਸੋ ਦੁਖ ਰੂਪ ਹੈਨ ਅਰ ਪਰਮੇਸਰ ਕਾ ਨਾਮ ਜੋ ਹੈ ਸੋ ਸੁਖਦਾਈ ਹੈ । ਸੋ ਤੈਨੂੰ ਪ੍ਰਾਪਤ ਹੋਇਆ ਹੈ ।

ਸਾਖੀ (ਮਾਤਾ ਪਿਤਾ ਨਾਲ ਮਿਲਾਪ)

ਤਾਂ ਉਥੇ ਸਤਿਨਾਮ ਦਾ ਮੰਤ੍ਰ ਦੇ ਕੇ ਬਾਬਾ ਜੀ ਤਲਵੰਡੀ ਕੇ ਬਨ ਵਿਚ ਆਇ ਬੈਠੇ । ਤਾਂ ਮਰਦਾਨੇ ਆਖਿਆ, ਜੀ ਮੈਂ ਘਰ ਦੇ ਲੋਕਾਂ ਨੂੰ ਮਿਲ ਆਵਾਂ । ਤਾਂ ਬਚਨ ਹੋਇਆ, ਹੇ ਮਰਦਾਨਿਆ ਅਜੇ ਤੇਰਾ ਮੋਹ ਤੁਟਾ ਨਹੀਂ । ਤਾਂ ਮਰਦਾਨੇ ਆਖਿਆ, ਜੀ ਤੁਸਾਡੀ ਕਿਰਪਾ ਕਰ ਕੇ ਸਨੇ ਸਨੇ ਮੋਹ ਤੁਟ ਜਾਵੇਗਾ । ਤਾਂ ਬਚਨ ਹੋਇਆ, ਮਰਦਾਨਿਆ ਜਾਇ ਪਰ ਸਾਡੇ ਘਰ ਖਬਰ ਨਾ ਕਰੇਂ ਜੋ ਬਾਬਾ ਬਾਹਰ ਆਇਆ ਹੈ । ਤਾਂ ਮਰਦਾਨੇ ਆਇ ਕਹਯਾ ਜੀ, ਜੇ ਮੇਰੇ ਪਾਸ ਭੀ ਕੁਛ ਹੋਵੇ, ਤਾਂ ਮੈਂ ਉਨਾਂ ਨੂੰ ਖਰਚੀ ਦੇਵਾਂ । ਤਾਂ ਬਾਬੇ ਆਖਿਆ, ਕਿ ਉਨਾਂ ਦੀ ਭੀ ਵਾਹਿਗੁਰੂ ਪ੍ਰਤਪਾਲਾ ਕਰਦਾ ਹੈ । ਤਾਂ ਉਸ ਆਖਿਆ ਜੀ ਭੀ ਮੇਰੇ ਪਾਸ ਕੁਝ ਹੋਵੇ । ਤਾਂ ਬਚਨ ਹੋਇਆ ਕਿ ਮੁਠ ਰੋੜਾਂ ਦੀ ਪਲੇ ਬੰਨ ਕੇ ਲੈ ਜਾ ਤਾਂ ਮਰਦਾਨੇ ਰੋੜਾਂ ਦੀ ਮੁਠ ਪਲੇ ਬੰਨ ਲਈ । ਸੋ ਜਬ ਗਇਆ ਅਪਨੇ ਘਰ ਤਾਂ ਸਾਰੇ ਘਰ ਦੇ ਆਇ ਮਿਲੇ ਅਤੇ ਜਦ ਪਲਾ ਖੋਲੇ ਤਾਂ ਓਹ ਰੋੜ ਸੁਇਨੇ ਦੇ ਹੋਏ ਆਏ । ਸੋ ਓਹ ਆਪਣੇ ਘਰ ਦਿਤੇ ਤਾਂ ਕਾਲੂ ਸੁਣਿਆ ਕਿ ਮਰਦਾਨਾ ਆਇਆ ਹੈ । ਤਾਂ ਮਨ ਵਿਚ ਵਿਚਾਇਆ ਕੇ ਬਾਬਾ ਭੀ ਆਇਆ ਹੋਵੈਗਾ ਤਾਂ ਫੇਰ ਮਨ ਵਿਚ ਵਿਚਾਰਿਆ ਕਿ ਮਰਦਾਨੇ ਦੇ ਘਰ ਪੁਛਣ ਚਲੀਏ । ਸੋ ਇਹ ਵਿਚਾਰ ਕੇ ਮਰਦਾਨੇ ਘਰ ਆਇਆ ਅਰ ਮਰਦਾਨੇ ਪਾਸੋਂ ਪੁਛਿਆ ਤਾਂ ਮਰਦਾਨੇ ਕਹਿਆ ਬਾਬਾ ਜੀ ਇਸ ਦੇਸ ਆਏ ਹਨ ਪਰ ਕਿਆ ਜਾਣੀਏ ਕਿਧਰ ਗਏ ਹਨ । ਤਾਂ ਕਾਲੂ ਆਖਿਆ ਹੇ ਮਰ-ਦਾਨਿਆਂ ਜੇ ਆਪ ਜਾਵੇਂ ਤਾਂ ਮੈਨੂੰ ਵੀ ਲਈ ਚਲੀ । ਤਾਂ ਉਸ ਆਖਿਆ ਕਿ ਗੁਰੂ ਨਾਨਕ ਜੀ ਕਿਆ ਜਾਣੀਐ ਕਿਥੇ ਹੋਵਣਗੇ । ਪਰ ਤਿਥੋਂ ਦੀ ਖਬਰ ਲੈ ਕਰ ਬਾਲਾ ਸੰਧੂ ਆਵੈਗਾ ਤਾਂ ਕਾਲੂ ਫੇਰ ਘਰ ਆਇਆ ਅਤੇ ਫਿਰ ਤੁਰਦਿਆਂ ਹੋਇਆਂ ਮਰਦਾਨੇ ਕਹਿਆ, ਕਿ ਬਾਬੇ ਕਹਿਆ ਹੈ ਜੋ ਏਹ ਉਪਦੇਸ ਸਾਡੇ ਘਰ ਦੇਣਾ ਜਾਇਕੇ ਕਿ ਜੈਸੇ ਸ੍ਰੀ ਕ੍ਰਿਸ਼ਨ ਨੇ ਨੰਦ ਆਦਿਕ ਗੋਪੀਆਂ ਨੂੰ ਵਿਛੋੜਾ ਦੇਇ ਕੇ ਅਤੇ ਫੇਰ ਗਿਆਨ ਦ੍ਰਿੜਾਇਆ ਸੀ ਤੈਸੇ ਤੁਸਾਂ ਨੂੰ ਵਿਛੋੜਿਆ ਹੈ ਸੋ ਫੇਰ ਗਿਆਨ ਆਨ ਦ੍ਰਿੜਾਵੋਂਗਾ ਅਰ ਦੂਇ ਦਿਸਾ ਦੀ ਉਦਾਸੀ ਕਰ ਆਏ ਹਾਂ ਅਤੇ

ਦੂਇ ਦਿਸਾ ਦੀ ਰਹਿੰਦੀ ਹੈ। ਤਾਂ ਕਾਲੂ ਸੁਣ ਕੇ ਮਥਾ ਟੇਕਿਆ। ਅਰ ਕਹਿਆ, ਕਿ ਜੋ ਕੁਛ ਓਹ ਕਰਨਗੇ ਸੋ ਹਮਰੇ ਭਲੇ ਦੀ ਗਲ ਹੀ ਕਰਨਗੇ। ਤਾਂ ਕਾਲੂ ਵਿਦਾ ਹੋਯਾ ਅਰ ਬਾਲਾ ਤੇ ਮਰਦਾਨਾ ਉਥੋਂ ਤੁਰੇ ਅਰ ਬਾਬੇ ਨੂੰ ਦੋਹਾਂ ਆਇ ਮਥਾ ਟੇਕਿਆ। ਤਾਂ ਬਚਨ ਹੋਇਆ ਬਾਲਿਆ ਤੂੰ ਸਾਡੇ ਨਾਲ ਚਲੇਂਗਾ ਕੇ ਘਰ ਜਾਵੇਂਗਾ। ਤਾਂ ਬਾਬੇ ਨੂੰ ਬਾਲੇ ਕਹਿਯਾਂ ਜੀ, ਮੈਂ ਅਗੇ ਹੀ ਭੁਲਾ ਹਾਂ ਜੋ ਮੈਂ ਤੁਸਾਡੇ ਨਾਲ ਨਹੀਂ ਗਿਆ।

ਸਾਖੀ (ਮੁਲਤਾਨ ਦੇ ਪੀਰਾਂ ਨਾਲ ਗੋਸਟਿ)

ਸੋ ਮੇਲੇ ਦੇ ਸਿਧਾ ਕੋਂ ਜਿਤ ਕੇ ਬਾਬੇ ਨੇ ਮਰਦਾਨੇ ਨੂੰ ਆਖਿਆ ਕਿ ਅਸਾਂ ਮੁਲਤਾਨ ਜਾਣਾ ਹੈ। ਸੋ ਫਿਰ ਗੁਰੂ ਅੰਗਦ ਤੇ ਬਾਲੇ ਨੂੰ ਪਿਤਾ ਕਾਲੂ ਤੇ ਮਾਤਾ ਤ੍ਰਿਪਤਾ ਪਾਸ ਕਰਤਾਰ-ਪੁਰ ਨੂੰ ਰੁਖਸਤ ਕੀਤਾ। ਅਰ ਆਪ ਮਰਦਾਨੇ ਨੂੰ ਨਾਲ ਲੈ ਕਰ ਚਨੀਓਟ ਦੀ ਪਰਬਤੀ ਉਪਰ ਚਨਾਬ ਦੇ ਕੰਠੇ ਉਤੇ ਜਾਇ ਬੈਠੇ। ਸੋ ਸਾਹ ਬੁਰਾਨ ਉਥੋਂ ਦਾ ਪੀਰ ਸੀ ਸੋ ਦੀਦਾਰ ਨੂੰ ਆਇਆ ਅਰ ਬਾਬੇ ਦੇ ਚਰਣ ਪਕੜੇ ਜੋ ਮੈਨੂੰ ਕੁਝ ਉਪਦੇਸ ਕਰਹੁ। ਤਾਂ ਬਾਬੇ ਬਚਨ ਕੀਤਾ ਤੂੰ ਦਮ ਦਮ ਵਾਹਗੁਰੂ ਦਾ ਜਾਪ ਕਰਣਾ ਤੇ ਜੋ ਮਰੀਦ ਹੋਵਨ ਉਨਾਂ ਨੂੰ ਭੀ ਸਬਦ ਦਾ ਉਪਦੇਸ ਕਰਣਾ ਅਤੇ ਕੜਾਹ ਪ੍ਰਸਾਦਿ ਵਰਤਾਣਾ ਅਰਦਾਸ ਕਰ ਕੇ, ਸੋ ਤੁਸਾਡਾ ਇਸੇ ਕਰ ਕਲਿਆਣ ਹੋਵੈਗਾ। ਤਾਂ ਉਥੋਂ ਬਾਬਾ ਜੀ ਮੁਲਤਾਨ ਨੂੰ ਗਏ। ਅਰ ਸਮਸ ਤਬਰੇਜ ਕੇ ਪਾਸ ਜਾਇ ਆਸਣ ਕੀਤਾ ਅਤੇ ਮੁਲਤਾਨ ਦੇ ਪੀਰਾਂ ਨੂੰ ਖਬਰ ਭੇਜੀ ਜੋ ਅਸੀਂ ਤੁਸਾਡੇ ਦਰਸ਼ਨ ਨੂੰ ਆਇ ਹਾਂ। ਤਾਂ ਅਗੋਂ ਪੀਰਾਂ ਨੇ ਦੁਧ ਦਾ ਕਟੋਰਾ ਭੇਜਿਆ ਜੋ ਮੁਲਤਾਨ ਪੀਰਾਂ ਨਾਲ ਪੂਰ ਹੈ। ਤਾਂ ਬਾਬੇ ਚੰਬੇਲੀ ਦਾ ਫੂਲ ਕਟੋਰੇ ਉਤੇ ਰਖ ਦਿਤਾ ਜੋ ਅਸੀਂ ਫੂਲਾਂ ਦੀ ਨਯਾਈ ਨਿਰਲੇਪ ਰਹਾਂਗੇ। ਤਾਂ ਸਭੇ ਪੀਰ ਮੁਲਤਾਨ ਦੇ ਓਥੇ ਹੀ ਆਏ ਤਾਂ ਸਮਸ ਪੁਛਿਆ ਜੋ ਮੈਂ ਤਪ ਕਰ ਸਰੀਰ ਨੂੰ ਦਗਧ ਕੀਤਾ ਹੈ, ਪਰ ਮਨ ਦੀਆਂ ਜੋ ਵਾਸਨਾਂ ਹੈਨ ਸੋ ਨਹੀਂ ਮਰਦੀਆਂ। ਤਾਂ ਬਾਬੇ ਕਹਿਆ ਵਰਮੀ ਦੇ ਮਾਰਿਆਂ ਸਰਪ ਨਹੀਂ ਮਰਦਾ। ਅਰ ਸਰਪ ਜੋ ਵਸ ਹੋਂਦਾ ਹੈ ਸੋ ਮੰਤ੍ਰ ਕਰ ਵਸ ਹੋਂਦਾ ਹੈ। ਤੈਸੇ ਸਰੀਰ ਦੇ ਤਪ ਕੀਤੀਆਂ ਮਨ ਨਹੀਂ ਮਰਦਾ। ਮਨ ਜੋ ਵਸ ਹੋਂਦਾ ਹੈ ਸੋ ਗੁਰੂ ਦੇ ਸਬਦ ਕਰ ਵਸ ਹੋਂਦਾ ਹੈ। ਤਾਂ ਸਮਸ ਪੁਛਿਆ, ਓਹ ਕਿਹੜਾ ਸਬਦ ਹੈ। ਤਾਂ ਬਾਬੇ ਕਹਿਆ, ਜਗਤ ਨੂੰ ਝੂਠ ਜਾਣਨਾ ਏਹੋ ਸਬਦ ਹੈ। ਅਰ ਜੇਤਾ ਜਗਤ ਹੈ ਮਨ ਦੇ ਸੰਕਲਪ ਵਿਚ ਖਲੋਤਾ ਹੈ। ਸੋ ਜੁ ਸਬਦ ਵਲ ਸੰਕਲਪ ਹੋਵੇਗਾ ਤਾਂ ਸੁਧ ਹੋਵੈਗਾ। ਤਾਂ ਬਹਾਵਲ ਹਕ ਬੋਲਿਆ ਕਿ ਮਾਇਆ ਨੂੰ ਝੂਠ ਕਹਿੰਦੇ ਹਨ ਤੇ ਮਾਇਆ ਬਿਨਾ ਵਿਵਹਾਰ ਭੀ ਸੁਧ ਨਹੀਂ ਹੋਤਾ। ਤਾਂ ਬਾਬੇ ਕਹਿਆ, ਜੇਹੀ ਮਾਇਆ ਝੂਠੀ ਹੈ ਤੇਹਾ ਵਿਵਹਾਰ ਭੀ ਝੂਠ ਹੈ। ਅਰ ਜੇਹਾ ਪਰਮੇਸਰ ਸਚ ਹੈ ਤੇਹਾ ਉਸਦਾ ਨਾਮ ਭੀ ਸਚ ਹੈ। ਤਾਂ ਰੁਕਨਦੀਨ ਪੁਛਿਆ ਕਿ ਬਜੁਰਗਾਂ ਦੇ ਕੀ ਲਛਣ ਹੈਨ। ਤਾਂ ਬਾਬੇ ਆਖਿਆ ਕਿ ਪਹਿਲੇ ਤਾਂ ਏਹ ਜੋ ਨੀਯਤ ਸਾਫ ਕਰੇ ਤੇ ਬਜੁਰਗਾਂ ਦੀ ਸੋਹਬਤ ਕਰੇ ਅਤੇ ਦੂਸਰਾ ਜੋ ਕਿਸੇ ਦੇ ਗੁਣ ਸੁਣੇ ਤਾਂ ਪ੍ਰਸੰਨ ਹੋਵੈ। ਤੀਸਰਾ ਗੁਣਾਂ ਵਾਲੇ ਦੀ ਖਿਦਮਤ ਕਰੇ। ਅਰ ਚੌਥਾ ਵਡਿਆਈ ਗੁਰਪੀਰ ਦੀ ਜਾਣੇ ਜਿਸਨੂੰ ਮਿਲ ਕੇ ਗੁਣ ਪ੍ਰਾਪਤ ਹੋਵਨ। ਅਰ ਪੰਜਵਾਂ ਜੈਸੇ ਖਾਵਣ ਦਾ ਕੇ ਅਮਲ ਦਾ ਵਿਯਸਨ ਹੈ ਤੈਸੇ ਗੁਰਾਂ ਦੇ ਸਬਦ ਦਾ ਤੇ ਆਤਮ ਗਿਆਨ ਦਾ ਵਿਯਸਨ ਕਰੇ। ਤੇ ਛੇਵਾਂ ਆਪਣੀ ਇਸਤ੍ਰੀ ਨਾਲ ਪ੍ਰੀਤ ਕਰੇ ਤੇ ਹੋਰ ਇਸਤ੍ਰੀਆਂ ਦਾ ਤਯਾਗ ਕਰੇ ਅਥਵਾ ਸਬੁਧ ਨਾਲ ਪਿਆਰ ਕਰੇ। ਅਰ ਸਤਵਾਂ ਜਿਸ ਗਲ ਵਿਚ ਸਾਧਾਂ ਨਾਲ ਦੁਬਧਾ ਪਵੈ ਉਸ ਦਾ ਤਿਆਗ

ਕਰਨਾ । ਅਰ ਅਠਵਾਂ ਆਪ ਥੀਂ ਬੁਧ ਕਰਕੇ ਯਾ ਤਪ ਕਰ ਵਡਾ ਹੋਵੈ ਉਸ ਦੀ ਟਹਿਲ ਕਰਨੀ । ਅਰ ਨਾਵਾਂ ਜੇ ਬਲ ਹੋਵੇ ਤਾਂ ਆਪਣੇ ਮਨ ਨੂੰ ਹੀ ਨੀਵਾਂ ਕਰਨਾ । ਅਰ ਹੋਰਸ ਨੂੰ ਬਲ ਨ ਵਿਖਾਲਣਾ, ਅਰ ਦਸਵਾਂ ਬਦਕਾਰਾਂ ਦੀ ਸੋਹਬਤ ਦਾ ਤਿਆਗ ਕਰਣਾ । ਤਾਂ ਸਭਨਾ ਪੀਰਾਂ ਇਹ ਵਚਨ ਸੁਣ ਕੇ ਸਿਜਦਾਹ ਕੀਤਾ ਤੇ ਕਹਿਆ ਕੁਛ ਅਸਾਨੂੰ ਉਪਦੇਸ ਕਰੋ । ਤਾਂ ਬਾਬਾ ਜੀ ਨੇ ਹਾਜਰਨਾਮਾ ਕਹਿਆ ।

ਭਗਤ ਰਤਨਾਵਲੀ

ਸਾਖੀ-7 (ਕਥਾ ਕੀਰਤਨ ਦਾ ਫਲ)

ਭਾਈ ਮਾਲੋ ਤੇ ਮਾਂਗਾ ਬਾਣੀ ਕੀਰਤਨ ਤੇ ਕਥਾ ਰਸਨਾ ਨਾਲ ਕਰਦੇ ਸਿਨ । ਇਕ ਦਿਨ ਗੁਰੂ ਨਾਨਕ ਜੀ ਦੇ ਦਰਸਨੁ ਨੂ ਭਾਈ ਮਾਲੋ ਤੇ ਭਾਈ ਮਾਂਗਾ ਆਏ । ਓਨਾ ਅਰਦਾਸਿ ਕੀਤੀ ਜੀ ਜੋ ਕਿਰਪਾ ਕਰਕੇ ਅਸਾਨੂ ਸੋ ਉਪਦੇਸ ਕਰੋ ਜਿਸ ਕਰਿਕੇ ਅਸਾਡਾ ਉਧਾਰੁ ਹੋਵੇ । ਤਾ ਬਾਬਾ ਬੋਲਿਆ : ਜੇ ਤਾਂਮਸੀ ਤਪੁ ਕਰੋਗੇ, ਜੈਸੇ ਅਗਨ ਤਾਪਣਾ ਤੇ ਜਲੁ ਵਿਚਿ ਨਿਵਾਸੁ ਕਰਨਾ, ਤੇ ਸੀਤ ਉਸਨ ਸਹਾਰਨਾ ਤੇ ਤੀਰਥਾ ਦਾ ਨਿਵਾਸ ਕਰਨਾ ਤੇ ਚੰਦ੍ਰਾਇਣ ਆਦਕਿ ਬ੍ਰਤ ਕਰਨੇ, ਤੇ ਭੂਮ ਦਾ ਭ੍ਰਮਣਾ, ਤੇ ਕੰਦਮੂਲ ਦਾ ਅਹਾਰੁ ਕਰਨਾ ਹੈਹ, ਸਭ ਕਠਨ ਕਰਮ ਹੈਨ । ਤੇ ਇੰਦ੍ਰੀਆਂ ਤੇ ਮਨ ਨੂ ਇਕਾਗਰ ਕਰਨਾ ਤੇ ਕਥਾ ਕੀਰਤਨ ਰੁਚੀ ਸਿਉ ਗਾਵਣਾ ਸੁਣਨਾ, ਏਹ ਕਰਮੁ ਸੁਗਮਿ ਹੈਨ । ਏਹੁ ਰਾਜਸੀ ਤਪੁ ਹੈ ਅਰੁ ਫਲੁ ਇਸ ਦਾ ਵਡਾ ਹੈ ਤੇ ਖੇਚਲ ਥੋੜੀ ਹੈ । ਤਾਂ ਅਗੋਂ ਮਾਲੋ ਪੁਛਿਆ ਜੀ ਅਸਾਂ ਤਾਂ ਥੋੜੀ ਮਜੂਰੀ ਕਰੇਗਾ ਸੋ ਥੋੜਾ ਫਲੁ ਪਾਏਗਾ । ਤੁਸਾ ਬਚਨ ਕੀਤਾ ਹੈ ਜੋ ਕਰਮ ਸੁਗਮੁ ਹੈ ਕਥਾ ਕੀਰਤਨ ਕਰਨਾ ਤੇ ਫਲੁ ਵਡਾ ਹੈ, ਏਹੁ ਅਸਾਡੇ ਸਮਝ ਵਿਚ ਕੈਸੇ ਆਵੇ ਤਾਂ ਬਚਨੁ ਹੋਇਆ : ਜੋ ਲਕੜੀ ਹਾਰੇ ਲਕੜੀਆਂ ਲਿਆਵਦੇ ਹੈਨਿ, ਤੇ ਪਾਡੀ ਪੰਡਾਂ ਲਿਆਵਦੇ ਹੈਨਿ ਤਾਂ ਮਜੂਰੀ ਵਡੀ ਕਰਦੇ ਹੈਨ ਤੇ ਨਫਾ ਥੋੜਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹਟੀ ਕਰਦੇ ਹੈਨ ਮਜੂਰੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ । ਸਰਾਫੁ ਤੇ ਬਜਾਜ ਓਨਾ ਥੀ ਭੀ ਮਜੂਰੀ ਥੋੜੀ ਕਰਦੇ ਹੈਨ, ਤੇ ਸੈਕੜਿਆਂ ਰੁਪਈਆ ਦਾ ਸੋਦਾ ਕਰਦੇ ਹੈਨ ਤਾਂ ਨਫਾ ਬਹੁਤ ਹੁੰਦਾ ਹੈ, ਤੇ ਜਵਾਹਰੀ ਮੋਤੀ ਹੀਰੇ ਦਾ ਸੌਦਾ ਕਰਦੇ ਹੈਨ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਤੇ ਨਫਾ ਬਹੁਤ ਉਨਾ ਨੂ ਬਹੁਤ ਹੁੰਦਾ ਹੈ । ਤੇ ਜੋ ਉਨਾਂ ਦੀ ਸੇਵਾ ਕਰਦਾ ਹੈ, ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ । ਤੈਸੇ ਹੋਰੁ ਜੋ ਤਪ ਹੈਨਿ, ਸੋ ਸਰੀਰ ਉਪਰ ਕਸਟ ਹੁੰਦਾ ਹੈ ਤੇ ਗਿਆਨੁ ਦੀ ਪਰਾਪਤੀ ਨਹੀਂ ਹੁੰਦੀ । ਤੇ ਕਥਾ ਕੀਰਿਤਨ ਦੇ ਪੜਨ ਸੁਣਨਿ ਕਰ ਪ੍ਰਿਥਮੇ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿਛੇ ਇਸੇ ਦੇ ਵਿਚੋਂ ਗਿਆਨੁ ਪ੍ਰਾਪਤ ਹੋ ਜਾਂਦਾ ਹੈ, ਤਾਤੇ ਇਹ ਸਾਂਤਕੀ ਤਪੁ ਹੈਨ ਨਫਾ ਬਹੁਤੁ ਹੈ । ਤਾਂ ਇਹੁ ਵਚਨੁ ਸੁਣ ਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁਖ ਬੈਠਿ ਕੇ ਸਭ ਇੰਦ੍ਰੀਆਂ ਨੂ ਤੇ ਮਨ ਨੂੰ ਸੰਕੋਚ ਕੇ ਸੁਣੇ, ਤੇ ਦੋਨੋ ਮਿਲ ਕੇ ਫੇਰਿ ਕੀਰਤਨੁ ਕਰਨੁ । ਤਾਂ ਓਨਾ ਦੇ ਰਸਨਾ ਥੀ ਐਸਾ ਸਭ ਸਿਖਾ ਨੂ ਰਸੁ ਆਵੈ, ਤਾ ਜੋ ਕੋਈ ਸੁਣੇ ਸਭ ਪਾਪਾਂ ਦਾ ਤਿਆਗਿ ਕਰਨਿ । ਤੇ ਧਰਮ ਦੀ ਕਿਰਤ ਕਰਕੇ ਵੰਡਿ ਖਾਵਨ, ਤੇ ਆਏ ਗਏ ਸਾਧਾਂ ਸੰਤਾਂ ਦੀ ਟਹਿਲ ਕਰਨ । ਸਾਰੇ ਦੇਸਿ ਦਾ ਕਲਿਆਣੁ ਹੋਇਆ । ੭ ।

ਸਾਖੀ-10 (ਚਾਰ ਪਦਾਰਥਾਂ ਦੀ ਪ੍ਰਾਪਤੀ ਦੇ ਸਾਧਨ)

ਸੀਹਾਂ ਤੇ ਗਜਣੁ ਦੋਨੋ ਚਾਚੇ ਤਾਏ ਦੇ ਪੁਤਰ ਸਿਨ । ਜਬ੍ਹ ਬਾਬੇ ਦਾ ਓਨਾ ਦਰਸਨੁ

ਕੀਤਾ ਤਾ ਓਨਾ ਅਰਦਾਸਿ ਕੀਤੀ : ਜੀ ਜਿਸ ਕਰਿਕੇ ਅਸਾਡਾ ਜਨਮ ਮਰਨ ਕਟੀਐ, ਤੇ ਚਾਰੇ ਪਦਾਰਥ ਅਸਾਂ ਨੂੰ ਪ੍ਰਾਪਤ ਹੋਵਨਿ। ਤਾ ਬਾਬਾ ਬੋਲਿਆ : ਏਹੁ ਜੁ 'ਵਾਹਿਗੁਰੂ' ਦਾ ਨਾਮੁ ਹੈ ਇਸ ਦੇ ਜਾਪੁ ਕਰਨ ਤੇ ਚਾਰੇ ਪਦਾਰਥ ਪ੍ਰਾਪਤ ਹੁੰਦੇ ਹੈਨਿ। ਤਾਂ ਉਨਾ ਪੁਛਿਆ ਜੀ 'ਵਾਹਿਗੁਰੂ' ਦਾ ਅਰਥੁ ਕੀ ਹੈ। ਤਾ ਬਾਬਾ ਬੋਲਿਆ ਜੁ ਵਵਾ ਵਾਸਦੇਵਾ, ਹਾਹਾ ਹਰਿ, ਗਗਾ ਗੋਵਿੰਦ, ਰਾਰਾ ਰਾਮੁ। ਇਕ ਵਾਰੀ ਦੇ ਨਾਮੁ ਜਪਣ ਕਰਿ ਚਾਰੋ ਔਤਰਾ ਦਾ ਜਾਪੁ ਹੁੰਦਾ ਹੈ। ਤੇ ਦੂਜਾ ਇਸ ਦਾ ਏਹੁ ਅਰਥ ਹੈ। 'ਵਾਹ' ਨਾਮ ਅਚਰਜ ਕਾ ਹੈ, ਤਿਸ ਦੀ ਸਤਿਆ ਕਰਕੇ ਸਭ ਪਦਾਰਥੁ ਜਾਤੇ ਜਾਵਨਿ, ਤੇ ਓਸ ਨੂੰ ਜਾਣ ਨ ਸਕੀਐ। ਤੇ 'ਗੋ' ਨਾਮ ਅੰਧਕਾਰ ਦਾ ਹੈ, ਤੇ 'ਰੋ' ਨਾਮ ਪ੍ਰਕਾਸ ਦਾ ਹੈ, ਜੋ ਐਸੇ ਜੜਿ ਅਨਿਤ ਦੇਹ ਨੂ ਜੁ ਪ੍ਰਕਾਸ ਦੇ ਰਹਿਆ ਹੈ ਓਸਦਾ ਨਾਮੁ ਵਾਹਿਗੁਰੂ ਹੈ, ਉਸਦੇ ਜਪਣੇ ਅਰੁ ਜਾਨਣੇ ਤੇ ਚਾਰੇ ਪਦਾਰਥ ਪ੍ਰਾਪਤਿ ਹੁੰਦੇ ਹੈਨਿ। ਤਾਂ ਓਨਾ ਪੁਛਿਆ ਜੀ ਕਿਸੇ ਤਰਾਂ ਚਾਰ ਪਦਾਰਥ ਮੁਹੋ ਵਾਹਿਗੁਰੂ ਆਖਿਆਂ ਮਿਲਦੇ ਹੈਨਿ। ਤਾ ਬਾਬਾ ਬੋਲਿਆ : ਜੇ ਸਾਧ ਸੰਗਤਿ ਨੂ ਟੁਰਕੇ ਜਾਈਐ, ਤਾਂ ਚਰਨਿ ਵਿਚਿ ਅਸਮੇਧ ਸੌ ਸੌ ਜਗ ਦਾ ਫਲ ਹੁੰਦਾ ਹੈ ਤੇ ਜਿਸ ਮਾਇਆ ਵਾਸਤੇ ਬੜੇ ਜਤਨ ਕਰੀਦੇ ਹੈਨਿ ਸੋ ਮਾਇਆ ਭੀ ਮਹਾਰਾਜ ਦੇ ਭਗਤਾ ਨੂ ਪੈਰੀ ਪੈ ਕੇ ਲੋਕ ਆਂਣ ਦੇਂਦੇ ਹੈਨਿ ਤੇ ਜੋ ਜੋ ਕਾਮਨਾ ਆਪਣੇ ਭਗਤਾਂ ਦੇ ਮਨਿ ਵਿਚ ਹੁੰਦੀ ਹੈ, ਸੋ ਸੋ ਕਾਮਨਾਂ ਸਭ ਮਹਾਰਾਜ ਪੂਰੀ ਕਰ ਦੇਂਦਾ ਹੈ। ਤੈਸੇ ਵਾਹਿਗੁਰੂ ਦੇ ਨਾਮੁ ਦਾ ਅਰਥਿ ਸਮਝੀਐ, ਤਾਂ ਗਿਆਨੁ ਪ੍ਰਾਪਤਿ ਹੁੰਦਾ ਹੈ, ਤਾਂ ਮੁਕਤਿ ਹੁੰਦੀ ਹੈ, ਤਾਂ ਤੇ ਚਾਰੇ ਪਦਾਰਥ ਵਾਹਿਗੁਰੂ ਦੇ ਨਾਮ ਦੇ ਅਧੀਨ ਹੈਨਿ। ਪਿਛਲੀ ਰਾਤ ਓਹਿ ਇਸਨਾਨ ਕਰਕਿ ਬਾਣੀ ਪੜਨਿ। ਦਿਨੇ ਆਪਣੀ ਕਿਰਤਿ ਭੀ ਕਰਨਿ, ਤੇ ਸਵਾਸ ਤਲੇ ਜਾਵੇ ਤਾਂ 'ਵਾਹਾ' ਉਚਾਰਨਾ, ਤੇ ਜੋ ਸਵਾਸ ਉਪਰਿ ਆਵੇ ਤਾਂ 'ਗੁਰੁ' ਦਾ ਉਚਾਰੁ ਕਰਨਾ। ਇਸ ਪਰਕਾਰ ਬੀਤਾਵਨਿ, ਤੇ ਆਏ ਗਏ ਸਾਧ ਸੰਤ ਦੀ ਸੇਵਾ ਟਹਿਲ ਕਰਨਿ। ਤੇ ਸੰਗਰਾਦ ਉਮਾਵਸਿ ਆਵੈ, ਵੈਸਾਖੀ ਦੀਪ ਮਾਲਾ ਸੁਭ ਦਿਨ ਬੀਚਾਰ ਕੇ ਕੜਾਹੁ ਕਰਨ ਤੇ ਸਿਖਾਂ ਨੂੰ ਪ੍ਰਸਾਦਿ ਕਰਨ। ਇਸ ਪ੍ਰਕਾਰ ਕਈ ਦਿਨ ਬੀਤੇ।

ਇਕ ਦਿਨ ਸੀਹੇ ਦੀ ਬੇਟੀ ਦਾ ਵਿਵਾਹ ਹੈਸੀ ਤੇ ਭਲਕੇ ਜੰਞ ਆਵਣੀ ਹੈਸੀ। ਇਕੁ ਦਿਨ ਅਗੋ ਦੀ ਹੀ ਬਹੁਤੇ ਸਿਖ ਓਸਦੇ ਘਰਿ ਆਏ। ਗੁਰੂ ਕੇ ਦਰਸਨਿ ਨੂੰ ਚਲੇ ਹੈਸਨਿ, ਤਾ ਜੇਹੜਾ ਪਕਵਾਨ ਜੰਞ ਵਾਸਿਤੇ ਸੋ ਸਭ ਸਿਖਾਂ ਨੂ ਖਵਾਲ ਦਿਤਾ। ਤਾਂ ਉਸ ਦੀ ਸਿਖਣੀ ਸੋਚ ਚਿੰਤਾ ਲਗੀ ਕਰਨਿ : ਜੰਞੁ ਨੂ ਅਸੀ ਕੀ ਖਵਾਲਾਂਗੇ। ਤਾ ਸੀਹੇ ਕਹਿਆ : ਅਸਾਡੀ ਪੈਜਿ ਗੁਰੂ ਬਾਬਾ ਰਖੇਗਾ। ਤਾ ਅਗਲੇ ਦਿਨ ਜੰਞ ਆਈ, ਤਾਂ ਇਸਤ੍ਰੀ ਨੇ ਕਹਿਆ : ਏਨਾ ਨੂ ਕਿਥੋ ਜਿਵਾਈਐ। ਤਾ ਭਾਈ ਸੀਹੇ ਅਰਦਾਸਿ ਕਰਕੇ ਜੰਦ੍ਰਾ ਕੋਠੜੀ ਦਾ ਖੋਲਿਆ, ਤਾਂ ਸਾਰੇ ਜਾਂਞੀ ਭੀ ਤੇ ਮਾਂਞੀ ਭੀ ਖਾਇਕੇ ਤ੍ਰਿਪਤੀ ਭਏ। ਤੇ ਪੰਜ ਦਿਨ ਜੰਞ ਨੂ ਰਖਿਆ, ਸਭ ਪਰਸੰਨ ਹੋਏ। ਤਾ ਓਨਾ ਕਹਿਆ ਗੁਰੂ ਆਪਣੇ ਸਿਖਾਂ ਦੀ ਆਪੇ ਪੈਜ ਰਖਦਾ ਹੈ। ੧੦।

ਸਾਖੀ–38 (ਗੁਰਮੁਖ ਅਤੇ ਮਨਮੁਖ)

ਕੂਲਾ ਤੇ ਭੁਲਾ ਦੋਵੇ ਭੰਞੀ ਹੈਸਨਿ ਤੇ ਭਗੀਰਥੁ ਸੁਇਨੀ ਹੈਸੀ, ਤਿਨੇ ਗੁਰੂ ਅਰਜਨ ਜੀ ਕੀ ਸਰਣਿ ਆਏ ਤਾ ਅਰਦਾਸ ਕੀਤੀ : ਜੀ ਗਰੀਬ ਨਿਵਾਜ ਅਸੀ ਜਨਮਾ ਤੇ ਜੂਨੀ ਵਿਚ ਬਹੁਤੁ ਦੁਖ ਪਾਵਦੇ ਆਏ ਹਾਂ, ਹੁਣ ਤਸੀਂ ਕਿਰਪਾ ਕਰੋ, ਜੁ ਅਸਾਡਾ ਜਨਮ ਮਰਣੁ

ਕਟੀਏ । ਤਾ ਬਚਨੁ ਹੋਇਆ : ਤੁਸੀਂ ਗੁਰਮੁਖਾ ਦੇ ਕਰਮੁ ਕਰੋ, ਤੇ ਮਨਮੁਖਾ ਦੇ ਕਰਮ ਤਿਆਗੋ । ਤਾ ਓਨਾ ਅਰਦਾਸ ਕੀਤੀ : ਜੀ ਗਰੀਬ ਨਿਵਾਜ, ਗੁਰਮੁਖ ਕਿਤਨੇ ਪ੍ਰਕਾਰ ਦੇ ਹੁੰਦੇ ਹੈਨਿ ਤੇ ਮਨਮੁਖ ਕਿਤਨੇ ਪ੍ਰਕਾਰ ਦੇ ਹੁੰਦੇ ਹੈਨਿ । ਬਚਨੁ ਹੋਇਆ : ਤਿਨ ਪ੍ਰਕਾਰ ਦੇ ਗੁਰਮੁਖ ਹੈਨਿ, ਤਿਨ ਪ੍ਰਕਾਰ ਦੇ ਮਨਮੁਖ ਹੈਨਿ । ਇਕ ਗੁਰਮੁਖ ਹੈਨਿ, ਇਕ ਗੁਰਮੁਖਤਰ ਹੈਨਿ, ਇਕ ਗੁਰਮੁਖਿਤਮ ਹੈਨਿ । ਗੁਰਮੁਖ ਕਉਣ ਹੈਨਿ । ਜਿਨਾ ਨੇ ਖੋਟਿਆ ਕਰਮਾ ਵਲੋਂ ਪਿਠ ਦਿਤੀ ਹੈ ਤੇ ਗੁਰੂ ਦੇ ਵਚਨਾ ਵਲ ਮੁਖ ਕੀਤਾ ਹੈ, ਤੇ ਜੇ ਇਕ ਭੀ ਓਨਾ ਨਾਲਿ ਚੰਗਿਆਈ ਕਰਦਾ ਹੈ ਤਾ ਆਪਣੇ ਵਲੋਂ ਸਦੀਵ ਉਸ ਦੇ ਨਾਲਿ ਚੰਗਿਆਈ ਕਰਦੇ ਰਹਿੰਦੇ ਹੈ ਤਾ ਉਸ ਦੀ ਭਲਿਆਈ ਵਿਸਾਰਦੇ ਨਹੀਂ ਤੇ ਆਪਣੀ ਭਲਿਆਈ ਚਿਤ ਨਹੀਂ ਕਰਦੇ । ਗੁਰਮੁਖਿਤਰ ਓਹ ਹੈਨਿ ਜੋ ਬੁਰੇ ਕਰਮ ਓਨਾ ਤਿਆਗਿ ਦਿਤੇ ਹੈਨਿ, ਤੇ ਭਲਿਆ ਕਰਮਾ ਦੇ ਅੰਗੀਕਾਰੁ ਕੀਤਾ ਹੈ ਤੇ ਜਿਸ ਦਾ ਕੰਮੁ ਓਨਾ ਦੇ ਤੀਕ ਆਵਦਾ ਹੈ ਤਾ ਸਭਸੈ ਨਾਲ ਭਲਾ ਹੀ ਕਰਦੇ ਹੈ, ਭਾਵੇਂ ਕੋਈ ਭਲਾ ਕਰੇ ਭਾਵੇਂ ਕੋਈ ਬੁਰਾ ਕਰੇ, ਓਹ ਅਪਣੇ ਵਲੋਂ ਭਲਾ ਹੀ ਕਰਦੇ ਹੈਨਿ । ਤੇ ਗੁਰਮੁਖਿਤਮ ਓਹ ਹੈਨਿ ਜੋ ਗਿਆਨ ਸੰਪੰਨਿ ਹੈਨਿ । ਭਲਾ ਸਭਸੇ ਨਾਲਿ ਕਰਦੇ ਹੈਨਿ । ਜੇ ਕੋਈ ਓਨਾ ਨੂੰ ਬੁਰਾ ਭੀ ਕਰੇ ਤਾ ਓਨਾ ਦੇ ਨਾਲਿ ਭੀ ਭਲਾ ਹੀ ਕਰਦੇ ਹੈਨਿ । ਤੇ ਮਨਮੁਖ ਓਹੁ ਹੈਨ ਜੋ ਸਦਾ ਵਿਕਾਰ ਹੀ ਕਰਦੇ ਹੈਨਿ, ਜੋ ਕੋਈ ਓਨਾ ਦੇ ਨਾਲਿ ਭਲਿਆਈ ਕਰੇ ਸੋ ਵਿਸਾਰ ਦੇਂਦੇ ਹੈਨਿ ਤੇ ਬੁਰਿਆਈ ਜੇ ਕੋਈ ਕਰੇ ਤਾ ਵਿਸਾਰਦੇ ਨਹੀਂ । ਤੇ ਮਨਮੁਖਤਰੁ ਓਹ ਹੈਨਿ, ਜੋ ਕੋਈ ਭਲਾ ਬੁਰਾ ਹੋਵੇ, ਤਾ ਸਭਸੇ ਨਾਲ ਬੁਰਿਆਈ ਹੀ ਕਰਦੇ ਹੈਨਿ । ਤੇ ਮਨਮੁਖਤਮ ਓਹ ਹੈਨਿ ਜੋ ਭਲੇ ਨਾਲਿ ਵੀ ਬੁਰਿਆਈ ਕਰਦੇ ਹੈਨਿ, ਅਗਲਾ ਭਲਿਆਈ ਕਰੇ ਤੇ ਓਹ ਫੇਰ ਬੁਰਿਆਈ ਕਰਨ ਦੇ ਸਬਦ ਬਾਣੀ ਦੀ ਸਮਝ ਕਛੁ ਨਾ ਕਰਨ, ਅਗੋ ਕਹਿਦੇ ਹੈਨਿ ਜੋ ਸਬਦ ਦਾ ਸੁਣਨਾ ਤੇ ਭਲਿਆਈ ਕਰਨੀ ਅਸਾਨੂੰ ਨਹੀਂ ਫਲਦੀ ਤੇ ਬੁਰਿਆਈ ਅਸਾਨੂ ਫਲੁ ਦੇਂਦੀ ਹੈ । ਸੋ ਘੋਰ ਨਰਕਾ ਵਿਚ ਮਹਾ ਦੁਖ ਨੂੰ ਪ੍ਰਾਪਤਿ ਹੋਵਨਿਗੇ । ਤਾ ਓਹ ਗੁਰਮੁਖਾ ਦੇ ਕਰਮ ਕਰਨ ਲਗੇ । ਓਨਾ ਦਾ ਓਸੇ ਕਰਿ ਕਲਿਆਣ ਹੋਇਆ । ੩੮ ।

ਸਾਖੀ-46 (ਪੁੰਨ-ਪਾਪ ਦਾ ਨਿਰਣਾ)

ਭਾਈ ਬੂਲਾ ਤੇ ਭਾਈ ਸੂਜਾ ਧਾਵਣੇ ਤੇ ਭਾਈ ਚੰਦੂ ਚਉੜੜੁ, ਭਾਈ ਰਾਮਦਾਸ ਭੰਡਾਰੀ, ਭਾਈ ਬਾਲਾ ਤੇ ਭਾਈ ਸਾਈਂ ਦਾਸ ਗੁਰੂ ਜੀ ਦੀ ਸਰਣਿ ਆਏ । ਤਾ ਓਨਾ ਅਰਦਾਸ ਕੀਤੀ : ਜੀ ਗਰੀਬ ਨਿਵਾਜ, ਏਹੁ ਜੋ ਜੀਵ ਕਰਮ ਕਰਦੇ ਹੈਨਿ ਤੇ ਧਰਮ ਰਾਇ ਦੇ ਪਾਸ ਪਾਪਾ ਪੁੰਨਾ ਦਾ ਲੇਖਾ ਹੁੰਦਾ ਹੈ ਤਾ ਪਾਪਾ ਤ ਪੁੰਨਾ ਦਾ ਨਿਆਰਾ ਨਿਆਰਾ ਫਲ ਹੁੰਦਾ ਹੈ ਕਿ ਲੇਖਾ ਪਾਪਾ ਪੁੰਨਾ ਦੇ ਕਰਕੇ ਜਿਸ ਕੇ ਪੁੰਨ ਵਿਸੇਖ ਹੋਵਵਿ ਤਾ ਪਾਪ ਘਟ ਹੋਵਨਿ ਤਾ ਪਾਪਾ ਵਿਚੋਂ ਕਟਿਕੈ ਤੇ ਵਿਸੇਖ ਪੁੰਨਾ ਦਾ ਲੇਖਾ ਓਨਾ ਨੂ ਸੁਖ ਮਿਲਦਾ ਹੈ । ਏਹ ਅਸਾਨੂੰ ਨਿਰਨੇ ਕਰਕੇ ਦਸੋ । ਤਾ ਬਚਨੁ ਹੋਇਆ : ਚਾਰ ਪ੍ਰਕਾਰ ਕੇ ਸਿਖ ਹੈਨਿ । ਇਹ ਸਹਕਾਮ ਕਰਮੀ ਹੈਨਿ, ਇਕ ਨਿਹਕਾਮ ਕਰਮੀ ਹੈਨਿ, ਇਕ ਉਪਾਸਨਾ ਵਾਲੇ ਹੈਨਿ ਤੇ ਇਕ ਗਿਆਨੀ ਹੈਨਿ । ਤੁਸੀ ਕਿਸ ਦੀ ਵਾਰਤਾ ਪੁਛਦੇ ਹੋ । ਤਾ ਓਨਾ ਅਰਦਾਸ ਕੀਤੀ ਜੀ ਅਸਾਨੂ ਚੋਹਾ ਦੀ ਕਥਾ ਕਿਰਪਾ ਕਰਿਕੇ ਦਸੀਐ । ਤਾ ਬਚਨ ਹੋਇਆ : ਜੈਸੇ ਰਾਜਾ ਕੀ ਚਾਰ ਪ੍ਰਕਾਰ ਦੀ ਪ੍ਰਜਾ ਹੋਤੀ ਹੈ । ਏਕ ਭਾਵਲੀ ਦੇ ਵੰਡ ਦੇਣ ਵਾਲੇ ਹੋਤੇ ਹੈ

ਸੋ ਸਦੀਵ ਹੀ ਉਸ ਕੇ ਮੁਹਸਲੁ ਹੋਤਾ ਹੈ, ਦਾਣੇ ਮੇ ਦਾਣਾ ਬਾਟ ਲੇਤਾ ਹੈ। ਜੋ ਕੁਛ ਖਿਆਨਤ ਕਰੇ ਤਾ ਡੰਡ ਉਸ ਕਉ ਦੇਤੇ ਹੈ। ਅਰੁ ਏਕ ਪਟਣੀ ਹੋਤੇ ਹੈਨ ਉਨ ਕੇ ਪਿਛੇ ਛੇਮਾਹੀ ਆਦਮੀ ਆਵਤਾ ਹੈ, ਉਹੁ ਪਟਾ ਭਤ ਦੇਦੇ ਹੈਨਿ। ਅਰੁ ਏਕ ਸੋਗਾਤੀ ਹੋਤੇ ਹੈ, ਸਰਹਦਾ ਕੇ ਉਪਰ ਰਹਿਣ ਵਾਲੇ ਹੋਤੇ ਹੈਨਿ, ਓਹ ਬਾਜ ਘੋੜਾ ਸਉਗਾਤ ਦੇ ਦੇਤੇ ਹੈ ਅਰ ਮੁਲਖ ਪਏ ਖਾਤੇ ਹੈ। ਚਉਥੇ ਮਾਫੀ ਹੋਤੇ ਹੈ। ਸਾਥ ਹੀ ਮੁਲਖ ਖਾਤੇ ਹੈ ਅਰੁ ਪਾਤਿਸਾਹ ਕੇ ਸਾਥ ਚੜਤੇ ਹੈ, ਤਾ ਖਾਵਣੈ ਕਉ ਭੀ ਲੈਤੇ ਹੈਨਿ। ਸਾਥ ਹੀ ਹੁਕਮੁ ਕਰਤੇ ਹੈ। ਤੈਸੇ ਹੀ ਮਹਾਰਾਜ ਕੀ ਚਾਰ ਪ੍ਰਕਾਰ ਕੀ ਸ੍ਰਿਸਟੀ ਹੈ। ਏਕ ਸਹਕਾਮ ਕਰਮੀ ਹੈਨਿ, ਜੋ ਸਦਾ ਕੂੜ ਕੁਸਤ ਆਪਣੀ ਕਿਰਿਆ ਮਹਿ ਲਗੇ ਰਹਿਤੇ ਹੈਨਿ। ਅਰਿ ਜੋ ਕੁਛੁ ਤੀਰਥ ਬ੍ਰਤ ਪੁੰਨ ਦਾਨ ਕਰਤੇ ਹੈਨ ਤੋਂ ਕਾਮਨਾ ਲਈ ਕਰਤ ਹੈਨਿ; ਹਮ ਕੋ ਅਮਕੇ ਬ੍ਰਤ ਕਾ ਆਮਕਾ ਫਲੁ ਹੋਵੇ, ਤਾ ਉਨ ਕੇ ਉਪਰਿ ਧਰਮ ਰਾਇ ਕਾ ਸਦਾ ਝੰਡਾ ਰਹਿਦਾ ਹੈ। ਇਨ ਕੋ ਪਾਪੋ ਕਾ ਫਲੁ ਭਿੰਨ ਭਿੰਨ ਪ੍ਰਾਪਤਿ ਹੋਤਾ ਹੈ, ਅਰ ਪੰਨੋ ਕਾ ਫਲੁ ਭਿੰਨ ਭਿੰਨ ਭੋਗਤੇ ਹੈ ਅਰੁ ਜੋ ਨਿਹਕਾਮ ਕਰਮੀ ਹੈਨਿ ਸੋ ਪੁੰਨ ਧਰਮ ਪ੍ਰਸੰਨ ਹੋਇਕੇ ਕਰਤੇ ਹੈਨਿ ਤੇ ਪਾਪ ਸੁਭਾਵਕ ਉਨਕੇ ਹੋਤੇ ਹੈਨਿ ਤਾ ਓਨਾ ਕਾ ਪਾਪਾ ਪੁੰਨਾ ਦਾ ਲੇਖਾ ਏਕਠਾ ਕਰਿਕੇ ਜੇ ਪੁੰਨ ਹੋਤੇ ਹੈ ਬਹੁਤੇ ਤੋ ਪਾਪ ਵਿਆੜ ਕਰਿ ਪੁੰਨ ਭੋਗਾਈਤੇ ਹੈਨਿ, ਅਰੁ ਪਾਪ ਬਹੁਤੇ ਹੋਤੇ ਹੈ ਤਾ ਪੁੰਨਿ ਵਿਆੜਿਕੇ ਪਾਪ ਭੋਗਾਇਤੇ ਹੈਨਿ। ਪੁੰਨ ਓਨਾ ਦੇ ਬਲੀ ਹੈਨਿ ਪਾਪ ਨਿਬਲ ਹੈ ਤੇ ਜੇ ਉਪਾਸਕ ਮਹਾਰਾਜ ਦੇ ਹੈਨਿ, ਸੋ ਤੋ ਪਾਪ ਸਰਧਾ ਕਰਕੇ ਕਰਤੇ ਹੀ ਨਹੀਂ। ਅਵਸ਼ਮੇਵ ਕੋਈ ਪਾਪ ਉਨ ਸਿਉ ਹੋਤਾ ਹੈ, ਅਰ ਧਰਮੁ ਸਦਾ ਰੁਚ ਸਿਉ ਕਰਤੇ ਹੈ। ਜੇ ਪਾਪ ਕੋਈ ਤੁਛ ਹੋਤਾ ਹੈ ਸੋ ਵਿਆੜ ਕੇ ਸਦਾ ਮਹਾਰਾਜ ਦੇ ਨਿਕਟਵਰਤੀ ਰਹਿਤੇ ਹੈ; ਅਰੁ ਫੇਰ ਭੀ ਅਉਤਾਰ ਧਾਰਤੇ ਹੈ, ਤਾ ਮਹਾਰਾਜ ਦੀ ਭਗਤਿ ਕਰਿ ਗਿਆਨ ਕੋ ਪ੍ਰਾਪਤਿ ਹੋਇਕੇ ਜਨਮੁ ਮਰਣੁ ਤੇ ਰਹਿਤ ਹੋਤੇ ਹੈ। ਸੋ ਜੋ ਸਹਿਕਾਮੀ ਹੋਤੇ ਹੈਨਿ ਤਾ ਪ੍ਰਥਮੇ ਸਵਰਗਾ ਨੂੰ ਭੋਗਕੇ ਬਹੁੜੋ ਧਨਵਾਨ ਦੇ ਘਰ ਉਤਪਤ ਹੋਤੇ ਹੈਨਿ ਫੇਰਿ ਸਾਧ ਸੰਗਤ ਨੂੰ ਪ੍ਰਾਪਤਿ ਹੋਕੇ ਮੁਕਤਿ ਹੋਤੇ ਹੈਨਿ। ਜੇ ਨਿਹਕਾਮ ਹੋਵੇ ਤਾ ਫੇਰਿ ਸਾਧਾ ਸੰਤਾ ਦੇ ਘਰ ਅਉਤਾਰੁ ਲੈ ਕੇ ਫੇਰ ਭਗਤ ਨੂ ਲਗਦੇ ਹੈਨਿ, ਤਾ ਉਨਾ ਦਾ ਉਧਾਰ ਹੁੰਦਾ ਹੈ। ਏਹ ਉਪਾਸਨਾ ਦਾ ਫਲੁ ਹੋਤਾ ਹੈ। ਜੈਸੇ ਸੋਗਾਤ ਵਾਲਾ ਘੋੜਾ ਤੇ ਬਾਜੁ ਦੇ ਕੇ ਮਲੁਖ ਆਪ ਖਾਦਾ ਹੈ, ਤੈਸੇ ਉਹ ਭਜਨ ਕਰਕੇ ਸੁਖੀ ਰਹਿੰਦਾ ਹੈ। ਜੋ ਗਿਆਨੀ ਹੈਨਿ ਓਨਾ ਨੇ ਸਰੀਰਾ ਨੂੰ ਭੀ ਮਿਥਿਆ ਜਾਤਾ ਹੈ, ਤੇ ਕਰਮਾ ਨੂ ਭੀ ਝੂਠ ਜਾਤਾ ਹੈ। ਜੈਸੇ ਸੂਰਜ ਕੇ ਨਿਕਟਿ ਅੰਧਕਾਰ ਨਹੀਂ ਰਹਿਤਾ ਤੈਸੇ ਓਨਾ ਦੇ ਨਿਕਟ ਕਰਮ ਨਹੀਂ ਜਾਤੇ ਤੇ ਓਹ ਸਦਾ ਜੀਵਨ ਮੁਕਤਿ ਹੈਨਿ ਤਾ ਓਨਾ ਅਰਦਾਸ ਕੀਤੀ : ਜੀ ਸਚੇ ਪਾਤਿਸਾਹਿ। ਓਨਾ ਦੇ ਪਾਪ ਪੁਨ ਭੋਗ ਦਿਤੇ ਬਿਨਾ ਕਹਾ ਜਾਤੇ ਹੈਨਿ। ਤੈਸੇ ਗਿਆਨੀ ਜੀਵਨ ਮੁਕਤਿ ਹੋਕੇ ਕੈਸੇ ਵਿਚਰਤੇ ਹੈਨਿ। ਭਾਈ ਕਹਿਆ : ਜੋਨ ਸੇ ਉਸ ਕੀ ਸੇਵਾ ਪੂਜਾ ਕਰਦੇ ਹੈਨਿ, ਤਾ ਓਨਾ ਦੇ ਪੁਨ ਨੂ ਲੈ ਕੇ ਸੁਖ ਭੋਗਤੇ ਹੈਨਿ, ਤੇ ਜੋ ਉਨਾ ਦੀ ਨਿੰਦਾ ਤੇ ਦੁਖਾਉ ਕਰਦੇ ਹੈਨਿ, ਓਨਾ ਦੇ ਪਾਪਾ ਨੂ ਲੈ ਕੇ ਨਰਕਾ ਤੇ ਦੁਖ ਭੋਗਦੇ ਹੈਨਿ। ਜੈਸੇ ਮੁਸਾਹਿਬ ਪਾਤਿਸਾਹ ਦੇ ਮੁਲਖ ਇਨਾਮੀ ਖਾਦੇ ਹੈਨਿ, ਤੈਸੇ ਗਿਆਨੀ ਜੀਵਨ ਮੁਕਤ ਹੋ ਕੇ ਵਿਚਰਤੇ ਹੈਨਿ। ੪੬।

ਸਾਖੀ–57 (ਸਿੱਖੀ ਆਚਰਣ)

ਭਾਈ ਕਪੂਰ ਦੇਉ ਵਡਾ ਸਿਖ ਹੈਸੀ । ਸਣੇ ਪੁਤ੍ਰਾਂ ਤੇ ਇਸਤ੍ਰੀ ਸਮੇਤ ਤੇ ਬਹੂਆਂ ਸਮੇਤ ਸਿਖਾਂ ਨੂੰ ਪ੍ਰਸੰਨ ਹੋ ਕੇ ਮਿਲਦਾ ਸੀ ਤੇ ਬਹੁਤੀ ਟਹਿਲ ਸੇਵਾ ਸਿਖਾ ਦੀ ਕਰੇ । ਇਕ ਦਿਨ ਗੁਰੂ ਅਰਜਨ ਜੀ ਥੀ ਪੁਛਿਆ : ਗਰੀਬ ਨਿਵਾਜ, ਤੁਸਾਨੂੰ ਜੋ ਸਿਖ ਪਿਆਰੇ ਹੈਨਿ ਓਨਾ ਦਾ ਦਰਸਨੁ ਅਸਾਨੂ ਕਰਵਾਵਹੁ । ਤਾ ਬਚਨੁ ਹੋਇਆ : ਭਾਈ ਸੰਮਣੁ ਸਹਿਬਾਜ ਪੁਰ ਵਿਚ ਰਹਿਦਾ ਹੈ, ਓਸਦਾ ਦਰਸੁਨ ਕਟ ਆਵਹੁ । ਤਾ ਭਾਈ ਕਪੂਰ ਦੇਵ ਭਾਈ ਸੰਮਣ ਦੇ ਘਰਿ ਨੂ ਗਇਆ । ਆਗੇ ਭਾਈ ਸੰਮਣ ਆਣ ਮਿਲਿਆ ਤੇ ਓਨਾ ਬਹੁਤੀ ਸੇਵਾ ਟਹਿਲ ਕੀਤੀ ਤੇ ਲਕੜੀਆਂ ਮੁਲ ਬਹੁਤੀਆ ਲਿਆਇਆ, ਤੇ ਤਪੜਿ ਤੇ ਸਤਰੰਜੀਆ ਟੁਟੀਆਂ ਹੋਈਆ ਗੰਢਦਾ ਰਹਿਆ ਤੇ ਭਾਈ ਕਪੂਰ ਦੇਵ ਕਹਿਆ ਮੈਨੂ ਤੁਸਾਡੇ ਦਰਸਨ ਨੂ ਸਾਹਿਬ ਭੇਜਿਆ ਹੈ, ਤੁਸੀ ਨਿਕਮਿਆ ਕੰਮਾ ਵਿਚ ਕੀ ਪਰਚੇ ਹੋ ਤਾ ਓਨਾ ਕਹਿਆ : ਏਹੁ ਭੀ ਕੰਮੁ ਹੈਸੀ, ਤੇ ਰਾਤਿ ਨੂ ਅਸੀ ਤੁਸਾਡੇ ਪਾਸੇ ਰੁਜੂ ਹੋਵਾਗੇ । ਤਾ ਰਾਤੀ ਸਾਰੀ ਰਾਤਿ ਦੋਨੋ ਪਿਉ ਪੁਤ੍ਰ ਕੀਰਤਨੁ ਕਰਦੇ ਰਹੇ, ਤੇ ਦਿਨੇ ਓਸ ਗਾਂਉ ਦੀਆਂ ਗਊਂਆਂ ਚੋਰ ਹਕ ਲੈ ਗਏ । ਪਿਛੇ ਗੁਹਾਰ ਪਈ, ਸੰਮਣ ਦਾ ਪੁਤ੍ਰ ਭੀ ਪਿਛੇ ਗਇਆ, ਓਸ ਨੂ ਗੋਲੀ ਲਗੀ, ਉਹ ਮਰ ਗਿਆ । ਜੇਹੜੀਆਂ ਲਕੜੀਆਂ ਤਯਾਰੁ ਹੈਸਨਿ ਉਹੁ ਚਿਖਾ ਵਾਸਤੇ ਲੇ ਗਇਆ, ਤੇ ਓਸ ਨੂੰ ਕਫਨੁ ਦੇ ਕੇ ਬਿਬਾਣ ਵਿਚ ਪਾਇਕੇ ਅਗੇ ਭਾਈ ਸੰਮਣ ਕੀਰਤਨ ਕਰਦਾ ਜਾਵੇ । ਫੇਰਿ ਸਿਖ ਜੋ ਅਗੇ ਪਰਚਾਵਣੀ ਨੂ ਆਏ ਤਿਨਾ ਨੂੰ ਸਤਰੰਜੀਆ ਵਿਛਾਇ ਦਿਤੀਆ ਕਹਿਆ ਜੋ ਅਗੇ ਹੀ ਮੈਂ ਏਸੇ ਵਾਸਤੇ ਤਯਾਰੀ ਕਰਿ ਰਖੀ ਸੀ । ਤਾਂ ਭਾਈ ਕਪੂਰ ਦੇਵ ਕਹਿਆ : ਜੇ ਤੂੰ ਜਾਣੇਦੇ ਸਾਂਏ ਤਾ ਗੁਰੁ ਜੀ ਥੀ ਬਖਸਾਇ ਲਵੇਆ । ਜੋ ਇਸ ਦੀ ਵਡੀ ਆਰਜਾ ਹੋਵੇ ਤਾ ਭਾਈ ਸੰਮਣ ਕਹਿਆ : ਸਰੀਰ ਤਾ ਅਸਤ ਹੈਨਿ ਏਨਾ ਦੇ ਮਰਨਿ ਦਾ ਤਾ ਅਸਚਰਜੁ ਨਹੀਂ, ਏਨਾ ਦਾ ਜੀਵਣਾ ਹੀ ਵਡਾ ਅਸਚਰਜੁ ਹੈ । ਸੋਇ ਮੂਰਖ ਹੈਨਿ, ਜੋ ਸਰੀਰਾਂ ਦੇ ਬਿਨਸਿਆ ਸੋਕੁ ਕਰਦੇ ਹੈਨਿ । ਗੁਰੁ ਥੀ ਮਾਗੀਐ ਤਾ ਨਾਮੁ ਮਾਗੀਏ ਜੋ ਨਾਲਿ ਇਸ ਦੇ ਸਹਾਇਤਾ ਕਰੇ । ਨਾ ਕੋਈ ਕਿਸੇ ਦਾ ਪਿਤਾ ਹੈ, ਨ ਪੁਤੁ ਹੈ, ਚਾਰ ਦਿਨ ਦੀ ਖੇਲ ਹੈ । ਪੰਚਾ ਤਤਿ ਵਿਰੋਧੀਏ ਕਠੇ ਕਰਿਕੇ ਈਸਰ ਸਰੀਰ ਰਚੇ ਹੈਨਿ, ਆਪਣੀ ਮਿਰਜਾਦਾ ਤੋਰਕੇ ਫਿਰ ਭਿੰਨ ਹੋ ਜਾਂਦੇ ਹੈਨਿ । ਨਾ ਕੋਈ ਜੰਮਦਾ ਹੈ ਨਾ ਕੋਈ ਮਰਦਾ ਹੈ । ਏਹੁ ਜੀਉ ਆਪਣੇ ਸਰੂਪ ਨੂੰ ਭੁਲਕੇ ਦੁਖ ਪਾਇਆ ਭੋਗਦਾ ਹੈ । ਜੇ ਗੁਰੂ ਕੇ ਬਚਨ ਸਮਝੇ, ਤਾ ਜਨਮ ਮਰਨ ਥੀ ਰਹਿਤ ਹੁੰਦਾ ਹੈ । ਸਾਹਿਬ ਦਾ ਬਚਨੁ ਹੈ : "ਨਹ ਕਿਛੁ ਜਨਮੈ ਨਹ ਕਿਛੁ ਮਰੈ । ਅਪਨਾ ਚਲਿਤ ਆਪ ਹੀ ਕਰੈ" । ਜੈਸੇ ਘਟ ਮਟ ਕੇ ਉਪਜਣ ਤੇ ਅਕਾਸ ਜਨਮਤਾ ਨਹੀਂ, ਤੇ ਉਨਾ ਦੇ ਬਿਨਸਨ ਤੇ ਬਿਨਸਦਾ ਨਹੀਂ, ਤੈਸੇ ਸਰੀਰਾਂ ਦੇ ਉਪਤ ਖਪਤਿ ਤੇ ਜੀਉ ਨਿਆਰਾ ਹੈ । ੫੭ ।

ਸਾਖੀ-82 (ਭਾਖਾ ਬਾਣੀ ਦਾ ਮਹੱਤਵ)

ਸਿਖਾ ਅਰਦਾਸ ਕੀਤੀ ਸਚੇ ਪਾਤਿਸਾਹਿ ਜੀ, ਕਸਮੀਰ ਵਿਚ ਜੋ ਪੰਡਤ ਹੋਦੇ ਹੈਨਿ, ਸੋ ਗੁਰੂ ਕੀ ਬਾਣੀ ਸਿਖਾ ਨੂ ਪੜਨ ਨਹੀਂ ਦੇਂਦੇ । ਕਹਿੰਦੇ ਹੈਨਿ : ਜੋ ਸਹੰਸਕ੍ਰਿਤ ਦੇਵ ਬਾਨੀ ਹੈ ਤੇ ਭਾਖਾ ਮਨੁਖ ਬਾਣੀ ਹੈ ਤੇ ਤੁਸਾ ਸਭ ਨਿਤ ਨਮਿਤ ਕਰਮ ਛੋਡਿ ਦਿਤੇ ਹੈਨਿ, ਅਸੀਂ ਤੁਸਾਡੇ ਨਾਲਿ ਵਰਤਣ ਨਹੀਂ ਰਖਦੇ । ਤਾ ਮਾਧੋ ਸੋਢੀ ਨੂੰ ਆਗਿਆ ਹੋਈ ਤੇਰੇ ਵਚਨਾ

ਵਿਚ ਮੈਂ ਬਲੁ ਪਾਇਆ ਹੈ ਤੂੰ ਜਾਇਕੈ ਕਸਮੀਰ ਵਿਚ ਗੁਰ ਸਿਖੀ ਦੀ ਰੀਤਿ ਚਲਾਓ। ਤਾ ਮਾਧੋ ਅਰਦਾਸ ਕੀਤੀ : ਜੀ ਓਹੁ ਕਰਮ ਕਾਂਡੀ ਹੈਨਿ, ਉਪਾਸਨਾ ਨੂੰ ਨਹੀਂ ਜਾਣਦੇ। ਬਚਨੁ ਹੋਇਆ : ਜਾਣਦੇ ਤਾ ਹੈਨਿ ਪਰੁ ਕਮਾਵਦੇ ਨਹੀਂ। ਤੇਰੇ ਦਰਸਨ ਤੋਂ ਕਮਾਵਨਗੇ। ਜੈਸੇ ਪੰਡਤਾਂ ਨੂੰ ਸਹਿਸਕ੍ਰਿਤ ਹੈ, ਤੈਸੇ ਗੁਰੂ ਕੇ ਸਿਖਾਂ ਨੂੰ ਸਬਦੁ ਗੁਰੂ ਕਾ ਪਿਆਰਾ ਹੈ। ਤਾ ਭਾਈ ਮਾਧੋ ਕਸਮੀਰ ਗਇਆ, ਗੁਰੂ ਕੀ ਬਾਣੀ ਦੀ ਕਥਾ ਕਰਨੇ। ਤਾਂ ਪੰਡਤਾ ਕਹਿਆ : ਅਸੀਂ ਭਾਖਿਆ ਬਾਣੀ ਨਹੀਂ ਮੰਨਦੇ। ਤਾ ਭਾਈ ਮਾਧੋ ਕਹਿਆ : ਘ੍ਰਿਤ ਭਾਵੇਂ ਧਾਤ ਦੇ ਬਾਸਨੁ ਮੈਂ ਭਾਵੇ ਮਾਟੀ ਦੇ ਬਾਸਨ ਮੈ ਹੋਵੇ ਘ੍ਰਿਤੁ ਕੇ ਲੇਨੇ ਵਾਲਾ ਭਾਂਡਾ ਨਹੀਂ ਵੇਖਦਾ, ਤੈਸੇ ਮਹਾ-ਰਾਜ ਦਾ ਨਾਮੁ ਔ ਆਤਮ ਗਿਆਨ ਭਾਵੇ ਸਹੰਸਕ੍ਰਿਤ ਦੀ ਬਾਣੀ ਵਿਚ ਹੋਵੈ, ਭਾਵੈ ਭਾਖਾ ਵਿਚ ਹੋਵੈ, ਏਹੁ ਨਾਮੁ ਸਰਬ ਦਾ ਕਲਿਆਣੁ ਕਰਦਾ ਹੈ। ਕਿਉਂ ਜੋ ਤੁਸੀਂ ਭੀ ਭਾਖਾ ਵਿਚ ਸਭਣਾ ਨੂੰ ਸਮਝਾਵਦੇ ਹੋ। ਤਾ ਓਨਾ ਕਹਿਆ ਅਸੀਂ ਮੋਟੀ ਬੁਧਿ ਵਾਲਿਆ ਨੂੰ ਸਮਝਾਵਦੇ ਹਾਂ। ਤਾ ਭਾਈ ਮਾਧੋ ਕਹਿਆ ਗੁਰੂ ਜੀ ਭੀ ਕਲਜੁਗ ਦੇ ਜੀਅ ਵਾਸਤੇ ਭਾਖਾ ਬਾਣੀ ਕੀਤੀ ਹੈ। ਸੋਈ ਪਾਰਬ੍ਰਹਮ ਵਿਸਨ ਰੂਪ ਧਾਰਕੇ ਜੋਗ ਨਿੰਦ੍ਰਾ ਮੈਂ ਸਵਾਸ ਲੀਤੇ ਹੈਨਿ। ਤਿਨ ਥੀ ਵੇਦ ਹੋਏ ਹੈਨਿ ਸੋਈ ਪਾਰਬ੍ਰਹਮ ਗੁਰੂ ਨਾਨਕ ਜੀ ਦਾ ਰੂਪ ਧਾਰਕੇ ਭਾਖਾ ਬਾਣੀ ਕੀਤੀ ਹੈ। ਵੇਦਾਂ ਕਰਿਕੇ ਚਤਰਾਈ ਪ੍ਰਾਪਤਿ ਹੁੰਦੀ ਹੈ। ਮਨੁ ਨੀਵਾਂ ਨਹੀਂ ਹੁੰਦਾ ਤੇ ਸਬਦਿ ਕਰਿਕੈ ਮਨ ਨੀਵਾ ਹੁੰਦਾ ਹੈ, ਤਾ ਸਿਖੀ ਪ੍ਰਾਪਤਿ ਹੁੰਦੀ ਹੈ। ਤਾ ਕਸਮੀਰ ਵਿਚ ਧਰਮਸਾਲ ਬਣਾਈ, ਦੁਇ ਵੇਲੇ ਕਥਾ ਹੋਵੇ, ਉਪਰੰਤ ਕੀਰਤਨੁ ਹੋਵੇ। ਆਇ ਸਿਖਾਂ ਦੀ ਟਹਿਲ ਹੋਵੇ ਦਿਨ ਵਾਰ ਜੋ ਕੜਾਹੁ ਹੋਵੇ। ਸਿਖੀ ਦੀ ਰੀਤਿ ਚਲੀ। ੯੨।

ਸਾਖੀ–100 (ਸਾਧਾ ਦੀ ਟਹਿਲ)

ਭਾਈ ਤੀਰਥਾ ਲਸਕਰ ਬਾਦਸਾਹ ਦੇ ਵਿਚ ਰਹਿਤਾ ਸੀ ਤੇ ਗੁਰੂ ਹਰਿਗੋਬਿੰਦ ਜੀ ਦੀ ਸਰਨ ਆਇਆ ਤੇ ਅਰਦਾਸ ਕੀਤੀ : ਅਸੀਂ ਆਪਣੀ ਕਿਰਤਿ ਵਿਚ ਰੁਧੈ ਰਹਦੇ ਹਾਂ, ਅਸਾਡਾ ਕਿਉਂ ਕਰ ਉਧਾਰੁ ਹੋਵੇਗਾ। ਤਾ ਬਚਨੁ ਹੋਇਆ ਤੁਸਾ ਸਾਧਾ ਦੀ ਟਹਿਲ ਕਰਨੀ। ਜੋ ਗਊਆ ਨੂੰ ਘਾਸ ਖਵਾਵਦੇ ਹੈਨਿ ਸੋ ਉਨਾ ਦਾ ਦੁਧ ਪੀਵਦੇ ਹੈਨਿ, ਤੈਸੇ ਜੋ ਸਾਧਾ ਦੀ ਸੇਵਾ ਕਰਦੇ ਹੈਨਿ ਸੋ ਉਨਾ ਦੀ ਪ੍ਰਸੰਨਤਾ ਕਰਕੇ ਗਿਆਨੁ ਤੇ ਭਗਤਿ ਨੂੰ ਪਛਾਣਕੇ ਸੁਖੀ ਹੁੰਦੇ ਹੈਨਿ। ਤਾਂ ਓਸ ਕਹਿਆ : ਅਸੀਂ ਸਾਧਾ ਨੂੰ ਕਿਉ ਕਰਿ ਪਛਾਣੀਐ। ਤਾਂ ਬਚਨੁ ਹੋਇਆ : ਇਕ ਰਾਜੇ ਦੀ ਸਰਧਾ ਹੰਸ ਦੇ ਦਰਸਨ ਦੀ ਲਾਲਸਾ ਹੋਈ ਸੀ ਤਾਂ ਮੰਤ੍ਰੀਆਂ ਕਹਿਆ : ਜੋ ਹੰਸਾਂ ਨੂੰ ਖੋਜਨ ਜਾਈਐ ਤਾਂ ਰਾਜਿਆਂ ਥੇ ਖੋਜ ਨਹੀਂ ਹੁੰਦੀ। ਆਪਿਣਿਆ ਕਾਰਜਾ ਦਾ ਤਿਆਗ ਨਹੀਂ ਕਰ ਸਕੀਦਾ, ਪਰੁ ਇਕੁ ਉਪਾਉ ਹੈ, ਜੋ ਇਕ ਤਲਾਉ (ਉਜਲ) ਜਲ ਕਰ ਭਰਪੂਰ ਹੋਵੇ, ਉਪਰਿ ਉਨਾ ਦੇ ਸਭ ਪੰਛੀਆ ਦੀ ਚੋਗ ਡਾਲੀਐ ਤੇ ਰਾਖੇ ਉਪਰ ਬੈਠਨਿ ਜੋ ਕੋਈ ਬਿਲੀ ਆਵਣੀ ਨਾ ਪਾਵੈ। ਤਾਂ ਓਸ ਰਾਜੇ ਨੇ ਐਸੇ ਹੀ ਕੀਆ। ਸਭ ਪੰਖੀ ਆਵਨ ਤੇ ਚੁਗ ਚੁਗ ਜਾਵਨਿ ਤੇ ਆਪਣੇ ਦੇਸਾਂ ਵਿਚ ਸੋਭਾ ਜਾਇ ਕਰਨਿ। ਇਕਨਾ ਪੰਛੀਆ ਨੇ ਮਾਨਸਰ ਜਾਇ ਸੋਭਾ ਕੀਤੀ ਤਾਂ ਹੰਸਾ ਨੇ ਕਹਿਆ : ਅਸੀਂ ਓਸ ਰਾਜੇ ਦੇ ਦੇਸ ਜਾਇਕੇ ਉਸਦੀ ਸਰਧਾ ਵਧਾਈਐ ਜੋ ਸਦਾ ਪੰਛੀਆ ਦੀ ਸੇਵਾ ਕਰਦਾ ਰਹੇ। ਤਾ ਇਕ ਜੋੜੀ ਹੰਸਾਂ ਦੀ ਉਡਕੇ ਓਨਾ ਪੰਛੀਆਂ ਨੂੰ ਸਾਥ ਲੈ ਕੇ ਉਸੇ ਤਲਾਉ ਤੇ ਆਇ ਬੈਠੇ, ਹੋਰ ਚੋਗ ਚੁਗਨ ਨਹੀਂ, ਤਾ ਰਾਖਿਆ ਨੇ ਆਨ

ਰਾਜੇ ਨੂੰ ਜਾਇ ਕਹਿਆ : ਜੋ ਹੰਸਾਂ ਦੀ ਜੋੜੀ ਆਈ ਹੈ, ਮਹਾ ਊਜਲ ਹੈਨਿ ਤੇ ਹੋਰੁ ਚੋਗ ਨਹੀਂ ਚੁਗਦੇ । ਤਾ ਰਾਜਾ ਦੁਧ ਅਰੁ ਮੋਤੀ ਸਾਥ ਲਿਆਇਆ : ਓਨਾ ਦੇ ਅਗੇ ਅਗੇ ਵਿਛਾਏ ਤੇ ਜਲ ਤੇ ਦੁਧ ਨਿਆਰਾ ਕਰਕੇ ਖਾਧਾ ਤੇ ਅਮੋਲਕ ਮੋਤੀ ਉਗਲਕੇ ਕਢੇ ਤੇ ਉਡ ਗਏ, ਜਬ ਓਹੁ ਮੋਤੀ ਜੌਹਰੀ ਨੂੰ ਦਿਖਾਏ ਤਾਂ ਇਕੁ ਇਕੁ ਅਮੋਲਿਕ ਮੋਤੀ ਉਸ ਦੇ ਸਾਰੇ ਰਾਜ ਦੇ ਸਮਾਨ ਹੈ । ਤਾਂ ਰਾਜਾ ਬਹੁਤ ਪ੍ਰਸੰਨ ਹੋਇਆ । ਤੈਸੇ ਤੂ ਸਭਣਾ ਸਿਖਾ ਦੀ ਟਹਿਲ ਸੇਵਾ ਕਰਦਾ ਰਹੁ । ਕੋਈ ਗੁਰਮੁਖ ਅਮੋਲਕ ਵਚਨ ਜੋ ਹੈਨਿ ਤੈਨੂੰ ਸੁਣਾਇਕੇ ਉਧਾਰ ਕਰਿ ਜਾਵੇਗਾ ।੧੦੬।

ਅੰਤਿਕਾ 2

ਸਹਾਇਕ ਪੁਸਤਕ ਸੂਚੀ

ਪੰਜਾਬੀ

1. ਆਤਮ ਨਾਥ ਸਿੱਧ : 'ਗਿਆਨ ਰਤਨਾਗਰ ਮਹਾਨ ਭਾਵੇ', ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਚੰਡੀਗੜ੍ਹ, ਹੱਥ-ਲਿਖਤ ਨੰ. 80
2. ਆਤਮ ਸਿੰਘ ਗਿਆਨੀ : 'ਸ਼ਹੀਦ ਭਾਈ ਮਨੀ ਸਿੰਘ'—1955
3. 'ਸਿੱਖਾਂ ਦੀ ਭਗਤਮਾਲਾ', (ਸੰਪਾ. ਭਾਈ ਵੀਰ ਸਿੰਘ), ਖ਼ਾਲਸਾ ਸਮਾਚਾਰ, ਅੰਮ੍ਰਿਤਸਰ—1955
4. 'ਸਿਖਾਂ ਦੀ ਭਗਤਮਾਲਾ', (ਸੰਪਾ. ਡਾ. ਗੋਬਿੰਦ ਸਿੰਘ ਲਾਂਬਾ), ਪੈਪਸੂ ਬੁਕ ਡਿਪੂ, ਪਟਿਆਲਾ—1979
5. ਸੁਰਿੰਦਰ ਸਿੰਘ ਕੋਹਲੀ (ਡਾ.) : 'ਭਾਈ ਮਨੀ ਸਿੰਘ—ਜੀਵਨ ਤੇ ਰਚਨਾ', ਭਾਸ਼ਾ ਵਿਭਾਗ, ਪਟਿਆਲਾ—1961
6. ਸੇਵਾ ਸਿੰਘ ਕਵੀ : 'ਸ਼ਹੀਦ ਬਿਲਾਸ', (ਸੰਪਾ, ਗਿਆਨੀ ਗਰਜਾ ਸਿੰਘ), ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ—1961
7. ਕਲਿਆਨਦਾਸ ਉਦਾਸੀ : 'ਸੱਚੀ ਖੋਜ', ਭਾਗ ਪਹਿਲਾ, ਗੁਰਦੁਆਰਾ ਇਛਨੂੰ ਧਾਮ, ਡਾਕ-ਖਾਨਾ ਕੋਸੀ, ਮਥੁਰਾ, 1960 ਈ.
8. 'ਹੁਕਮਨਾਮੇ', (ਸੰਪਾ. ਡਾ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ—1967
9. ਕਾਨ੍ਹ ਸਿੰਘ, ਭਾਈ : 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼', ਭਾਸ਼ਾ ਵਿਭਾਗ, ਪਟਿਆਲਾ—1960
10. ਕੇਸਰ ਸਿੰਘ ਛਿੱਬਰ : 'ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ', (ਸੰਪਾ. ਡਾ. ਰਤਨ ਸਿੰਘ ਜੱਗੀ), 'ਪਰਖ', ਚੰਡੀਗੜ੍ਹ—1972
11. ਕੋਇਰ ਸਿੰਘ : 'ਗੁਰ ਬਿਲਾਸ ਪਾਤਸਾਹੀ ਦਸ', (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ—1967
12. ਗਿਆਨ ਸਿੰਘ ਗਿਆਨੀ : 'ਪੰਥ ਪ੍ਰਕਾਸ਼', ਭਾਸ਼ਾ ਵਿਭਾਗ ਸੰਸਕਰਣ
13. 'ਗੁਰਬਿਲਾਸ ਛੇਵੀਂ ਪਾਤਸ਼ਾਹੀ', ਭਾਸ਼ਾ ਵਿਭਾਗ, ਪਟਿਆਲਾ—1970
14. 'ਜਨਮਸਾਖੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਾਰਕਿਕ ਅਧਿਐਨ', ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ—1970
15. ਜਗਜੀਤ ਸਿੰਘ (ਡਾ.) 'ਆਧੁਨਿਕ ਜਨਮਸਾਖੀ', ਲਾਹੌਰ ਬੁਕ ਸ਼ਾਪ, ਲੁਧਿਆਣਾ—1970
16. 'ਜਨਮਸਾਖੀ ਅਧਿਐਨ', (ਸੰਪਾ. ਕਿਰਪਾਲ ਸਿੰਘ ਕੋਮਲ), ਗੌਰਮਿੰਟ ਕਾਲਜ, ਫ਼ਰੀਦਕੋਟ—1970
17. 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਦੋ ਭਾਗ, ਖ਼ਾਲਸਾ ਕਾਲਿਜ, ਅੰਮ੍ਰਿਤਸਰ, ਪਹਿਲੀ ਛਾਪ—1962, 1969
18. 'ਜਨਮਸਾਖੀ ਪਰੰਪਰਾ', (ਸੰਪਾ. ਡਾ. ਕਿਰਪਾਲ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ—1969

19. ਤਰਲੋਚਨ ਸਿੰਘ ਬੇਦੀ (ਡਾ.) : ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਅਨ', ਮਿਸਿਜ਼ ਅਮਰਜੀਤ ਕੌਰ, III ਐਲ/16, ਲਾਜਪਤ ਨਗਰ, ਨਵੀਂ ਦਿੱਲੀ—1972
20. ਦੀਵਾਨ ਸਿੰਘ (ਡਾ.) : 'ਗੁਰੂ ਨਾਨਕ ਦੀ ਸਾਹਿਤਿਕ ਪ੍ਰਤਿਭਾ ਤੇ ਹੋਰ ਲੇਖ', ਫਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ—1968
21. ਪਤ੍ਰਿਕਾਵਾਂ—ਪੰਜਾਬੀ ਦੁਨੀਆਂ, ਖੋਜ ਪਤ੍ਰਿਕਾ, ਖੋਜ ਦਰਪਣ, ਪਰਖ ਅਤੇ ਸਾਹਿੱਤ ਸਮਾਚਾਰ ਦੇ ਕੁਝ ਵਿਸ਼ੇਸ਼ ਅੰਕ
22. 'ਪੁਰਾਤਨ ਪੰਜਾਬੀ ਵਾਰਤਕ', (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ—1973
23. ਪੰਜਾਬ ਯੂਨੀਵਰਸਿਟੀ, 'ਪੰਜਾਬੀ ਸਾਹਿੱਤ ਦਾ ਇਤਿਹਾਸ', (ਭਾਗ ਪਹਿਲਾ ਅਤੇ ਦੂਜਾ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ—ਪਹਿਲੀ ਛਾਪ
24. 'ਪੰਜਾਬੀ ਸਾਹਿੱਤ ਦਾ ਇਤਿਹਾਸ' (ਪੁਰਾਤਨ ਕਾਲ, ਮੱਧ ਕਾਲ) ਭਾਸ਼ਾ ਵਿਭਾਗ, ਪਟਿਆਲਾ—1963
25. 'ਪੰਜਾਬੀ ਹੱਥ-ਲਿਖਤਾਂ ਦੀ ਸੂਚੀ', ਦੋ ਭਾਗ (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ), ਭਾਸ਼ਾ ਵਿਭਾਗ, ਪਟਿਆਲਾ—1961, 1963
26. ਮਨਮੋਹਨ ਕੇਸਰ (ਡਾ.) : 'ਅਠਾਰ੍ਹਵੀਂ ਸਦੀ ਦੇ ਵਾਰਤਕ ਸਾਖੀ ਸਾਹਿੱਤ ਦਾ ਆਲੋਚਨਾਤਮਕ ਅਧਿਐਨ', ਪੀ-ਐਚ.ਡੀ. ਦਾ ਸ਼ੋਧ-ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ—1978
27. ਰਤਨ ਸਿੰਘ ਜੱਗੀ (ਡਾ.) : 'ਦਸਮ ਗ੍ਰੰਥ ਦਾ ਕਰਤ੍ਰਿਤਵ', ਪੰਜਾਬੀ ਸਾਹਿੱਤ ਸਭਾ, ਨਵੀਂ ਦਿੱਲੀ—1966
28. 'ਵਾਰਾਂ ਭਾਈ ਗੁਰਦਾਸ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ—1952

ਹਿੰਦੀ

1. ਹਰਿਮੋਹਨ ਸ੍ਰੀਵਾਸਤਵ : 'ਮਧ੍ਯਕਾਲੀਨ ਹਿੰਦੀ ਗਦ੍ਯ', ਰਾਜ ਕਮਲ ਪ੍ਰਕਾਸ਼ਨ, ਦਿੱਲੀ—1959
2. ਗਣਪਤਿਚੰਦ੍ਰ ਗੁਪਤ (ਡਾ.) : 'ਹਿੰਦੀ ਸਾਹਿਤ੍ਯ ਕਾ ਵੈਗਿਆਨਿਕ ਇਤਿਹਾਸ', ਭਾਰਤੇਂਦੂ ਭਵਨ, ਚੰਡੀਗੜ੍ਹ—1965
3. ਗੋਵਿੰਦਨਾਥ ਰਾਜਗੁਰੂ (ਡਾ.) : 'ਗੁਰਮੁਖੀ ਲਿਪਿ ਮੇਂ ਹਿੰਦੀ ਗਦ੍ਯ', ਰਾਜ ਕਮਲ ਪ੍ਰਕਾਸ਼ਨ, ਦਿੱਲੀ—1967
4. ਤ੍ਰਿਲੋਕੀ ਨਾਰਾਯਣ ਦੀਕ੍ਸ਼ਿਤ : 'ਪਰਿਚਯੀ ਸਾਹਿਤ੍ਯ', ਵਿਸ਼ਵਵਿਦ੍ਯਾਲਯ ਹਿੰਦੀ ਪ੍ਰਕਾਸ਼ਨ, ਲਖਨਊ ਵਿਸ਼ਵਵਿਦ੍ਯਾਲਯ, ਲਖਨਊ—1957

ਅੰਗ੍ਰੇਜ਼ੀ

1. Alfred C. Lyall : 'Asiatic Studies', (Religious & Social), John Murray Albemarle Street, London—1899
2. Ernest Trumpp (Dr.) : 'Adi Granth', Allen & Co. Waterlo Place, London—1877
3. Hegel C.W.F. : 'The Philosophy of History', William Bentor—1982
4. Herbert Reed : 'English Prose Style', Lyall Book Depot, Ludhiana—1968
5. Jagjit Singh (Dr.) : 'A Critical and Comparative Study of Biographies of Guru Nanak upto the Middle of the 18th Century', (Ph.D. Typed Thesis), Panjab University, Chandigarh
6. Macauliffe M. A. : 'The Sikh Religion.........', Vol. 1—2, S. Chand & Co., New Delhi—1963

7. McLeod W. H.: 'Guru Nanak and the Sikh Religion', Oxford University Press, London—1969
8. Mohan Singh Dewana (Dr.): 'History of Punjabi Literature', Kasturi Lal & Sons, Amritsar—1956
9. Murry, J. Middleton: 'The Problem of Style', Oxford University Press, London—1967
10. Narang Gokal Chand: 'Transformation of Sikhism', New Book Society, Lahore—1946
11. Paual Kendall: 'Art of Biography', Norton W. W. & Co.', New York —1965
12. Piar Singh (Dr.): 'A Critical Survey of Punjabi Prose in the Seventeenth Century' (Ph. D. Typed Thesis), Panjab University, Chandigarh
13. Teja Singh & Ganda Singh: 'A Short History of the Sikhs', Orient Longmans Ltd., Bombay—1950
14. Worder, A.K.: 'An Introduction to Indian Historiography Popular Prakashan, Bombay—1972